






Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 41; October 12, 2024
20451 N. Plum Grove Rd., Palatine, IL 60074
Ph:847-359-0746, Fax:847-705-9388

# ਹਰਿਆਣਾ ਦੀ ਸਿਆਸਤ ਵਿਚ ਵੱਡਾ ਉਲਟ-ਫੇਰ

**ਚੰਡੀਗੜ੍ਹ:** ਹਰਿਆਣਾ ਵਿਧਾਨ ਸਭਾ ਦੇ ਚੋਣ ਨਤੀਜਿਆਂ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਇਹ ਨਤੀਜੇ ਚੋਣ ਸਰਵੇਖਣਾਂ (ਐਗਜ਼ਿਟ ਪੋਲ) ਦੇ ਬਿਲਕੁਲ ਉਲਟ ਆਏ ਅਤੇ ਸੱਤਾ ਦੀ ਦਾਅਵੇਦਾਰ ਦੱਸੀ ਜਾ ਰਹੀ ਕਾਂਗਰਸ ਦੂਜੇ ਨੰਬਰ ਉਤੇ ਖਿਸਕ ਗਈ, ਜਦ ਕਿ ਭਾਜਪਾ ਇਸ ਵਾਰ ਹੋਰ ਮਜ਼ਬੂਤ ਧਿਰ ਬਣ ਕੇ ਉਭਰੀ। 90 ਵਿਧਾਨ ਸਭਾ ਸੀਟਾਂ ਵਾਲੀ ਹਰਿਆਣਾ ਵਿਧਾਨ ਸਭਾ ਵਿਚ ਭਾਜਪਾ ਨੇ ਬਹੁਮਤ ਦਾ ਅੰਕੜਾ ਪਾਰ ਕਰਦਿਆਂ 48 ਸੀਟਾਂ ਜਿੱਤ ਲਈਆਂ, ਜਦ ਕਿ ਦੂਜੇ ਨੰਬਰ ਉਤੇ ਰਹਿੰਦਿਆਂ ਕਾਂਗਰਸ ਪੱਲੇ 37 ਸੀਟਾਂ ਪਈਆਂ। ਹਾਲਾਂਕਿ ਵੋਟਾਂ ਦੀ ਗਿਣਤੀ ਸ਼ੁਰੂ ਹੋਣ ਦੇ ਪਹਿਲੇ ਤਿੰਨ ਘੰਟੇ ਭਾਜਪਾ ਰੁਝਾਨਾਂ ਵਿਚ ਕਾਂਗਰਸ ਤੋਂ ਕਾਫੀ ਪਿੱਛੇ ਚੱਲ ਰਹੀ ਸੀ ਪਰ ਭਗਵਾ ਧਿਰ ਨੇ ਇਕਦਮ ਬਾਜ਼ੀ ਪਲਟ ਦਿੱਤੀ। ਕਾਂਗਰਸ ਨੇ ਇਸ ਪਿੱਛੇ ਭਾਜਪਾ ਦੀ ਕੋਈ ਵੱਡੀ ਚਾਲ ਦੱਸਦਿਆਂ ਚੋਣ ਕਮਿਸਨ ਕੋਲ ਸ਼ਿਕਾਇਤ ਵੀ ਕੀਤੀ ਹੈ।

ਪੰਜਾਬ ਅਤੇ ਦਿੱਲੀ ਵਿਚ ਹਾਰ ਤੋਂ ਬਾਅਦ 2022 ਵਿਚ ਹਿਮਾਚਲ ਪ੍ਰਦੇਸ਼ ਵਿਚ ਕਾਂਗਰਸ ਤੋਂ ਮਾਤ ਖਾਣ ਅਤੇ ਲੋਕ ਚੋਣਾਂ ਵਿਚ ਆਸ ਤੋਂ ਮਾੜੇ ਪ੍ਰਦਰਸ਼ਨ ਪਿੱਛੋਂ ਹਰਿਆਣਾ ਵਿਚ ਬਹੁਮਤ ਮਿਲਣਾ ਭਾਜਪਾ ਦੀ ਡੁਬਦੀ ਬੇੜੀ ਨੂੰ ਆਸਰਾ ਮਿਲਣ ਬਰਾਬਰ ਹੈ। ਭਾਜਪਾ ਨੇ ਇਸ ਵਾਰ ਪਿਛਲੇ ਦੇ ਮੁਕਬਲੇ ਅੱਠ ਸੀਟਾਂ ਵੱਧ ਜਿੱਤੀਆਂ ਹਨ। ਪਿਛਲੀ ਵਿਧਾਨ ਚੋਣਾਂ (2019) ਵਿਚ ਭਗਵਾ ਧਿਰ ਪੱਲੇ 40 ਸੀਟਾਂ ਪਈਆਂ ਸਨ ਅਤੇ ਉਸ ਨੂੰ ਸਰਕਾਰ ਬਣਾਉਣ ਲਈ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਦਾ ਸਹਾਰਾ ਲੈਣਾ ਪਿਆ ਸੀ। ਕਾਂਗਰਸ ਵੀ ਇਸ ਵਾਰ ਹੋਰ ਤਕੜੀ ਧਿਰ ਬਣ ਕੇ ਉਭਰੀ ਹੈ ਅਤੇ ਪਿਛਲੀਆਂ ਚੋਣਾਂ ਮੁਕਾਬਲੇ ਇਸ ਵਾਰ 6 ਸੀਟਾਂ ਵੱਧ ਜਿੱਤੀਆਂ ਹਨ ਹਾਲਾਂਕਿ ਇਸ ਦੇ ਜਿੱਤੀ ਬਾਜ਼ੀ ਹਾਰਨ ਦੀ ਚਰਚਾ ਨੇ ਜ਼ੋਰ ਫੜਿਆ ਹੋਇਆ ਹੈ।




## ਜੰਮੂ ਕਸ਼ਮੀਰ ਵਿਚ ਭਾਜਪਾ ਦੀ ਸਿਆਸਤ ਫੇਲ੍ਹ

**ਜੰਮੂ/ਸ੍ਰੀਨਗਰ:** ਜੰਮੂ ਕਸ਼ਮੀਰ ਵਿਧਾਨ ਸਭਾ ਚੋਣਾਂ ਵਿਚ ਇੰਡੀਆ ਗੱਠਜੋੜ ਨੇ ਜਿੱਤ ਹਾਸਲ ਕੀਤੀ ਹੈ। ਇਸ ਗੱਠਜੋੜ ਵਿਚ ਸ਼ਾਮਲ ਨੈਸ਼ਨਲ ਕਾਨਫਰੰਸ (ਐਨ.ਸੀ) ਨੂੰ ਸਭ ਤੋਂ ਵੱਧ 42 ਸੀਟਾਂ ਮਿਲੀਆਂ ਹਨ ਜਦਕਿ ਕਾਂਗਰਸ ਨੂੰ ਛੇ ਤੇ ਸੀ.ਪੀ.ਆਈ. ਐਮ ਨੂੰ ਇਕ ਸੀਟ ਮਿਲੀ ਹੈ। ਦੱਸਣਾ ਬਣਦਾ ਹੈ ਕਿ ਸਰਕਾਰ ਬਣਾਉਣ ਲਈ 46 ਸੀਟਾਂ ਦੀ ਜ਼ਰੂਰਤ ਹੈ। ਦੂਜੇ ਪਾਸੇ ਭਾਜਪਾ ਨੇ 29 ਸੀਟਾਂ ਜਿੱਤੀਆਂ ਹਨ। ਪਾਰਟੀ ਨੂੰ ਪਿਛਲੀਆਂ ਚੋਣਾਂ ਦੇ ਮੁਕਾਬਲੇ ਚਾਰ ਸੀਟਾਂ ਦਾ ਫਾਇਦਾ ਹੋਇਆ ਹੈ। ਜੰਮੂ ਕਸ਼ਮੀਰ ਭਾਜਪਾ ਦੇ ਪ੍ਰਧਾਨ ਨੇ ਹਾਰ ਸਵੀਕਾਰ ਕਰਦਿਆਂ ਪਾਰਟੀ ਹਾਈ ਕਮਾਂਡ ਨੂੰ ਆਪਣਾ ਅਸਤੀਫਾ ਭੇਜ ਦਿੱਤਾ ਹੈ। ਇਸ ਤੋਂ ਇਲਾਵਾ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਦੀ ਪਾਰਟੀ ਪੀ.ਡੀ.ਪੀ. ਨੇ ਤਿੰਨ ਸੀਟਾਂ ਜਿੱਤੀਆਂ ਹਨ। ਇਸ ਤੋਂ ਪਹਿਲਾਂ ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਨੂੰ 28 ਸੀਟਾਂ ਮਿਲੀਆਂ ਸਨ। ਜੰਮੂ ਕਸ਼ਮੀਰ ਵਿਚ ਆਮ ਆਦਮੀ ਪਾਰਟੀ ਨੇ ਇਕ ਸੀਟ ਜਿੱਤ ਕੇ ਪਹਿਲੀ ਵਾਰ ਜਿੱਤ ਦਰਜ ਕਰਵਾਈ ਹੈ। ਨੈਸ਼ਨਲ ਕਾਨਫਰੰਸ ਦੇ ਮੁਖੀ ਫਾਰੂਕ ਅਬਦੁੱਲਾ ਨੇ ਕਿਹਾ ਕਿ ਜੰਮੂ ਕਸ਼ਮੀਰ ਦੇ ਅਗਲੇ ਮੁੱਖ ਮੰਤਰੀ ਉਮਰ ਅਬਦੁੱਲਾ ਹੋਣਗੇ। ਉਮਰ ਨੇ ਦੋ ਸੀਟਾਂ ਬਡਗਾਮ ਤੇ ਗੰਦਰਬਲ ਵਿਚ ਜਿੱਤ ਹਾਸਲ ਕੀਤੀ ਹੈ।

2019 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੇ 40 ਸੀਟਾਂ ਜਿੱਤੀਆਂ ਸਨ। 2014 ਵਿਚ ਇਸ ਨੂੰ 47 ਸੀਟਾਂ ਮਿਲੀਆਂ ਸਨ। 2019 'ਚ ਭਾਜਪਾ ਨੂੰ 36 ਫੀਸਦੀ ਵੋਟਾਂ ਮਿਲੀਆਂ ਸਨ। ਜਦੋਂ ਕਿ ਉਦੋਂ ਕਾਂਗਰਸ ਨੂੰ 28 ਫੀਸਦੀ ਵੋਟਾਂ ਨਾਲ 31 ਸੀਟਾਂ ਮਿਲੀਆਂ ਸਨ। 2019 ਵਿਚ ਜੇ.ਜੇ.ਪੀ. ਨੇ 10, ਇਨੈਲੋ ਨੇ ਇਕ ਅਤੇ ਐਚ.ਐਲ.ਪੀ. ਨੇ ਇਕ-ਇਕ ਸੀਟ ਜਿੱਤੀ ਸੀ। 2014 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ 15 ਸੀਟਾਂ ਮਿਲੀਆਂ ਸਨ।

ਪਿਛਲੀਆਂ ਚੋਣਾਂ ਵਿਚ ਜੇ.ਜੇ.ਪੀ. ਕਿੰਗਮੇਕਰ ਵਜੋਂ ਉਭਰੀ ਅਤੇ ਭਾਜਪਾ ਨਾਲ ਮਿਲ ਕੇ ਸਰਕਾਰ ਬਣਾਈ। ਇਸ ਵਾਰ ਜੇ.ਜੇ.ਪੀ. ਦਾ ਸਫਾਇਆ ਹੀ ਹੋ ਗਿਆ। ਸਾਬਕਾ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਖੁਦ ਉਚਾਨਾ ਕਲਾਂ ਸੀਟ ਤੋਂ ਹਾਰ ਗਏ। ਆਮ ਆਦਮੀ ਪਾਰਟੀ ਦਾ ਇਨ੍ਹਾਂ ਚੋਣਾਂ ਵਿਚ ਸਭ ਤੋਂ ਮਾੜਾ ਪ੍ਰਦਰਸ਼ਨ ਰਿਹਾ ਹੈ। ਇਸ ਦੇ ਤਕਰੀਬਨ ਸਾਰੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ।

ਸਿਆਸੀ ਮਾਹਿਰ ਵੀ ਇਨ੍ਹਾਂ ਨਤੀਜਿਆਂ ਤੋਂ ਹੈਰਾਨ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਚੋਣਾਂ ਵਾਲੇ ਦਿਨ ਤੋਂ ਬਿਲਕੁਲ ਪਹਿਲਾਂ ਰਿਹਾਅ ਕਰਨਾ ਕਾਂਗਰਸ ਦੇ ਸਮੀਕਰਨਾਂ ਨੂੰ ਵਿਗਾੜਨ ਦੀ ਆਖਿਰੀ ਕੋਸ਼ਿਸ਼ ਸਫਲ ਰਹੀ। ਇਸ ਤੋਂ ਇਲਾਵਾ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ 7 ਮਹੀਨੇ ਪਹਿਲਾਂ ਭਾਜਪਾ ਨੇ ਅਚਾਨਕ ਤਤਕਾਲੀ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਅਹੁਦੇ ਤੋਂ ਹਟਾ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਸੀ। ਦਰਅਸਲ, ਭਾਜਪਾ ਨੇ 2019 ਵਿਚ ਵੀ ਖੱਟਰ ਦੀ ਅਗਵਾਈ ਵਿਚ ਚੋਣਾਂ ਲੜੀਆਂ ਸਨ। ਉਦੋਂ ਭਾਜਪਾ ਨੂੰ ਬਹੁਮਤ ਨਹੀਂ ਮਿਲਿਆ ਸੀ। ਹਾਲਾਂਕਿ ਜੇ.ਜੇ.ਪੀ. ਦੇ ਸਮਰਥਨ ਨਾਲ ਭਾਜਪਾ ਸਰਕਾਰ ਬਣਾਉਣ ਵਿਚ ਸਫਲ ਰਹੀ।

ਭਾਜਪਾ 2024 ਵਿਚ ਕੋਈ ਜੋਖ਼ਮ ਨਹੀਂ ਉਠਾਉਣਾ ਚਾਹੁੰਦੀ ਸੀ। ਇਸ ਲਈ ਖੱਟਰ ਨੂੰ ਹਟਾ ਕੇ ਸੂਬੇ ਦੀ ਕਮਾਨ ਨਾਇਬ ਸਿੰਘ ਸੈਣੀ ਨੂੰ ਸੌਂਪ ਦਿੱਤੀ ਗਈ ਸੀ। ਭਾਜਪਾ ਨੇ ਸੈਣੀ ਦੀ ਅਗਵਾਈ ਵਿਚ ਹਰਿਆਣਾ ਵਿਧਾਨ ਸਭਾ ਚੋਣਾਂ ਲੜੀਆਂ ਅਤੇ ਇਕ ਨਵੇਂ ਚਿਹਰੇ ਨਾਲ ਜਨਤਾ ਦੇ ਸਾਹਮਣੇ ਪੇਸ਼ ਹੋਈ। ਨਤੀਜਿਆਂ ਤੋਂ ਸਪੱਸ਼ਟ ਹੈ ਕਿ ਜਨਤਾ ਨੇ ਨਾਇਬ ਸਿੰਘ ਸੈਣੀ 'ਤੇ ਭਰੋਸਾ ਪ੍ਰਗਟਾਇਆ ਹੈ। ਚੋਣਾਂ ਤੋਂ ਪਹਿਲਾਂ ਅਚਾਨਕ ਮੁੱਖ ਮੰਤਰੀ ਨੂੰ ਬਦਲਣ ਅਤੇ ਨਵੇਂ ਚਿਹਰੇ ਦੇ ਨਾਲ ਜਨਤਾ ਵਿਚ ਆਉਣ ਦਾ ਫਾਰਮੂਲਾ ਭਾਜਪਾ ਲਈ ਨਵਾਂ ਨਹੀਂ ਹੈ। ਇਸ ਤੋਂ ਪਹਿਲਾਂ ਵੀ ਭਾਜਪਾ ਕਈ ਰਾਜਾਂ ਵਿਚ ਇਹ ਫਾਰਮੂਲਾ ਅਪਣਾ ਚੁੱਕੀ ਹੈ ਅਤੇ ਉਥੇ ਵੀ ਇਹ ਸਫਲ ਰਿਹਾ। ਭਾਜਪਾ ਨੇ ਉੱਤਰਾਖੰਡ, ਤ੍ਰਿਪੁਰਾ ਅਤੇ ਗੁਜਰਾਤ ਵਿਚ ਵੀ ਅਜਿਹਾ ਹੀ ਤਜ਼ਰਬਾ ਕੀਤਾ ਸੀ।

ਦਰਅਸਲ, ਹਰਿਆਣਾ ਦੇ ਚੋਣ ਨਤੀਜਿਆਂ ਦਾ ਵਿਸ਼ਲੇਸ਼ਣ ਕਰੀਏ ਤਾਂ ਜਾਪਦਾ ਹੈ ਕਿ ਕਾਂਗਰਸ ਜਿੱਤੀ ਹੋਈ ਬਾਜ਼ੀ ਹਾਰ ਗਈ। ਇਸ ਪਿੱਛੇ ਮੁੱਖ ਕਾਰਨ ਪਾਰਟੀ ਦੀ ਰਣਨੀਤਕ ਅਸਫਲਤਾ ਵੀ ਜਾਪਦੀ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਭਾਜਪਾ ਦੇ ਸਮਾਜਿਕ ਸਮੀਕਰਨਾਂ 'ਤੇ ਨੇੜਿਓਂ ਨਜ਼ਰ ਮਾਰੋ, ਤਾਂ ਤੁਸੀਂ ਦੇਖੋਗੇ ਕਿ ਇਹ ਹਰ ਰਾਜ ਵਿਚ 51 ਪ੍ਰਤੀਸ਼ਤ ਵੋਟਾਂ ਦਾ ਟੀਚਾ ਹੈ। ਇਹ ਹਰ ਰਾਜ ਵਿਚ ਛੋਟੇ ਸਮਾਜਿਕ ਸਮੂਹਾਂ ਨੂੰ ਉੱਥੋਂ ਦੇ ਸਭ ਤੋਂ ਪ੍ਰਭਾਵਸ਼ਾਲੀ ਭਾਈਚਾਰੇ ਦੇ ਵਿਰੁੱਧ ਇਕਜੁੱਟ ਕਰਦੀ ਹੈ ਅਤੇ ਫਿਰ ਪੂਰੀ ਚੋਣ ਨੂੰ ਪ੍ਰਭਾਵਸ਼ਾਲੀ ਬਨਾਮ ਹੋਰਾਂ ਵਿਚ ਬਦਲ ਦਿੰਦਾ ਹੈ।

*(ਬਾਕੀ ਸਫਾ 6 'ਤੇ)*







# ਗਾਖਲ ਪਰਿਵਾਰ ਖੇਡਾਂ ਦੇ ਖੇਤਰ 'ਚ ਜ਼ਿਕਰਯੋਗ ਕਾਰਜ ਕਰ ਰਿਹੈ: ਹੰਸ ਰਾਜ ਹੰਸ

**ਕੈਲੀਫੋਰਨੀਆ:** ਸਾਬਕਾ ਮੈਂਬਰ ਪਾਰਲੀਮੈਂਟ ਅਤੇ ਪਦਮਸ਼੍ਰੀ ਹੰਸ ਰਾਜ ਹੰਸ ਇਨ੍ਹੀਂ ਦਿਨੀਂ ਅਮਰੀਕਾ ਦੇ ਨਿੱਜੀ ਦੌਰੇ 'ਤੇ ਹਨ। ਇਸ ਦੌਰਾਨ ਉਹ ਆਪਣੇ ਨਜ਼ਦੀਕੀ ਪਿੰਡ ਗਾਖਲਾਂ ਤੋਂ ਵਾਟਸਨਵਿਲ ਵਸੇ ਅਤੇ ਬਿਜ਼ਨਸ ਵਿਚ ਕਾਮਯਾਬ ਗਾਖਲ ਪਰਿਵਾਰ ਨੂੰ ਵੀ ਮਿਲਣ ਪਹੁੰਚੇ ਜਿੱਥੇ ਸ. ਅਮੋਲਕ ਸਿੰਘ ਗਾਖਲ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਹੰਸ ਰਾਜ ਹੰਸ ਗਾਖਲ ਪਰਿਵਾਰ ਦੇ ਓਂਟਾਰੀਓ (ਕੈਲੀਫੋਰਨੀਆ) ਸਥਿਤ ਗੌਲਫ ਕੋਰਸ ਵੀ ਵੇਖਣ ਪਹੁੰਚੇ ਜਿੱਥੇ ਆਸ-ਪਾਸ ਦੇ ਇਲਾਕੇ ਦੇ ਗੌਲਫ ਦੇ ਸ਼ੌਕੀਨ ਵੱਡੇ ਪੱਧਰ 'ਤੇ ਗੌਲਫ ਖੇਡਣ ਪਹੁੰਚਦੇ ਹਨ।

ਇਸ ਮੌਕੇ ਹੰਸ ਰਾਜ ਹੰਸ ਨੇ ਕਿਹਾ ਕਿ ਗਾਖਲ ਪਰਿਵਾਰ ਖੇਡਾਂ ਦੇ ਖੇਤਰ ਵਿਚ ਜ਼ਿਕਰਯੋਗ ਕਾਰਜ ਕਰ ਰਿਹਾ ਹੈ ਜਿਸ ਤੋਂ ਹੋਰਾਂ ਨੂੰ ਵੀ ਸੇਧ ਲੈਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਗਾਖਲ ਪਰਿਵਾਰ ਵਲੋਂ ਸੁਰਜੀਤ ਹਾਕੀ ਟੂਰਨਾਮੈਂਟ ਜਲੰਧਰ ਦਾ ਪਿਛਲੇ 17 ਸਾਲ ਤੋਂ ਪਹਿਲਾ 5 ਲੱਖ ਰੁਪਏ ਦਾ ਇਨਾਮ ਦਿੱਤਾ ਜਾ ਰਿਹਾ ਹੈ ਅਤੇ ਅੱਗੇ ਤੋਂ ਵੀ ਦਿੱਤਾ ਜਾਂਦਾ ਰਹੇਗਾ। ਇਸ ਵਾਰ ਸੁਰਜੀਤ ਹਾਕੀ ਟੂਰਨਾਮੈਂਟ ਜਲੰਧਰ ਦੇ ਫਾਈਨਲ ਵਾਲੇ ਦਿਨ 26 ਅਕਤੂਬਰ 2024 ਨੂੰ ਏਸ਼ੀਅਨ ਚੈਂਪੀਅਨ ਅਤੇ ਉਲੰਪਿਕ ਤਗਮਾ ਜੇਤੂ ਭਾਰਤੀ ਹਾਕੀ ਟੀਮ ਦਾ 5 ਲੱਖ ਰੁਪਏ ਨਾਲ ਸਨਮਾਨ ਵੀ ਗਾਖਲ ਪਰਿਵਾਰ ਅਤੇ ਗਾਖਲ ਗਰੁੱਪ ਵਲੋਂ ਕੀਤਾ ਜਾ ਰਿਹਾ ਹੈ। ਇਸਦੇ ਨਾਲ ਹੀ ਗਾਖਲ ਪਰਿਵਾਰ ਵਲੋਂ ਪਾਕਿਸਤਾਨ ਸਥਿਤ ਬਾਬਾ ਗੁਰੂ ਨਾਨਕ ਹਾਕੀ ਅਕੈਡਮੀ ਦੀ ਵੀ ਮਦਦ ਕੀਤੀ ਜਾਂਦੀ ਹੈ ਅਤੇ ਇੱਥੇ ਹੀ ਹਾਕੀ ਅਤੇ ਕਬੱਡੀ ਦੇ ਟੂਰਨਾਮੈਂਟ ਵੀ ਕਰਵਾਏ ਜਾਂਦੇ ਹਨ। ਇਸ ਵਾਰ ਨਨਕਾਣਾ ਸਾਹਿਬ ਵਿਖੇ 6 ਤੋਂ 10 ਨਵੰਬਰ 2024 ਨੂੰ ਹਾਕੀ ਅਤੇ 9 ਨਵੰਬਰ ਨੂੰ ਕਬੱਡੀ ਦਾ ਵੱਡਾ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬਹੁਤ ਖੁਸ਼ੀ ਹੁੰਦੀ ਹੈ ਜਦੋਂ ਸਾਡੇ ਆਸ-ਪਾਸ ਦੇ ਨਿੱਕੇ-ਨਿੱਕੇ ਪਿੰਡਾਂ ਤੋਂ ਉੱਠ ਕੇ ਵਿਦੇਸ਼ਾਂ ਵਿਚ ਕਾਮਯਾਬ ਹੋਏ ਲੋਕ ਦੂਜੇ ਭਾਈਚਾਰਿਆਂ ਵਿਚ ਵੀ ਨਾਮਣਾ ਖੱਟਦੇ ਹਨ ਅਤੇ ਗਾਖਲ ਪਰਿਵਾਰ ਉਨ੍ਹਾਂ ਵਿਚੋਂ ਇਕ ਹੈ। ਉਨ੍ਹਾਂ ਕਿਹਾ ਕਿ ਉਹ ਹੋਰ ਐੱਨ.ਆਰ.ਆਈਜ਼ ਨੂੰ ਵੀ ਬੇਨਤੀ ਕਰਦੇ ਹਨ ਕਿ ਉਹ ਵੀ ਖੇਡਾਂ ਅਤੇ ਸਮਾਜ ਸੇਵਾ ਦੇ ਖੇਤਰ ਵਿਚ ਆਪਣਾ ਹੱਥ ਵਧਾਉਂਦਿਆਂ ਆਪਣੀ ਜਨਮ ਭੂਮੀ ਨਾਲ ਜ਼ਰੂਰ ਜੁੜੇ ਰਹਿਣ ਦੇ ਯਤਨ ਕਰਨ।



*ਪਦਮਸ਼੍ਰੀ ਹੰਸ ਰਾਜ ਹੰਸ (ਵਿਚਕਾਰ) ਅਮੋਲਕ ਸਿੰਘ ਗਾਖਲ (ਖੱਬੇ) ਅਤੇ ਕਰਮਵੀਰ ਸਿੰਘ ਗਾਖਲ (ਸੱਜੇ) ਨਾਲ।*





Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made

CONTACT US AT:

Phone: (510) 474-0028 • E-mail: info@thebainsfirm.com


www.thebainsfirm.com



**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

**Ph: (408) 737-7100**

www.homeopathicvibes.com

*We sell and ship homeopathic remedies through out North America.*



**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**

FAX: 209.982.9997

www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**

FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**

FAX: 209.982.9997

ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਕੁੱਕ ਅਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635



Corporate NMLS# 68434
AZ License# BK-0945946

Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

SUPER TRAVEL

847-676-9090, 773-465-5566

E-mail: supertravel2003@live.com

Lowest Fares With Excellent Service

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at
847-436-9010

EARLY BIRD SALE!!!!

Domestic fares available

# Matrimonials

## ਲੜਕੇ ਦੀ ਲੋੜ ਹੈ

Sikh Ahluwalia family looking for a suitable, well educated match for their 1986/5-5" Phd, beautiful girl. She has finished her studies in Boston, US. Serious inquiries only.
Please contact us at +1 (781) 658-8952.
39-42

Jatt Sikh family seeks a suitable match for their divorced girl (no kids) 32, 5'6" tall. Working as a journalist in a prominant newspaper. Please contact: +91-70093-82989

## ਲੜਕੀ ਦੀ ਲੋੜ ਹੈ

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ ਨੂੰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸੌਫਟਵੇਅਰ ਇੰਜਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਵੈਲ ਸੈਟਲਡ, ਸਾਨਫਰਾਂਸਿਸਕੋ, ਬੇ ਏਰੀਆ, ਕੈਲੇਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡੀਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਵ੍ਹਟਸਐਪ +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਆਪਣੇ ਵੇਰਵੇ ਈਮੇਲ cjsingh55@gmail.com 'ਤੇ ਭੇਜ ਸਕਦੇ ਹੋ।
41-44

US citizen boy is looking for a suitable match. He is born on 1989, 5'-6", in Ludhiana and raised in the US. He is never married, and working as a behavioral specialist. Father is a taxi driver, and mother is a nurse. Seeking a kind-hearted, family-oriented, and educated girl. Please email at manna.suie@gmail.com or call +1 (312) 217-8849.
40-43

Jat Sikh family looking for a suitable jat Sikh girl for their US born 28' 5-11 son. The boy is mechanical engineer, well established and doing a federal job. Please contact us at : 678-448-2202.
39-42

Jatt Sikh family residing in SF Bay area California looking for a suitable match in US/Canada/India for their US born and raised 24, 5'10" son. He has done a Bachelor degree from UCLA and Masters from UCSF in Computer Science and BioMedical Imaging. Boy wears a turban and keeps his hair. He is employed with a high salary in a reputed company in the SF Bay Area. Beyond education, girl must possess a joint family-oriented mindset with good moral family values. Please Contact ph: 510 861 6491 or email: pgrrealty@gmail.com
37-40

Jatt Sikh family looking for a suitable Jatt Sikh girl for their US born 27 years, 5'11", Mechanical Engineer son. Boy is well established and doing a federal job. Please contact us at 678-448-2202.
37-40

# ਫਿਲਮ 'ਵੱਡਾ ਸੁਪਨਾ' 14 ਅਕਤੂਬਰ ਨੂੰ ਚੌਪਾਲ ਓ.ਟੀ.ਟੀ. ਪਲੈਟਫਾਰਮ 'ਤੇ ਦੇਵੇਗੀ ਦਸਤਕ

ਫਰਿਜ਼ਨੋ: ਪੰਜਾਬੀ ਫਿਲਮ ਜਗਤ ਵਿਚ 14 ਅਕਤੂਬਰ ਨੂੰ ਚੌਪਾਲ ਓ.ਟੀ.ਟੀ. ਪਲੈਟਫਾਰਮ ਰਾਹੀਂ ਨਵੀਂ ਫਿਲਮ "ਵੱਡਾ ਸੁਪਨਾ" ਰਿਲੀਜ਼ ਹੋ ਰਹੀ ਹੈ। ਇਸ ਫਿਲਮ ਨੂੰ ਫਰਿਜ਼ਨੋ ਦੇ ਵਸਨੀਕ ਮਲਕੀਅਤ ਸਿੰਘ ਮੀਤ ਨੇ ਲਿਖਿਆ ਹੈ। ਫਿਲਮ ਦਾ ਗੀਤਕਾਰ ਵੀ ਮਲਕੀਅਤ ਸਿੰਘ ਮੀਤ ਹੀ ਹੈ ਤੇ ਉਸਨੇ ਫਿਲਮ ਵਿਚ ਅਹਿਮ ਕਿਰਦਾਰ ਵੀ ਨਿਭਾਇਆ ਹੈ। ਮਲਕੀਅਤ ਸਿੰਘ ਮੀਤ ਦੀ ਅਦਾਕਾਰੀ ਕਈ ਫਿਲਮਾਂ ਵਿਚ ਦੇਖਣ ਨੂੰ ਮਿਲੀ ਹੈ, ਜਿਨ੍ਹਾਂ ਵਿਚ 'ਛਿੰਦਾ-ਛਿੰਦਾ ਨੋ ਪਾਪਾ', 'ਪਿੰਡ ਅਮਰੀਕਾ', 'ਸਰਾਭਾ', 'ਡੈਥ ਡੇਅ', ਤੇ 'ਨੂਰੀ ਰਿਟਰਨ' ਆਦਿ ਸ਼ਾਮਲ ਹਨ। ਮਲਕੀਅਤ ਸਿੰਘ ਮੀਤ ਦੀਆਂ ਵੱਡੇ ਕਲਾਕਾਰਾਂ ਨਾਲ ਆਉਣ ਵਾਲੀਆਂ ਫਿਲਮਾਂ ਵੀ ਜ਼ਿਕਰਯੋਗ ਹਨ। ਇਨ੍ਹਾਂ ਵਿਚ ਜਿੰਮੀ ਸ਼ੇਰਗਿੱਲ ਨਾਲ 'ਬੇਬੇ', ਕਮਲਜੀਤ ਪਰਿਸ਼ ਨਾਲ 'ਸੈਕਟਰ ਸਤਾਰਾਂ', ਬੀਨੂੰ ਢਿੱਲੋਂ ਨਾਲ 'ਖੁਸ਼ਖਬਰੀ' ਤੇ ਬਤੌਰ ਹੀਰੋ ਉਨ੍ਹਾਂ ਦੀ ਫਿਲਮ ਆ ਰਹੀ ਹੈ 'ਲੋਈ'।




ਫਿਲਮ ਵੱਡਾ ਸੁਪਨਾ ਆਉਣ ਵਾਲੇ ਸੋਮਵਾਰ ਨੂੰ ਰਿਲੀਜ਼ ਹੋਵੇਗੀ। ਇਹ ਫਿਲਮ ਪੰਜਾਬ ਵਿਚ ਵਧੇ ਨਸ਼ੇ ਦੇ ਪ੍ਰਭਾਵ ਥੱਲੇ ਦੱਬੀ ਸਾਡੀ ਨੌਜਵਾਨੀ ਦੇ ਤ੍ਰਾਸਦੀ ਭਰੇ ਹਾਲਾਤ 'ਤੇ ਆਧਾਰਤ ਹੈ। ਇਹ ਪਰਿਵਾਰਕ ਫਿਲਮ ਹੈ ਤੇ ਵਧੀਆ ਸੁਨੇਹਾ ਲੈ ਕੇ ਆ ਰਹੀ ਹੈ। ਇਸ ਫਿਲਮ ਦੀ ਪ੍ਰੋਡਿਊਸਰ ਮਲਕੀਅਤ ਸਿੰਘ ਮੀਤ ਦੀ ਧਰਮ ਪਤਨੀ ਅਮਨ ਚੀਮਾ ਹੈ। ਫਿਲਮ ਦਾ ਨਿਰਦੇਸ਼ਨ ਕੀਤਾ ਹੈ ਖੁਸ਼ਬੂ ਸ਼ਰਮਾ ਨੇ। ਫਿਲਮ ਵਿਚ ਕੰਮ ਕਰਨ ਵਾਲੇ ਉੱਚ ਕੋਟੀ ਦੇ ਕਲਾਕਾਰਾਂ ਵਿਚ ਮਲਕੀਅਤ ਸਿੰਘ ਮੀਤ, ਸਤਵੰਤ ਕੌਰ, ਗੁਰਿੰਦਰ ਮਕਨਾ, ਸੁਖਬੀਰ ਬਾਠ, ਅਮਰੀਕ ਸਿੰਘ, ਮੌਂਟੀ ਸਿੰਘ, ਰੈਵ ਬਿੰਦ, ਸਿਮਰਨ ਜੁਨੇਜਾ ਤੇ ਹੋਰ ਕਈ ਕਲਾਕਾਰਾਂ ਦੇ ਨਾਮ ਸ਼ਾਮਲ ਹਨ।

# ਪਾਵਨ ਗੁਟਕਾ ਸਾਹਿਬ ਦੀ ਆਨਲਾਈਨ ਵਿਕਰੀ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਆਨਲਾਈਨ ਵਪਾਰਕ ਵੈੱਬਸਾਈਟ ਐਮਾਜ਼ੋਨ ਵੱਲੋਂ ਪਾਵਨ ਗੁਰਬਾਣੀ ਦੀਆਂ ਸੈਂਚੀਆਂ ਅਤੇ ਗੁਟਕਾ ਸਾਹਿਬ ਆਨਲਾਈਨ ਵੇਚਣ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਵਿਰੋਧ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਦਾ ਸਖ਼ਤ ਨੋਟਿਸ ਲੈਂਦਿਆਂ ਗੁਟਕਾ ਸਾਹਿਬ ਦੀ ਵਿਕਰੀ ਤੁਰਤ ਰੋਕਣ ਦੀ ਹਦਾਇਤ ਕੀਤੀ ਹੈ।



ਉਨ੍ਹਾਂ ਕਿਹਾ ਕਿ ਸਿੱਖ ਧਰਮ ਨਾਲ ਸਬੰਧਤ ਪੋਥੀਆਂ ਅਤੇ ਪਵਿੱਤਰ ਗੁਟਕਾ ਸਾਹਿਬ ਨੂੰ ਇਸ ਐਪ ਉਤੇ ਆਨਲਾਈਨ ਵੇਚਣਾ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਸ ਦੇ ਸਟੋਰਾਂ 'ਤੇ ਪਾਵਨ ਪੋਥੀਆਂ ਦਾ ਸਤਿਕਾਰ ਕਾਇਮ ਨਹੀਂ ਰਹਿ ਸਕਦਾ। ਉਨ੍ਹਾਂ ਕਿਹਾ ਕਿ ਐਮਾਜ਼ੋਨ ਵੱਲੋਂ ਆਨਲਾਈਨ ਗੁਟਕਾ ਸਾਹਿਬਾਨ ਦੀ ਵਿਕਰੀ ਨਾਲ ਸਿੱਖ ਮਨਾਂ ਅੰਦਰ ਭਾਰੀ ਰੋਸ ਹੈ। ਸ਼੍ਰੋਮਣੀ ਕਮੇਟੀ ਨੇ ਐਮਾਜ਼ੋਨ ਨੂੰ ਆਪਣੀ ਵੈੱਬਸਾਈਟ ਤੋਂ ਪਾਵਨ ਗੁਰਬਾਣੀ ਦੇ ਗੁਟਕਾ ਸਾਹਿਬ ਨੂੰ ਤੁਰਤ ਹਟਾਉਣ ਲਈ ਕਿਹਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਹ ਬੇਹੱਦ ਗੰਭੀਰ ਮਾਮਲਾ ਹੈ, ਜਿਸ ਨੂੰ ਧਰਮ ਪ੍ਰਚਾਰ ਕਮੇਟੀ ਦੀ ਆਉਣ ਵਾਲੀ ਮੀਟਿੰਗ ਵਿਚ ਵੀ ਵਿਚਾਰਿਆ ਜਾਵੇਗਾ ਅਤੇ ਇਸ ਸਬੰਧੀ ਅਗਲੇਰੀ ਰਣਨੀਤੀ ਬਾਰੇ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਐਮਾਜ਼ੋਨ ਨੂੰ ਪੱਤਰ ਲਿਖਿਆ ਜਾ ਰਿਹਾ ਹੈ ਕਿ ਉਹ ਤੁਰਤ ਵੈੱਬਸਾਈਟ ਤੋਂ ਗੁਰਬਾਣੀ ਦੇ ਗੁਟਕਾ ਸਾਹਿਬਾਨ ਨੂੰ ਹਟਾ ਕੇ ਆਪਣਾ ਸਪੱਸ਼ਟੀਕਰਨ ਸ਼੍ਰੋਮਣੀ ਕਮੇਟੀ ਨੂੰ ਭੇਜਣ।

# ਪੰਜਾਬ ਸਰਕਾਰ ਅਤੇ ਕਿਸਾਨ ਆਗੂਆਂ ਵਿਚਕਾਰ ਸਹਿਮਤੀ ਬਣੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਦੀਆਂ ਪ੍ਰਮੁੱਖ ਕਿਸਾਨ ਜਥੇਬੰਦੀਆਂ ਨਾਲ ਮੀਟਿੰਗ ਕੀਤੀ ਗਈ ਜਿਥੇ ਕਿਸਾਨ ਜਥੇਬੰਦੀਆਂ ਦੇ ਨੌਂ ਨੁਕਾਤੀ ਏਜੰਡੇ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਪੰਜਾਬ ਭਵਨ ਵਿਚ ਹੋਈ ਮੀਟਿੰਗ ਦੌਰਾਨ ਕਈ ਕਿਸਾਨ ਮੰਗਾਂ 'ਤੇ ਸਹਿਮਤੀ ਬਣ ਗਈ ਹੈ।

ਮੀਟਿੰਗ ਦੀ ਅਗਵਾਈ ਮੁੱਖ ਮੰਤਰੀ ਦੇ ਵਿਸ਼ੇਸ਼ ਮੁੱਖ ਸਕੱਤਰ ਵੀਕੇ ਸਿੰਘ ਨੇ ਕੀਤੀ ਜਿਸ ਵਿਚ ਵੱਖੋ-ਵੱਖਰੇ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਸ਼ਾਮਲ ਸਨ। ਪੰਚਾਇਤ ਚੋਣਾਂ ਦਾ ਹਵਾਲਾ ਦੇ ਕੇ ਪੰਜਾਬ ਸਰਕਾਰ ਵੱਲੋਂ ਅਧਿਕਾਰੀਆਂ ਨੇ ਕਿਸਾਨ ਜਥੇਬੰਦੀਆਂ ਤੋਂ ਕਿਸਾਨੀ ਮੰਗਾਂ ਵਿਚਾਰਨ ਲਈ 15 ਅਕਤੂਬਰ ਤੱਕ ਦਾ ਸਮਾਂ ਮੰਗਿਆ ਹੈ। ਤਕਰੀਬਨ ਤਿੰਨ ਘੰਟੇ ਚੱਲੀ ਮੀਟਿੰਗ ਵਿਚ ਸੂਬਾ ਸਰਕਾਰ ਨੇ ਕਿਸਾਨ ਆਗੂਆਂ ਨੂੰ ਭਰੋਸਾ ਦਿੱਤਾ ਕਿ ਬਹੁਤੀਆਂ ਮੰਗਾਂ ਨੂੰ ਪਹਿਲਾਂ ਹੀ ਅਮਲ ਵਿਚ ਲਿਆਂਦਾ ਜਾ ਚੁੱਕਾ ਹੈ ਅਤੇ ਬਾਕੀ ਰਹਿੰਦੀਆਂ ਜਾਇਜ਼ ਮੰਗਾਂ



ਨੂੰ ਪੂਰਾ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ।

ਮੀਟਿੰਗ ਦੌਰਾਨ ਕਿਸਾਨ ਸੰਘਰਸ਼ਾਂ 'ਚ ਜਾਨਾਂ ਗੁਆਉਣ ਵਾਲੇ ਕਿਸਾਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਨੌਕਰੀ ਦੇਣ ਦਾ ਮੁੱਦਾ ਮੁੱਖ ਤੌਰ ਤੇ ਵਿਚਾਰਿਆ ਗਿਆ। ਅਧਿਕਾਰੀਆਂ ਨੇ ਭਰੋਸਾ ਦਿੱਤਾ ਕਿ ਅਜਿਹੇ 856 ਕਿਸਾਨਾਂ ਵਿਚੋਂ 99 ਫ਼ੀਸਦੀ ਦੇ ਕਰੀਬ ਪਰਿਵਾਰਾਂ ਨੂੰ ਪਹਿਲਾਂ ਹੀ ਸਰਕਾਰੀ ਨੌਕਰੀ ਅਤੇ ਸਹਾਇਤਾ ਪ੍ਰਦਾਨ ਕੀਤੀ ਜਾ ਚੁੱਕੀ ਹੈ ਅਤੇ ਬਾਕੀ ਰਹਿੰਦੇ ਮਾਮਲੇ ਕਾਰਵਾਈ ਅਧੀਨ ਹਨ ਜਿਨ੍ਹਾਂ ਨੂੰ ਜਲਦੀ ਪੂਰਾ ਕਰਨ ਲਈ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ। ਅਧਿਕਾਰੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਝੋਨੇ ਦਾ ਦਾਣਾ-ਦਾਣਾ ਖ਼ਰੀਦਣ ਲਈ ਵਚਨਬੱਧ ਹੈ। ਗੰਨਾ ਮਿੱਲਾਂ ਵੱਲੋਂ ਕਿਸਾਨਾਂ ਨੂੰ ਬਕਾਇਆ ਅਦਾਇਗੀਆਂ ਦੇ ਮਾਮਲੇ 'ਤੇ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਫਗਵਾੜਾ ਗੰਨਾ ਮਿੱਲ ਨੂੰ ਛੱਡ ਕੇ ਬਾਕੀ ਸਾਰੀਆਂ ਅਦਾਇਗੀਆਂ ਕਰ ਦਿੱਤੀਆਂ ਗਈਆਂ ਹਨ। ਇਹ ਵੀ ਦੱਸਿਆ ਕਿ ਆਵਾਰਾ ਪਸ਼ੂਆਂ ਦੇ ਮੁੱਦੇ ਨੂੰ ਸਰਕਾਰ ਜਲਦੀ ਹੱਲ ਕਰਨ ਜਾ ਰਹੀ ਹੈ ਅਤੇ ਸਰਕਾਰ ਵੱਲੋਂ ਇਸ ਸਮੱਸਿਆ ਨਾਲ ਨਜਿੱਠਣ ਲਈ ਇਕ ਕਮੇਟੀ ਬਣਾਈ ਜਾ ਰਹੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸੂਬੇ ਵਿਚ ਨਸ਼ਾ ਤਸਕਰੀ ਦੇ ਮਾਮਲਿਆਂ ਵਿਚ 26 ਹਜ਼ਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਬਿਜਲੀ ਵਿਭਾਗ ਦੇ ਨਿੱਜੀਕਰਨ ਸਬੰਧੀ ਕਿਸਾਨਾਂ ਦੇ ਖ਼ਦਸ਼ੇ ਵੀ ਦੂਰ ਕੀਤੇ। ਉਨ੍ਹਾਂ ਕਿਹਾ ਕਿ ਬਿਜਲੀ ਵਿਭਾਗ ਦੇ ਨਿੱਜੀਕਰਨ ਸਬੰਧੀ ਕੋਈ ਯੋਜਨਾ ਪਾਈਪਲਾਈਨ ਵਿਚ ਨਹੀਂ ਹੈ। ਮੀਟਿੰਗ ਦੌਰਾਨ ਕਿਸਾਨਾਂ ਨੇ ਪਰਾਲੀ ਦੇ ਪ੍ਰਦੂਸ਼ਣ ਦੀ ਗੱਲ ਕਰਦਿਆਂ ਕਿਹਾ ਕਿ ਇਸ ਮਾਮਲੇ ਵਿਚ ਸਰਕਾਰ ਇਕੱਲੇ ਕਿਸਾਨਾਂ ਨੂੰ ਹੀ ਕਟਹਿਰੇ ਵਿਚ ਖੜ੍ਹਾ ਕਰ ਰਹੀ ਹੈ ਜਦਕਿ ਪ੍ਰਦੂਸ਼ਣ ਲਈ ਸਨਅਤੀ ਖੇਤਰ ਵੀ ਮੁੱਖ ਤੌਰ ਉਤੇ ਜ਼ਿੰਮੇਵਾਰ ਹੈ।

## ਬਿਜਲੀ ਵਿਭਾਗ ਦੇ ਨਿੱਜੀਕਰਨ ਸਬੰਧੀ ਖ਼ਦਸ਼ੇ ਦੂਰ ਕੀਤੇ

**ਚੰਡੀਗੜ੍ਹ:** ਸਰਕਾਰ ਨੇ ਬਿਜਲੀ ਵਿਭਾਗ ਦੇ ਨਿੱਜੀਕਰਨ ਸਬੰਧੀ ਕਿਸਾਨਾਂ ਦੇ ਖ਼ਦਸ਼ੇ ਵੀ ਦੂਰ ਕੀਤੇ। ਉਨ੍ਹਾਂ ਕਿਹਾ ਕਿ ਬਿਜਲੀ ਵਿਭਾਗ ਦੇ ਨਿੱਜੀਕਰਨ ਸਬੰਧੀ ਕੋਈ ਯੋਜਨਾ ਪਾਈਪਲਾਈਨ ਵਿਚ ਨਹੀਂ ਹੈ। ਮੀਟਿੰਗ ਦੌਰਾਨ ਕਿਸਾਨਾਂ ਨੇ ਪਰਾਲੀ ਦੇ ਪ੍ਰਦੂਸ਼ਣ ਦੀ ਗੱਲ ਕਰਦਿਆਂ ਕਿਹਾ ਕਿ ਇਸ ਮਾਮਲੇ ਵਿਚ ਸਰਕਾਰ ਇਕੱਲੇ ਕਿਸਾਨਾਂ ਨੂੰ ਹੀ ਕਟਹਿਰੇ ਵਿਚ ਖੜ੍ਹਾ ਕਰ ਰਹੀ ਹੈ ਜਦਕਿ ਪ੍ਰਦੂਸ਼ਣ ਲਈ ਸਨਅਤੀ ਖੇਤਰ ਵੀ ਮੁੱਖ ਤੌਰ ਉਤੇ ਜ਼ਿੰਮੇਵਾਰ ਹੈ।

# ਤ੍ਰਿਪੁਰਾ ਦੇ ਰਾਜਪਾਲ ਦਰਬਾਰ ਸਾਹਿਬ ਨਤਮਸਤਕ



**ਅੰਮ੍ਰਿਤਸਰ:** ਤ੍ਰਿਪੁਰਾ ਦੇ ਰਾਜਪਾਲ ਇੰਦਰ ਸੈਨਾ ਰੈਡੀ ਨੱਲੂ ਪਰਿਵਾਰ ਸਣੇ ਸੱਚਖੰਡ ਦਰਬਾਰ ਸਾਹਿਬ 'ਚ ਨਤਮਸਤਕ ਹੋਏ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ ਅਤੇ ਹੋਰ ਅਧਿਕਾਰੀਆਂ ਨੇ ਸੂਚਨਾ ਕੇਂਦਰ ਵਿਚ ਉਨ੍ਹਾਂ ਅਤੇ ਉਨ੍ਹਾਂ ਦੀ ਪਤਨੀ ਰੇਣੂਕਾ ਨੱਲੂ ਨੂੰ ਦਰਬਾਰ ਸਾਹਿਬ ਦਾ ਸੁਨਹਿਰੀ ਮਾਡਲ, ਲੋਈ ਅਤੇ ਧਾਰਮਿਕ ਪੁਸਤਕਾਂ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਰਾਜਪਾਲ ਆਪਣੇ ਪਰਿਵਾਰ ਨਾਲ ਲੰਗਰ ਛਕਿਆ ਅਤੇ ਸੇਵਾ ਕੀਤੀ।

ਇਸ ਮੌਕੇ ਰਾਜਪਾਲ ਨੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਦਿਆਂ ਕਿਹਾ ਕਿ ਸੱਚਖੰਡ ਦਰਬਾਰ ਸਾਹਿਬ ਸਮੁੱਚੀ ਮਨੁੱਖਤਾ ਲਈ ਅਧਿਆਤਮਕ ਕੇਂਦਰ ਹੈ। ਇਸ ਪਾਵਨ ਅਸਥਾਨ ਦੇ ਦਰਸ਼ਨਾਂ ਦਾ ਸੁਭਾਗ ਮਿਲਣ ਉਤੇ ਉਹ ਪਰਮਾਤਮਾ ਦਾ ਸ਼ੁਕਰਾਨਾ ਕਰਦੇ ਹਨ ਅਤੇ ਗੁਰੂ ਕੇ ਲੰਗਰ ਵਿੱਚ ਸੇਵਾ ਕਰਨਾ ਉਨ੍ਹਾਂ ਲਈ ਯਾਦਗਾਰੀ ਰਹੇਗਾ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਮਿਲੇ ਸਨਮਾਨ ਲਈ ਪ੍ਰਬੰਧਕਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਰਾਜਪਾਲ ਦੇ ਨਾਲ ਆਏ ਮੇਜਰ ਅਰਜੁਨ ਮਲਿਕ ਤੋਂ ਇਲਾਵਾ ਅੰਮ੍ਰਿਤਸਰ ਦੇ ਵਧੀਕ ਡਿਪਟੀ ਕਮਿਸ਼ਨਰ ਜੋਤੀ ਬਾਲਾ, ਸ਼੍ਰੋਮਣੀ ਕਮੇਟੀ ਦੇ ਸੁਪਰਡੈਂਟ ਨਿਸ਼ਾਨ ਸਿੰਘ, ਮੈਨੇਜਰ ਨਰਿੰਦਰ ਸਿੰਘ, ਸਤਨਾਮ ਸਿੰਘ ਰਿਆੜ, ਵਧੀਕ ਮੈਨੇਜਰ ਇਕਬਾਲ ਸਿੰਘ, ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ, ਮੀਤ ਮੈਨੇਜਰ ਗੁਰਤਿੰਦਰਪਾਲ ਸਿੰਘ ਵੀ ਮੌਜੂਦ ਸਨ।

# ਪਾਕਿਸਤਾਨ ਪੁੱਜਣ ਵਾਲੇ ਸ਼ਰਧਾਲੂਆਂ ਨੂੰ ਭਾਰਤੀ ਕਰੰਸੀ ਦੀ ਥਾਂ ਡਾਲਰ ਲਿਆਉਣ ਦਾ ਸੁਝਾਅ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਨੂੰ ਸੁਝਾਅ ਦਿੱਤਾ ਗਿਆ ਹੈ ਕਿ ਉਹ ਯਾਤਰਾ ਉਤੇ ਆਉਣ ਸਮੇਂ ਭਾਰਤੀ ਕਰੰਸੀ ਦੀ ਥਾਂ ਵਿਦੇਸ਼ੀ ਕਰੰਸੀ, ਖਾਸ ਕਰ ਕੇ ਅਮਰੀਕੀ ਡਾਲਰ ਲੈ ਕੇ ਆਉਣ। ਪ੍ਰਕਾਸ਼ ਪੁਰਬ 15 ਨਵੰਬਰ ਨੂੰ ਹੈ ਅਤੇ ਭਾਰਤ ਤੋਂ ਸਿੱਖ ਸ਼ਰਧਾਲੂਆਂ ਦਾ ਜਥਾ 14 ਨਵੰਬਰ ਨੂੰ ਪਾਕਿਸਤਾਨ ਪੁੱਜੇਗਾ ਅਤੇ 23 ਨੂੰ ਪਰਤੇਗਾ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਨੇ ਖਾਸ ਕਰ ਕੇ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਕਿਹਾ ਕਿ ਉਹ ਇਸ ਵਾਰ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ 'ਤੇ ਆਉਣ ਸਮੇਂ ਆਪਣੇ ਨਾਲ ਭਾਰਤੀ ਕਰੰਸੀ ਲਿਆਉਣ ਤੋਂ ਗੁਰੇਜ਼ ਕਰਨ। ਉਨ੍ਹਾਂ ਭਾਰਤੀ ਕਰੰਸੀ ਬਦਲਣ ਵੇਲੇ ਮੁਸ਼ਕਲ ਆਉਣ ਅਤੇ ਇਸ ਦਾ ਭਾਅ ਘੱਟ ਮਿਲਣ ਦਾ



ਖਦਸ਼ਾ ਵੀ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸ਼ਿਕਾਇਤਾਂ ਮਿਲੀਆਂ ਹਨ, ਇਸੇ ਕਰ ਕੇ ਇਸ ਬਾਰੇ ਅਗਾਊਂ ਸੂਚਿਤ ਕੀਤਾ ਗਿਆ ਹੈ। ਉਨ੍ਹਾਂ ਸ਼ਰਧਾਲੂਆਂ ਨੂੰ ਵਿਦੇਸ਼ੀ ਕਰੰਸੀ ਵਜੋਂ ਅਮਰੀਕੀ ਡਾਲਰ ਲਿਆਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਇਨ੍ਹਾਂ ਨੂੰ ਤਬਦੀਲ ਕਰਨ ਵਿਚ ਕੋਈ ਮੁਸ਼ਕਲ ਨਹੀਂ ਆਵੇਗੀ। ਉਨ੍ਹਾਂ ਕਿਹਾ ਕਿ ਆਉਣ ਤੋਂ ਪਹਿਲਾਂ ਭਾਰਤੀ ਕਰੰਸੀ ਨੂੰ ਯੂ.ਐਸ. ਡਾਲਰ ਜਾਂ ਪੌਂਡ ਵਿਚ ਤਬਦੀਲ ਕਰਵਾ ਲਿਆ ਜਾਵੇ। ਯਾਦ ਰਹੇ ਕਿ ਇਸ ਵਕਤ ਪਾਕਿਸਤਾਨ ਆਰਥਿਕ ਸੰਕਟ ਨਾਲ ਜੂਝ ਰਿਹਾ ਹੈ। ਡਾਲਰ ਦੇ ਮੁਕਾਬਲੇ ਪਾਕਿਸਤਾਨੀ ਰੁਪਏ ਦੀ ਕੀਮਤ ਬਹੁਤ ਡਿੱਗ ਪਈ ਹੈ। ਇਕ ਡਾਲਰ ਦੀ ਕੀਮਤ ਪਾਕਿਸਤਾਨ ਦੇ 280 ਰੁਪਇਆਂ ਤੱਕ ਜਾ ਪੁੱਜੀ ਹੈ।

# ਨਗਰ ਕੀਰਤਨ ਦੌਰਾਨ ਕਰੰਟ ਲੱਗਣ ਨਾਲ ਦੋ ਮੌਤਾਂ

**ਧਰਮਕੋਟ:** ਧਰਮਕੋਟ ਅਧੀਨ ਆਉਂਦੇ ਪਿੰਡ ਕੋਟ ਸਦਰ ਖਾਂ ਵਿਚ ਸਜਾਏ ਗਏ ਨਗਰ ਕੀਰਤਨ ਦੌਰਾਨ ਬਿਜਲੀ ਦੀਆਂ ਤਾਰਾਂ ਨੀਵੀਆਂ ਹੋਣ ਕਾਰਨ ਪਾਲਕੀ ਸਾਹਿਬ ਵਾਲਾ ਵਾਹਨ ਕਰੰਟ ਦੀ ਲਪੇਟ ਵਿਚ ਆ ਗਿਆ। ਇਸ ਕਾਰਨ ਮਹਿਲਾ ਸਮੇਤ ਦੋ ਵਿਅਕਤੀਆਂ ਦੀ ਮੌਤ ਹੋ ਗਈ।

ਮਿਤ੍ਰਕਾਂ ਦੀ ਸ਼ਨਾਖ਼ਤ ਪਿੰਡ ਪੱਧਰੀ (ਫਿਰੋਜ਼ਪੁਰ) ਦੀ ਜੋਗਿੰਦਰ ਕੌਰ ਅਤੇ ਪਿੰਡ ਰੋਡੇਵਾਲ ਨੇੜੇ ਸਭਰਾਂ ਦੇ ਰਣਜੀਤ ਸਿੰਘ ਵਜੋਂ ਹੋਈ ਹੈ। ਘਟਨਾ ਵਿਚ ਅੱਧੀ ਦਰਜਨ ਦੇ ਕਰੀਬ ਹੋਰ ਵਿਅਕਤੀ ਜ਼ਖ਼ਮੀ ਹੋਏ ਹਨ ਜਿਨ੍ਹਾਂ 'ਚੋਂ ਵਿਆਹੁਤਾ ਔਰਤ ਦੀ ਹਾਲਤ ਗੰਭੀਰ ਹੈ। ਸਾਰੇ ਜ਼ਖ਼ਮੀਆਂ ਨੂੰ ਕੋਟ ਈਸੇ ਖਾਂ ਦੇ ਨਿੱਜੀ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਥਾਣਾ ਕੋਟ ਈਸੇ ਖਾਂ ਦੇ ਮੁਖੀ ਅਰਸ਼ਪ੍ਰੀਤ ਕੌਰ ਗਰੇਵਾਲ ਨੇ ਦੱਸਿਆ ਕਿ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਪੰਜਾਬ ਆਈ.ਟੀ.ਆਈਜ਼. ਵਿਚ ਦਾਖਲੇ 25 ਫੀਸਦੀ ਵਧੇ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਆਈ.ਟੀ.ਆਈਜ਼. ਵਿਚ ਕੀਤੇ ਸੁਧਾਰ ਤੋਂ ਬਾਅਦ ਇਸ ਵਰ੍ਹੇ ਆਈ.ਟੀ.ਆਈਜ਼. ਵਿਚ ਦਾਖਲਿਆਂ 'ਚ 25 ਫੀਸਦ ਵਾਧਾ ਹੋਇਆ ਹੈ। ਇਸ ਬਾਰੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੌਜੂਦਾ ਵਿਦਿਅਕ ਵਰ੍ਹੇ ਦੌਰਾਨ ਸੂਬੇ ਭਰ ਦੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਦਾਖਲਿਆਂ 'ਚ 25 ਫੀਸਦ ਦਾ ਸ਼ਾਨਦਾਰ ਵਾਧਾ ਦਰਜ ਕੀਤਾ ਗਿਆ ਹੈ।

ਇਸ ਨਾਲ ਦਾਖ਼ਲਿਆਂ ਦੀ ਗਿਣਤੀ ਪਿਛਲੇ ਵਰ੍ਹੇ 28,000 ਤੋਂ ਵਧ ਕੇ ਹੁਣ 35,000 ਤੱਕ ਪਹੁੰਚ ਗਈ ਹੈ। ਸੂਬਾ ਸਰਕਾਰ ਵੱਲੋਂ ਚਾਲੂ ਵਿੱਦਿਅਕ ਸੈਸ਼ਨ ਦੌਰਾਨ ਆਈ.ਟੀ.ਆਈਜ਼. ਸੀਟਾਂ ਵਧਾਈਆਂ ਗਈਆਂ ਹਨ ਅਤੇ ਅਗਲੇ ਵਿਦਿਅਕ ਸੈਸ਼ਨ ਵਿਚ ਸੀਟਾਂ ਦੀ ਗਿਣਤੀ ਹੋਰ ਵਧਾ ਦਿੱਤੀ ਜਾਵੇਗੀ। ਬੈਂਸ ਨੇ ਕਿਹਾ ਕਿ ਵਿਦਿਅਕ ਸੈਸ਼ਨ 2023 ਤੋਂ ਪਹਿਲਾਂ ਆਈ.ਟੀ.ਆਈਜ਼. 'ਚ 28,000 ਸੀਟਾਂ 'ਚੋਂ ਵੀ ਕਾਫੀ ਸੀਟਾਂ ਖਾਲੀ ਰਹਿ ਜਾਂਦੀਆਂ ਸਨ।

ਯਾਦ ਰਹੇ ਕਿ ਪਿਛਲੇ ਕੁਝ ਸਾਲਾਂ ਦੌਰਾਨ ਵੱਡੀ ਗਿਣਤੀ ਵਿਦਿਆਰਥੀਆਂ ਦੇ ਕੈਨੇਡਾ ਜਾਣ ਕਰ ਕੇ ਵਿਦਿਅਕ ਸੰਸਥਾਵਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਘਟ ਗਈ ਪਰ ਹੁਣ ਇਹ ਗਿਣਤੀ ਦੁਬਾਰਾ ਵਧਣ ਲੱਗੀ ਹੈ।

# ਸੁਪਰੀਮ ਕੋਰਟ ਵੱਲੋਂ ਖਾਲਸਾ ਯੂਨੀਵਰਸਿਟੀ ਦਾ ਦਰਜਾ ਬਹਾਲ

**ਅੰਮ੍ਰਿਤਸਰ:** ਸੁਪਰੀਮ ਕੋਰਟ ਨੇ ਖਾਲਸਾ ਯੂਨੀਵਰਸਿਟੀ (ਮਨਸੂਖ) ਐਕਟ-2017 ਨੂੰ ਗ਼ੈਰ-ਸੰਵਿਧਾਨਕ ਕਰਾਰ ਦਿੰਦਿਆਂ ਖਾਲਸਾ ਯੂਨੀਵਰਸਿਟੀ ਐਕਟ-2016 ਨੂੰ ਲਾਗੂ ਕਰਦਿਆਂ ਉਸ ਦਾ ਦਰਜਾ ਬਹਾਲ ਕਰ ਦਿੱਤਾ ਹੈ। ਜਸਟਿਸ ਬੀਆਰ ਗਵਈ ਅਤੇ ਜਸਟਿਸ ਕੇਵੀ ਵਿਸ਼ਵਨਾਥਣ ਉਤੇ ਆਧਾਰਿਤ ਬੈਂਚ ਨੇ 65 ਪੰਨਿਆਂ ਦੇ ਫ਼ੈਸਲੇ ਵਿਚ 'ਵਰਸਿਟੀ ਨੂੰ ਸੁਰਜੀਤ ਕਰਦਿਆਂ ਖਾਲਸਾ ਕਾਲਜ ਗਵਰਨਿੰਗ ਕੌਂਸਲ ਵੱਲੋਂ ਯੂਨੀਵਰਸਿਟੀ ਦੀ ਬਹਾਲੀ ਦੇ ਲਏ ਪੱਖ ਨੂੰ ਸਹੀ ਕਰਾਰ ਦਿੱਤਾ। ਕੌਂਸਲ ਨੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਪਹਿਲੀ ਨਵੰਬਰ, 2017 ਦੇ ਫ਼ੈਸਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਸੀ। ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਹੁਕਮਾਂ ਨੂੰ ਰੱਦ ਕਰਦਿਆਂ ਵਿਧਾਨ ਸਭਾ ਵੱਲੋਂ 2016 'ਚ ਬਣਾਏ ਗਏ ਐਕਟ ਨੂੰ ਸਹੀ ਠਹਿਰਾਇਆ। ਖਾਲਸਾ ਯੂਨੀਵਰਸਿਟੀ ਦੀ ਸਥਾਪਨਾ ਤਤਕਾਲੀ ਅਕਾਲੀ-ਭਾਜਪਾ ਸਰਕਾਰ ਨੇ 2016 'ਚ ਕੀਤੀ ਸੀ ਪਰ ਜਦੋਂ 2017 'ਚ ਸਰਕਾਰ ਬਦਲੀ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਸਹੁੰ ਚੁੱਕਦਿਆਂ ਹੀ ਆਰਡੀਨੈਂਸ ਜਾਰੀ ਕਰਕੇ ਖਾਲਸਾ ਯੂਨੀਵਰਸਿਟੀ ਨੂੰ ਖ਼ਤਮ ਕਰ ਦਿੱਤਾ ਸੀ। ਸੁਪਰੀਮ



ਕੋਰਟ ਨੇ 10 ਸਤੰਬਰ ਨੂੰ ਹੋਈ ਸੁਣਵਾਈ ਦੌਰਾਨ ਕਿਹਾ ਸੀ ਕਿ ਜੇ ਕੋਈ ਪਾਰਟੀ ਸੱਤਾ 'ਚ ਆਉਂਦੀ ਹੈ ਅਤੇ ਯੂਨੀਵਰਸਿਟੀ ਲਈ ਕਾਨੂੰਨ ਲਿਆਉਂਦੀ ਹੈ ਅਤੇ ਬਾਅਦ 'ਚ ਕਿਸੇ ਹੋਰ ਪਾਰਟੀ ਦੇ ਸੱਤਾ 'ਚ ਆਉਣ 'ਤੇ ਉਹ ਉਸ ਕਾਨੂੰਨ ਨੂੰ ਰੱਦ ਕਰ ਦਿੰਦੀ ਹੈ ਤਾਂ ਇਸ ਨਾਲ ਸਮਾਜ 'ਚ ਬੇਯਕੀਨੀ ਦਾ ਮਾਹੌਲ ਪੈਦਾ ਹੋ ਸਕਦਾ ਹੈ। ਖਾਲਸਾ ਯੂਨੀਵਰਸਿਟੀ ਮੈਨੇਜਮੈਂਟ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲਾਂ ਨੇ ਪੱਖ ਪੇਸ਼ ਕਰਦਿਆਂ ਕਿਹਾ ਕਿ 'ਰੀਪੀਲ ਐਕਟ' ਸਰਕਾਰ ਦਾ ਇਕ ਤਰ੍ਹਾਂ ਨਾਲ 'ਮਨਮਾਨੀ' ਵਾਲਾ ਫ਼ੈਸਲਾ ਸੀ ਅਤੇ ਇਸ ਨਾਲ ਸੰਵਿਧਾਨ ਦੀ ਧਾਰਾ 14 ਦੀ ਘੋਰ ਉਲੰਘਣਾ ਹੋਈ ਹੈ। ਉਨ੍ਹਾਂ ਕਿਹਾ ਕਿ ਖਾਲਸਾ ਯੂਨੀਵਰਸਿਟੀ ਕਿਸੇ ਵੀ ਤਰ੍ਹਾਂ ਨਾਲ 1892 ਦੀ ਬਣੀ ਖਾਲਸਾ ਕਾਲਜ ਦੀ ਵਿਰਾਸਤੀ ਇਮਾਰਤ ਨੂੰ ਪ੍ਰਭਾਵਿਤ ਨਹੀਂ ਕਰੇਗੀ ਕਿਉਂਕਿ ਯੂਨੀਵਰਸਿਟੀ ਦੀ ਹੋਂਦ ਖਾਲਸਾ ਕਾਲਜ ਤੋਂ ਵੱਖਰੀ ਹੈ। ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਕਿਹਾ ਕਿ 7 ਸਾਲ ਤੋਂ ਵੱਧ ਦੀ ਲੰਬੀ ਲੜਾਈ ਤੋਂ ਬਾਅਦ ਮੈਨੇਜਮੈਂਟ ਨੂੰ ਵੱਡੀ ਰਾਹਤ ਮਿਲੀ ਹੈ।

ਸ੍ਰੀ ਛੀਨਾ ਨੇ ਕਿਹਾ ਕਿ ਤਤਕਾਲੀ ਰਾਜ ਸਰਕਾਰ ਦੇ ਫੈਸਲੇ ਕਾਰਨ ਸੁਸਾਇਟੀ ਅਤੇ ਸਮਾਜ ਨੂੰ ਬਹੁਤ ਵੱਡਾ ਨੁਕਸਾਨ ਹੋਇਆ ਸੀ ਕਿਉਂਕਿ ਯੂਨੀਵਰਸਿਟੀ 'ਚ ਕਈ ਕੋਰਸ ਸ਼ੁਰੂ ਕੀਤੇ ਗਏ ਸਨ ਅਤੇ ਵਿਦਿਆਰਥੀ ਦਾਖ਼ਲ ਵੀ ਹੋਏ ਸਨ। ਸੁਪਰੀਮ ਕੋਰਟ ਵੱਲੋਂ ਸੁਣਾਏ ਗਏ ਫ਼ੈਸਲੇ ਉਪਰੰਤ ਛੀਨਾ ਨੇ ਗਵਰਨਿੰਗ ਕੌਂਸਲ ਦੇ ਜੁਆਇੰਟ ਸਕੱਤਰ ਗੁਨਬੀਰ ਸਿੰਘ, ਅਜਮੇਰ ਸਿੰਘ ਹੇਰ, ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ, ਖਾਲਸਾ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ ਦੇ ਪ੍ਰਿੰਸੀਪਲ ਡਾ. ਕੰਵਲਜੀਤ ਸਿੰਘ ਅਤੇ ਹੋਰਾਂ ਨਾਲ ਮਿਲ ਕੇ ਕੈਂਪਸ ਸਥਿਤ ਗੁਰਦੁਆਰੇ 'ਚ ਜਪੁਜੀ ਸਾਹਿਬ ਦੇ ਪਾਠ ਮਗਰੋਂ ਅਰਦਾਸ ਕਰਕੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ। ਇਸ ਮੌਕੇ ਖਾਲਸਾ ਕਾਲਜ ਮੈਨੇਜਮੈਂਟ ਵੱਲੋਂ 2025-26 ਅਕਾਦਮਿਕ ਸੈਸ਼ਨ ਲਈ ਕਲਾਸਾਂ ਸ਼ੁਰੂ ਕਰਨ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ।

## ਸੁਪਰੀਮ ਕੋਰਟ ਨੇ 2016 ਦੇ ਐਕਟ ਨੂੰ ਸਹੀ ਠਹਿਰਾਇਆ

**ਅੰਮ੍ਰਿਤਸਰ:** ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਹੁਕਮਾਂ ਨੂੰ ਰੱਦ ਕਰਦਿਆਂ ਵਿਧਾਨ ਸਭਾ ਵੱਲੋਂ 2016 'ਚ ਬਣਾਏ ਗਏ ਐਕਟ ਨੂੰ ਸਹੀ ਠਹਿਰਾਇਆ। ਖਾਲਸਾ ਯੂਨੀਵਰਸਿਟੀ ਦੀ ਸਥਾਪਨਾ ਤਤਕਾਲੀ ਅਕਾਲੀ-ਭਾਜਪਾ ਸਰਕਾਰ ਨੇ 2016 'ਚ ਕੀਤੀ ਸੀ ਪਰ ਜਦੋਂ 2017 'ਚ ਸਰਕਾਰ ਬਦਲੀ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਸਹੁੰ ਚੁੱਕਦਿਆਂ ਹੀ ਆਰਡੀਨੈਂਸ ਜਾਰੀ ਕਰਕੇ ਖਾਲਸਾ ਯੂਨੀਵਰਸਿਟੀ ਨੂੰ ਖ਼ਤਮ ਕਰ ਦਿੱਤਾ ਸੀ। ਸੁਪਰੀਮ ਕੋਰਟ ਨੇ 10 ਸਤੰਬਰ ਨੂੰ ਹੋਈ ਸੁਣਵਾਈ ਦੌਰਾਨ ਕਿਹਾ ਸੀ ਕਿ ਜੇ ਕੋਈ ਪਾਰਟੀ ਸੱਤਾ 'ਚ ਆਉਂਦੀ ਹੈ ਅਤੇ ਯੂਨੀਵਰਸਿਟੀ ਲਈ ਕਾਨੂੰਨ ਲਿਆਉਂਦੀ ਹੈ ਅਤੇ ਬਾਅਦ 'ਚ ਕਿਸੇ ਹੋਰ ਪਾਰਟੀ ਦੇ ਸੱਤਾ 'ਚ ਆਉਣ 'ਤੇ ਉਹ ਉਸ ਕਾਨੂੰਨ ਨੂੰ ਰੱਦ ਕਰ ਦਿੰਦੀ ਹੈ ਤਾਂ ਇਸ ਨਾਲ ਸਮਾਜ 'ਚ ਬੇਯਕੀਨੀ ਦਾ ਮਾਹੌਲ ਪੈਦਾ ਹੋ ਸਕਦਾ ਹੈ।

# ਸੈਂਟਰਲ ਵੈਲੀ ਕੈਲੇਫੋਰਨੀਆ ਦੇ ਗੁਰੂਘਰਾਂ ਵਲੋਂ ਕੀਰਤਨ ਦਰਬਾਰ

## "ਇੱਕ ਪੰਥ ਇਕ ਸੋਚ ਦਾ ਸਫਲ ਉਪਰਾਲਾ"

**ਫਰਿਜ਼ਨੋ:** ਸੈਂਟਰਲ ਵੈਲੀ ਦੇ ਸ਼ਹਿਰ ਫਰਿਜ਼ਨੋ ਅਤੇ ਇਲਾਕੇ ਦੀਆਂ ਸੰਗਤਾਂ ਵਲੋਂ ਸਮੁੱਚੇ ਸਿੱਖਾਂ ਦੀ ਏਕਤਾ ਦੇ ਮਿਸ਼ਨ "ਇਕ ਪੰਥ ਇਕ ਸੋਚ" ਨੂੰ ਮੁੱਖ ਰੱਖਦਿਆਂ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਸਮੂਹ ਗੁਰੂਘਰਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਕੀਰਤਨ ਦਰਬਾਰ ਕਰਵਾਇਆ ਗਿਆ। ਇਸ ਸਮੇਂ ਆਤਮਰਸ ਕੀਰਤਨ ਦਰਬਾਰ ਵਿਚ ਵੱਖ-ਵੱਖ ਵਿਚਾਰਧਾਰਾ ਜਾਂ ਮਰਿਯਾਦਾ ਵਿਚ ਵੰਡੇ ਕਹੇ ਜਾਣ ਵਾਲੇ ਗੁਰੂਘਰਾਂ ਦੇ ਰਾਗੀ ਢਾਡੀਆਂ ਅਤੇ ਸੰਗਤਾਂ ਨੇ ਇਕ ਥਾਂ ਇਕੱਤਰ ਹੋ ਕੇ ਆਪ ਸਿੱਖ ਏਕਤਾ 'ਤੇ ਪਹਿਰਾ ਦੇਂਦੇ ਹੋਏ ਸੰਸਾਰ ਭਰ ਦੇ ਸਿੱਖਾਂ ਨੂੰ ਵੀ ਏਕਤਾ ਦੀ ਅਪੀਲ ਕੀਤੀ। ਜਿਸ ਵਿਚ ਗੁਰਦੁਆਰਾ ਨਾਨਕਸਰ, ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਦੁਆਰਾ ਗੁਰੂ ਰਵਿਦਾਸ ਸਭਾ ਫਰਿਜ਼ਨੋ, ਸੈਲਮਾ ਦੇ ਗੁਰਦੁਆਰਾ ਕਲਗੀਧਰ, ਗੁਰਦੁਆਰਾ ਸਿੱਖ ਸੈਂਟਰ ਆਫ ਪੈਸੀਫਿਕ ਕੋਸਟ ਹਾਈਲੈਂਡ ਐਵਨਿਊ, ਗੁਰਦੁਆਰਾ ਕਰੰਦਰਜ਼, ਮੰਡੇਰਾ, ਗੁਰਦੁਆਰਾ ਅਨੰਦਗੜ੍ਹ ਸਾਹਿਬ ਕਰਮਨ, ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ, ਗੁਰੂਘਰ ਟੂਲੈਰੀ ਅਤੇ ਹੋਰ ਸਥਾਨਕ ਗੁਰੂਘਰਾਂ ਨੇ ਜਥੇ ਭੇਜ ਕੇ ਜਿੱਥੇ ਏਕੇ ਦਾ ਸਬੂਤ ਦਿੱਤਾ। ਉੱਥੇ ਸੰਗਤਾਂ ਨੇ ਵੀ ਭਰਪੂਰ ਹਾਜ਼ਰੀ ਭਰਦਿਆਂ ਗੁਰਬਾਣੀ ਕੀਰਤਨ ਅਤੇ ਗੁਰੂ ਜਸ ਸਰਵਣ ਕੀਤਾ। ਇਲਾਕੇ ਦੇ ਸਥਾਨਕ ਪੰਜਾਬੀ ਮੀਡੀਆ ਨੇ ਵੀ ਹਾਜ਼ਰੀ ਭਰੀ।





ਇਸ ਸਮੇਂ ਸਭ ਦੀ ਇਕੋ ਵਿਚਾਰਧਾਰਾ ਸੀ ਕਿ ਅੱਜ ਪੂਰੇ ਸੰਸਾਰ ਦੇ ਸਿੱਖਾਂ ਨੂੰ ਸਰਬੱਤ ਦੇ ਭਲੇ ਲਈ ਇਕ ਹੋਣ ਦੀ ਸਖਤ ਲੋੜ ਹੈ। ਸਥਾਨਕ ਨਿਊਜ਼ ਚੈਨਲ "ਸਰਬੱਤ ਦਾ ਭਲਾ' ਅਤੇ 'ਸਿੰਘ ਪ੍ਰੋਡਕਸ਼ਨ ਯੂ.ਐਸ.ਏ.' ਨੇ ਇਸ ਅਦੁੱਤੀ ਗੁਰਬਾਣੀ ਕੀਰਤਨ ਦਾ ਦੂਰ-ਦੁਰਾਡੇ ਦੀਆਂ ਸੰਗਤਾਂ ਲਈ ਲਾਈਵ ਪ੍ਰਸਾਰਣ ਕੀਤਾ।

ਸਿੱਖ ਏਕੇ ਦੇ ਮਾਮਲੇ 'ਚ ਆਮ ਸੰਗਤਾਂ ਦਾ ਇਹ ਕਹਿਣਾ ਹੈ ਕਿ ਇਲਾਕੇ ਵਿਚ ਤੀਜੀ ਵਾਰ ਵੱਖ-ਵੱਖ ਵਿਚਾਰਧਾਰਾਵਾਂ ਨਾਲ ਸਬੰਧਿਤ ਗੁਰੂ ਘਰਾਂ ਦੇ ਜਥਿਆਂ, ਪ੍ਰਬੰਧਕਾਂ, ਪਤਵੰਤੇ ਸੱਜਣਾਂ, ਮੀਡੀਆ ਵਲੋਂ ਇਕੋ ਜਗ੍ਹਾ ਬੈਠ ਕੇ ਪੂਰੇ ਸਿੱਖਾਂ ਦੇ ਏਕੇ ਲਈ ਅਰਦਾਸ ਬੇਨਤੀ ਕਰਨੀ ਆਪਣੇ ਆਪ 'ਚ ਇਤਿਹਾਸਕ ਘਟਨਾ ਹੈ।

ਇੱਥੇ ਇਹ ਗੱਲ ਵਰਣਨਯੋਗ ਹੈ ਕਿ ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲਿਆਂ ਵਲੋਂ "ਇਕ ਪੰਥ ਇਕ ਸੋਚ" ਬਾਰੇ ਪਿਛਲੇ ਦਿਨੀਂ ਭਰੇ ਦਰਬਾਰ ਵਿਚ ਸੰਗਤਾਂ ਨੂੰ ਅਪੀਲ ਕੀਤੀ ਗਈ ਸੀ। ਇਸੇ ਸਦਕਾ ਸੰਗਤਾਂ ਵੱਲੋਂ ਏਕੇ ਲਈ ਚੁੱਕੇ ਜਾ ਰਹੇ ਕਦਮਾਂ ਨੂੰ ਭਾਰੀ ਉਤਸ਼ਾਹ ਮਿਲਿਆ। ਇਸ ਏਕੇ ਦੇ ਮਿਸ਼ਨ ਸੰਬੰਧੀ ਜੇ ਸਾਡੇ ਆਗੂ ਵੀ ਧਿਆਨ ਦੇਣ ਤਾਂ ਆਣ ਵਾਲੇ ਸਮੇਂ 'ਚ ਨਵਾਂ ਇਤਿਹਾਸ ਰਚਿਆ ਜਾ ਸਕਦਾ ਹੈ।

ਪ੍ਰੋਗਰਾਮ ਦਾ ਅੰਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਇਆ। ਪ੍ਰੋਗਰਾਮ ਦੇ ਮੁੱਖ ਪ੍ਰਬੰਧਕਾਂ ਵਿਚੋਂ ਭਾਈ ਪਰਮਪਾਲ ਸਿੰਘ ਨੇ ਇਸ ਸਹਿਯੋਗ ਲਈ ਸੰਗਤਾਂ ਦਾ ਧੰਨਵਾਦ ਕੀਤਾ। ਗੁਰੂ ਦਾ ਲੰਗਰ ਅਤੁੱਟ ਵਰਤਿਆ।

*-ਕੁਲਵੰਤ ਧਾਲੀਆਂ/ਨੀਟਾ ਮਾਛੀਕੇ*

# ਨਰਿੰਦਰ ਸਿੰਘ ਥਾਂਦੀ ਬਣੇ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ ਦੀ ਕਮੇਟੀ ਦੇ ਪ੍ਰਧਾਨ

**ਸੈਨਹੋਜ਼ੇ (ਤਰਲੋਚਨ ਸਿੰਘ ਦੂਪਾਲ ਪੁਰ):** ਅਮਰੀਕਾ ਦੇ ਕੈਲੇਫੋਰਨੀਆ ਸਟੇਟ ਦੀ ਰਾਜਧਾਨੀ ਸੈਕਰਾਮੈਂਟੋ ਸ਼ਹਿਰ ਦੇ ਪੰਜਾਬੀ ਪ੍ਰਵਾਸੀ ਭਾਈਚਾਰੇ ਵਿਚ ਉਦੋਂ ਖੁਸ਼ੀ ਦੀ ਲਹਿਰ ਫੈਲ ਗਈ ਜਦੋਂ ਸਥਾਨਕ ਸਿੱਖ ਭਾਈਚਾਰੇ ਦੀ ਸਨਮਾਨਯੋਗ ਸ਼ਖਸੀਅਤ ਸ. ਨਰਿੰਦਰ ਸਿੰਘ ਥਾਂਦੀ ਨੂੰ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ ਦੀ ਪ੍ਰਬੰਧਕ ਕਮੇਟੀ ਦਾ ਮੁੱਖ ਸੇਵਾਦਾਰ ਥਾਪਿਆ ਗਿਆ। ਮਾਨਵ ਸੇਵਾ ਅਤੇ ਸਿੱਖ ਪੰਥ ਦੇ ਧਾਰਮਿਕ ਕਾਰਜਾਂ ਵਿਚ ਮੋਹਰੀ ਰੋਲ ਨਿਭਾਉਂਦੇ ਆ ਰਹੇ ਸਰਦਾਰ ਥਾਂਦੀ ਆਪਣੇ ਟ੍ਰਾਂਸਪੋਰਟ ਬਿਜ਼ਨਸ ਦੇ ਨਾਲ-ਨਾਲ ਇਕ ਚਾਰਟਡ ਸਕੂਲ ਵੀ ਚਲਾ ਰਹੇ ਹਨ ਜਿੱਥੋਂ ਦੇ ਬੱਚੇ ਵਿੱਦਿਅਕ ਮੁਕਾਬਲਿਆਂ ਅਤੇ ਖੇਡਾਂ ਵਿਚ ਮਾਣਮੱਤੀਆਂ ਮੱਲਾਂ ਮਾਰਦੇ ਰਹਿੰਦੇ ਹਨ।



ਇਸ ਖੁਸ਼ੀ ਮੌਕੇ ਅਮਰੀਕਨ ਸਿੱਖ ਆਗੂਆਂ ਵਲੋਂ ਸਰਦਾਰ ਥਾਂਦੀ ਨੂੰ ਵਧਾਈ ਸੰਦੇਸ਼ ਭੇਜੇ ਜਾ ਰਹੇ ਹਨ। ਸੇਵਾ ਸੰਭਾਲਣ ਮੌਕੇ ਉਨ੍ਹਾਂ ਸਤਿਗੁਰੂ ਜੀ ਦਾ ਕੋਟਾਨਿ ਕੋਟਿ ਸ਼ੁਕਰਾਨਾ ਅਦਾ ਕਰਦਿਆਂ ਸਥਾਨਕ ਸੰਗਤਾਂ ਦਾ ਵੀ ਧੰਨਵਾਦ ਕੀਤਾ ਅਤੇ ਯਕੀਨ ਦੁਆਇਆ ਕਿ ਉਹ ਗੁਰਦੁਆਰਾ ਸਾਹਿਬ ਦੀ ਤਨ, ਮਨ ਅਤੇ ਧਨ ਨਾਲ ਸੇਵਾ ਕਰਦੇ ਰਹਿਣਗੇ ਅਤੇ ਗੁਰਦੁਆਰਾ ਸਾਹਬ ਵਿਖੇ ਗੁਰ ਮਰਿਆਦਾ ਦੀ ਪਾਲਣਾ ਦਾ ਵੀ ਧਿਆਨ ਰੱਖਣਗੇ।

ਯਾਦ ਰਹੇ ਸਰਦਾਰ ਨਰਿੰਦਰ ਸਿੰਘ ਥਾਂਦੀ, ਬੱਬਰ ਅਕਾਲੀ ਸੂਰਮੇ ਭਾਈ ਕਰਮ ਸਿੰਘ 'ਐਡੀਟਰ' ਦੀ ਜਨਮ-ਭੂਮੀ ਦੁਆਬੇ ਦੇ ਪ੍ਰਸਿੱਧ ਪਿੰਡ ਦੌਲਤਪੁਰ (ਜ਼ਿਲ੍ਹਾ ਨਵਾਂ ਸ਼ਹਿਰ) ਨਾਲ਼ ਸਬੰਧਤ ਹਨ ਜੋ ਹੁਣ ਕਈ ਦਹਾਕਿਆਂ ਤੋਂ ਕੈਲੇਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਸ਼ਹਿਰ ਦੇ ਵਸਨੀਕ ਹਨ।

## ਵਿਪਸਾਅ ਵੱਲੋਂ ਅੰਤਰ ਰਾਸ਼ਟਰੀ ਕਾਨਫ਼ਰੰਸ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ

ਹੇਵਰਡ: ਬੀਤੇ ਦਿਨੀਂ ਵਿਪਸਾਅ ਦੇ ਪ੍ਰਧਾਨ ਕੁਲਵਿੰਦਰ ਵੱਲੋਂ ਫੇਵਰਟ ਇੰਡੀਆ ਰੈਸਟੋਰੈਂਟ ਹੇਵਰਡ ਵਿਖੇ 24ਵੀਂ ਅੰਤਰ ਰਾਸ਼ਟਰੀ ਕਾਨਫ਼ਰੰਸ ਦੀਆਂ ਤਿਆਰੀਆਂ ਸੰਬੰਧੀ ਕਾਰਜਕਾਰਨੀ ਦੀ ਮੀਟਿੰਗ ਬੁਲਾਈ ਗਈ। ਇਹ ਕਾਨਫ਼ਰੰਸ 17 ਨਵੰਬਰ 2024 ਨੂੰ 5774 ਮਹਿਰਾਨ ਰੈਸਟੋਰੈਂਟ ਨਿਵਾਰਕ/ਫਰੀਮੌਂਟ ਵਿਖੇ ਕਰਵਾਈ ਜਾ ਰਹੀ ਹੈ ਜੋ ਕਿ ਪਦਮ ਸ੍ਰੀ ਸੁਰਜੀਤ ਪਾਤਰ ਨੂੰ ਸਮਰਪਿਤ ਹੋਵੇਗੀ। ਅਮਰੀਕਾ, ਭਾਰਤ ਅਤੇ ਹੋਰ ਦੇਸਾਂ ਤੋਂ ਲੇਖਕ ਅਤੇ ਆਲੋਚਕ ਹਿੱਸਾ ਲੈ ਰਹੇ ਹਨ। ਮੀਟਿੰਗ ਵਿੱਚ ਕਾਨਫ਼ਰੰਸ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਅਹਿਮ ਫ਼ੈਸਲੇ ਲਏ ਗਏ। ਮਹਿਮਾਨਾਂ ਅਤੇ ਸਪਾਂਸਰਾਂ ਦੀ ਸੂਚੀ ਤਿਆਰ ਕੀਤੀ ਗਈ।

ਰਿਪੋਰਟ: ਲਾਜ ਨੀਲਮ ਸੈਣੀ (ਸਾਹਿਤ ਸਕੱਤਰ) 510-502-0551

# ਸੜਕ ਹਾਦਸੇ 'ਚ ਪੰਜਾਬੀ ਨੌਜਵਾਨ ਦੀ ਮੌਤ

**ਅਜਨਾਲਾ:** ਇੱਥੋਂ ਦੇ ਪਿੰਡ ਰੋਖੇ ਵਾਸੀ ਭਗਵੰਤ ਸਿੰਘ ਦੀ ਆਸਟਰੇਲੀਆ ਵਿਚ ਸੜਕ ਹਾਦਸੇ ਦੌਰਾਤ ਮੌਤ ਹੋ ਗਈ।

ਮ੍ਰਿਤਕ ਦੇ ਪਿਤਾ ਸਾਬਕਾ ਸਰਪੰਚ ਪਰਮਜੀਤ ਸਿੰਘ ਰੋਖੇ ਨੇ ਦੱਸਿਆ ਕਿ ਉਸ ਦਾ ਪੁੱਤਰ ਭਗਵੰਤ ਸਿੰਘ ਚੰਗੇ ਭਵਿੱਖ ਦੀ ਆਸ ਲੈ ਕੇ ਦੋ ਸਾਲ ਪਹਿਲਾਂ ਪਤਨੀ ਸਣੇ ਆਸਟਰੇਲੀਆ ਗਿਆ ਸੀ। ਉਹ ਉਥੇ ਟਰਾਲਾ ਚਲਾਉਂਦਾ ਸੀ।

ਅਚਾਨਕ ਟਰਾਲੇ ਨੂੰ ਅੱਗ ਲੱਗ ਗਈ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਉਹ ਐਡੀਲੇਡ ਨੇੜੇ ਰਹਿੰਦਾ ਸੀ। ਭਗਵੰਤ ਸਿੰਘ ਦੇ ਪਰਿਵਾਰ ਵਿਚ ਪਿੱਛੇ ਮਾਤਾ-ਪਿਤਾ, ਪਤਨੀ ਅਤੇ ਡੇਢ ਸਾਲ ਦਾ ਬੱਚਾ ਹੈ।

*ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:*
*847-359-0746*

# ਲਾਲ ਚੰਦ ਯਮਲਾ ਜੱਟ ਦੀ ਯਾਦ ਨੂੰ ਸਮਰਪਿਤ 24 ਵਾਂ ਸਾਲਾਨਾ ਮੇਲਾ 12 ਅਕਤੂਬਰ ਨੂੰ

## *ਨਾਮਵਰ ਗਾਇਕ ਲਾਉਣਗੇ ਖੁੱਲ੍ਹਾ ਅਖਾੜਾ*

ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ): ਪੰਜਾਬੀ ਗਾਇਕੀ ਦੇ ਬਾਬਾ ਬੋਹੜ ਤੂੰਬੀ ਦੇ ਬਾਦਸ਼ਾਹ ਮਰਹੂਮ ਗਾਇਕ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਯਾਦ ਨੂੰ ਸਮਰਪਿਤ 24ਵੇਂ ਸਾਲਾਨਾ ਮੇਲੇ ਦੀਆਂ ਤਿਆਰੀਆਂ ਸੰਬੰਧੀ 'ਉਸਤਾਦ ਲਾਲ ਚੰਦ ਯਮਲਾ ਜੱਟ ਮੈਮੋਰੀਅਲ ਫਾਊਂਡੇਸ਼ਨ' ਦੇ ਸਮੂਹ ਮੈਂਬਰਾਂ ਵੱਲੋਂ ਫਰਿਜ਼ਨੋ ਵਿਖੇ ਵਿਸ਼ੇਸ਼ ਮੀਟਿੰਗ ਕੀਤੀ ਗਈ। ਜਿਸ ਵਿਚ ਦੱਸਿਆ ਗਿਆ ਕਿ ਇਸ ਸਾਲ 12 ਅਕਤੂਬਰ ਦਿਨ ਸ਼ਨਿਚਰਵਾਰ ਨੂੰ ਹੋਣ ਵਾਲੇ ਮੇਲੇ ਦੀਆਂ ਸਭ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਸ ਮੇਲੇ ਵਿਚ ਹਰ ਸਾਲ ਵਾਂਗ ਸਥਾਨਕ ਕਲਾਕਾਰਾਂ ਤੋਂ ਇਲਾਵਾ ਕੈਨੇਡਾ ਅਤੇ ਭਾਰਤ ਤੋਂ ਕਲਾਕਾਰ ਹਾਜ਼ਰੀ ਭਰਨਗੇ। ਮੇਲੇ ਦੇ ਮੁੱਖ ਪ੍ਰਬੰਧਕ ਰਾਜਿੰਦਰ ਸਿੰਘ ਬਰਾੜ (ਰਾਜ ਬਰਾੜ ਯਮਲਾ) ਨੇ ਦੱਸਿਆ ਕਿ ਇਸ ਸਾਲ ਖਾਸ ਤੌਰ 'ਤੇ ਯਮਲਾ ਜੀ ਨੂੰ ਆਪਣਾ ਅਦਰਸ਼ ਮੰਨਣ ਵਾਲੇ ਛੋਟੀ ਉਮਰ ਤੋਂ ਯਮਲੇ ਦੀ ਗਾਇਕੀ ਨਾਲ ਜੁੜੇ ਬੁਲੰਦ ਆਵਾਜ਼ ਅਤੇ ਤੂੰਬੀ ਦੀਆਂ ਸੁਰਾਂ ਨਾਲ ਯਮਲੇ ਦੇ ਗੀਤ ਗਾਉਣ ਵਾਲੇ ਗਾਇਕ ਪਵਨਜੋਤ ਯਮਲਾ ਵੀ ਕੈਨੇਡਾ ਤੋਂ ਪਹੁੰਚ ਰਹੇ ਹਨ।



ਇਸੇ ਤਰ੍ਹਾਂ ਸਥਾਨਕ ਕਲਾਕਾਰਾਂ ਵਿਚ ਰਾਜ ਬਰਾੜ ਯਮਲਾ, ਅਵਤਾਰ ਸਿੰਘ ਗਰੇਵਾਲ, ਰਾਣੀ ਗਿੱਲ, ਕਾਂਤਾ ਸਹੋਤਾ, ਉਂਕਾਰ ਗਿੱਲ, ਬਾਈ ਸੁਰਜੀਤ ਮਾਛੀਵਾੜਾ, ਧਰਮਵੀਰ ਥਾਂਦੀ, ਗੋਗੀ ਸੰਧੂ, ਅਕਾਸ਼ਦੀਪ ਅਕਾਸ਼, ਕਮਲਜੀਤ ਬੈਨੀਪਾਲ, ਗੁਰਦੀਪ ਧਾਲੀਵਾਲ, ਬਾਈ ਕੁੰਦਨ ਸਿੰਘ ਧਾਮੀ, ਬੀਬਾ ਮੀਮੀ ਗਿਰਨ ਤੋਂ ਇਲਾਵਾ ਇਲਾਕੇ ਦੀ ਮਸ਼ਹੂਰ ਦੋਗਾਣਾ ਜੋੜੀ ਵਿਚ ਪੱਪੀ ਭਦੌੜ ਅਤੇ ਦਿਲਪ੍ਰੀਤ ਕੌਰ ਦਿਲ, ਬੇ-ਏਰੀਏ ਤੋਂ ਦੋਗਾਣਾ ਜੋੜੀ ਗਾਇਕ ਸੁਲਤਾਨ ਅਖਤਰ ਅਤੇ ਬੀਬੀ ਜੀਤੀ ਗਾਇਕੀ ਦੇ ਰੰਗ ਬਿਖੇਰਨਗੇ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਕਲਾਕਾਰ ਹਰ ਸਾਲ ਦੀ ਤਰ੍ਹਾਂ ਯਮਲਾ ਜੀ ਨੂੰ ਗਾਇਕੀ ਦੇ ਰੂਪ ਵਿਚ ਸ਼ਰਧਾਂਜਲੀਆਂ ਦੇਣਗੇ।

ਇਹ ਸਾਲਾਨਾ ਯਾਦਗਾਰੀ ਮੇਲਾ ਫਰਿਜ਼ਨੋ ਨਜ਼ਦੀਕੀ, ਫਾਊਲਰ ਸ਼ਹਿਰ ਦੇ ਪੈਨਜੈਂਕ ਪਾਰਕ ਵਿਚ ਲੱਗੇਗਾ। ਮੇਲਾ ਦੇਖਣ ਆਏ ਮੇਲੀਆਂ ਲਈ ਕੋਈ ਦਾਖਲਾ ਟਿਕਟ ਨਹੀਂ ਰੱਖੀ ਗਈ। ਇਸ ਤੋਂ ਇਲਾਵਾ ਚਾਹ-ਪਾਣੀ, ਲੰਗਰ ਅਤੇ ਕਾਰ ਪਾਰਕਿੰਗ ਵੀ ਮੁਫਤ ਹੋਵੇਗੀ। ਮੇਲੇ ਵਿਚ ਸ਼ਾਮਲ ਹੋਣ ਲਈ ਪ੍ਰਬੰਧਕਾਂ ਵੱਲੋਂ ਸਮੁੱਚੇ ਭਾਈਚਾਰੇ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ।

ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
*ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ*

**Gurdip Singh Sandhu DHMS, BAMS MDEH**
**HOMEOPATHIC NATURAL MEDICINES**
**When Tired of all Treatments, For any Disease, At any Age**
**Try Alternative Treatment**
**Safe and Effective Medicines without any side effects**


*Gurdip Singh Sandhu*

Homeopathic Ayurvedic Consultant/Physician Since 1973
DHMS-Gold medalist, BAMS, MDEH
Ex-Prof, Principal, & CMO Medical Colleges/Hospitals in India

**Ph: (408) 687-1899**
**(925) 557-9093**
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577 State of CA

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura

**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਭਾਅ ਜੀ ਗੁਰਸ਼ਰਨ ਸਿੰਘ ਦੀ ਪਤਨੀ ਕੈਲਾਸ਼ ਕੌਰ ਦਾ ਦੇਹਾਂਤ

**ਮੁਹਾਲੀ:** ਉੱਘੇ ਨਾਟਕਕਾਰ ਤੇ ਨਾਟ ਨਿਰਦੇਸ਼ਕ ਭਾਅ ਜੀ ਗੁਰਸ਼ਰਨ ਸਿੰਘ ਉਰਫ਼ ਭਾਈ ਮੰਨਾ ਸਿੰਘ ਦੀ ਪਤਨੀ ਕੈਲਾਸ਼ ਕੌਰ (91) ਦਾ ਦੇਹਾਂਤ ਹੋ ਗਿਆ। ਉਨ੍ਹਾਂ ਦਾ ਸਸਕਾਰ ਨੋਇਡਾ ਵਿਚ ਕੀਤਾ ਗਿਆ। ਉਨ੍ਹਾਂ ਨਮਿਤ ਸ਼ਰਧਾਂਜਲੀ ਸਮਾਗਮ ਮੁਹਾਲੀ ਦੇ ਸੈਕਟਰ 105 ਵਿਚ ਸਥਿਤ ਐਮਾਰ ਹੈਬੀਟੈਟ ਕਲੱਬ ਵਿਚ 13 ਅਕਤੂਬਰ ਨੂੰ ਸਵੇਰੇ 11:30 ਵਜੇ ਤੋਂ ਬਾਅਦ ਦੁਪਹਿਰ 1:30 ਵਜੇ ਤੱਕ ਹੋਵੇਗਾ।

ਬੀਬੀ ਕੈਲਾਸ਼ ਕੌਰ ਨੇ ਭਾਅ ਜੀ ਗੁਰਸ਼ਰਨ ਸਿੰਘ ਨਾਲ ਕਈ ਨਾਟਕਾਂ ਵਿਚ ਮੁੱਖ ਕਿਰਦਾਰ ਨਿਭਾਇਆ। ਮੌਜੂਦਾ ਸਮੇਂ ਉਹ ਆਪਣੀ ਧੀ ਡਾ. ਨਵਸ਼ਰਨ ਨਾਲ ਰਹਿੰਦੇ ਸਨ ਅਤੇ ਉੱਥੇ ਹੀ ਉਨ੍ਹਾਂ ਆਖ਼ਰੀ ਸਾਹ ਲਏ। ਉਨ੍ਹਾਂ ਦੀ ਦੂਜੀ ਧੀ ਡਾ. ਅਰੀਤ ਪੰਜਾਬ ਸਿਹਤ ਵਿਭਾਗ 'ਚੋਂ ਡਾਇਰੈਕਟਰ ਦੇ ਅਹੁਦੇ ਤੋਂ ਸੇਵਾਮੁਕਤ ਹਨ। ਕੈਲਾਸ਼ ਕੌਰ ਦਾ ਜਨਮ 1933 ਨੂੰ ਗੁੱਜਰਾਂਵਾਲਾ (ਪਾਕਿਸਤਾਨ) ਵਿਚ ਹੋਇਆ ਸੀ। 1947 ਦੀ ਵੰਡ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਸਭ ਕੁਝ ਗੁਆ ਕੇ ਦਿੱਲੀ ਆ ਗਿਆ। ਦਿੱਲੀ ਤੋਂ ਹੀ ਉਨ੍ਹਾਂ ਨੇ ਗ੍ਰੈਜੂਏਸ਼ਨ ਅਤੇ ਐੱਲ.ਐੱਲ.ਬੀ. ਕੀਤੀ। 1959 ਵਿਚ ਕੈਲਾਸ਼ ਕੌਰ ਦਾ ਵਿਆਹ ਗੁਰਸ਼ਰਨ ਸਿੰਘ ਹੋਰਾਂ ਨਾਲ ਹੋਇਆ ਅਤੇ ਵਿਆਹ ਤੋਂ ਬਾਅਦ ਉਹ ਨੰਗਲ ਆ ਗਏ। ਗੁਰਸ਼ਰਨ ਸਿੰਘ ਭਾਖੜਾ ਨੰਗਲ ਡੈਮ ਦੀ ਉਸਾਰੀ ਸਮੇਂ ਸਹਾਇਕ ਖੋਜ ਅਫ਼ਸਰ ਦੇ ਅਹੁਦੇ 'ਤੇ ਤਾਇਨਾਤ ਰਹੇ। ਇਸ ਮਗਰੋਂ ਭਾਅ ਜੀ ਅੰਮ੍ਰਿਤਸਰ ਆ ਗਏ ਜਿੱਥੇ ਉਨ੍ਹਾਂ ਨੇ ਅੰਮ੍ਰਿਤਸਰ ਕਲਾ ਕੇਂਦਰ ਦਾ ਗਠਨ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ ਭਾਅ ਜੀ ਦੇ ਨਾਲ ਨਾਟਕਾਂ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਭਾਅ ਜੀ ਗੁਰਸ਼ਰਨ ਨਾਲ ਹਰ ਮੰਚ 'ਤੇ ਨਾਟਕ ਖੇਡਿਆ ਅਤੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ।



ਦੇਸ਼ ਭਗਤ ਯਾਦਗਾਰ ਹਾਲ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸੋਗ ਸਭਾ ਕਰਵਾਈ ਗਈ। ਕਮੇਟੀ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਲੋਕ ਸਰੋਕਾਰਾਂ, ਲੋਕ ਪੀੜਾ ਅਤੇ ਲੋਕ ਮੁਕਤੀ ਨਾਲ ਜੁੜੇ ਰੰਗ ਮੰਚ ਲਈ ਪੂਰਾ ਜੀਵਨ ਸਮਾਜ ਲੇਖੇ ਲਾਉਣ ਵਾਲੀ ਅਦਬੀ ਸ਼ਖ਼ਸੀਅਤ ਨੂੰ ਕਮੇਟੀ ਦਾ ਵਡੇਰਾ ਪਰਿਵਾਰ ਅਦਬ ਨਾਲ ਸਿਜਦਾ ਕਰਦਾ ਹੈ।

ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਸੂਬਾ ਪ੍ਰਧਾਨ ਸੁਰਜੀਤ ਜੱਜ, ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ ਅਤੇ ਨਾਟਕਕਾਰ ਸਵਰਾਜਬੀਰ ਨੇ ਕਿਹਾ ਕਿ ਉਸ ਦੌਰ ਵਿਚ ਪੰਜਾਬੀ ਆਪਣੀਆਂ ਲੜਕੀਆਂ ਨੂੰ ਰੰਗਮੰਚ 'ਤੇ ਭੇਜਣ ਲਈ ਤਿਆਰ ਨਹੀਂ ਸਨ ਪਰ ਕੈਲਾਸ਼ ਕੌਰ ਨੇ ਪੰਜਾਬੀ ਰੰਗਮੰਚ ਵਿਚ ਔਰਤਾਂ ਦੀ ਪ੍ਰਤੀਨਿਧਤਾ ਕੀਤੀ।

## ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ 28 ਨੂੰ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਲਈ ਜਨਰਲ ਇਜਲਾਸ 28 ਅਕਤੂਬਰ ਨੂੰ ਸੱਦ ਲਿਆ ਹੈ। ਇਹ ਸਾਲਾਨਾ ਜਨਰਲ ਇਜਲਾਸ ਹਰ ਸਾਲ ਵਧੇਰੇ ਕਰਕੇ ਨਵੰਬਰ ਮਹੀਨੇ ਸੱਦਿਆ ਜਾਂਦਾ ਹੈ ਪਰ ਇਸ ਵਾਰ ਪਹਿਲਾਂ ਸੱਦ ਲਿਆ ਗਿਆ ਹੈ। ਐਡਵੋਕੇਟ ਧਾਮੀ ਨੇ ਦੱਸਿਆ ਕਿ ਇਸ ਵਾਰ ਅਹੁਦੇਦਾਰਾਂ ਦੀ ਚੋਣ ਵਾਸਤੇ ਸਾਲਾਨਾ ਇਜਲਾਸ 28 ਅਕਤੂਬਰ ਨੂੰ ਦੁਪਹਿਰ 12 ਵਜੇ ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ 'ਚ ਹੋਵੇਗਾ ਜਿਸ ਵਿਚ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਦੀ ਚੋਣ ਕੀਤੀ ਜਾਵੇਗੀ। ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਲਗਭਗ 150 ਤੋਂ ਵੱਧ ਮੈਂਬਰ ਹਨ, ਜੋ ਇਸ ਚੋਣ ਇਜਲਾਸ ਵਿਚ ਹਿੱਸਾ ਲੈਣਗੇ। ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੇ ਕੁੱਲ 185 ਮੈਂਬਰ ਹਨ, ਜਿਨ੍ਹਾਂ 'ਚੋਂ 170 ਆਮ ਗੁਰਦੁਆਰਾ ਚੋਣਾਂ ਰਾਹੀਂ ਚੁਣੇ ਹੋਏ ਹਨ ਅਤੇ 15 ਮੈਂਬਰ ਦੇਸ਼ ਭਰ ਵਿਚੋਂ ਵੱਖ-ਵੱਖ ਥਾਵਾਂ ਤੋਂ ਨਾਮਜ਼ਦ ਕੀਤੇ ਹਨ। ਪੰਜ ਤਖ਼ਤਾਂ ਦੇ ਜਥੇਦਾਰ ਵੀ ਇਸ ਹਾਊਸ ਦੇ ਮੈਂਬਰ ਹਨ ਪਰ ਉਨ੍ਹਾਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਹੁੰਦਾ ਹੈ। ਮਿਲੀ ਜਾਣਕਾਰੀ ਅਨੁਸਾਰ ਲਗਭਗ 25 ਤੋਂ ਵੱਧ ਮੈਂਬਰਾਂ ਦੀ ਮੌਤ ਹੋ ਚੁੱਕੀ ਹੈ। ਮੌਜੂਦਾ ਹਾਊਸ 'ਚ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਮੈਂਬਰਾਂ ਦਾ ਬਹੁਮਤ ਹੈ ਪਰ ਸ਼੍ਰੋਮਣੀ ਅਕਾਲੀ ਦਲ ਅੰਦਰ ਚੱਲ ਰਹੀ ਕਸ਼ਮਕਸ਼ ਕਾਰਨ ਇਸ ਵਾਰ ਜਨਰਲ ਇਲਜਾਸ ਵੀ ਚਰਚਾ ਦਾ ਵਿਸ਼ਾ ਬਣ ਸਕਦਾ ਹੈ।

## ਹਰਿਆਣਾ ਦੀ ਸਿਆਸਤ ਵਿਚ ਵੱਡਾ ਉਲਟ-ਫੇਰ

(ਬਾਕੀ ਸਫਾ 6 'ਤੇ)

ਉੱਤਰ ਪ੍ਰਦੇਸ਼ ਵਿਚ ਭਾਜਪਾ ਗੈਰ-ਯਾਦਵ ਓ.ਬੀ.ਸੀ. ਦੀ ਰਾਜਨੀਤੀ ਕਰਦੀ ਹੈ। ਬਿਹਾਰ ਵਿਚ ਵੀ ਅਜਿਹੀ ਹੀ ਸਥਿਤੀ ਹੈ। ਇਨ੍ਹਾਂ ਦੋਵਾਂ ਰਾਜਾਂ ਵਿਚ ਆਬਾਦੀ ਦੇ ਲਿਹਾਜ਼ ਨਾਲ ਯਾਦਵ ਭਾਈਚਾਰਾ ਸਭ ਤੋਂ ਵੱਧ ਵੋਟਰ ਹੈ। ਉਨ੍ਹਾਂ ਨੂੰ ਹਰਾਉਣ ਲਈ ਇਹ ਛੋਟੇ ਜਾਤੀ ਸਮੂਹਾਂ ਨੂੰ ਇੱਕਜੁੱਟ ਕਰਦੀ ਹੈ ਅਤੇ ਉਨ੍ਹਾਂ ਨੂੰ ਆਪਣੇ ਪਾਲੇ ਵਿਚ ਲਿਆਉਂਦੀ ਹੈ। ਹਰਿਆਣਾ ਵਿਚ ਵੀ ਜਾਟ ਭਾਈਚਾਰਾ ਸੂਬੇ ਦਾ ਸਭ ਤੋਂ ਵੱਡਾ ਅਤੇ ਪ੍ਰਭਾਵਸ਼ਾਲੀ ਜਾਤੀ ਸਮੂਹ ਹੈ। ਇੱਥੇ 28 ਤੋਂ 30 ਫੀਸਦੀ ਜਾਟ ਵੋਟਰ ਹਨ। ਇਸ ਚੋਣ ਵਿਚ ਜਾਟ ਭਾਈਚਾਰੇ ਵਿਚ ਭਾਜਪਾ ਖ਼ਿਲਾਫ਼ ਨਾਰਾਜ਼ਗੀ ਸੀ, ਪਰ ਸਭ ਤੋਂ ਵੱਡਾ ਜਾਤੀ ਸਮੂਹ ਹੋਣ ਦੇ ਬਾਵਜੂਦ ਇਹ ਆਪਣੇ ਦਮ 'ਤੇ ਸੱਤਾ ਨਹੀਂ ਬਦਲ ਸਕਦਾ। ਕਾਂਗਰਸ 'ਤੇ ਜਾਟ ਭਾਈਚਾਰੇ ਦੀ ਪਾਰਟੀ ਹੋਣ ਦਾ ਦੋਸ਼ ਲਾਇਆ ਗਿਆ। ਅੰਕੜੇ ਵੀ ਇਸ ਨੂੰ ਸੱਚ ਸਾਬਤ ਕਰਦੇ ਹਨ। ਪਾਰਟੀ ਨੇ ਚੋਣਾਂ ਵਿਚ 35 ਜਾਟ ਉਮੀਦਵਾਰ ਖੜ੍ਹੇ ਕੀਤੇ ਸਨ। ਦੂਜੇ ਪਾਸੇ ਭਾਜਪਾ ਸ਼ੁਰੂ ਤੋਂ ਹੀ ਇਸ ਚੋਣ ਨੂੰ ਜਾਟ ਬਨਾਮ ਗੈਰ-ਜਾਟ ਬਣਾਉਣ ਵਿਚ ਰੁੱਝੀ ਹੋਈ ਸੀ। ਕਾਂਗਰਸ ਨੇ ਜਾਟ ਆਗੂ ਭੁਪਿੰਦਰ ਸਿੰਘ ਹੁੱਡਾ ਦੀ ਅਗਵਾਈ ਹੇਠ ਚੋਣ ਲੜੀ ਅਤੇ ਵੱਡੀ ਗਿਣਤੀ ਵਿਚ ਜਾਟ ਉਮੀਦਵਾਰਾਂ ਨੂੰ ਮੈਦਾਨ ਵਿਚ ਉਤਾਰਿਆ। ਇਸ ਕਾਰਨ ਭਾਜਪਾ ਨੂੰ ਹਾਰੀ ਹੋਈ ਖੇਡ ਜਿੱਤਣ ਦਾ ਮੌਕਾ ਮਿਲ ਗਿਆ ਅਤੇ ਸਾਰੀ ਚੋਣ ਜਾਟ ਬਨਾਮ ਗੈਰ-ਜਾਟ ਬਣ ਗਈ।

## ਸਰਪੰਚੀ ਦੇ ਚਾਹਵਾਨ 3683 ਉਮੀਦਵਾਰਾਂ ਦੇ ਕਾਗਜ਼ ਰੱਦ

**ਚੰਡੀਗੜ੍ਹ:** ਪੰਜਾਬ ਦੀਆਂ ਪੰਚਾਇਤ ਚੋਣਾਂ 'ਚ ਸਰਪੰਚ ਬਣਨ ਦੇ 3,683 ਉਮੀਦਵਾਰਾਂ ਦੇ ਕਾਗਜ਼ ਰੱਦ ਹੋ ਗਏ ਹਨ, ਜਦੋਂਕਿ ਪੰਚ ਬਣਨ ਦੇ 11,734 ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਰੱਦ ਹੋਈਆਂ ਹਨ, ਜਿਨ੍ਹਾਂ ਉਮੀਦਵਾਰਾਂ ਦੇ ਕਾਗਜ਼ ਰੱਦ ਹੋਏ ਹਨ, ਉਨ੍ਹਾਂ ਵਿਚੋਂ ਬਹੁਤਿਆਂ ਨੇ ਇਲਜ਼ਾਮ ਲਾਏ ਹਨ ਕਿ ਬਿਨਾਂ ਠੋਸ ਆਧਾਰ ਤੋਂ ਹੀ ਉਨ੍ਹਾਂ ਦੇ ਕਾਗਜ਼ ਰੱਦ ਕੀਤੇ ਗਏ ਹਨ ਅਤੇ ਕਈ ਉਮੀਦਵਾਰਾਂ ਨੇ ਕਾਗਜ਼ ਰੱਦ ਹੋਣ ਮਗਰੋਂ ਹਾਈਕੋਰਟ ਦਾ ਰੁਖ਼ ਕਰ ਲਿਆ ਹੈ। ਬਹੁਤੇ ਕਾਗਜ਼ ਰੱਦ ਕਰਨ ਪਿੱਛੇ ਸਰਕਾਰੀ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕੀਤਾ ਹੋਣ ਨੂੰ ਆਧਾਰ ਬਣਾਇਆ ਗਿਆ ਹੈ। ਪੰਜਾਬ ਰਾਜ ਚੋਣ ਕਮਿਸ਼ਨ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਰਿਟਰਨਿੰਗ ਅਫ਼ਸਰਾਂ ਵੱਲੋਂ ਪੜਤਾਲ ਦੌਰਾਨ ਨਾਮਜ਼ਦਗੀਆਂ ਰੱਦ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਅੰਮ੍ਰਿਤਸਰ ਵਿਚ ਸਰਪੰਚਾਂ ਲਈ 247 ਅਤੇ ਪੰਚਾਂ ਲਈ 1387 ਨਾਮਜ਼ਦਗੀਆਂ ਰੱਦ ਹੋਈਆਂ ਹਨ। ਇਸ ਤਰ੍ਹਾਂ ਬਠਿੰਡਾ ਵਿਚ ਸਰਪੰਚਾਂ ਲਈ 68 ਅਤੇ ਪੰਚਾਂ ਲਈ 248 ਨਾਮਜ਼ਦਗੀਆਂ ਰੱਦ ਹੋਈਆਂ ਹਨ, ਜਦੋਂ ਕਿ ਬਰਨਾਲਾ ਵਿਚ ਸਰਪੰਚਾਂ ਲਈ 20 ਅਤੇ ਪੰਚਾਂ ਲਈ 30 ਨਾਮਜ਼ਦਗੀਆਂ ਰੱਦ ਹੋਈਆਂ ਹਨ। ਫ਼ਤਿਹਗੜ੍ਹ ਸਾਹਿਬ ਵਿਚ ਸਰਪੰਚਾਂ ਲਈ 106 ਅਤੇ ਪੰਚਾਂ ਲਈ 242 ਨਾਮਜ਼ਦਗੀਆਂ, ਫਰੀਦਕੋਟ ਵਿਚ ਸਰਪੰਚਾਂ ਲਈ 70 ਅਤੇ ਪੰਚਾਂ ਲਈ 209 ਨਾਮਜ਼ਦਗੀਆਂ, ਫ਼ਾਜ਼ਿਲਕਾ ਵਿਚ ਸਰਪੰਚਾਂ ਲਈ 52 ਅਤੇ ਪੰਚਾਂ ਲਈ 138 ਨਾਮਜ਼ਦਗੀਆਂ, ਗੁਰਦਾਸਪੁਰ ਵਿਚ ਸਰਪੰਚਾਂ ਲਈ 1208 ਅਤੇ ਪੰਚਾਂ ਲਈ 3533 ਨਾਮਜ਼ਦਗੀਆਂ ਰੱਦ ਹੋਈਆਂ ਹਨ। ਇਸ ਤੋਂ ਇਲਾਵਾ ਹੁਸ਼ਿਆਰਪੁਰ ਵਿਚ ਸਰਪੰਚਾਂ ਲਈ 18 ਅਤੇ ਪੰਚਾਂ ਲਈ 87 ਨਾਮਜ਼ਦਗੀਆਂ, ਜਲੰਧਰ ਵਿਚ ਸਰਪੰਚਾਂ ਲਈ 68 ਅਤੇ ਪੰਚਾਂ ਲਈ 214 ਨਾਮਜ਼ਦਗੀਆਂ, ਕਪੂਰਥਲਾ ਵਿਚ ਸਰਪੰਚਾਂ ਲਈ 45 ਅਤੇ ਪੰਚਾਂ ਲਈ 190 ਨਾਮਜ਼ਦਗੀਆਂ, ਮਾਲੇਰਕੋਟਲਾ ਵਿਚ ਸਰਪੰਚਾਂ ਲਈ 4 ਅਤੇ ਪੰਚਾਂ ਲਈ 23 ਨਾਮਜ਼ਦਗੀਆਂ, ਮੋਗਾ ਵਿਚ ਸਰਪੰਚਾਂ ਲਈ 115 ਅਤੇ ਪੰਚਾਂ ਲਈ 376 ਨਾਮਜ਼ਦਗੀਆਂ, ਐਸ.ਏ.ਐਸ. ਨਗਰ ਵਿਚ ਸਰਪੰਚਾਂ ਲਈ 122 ਅਤੇ ਪੰਚਾਂ ਲਈ 389 ਨਾਮਜ਼ਦਗੀਆਂ ਰੱਦ ਹੋਈਆਂ ਹਨ।

## ਰੁਮਾਲੇ ਦੀ ਥਾਂ ਭੇਟਾ ਜਮ੍ਹਾਂ ਕਰਵਾਉਣ ਲਈ ਕਾਊਂਟਰ ਬਣਨਗੇ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਿਆਂ 'ਚ ਰੁਮਾਲਾ ਸਾਹਿਬ ਦੀ ਥਾਂ ਭੇਟਾ ਜਮ੍ਹਾਂ ਕਰਵਾਉਣ ਦਾ ਰੁਝਾਨ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਿਆਂ 'ਚ ਕਾਊਂਟਰ ਸਥਾਪਤ ਕੀਤੇ ਜਾਣਗੇ। ਇਸ ਸਬੰਧੀ ਫੈਸਲਾ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ 'ਚ ਕੀਤਾ ਗਿਆ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸਿੱਖ ਇਤਿਹਾਸ ਰਿਸਰਚ ਬੋਰਡ ਅਤੇ ਐਜੂਕੇਸ਼ਨ ਕਮੇਟੀ ਦੀਆਂ ਵੱਖ-ਵੱਖ ਮੀਟਿੰਗਾਂ ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਵੱਲ੍ਹਾ 'ਚ ਹੋਈਆਂ। ਇਸ ਦੌਰਾਨ ਸਿੱਖੀ ਦੇ ਪ੍ਰਚਾਰ ਲਈ ਰੂਪ-ਰੇਖਾ ਦੇ ਨਾਲ-ਨਾਲ ਸਿੱਖ ਸਾਹਿਤ ਦੀਆਂ ਨਵੀਆਂ ਪ੍ਰਕਾਸ਼ਨਾਵਾਂ ਅਤੇ ਵਿਦਿਅਕ ਅਦਾਰਿਆਂ ਦੇ ਮਾਮਲੇ ਵਿਚਾਰੇ ਗਏ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸੱਚਖੰਡ ਦਰਬਾਰ ਸਾਹਿਬ ਸਮੇਤ ਹੋਰ ਇਤਿਹਾਸਕ ਗੁਰਦੁਆਰਿਆਂ ਅੰਦਰ ਸੰਗਤ ਵੱਲੋਂ ਸ਼ਰਧਾ ਤੇ ਸਤਿਕਾਰ ਵਜੋਂ ਵੱਡੀ ਗਿਣਤੀ 'ਚ ਰੁਮਾਲਾ ਸਾਹਿਬ ਭੇਟ ਕੀਤੇ ਜਾਂਦੇ ਹਨ ਪਰ ਅਕਸਰ ਹੀ ਰੁਮਾਲਿਆਂ ਦੀ ਗੁਣਵੱਤਾ ਤੇ ਮਿਆਰ ਠੀਕ ਨਹੀਂ ਹੁੰਦਾ। ਇਸ ਦੇ ਨਾਲ ਹੀ ਰੁਮਾਲਿਆਂ ਦੀ ਸਾਂਭ-ਸੰਭਾਲ ਵਿਚ ਵੱਡੀ ਸਮੱਸਿਆ ਬਣਦੀ ਹੈ। ਇਸ ਦੇ ਮੱਦੇਨਜ਼ਰ ਫੈਸਲਾ ਕੀਤਾ ਗਿਆ ਕਿ ਗੁਰਦੁਆਰਿਆਂ 'ਚ ਵਿਸ਼ੇਸ਼ ਕਾਊਂਟਰ ਸਥਾਪਤ ਕੀਤੇ ਜਾਣਗੇ, ਜਿਥੇ ਸੰਗਤ ਰੁਮਾਲਾ ਸਾਹਿਬ ਲਈ ਭੇਟਾ ਜਮ੍ਹਾਂ ਕਰਵਾ ਸਕੇਗੀ। ਉਨ੍ਹਾਂ ਦੱਸਿਆ ਕਿ ਸਿਰੋਪੇ ਦੀ ਯੋਗ ਵਰਤੋਂ ਲਈ ਵੀ ਯਤਨ ਸ਼ੁਰੂ ਕੀਤੇ ਗਏ ਹਨ ਜਿਸ ਤਹਿਤ ਸਿਰੋਪੇ ਦੇਣਾ ਸਿਰਫ਼ ਸਿਰਫ਼ ਧਾਰਮਿਕ ਤੇ ਪੰਥਕ ਸ਼ਖ਼ਸੀਅਤਾਂ ਤੱਕ ਹੀ ਸੀਮਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ 'ਚ ਵੱਖ-ਵੱਖ ਈ-ਕਾਮਰਸ ਵੈੱਬਸਾਈਟਾਂ ਅਤੇ ਐਪਸ 'ਤੇ ਪਾਵਨ ਗੁਰਬਾਣੀ ਦੇ ਗੁਟਕਾ ਸਾਹਿਬ, ਸੈਂਚੀਆਂ ਦੀ ਕੀਤੀ ਜਾ ਰਹੀ ਆਨਲਾਈਨ ਵਿਕਰੀ ਦਾ ਵੀ ਸਖ਼ਤ ਨੋਟਿਸ ਲੈ ਕੇ ਇਸ 'ਤੇ ਮੁਕੰਮਲ ਪਾਬੰਦੀ ਲਗਾਉਣ ਦਾ ਮਤਾ ਪਾਸ ਕੀਤਾ ਗਿਆ।

## ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਬੰਦ

**ਅੰਮ੍ਰਿਤਸਰ:** ਉੱਤਰਾਖੰਡ ਵਿਖੇ ਲਗਭਗ 15000 ਫੁੱਟ ਦੀ ਉਚਾਈ 'ਤੇ ਸਥਾਪਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਬੰਦ ਹੋ ਗਏ ਹਨ। ਇਹ ਯਾਤਰਾ 25 ਮਈ ਨੂੰ ਆਰੰਭ ਹੋਈ ਸੀ ਅਤੇ ਲਗਭਗ ਸਾਢੇ ਚਾਰ ਮਹੀਨੇ ਚੱਲਣ ਤੋਂ ਬਾਅਦ ਸਮਾਪਤ ਹੋ ਗਈ। ਇਸ ਦੌਰਾਨ ਦੋ ਲੱਖ ਤੋਂ ਵੱਧ ਯਾਤਰੂ ਇੱਥੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਨਤਮਸਤਕ ਹੋ ਚੁੱਕੇ ਹਨ। ਦੁਪਹਿਰ ਦੀ ਅਰਦਾਸ ਮਗਰੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਸ਼ੀਤ ਕਾਲ ਵਾਸਤੇ ਸੁਖਾਸਨ ਅਸਥਾਨ 'ਤੇ ਲਿਜਾਇਆ ਗਿਆ। ਇਸ ਮੌਕੇ ਗੜ੍ਹਵਾਲ ਸਕਾਊਟਸ ਅਤੇ ਪੰਜਾਬ ਤੋਂ ਬੈਂਡ ਜੱਥੇ ਗੁਰਬਾਣੀ ਦੀਆਂ ਧੁਨਾਂ ਵਜਾਉਂਦੇ ਹੋਏ ਗੁਰਦੁਆਰੇ ਦੀ ਪਰਿਕਰਮਾ ਕੀਤੀ। ਗੁਰਦੁਆਰਾ ਵਿਖੇ ਪੁਣੇ ਤੋਂ ਰਾਗੀ ਜੱਥਾ ਭਾਈ ਸੁਰਿੰਦਰ ਪਾਲ ਸਿੰਘ ਵੱਲੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਇਸ ਤੋਂ ਬਾਅਦ ਸਮਾਪਤੀ ਦੀ ਅਰਦਾਸ ਹੋਈ ਅਤੇ ਸ਼ੀਤ ਕਾਲ ਵਾਸਤੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਸੰਗਤ ਵਾਸਤੇ ਬੰਦ ਕਰ ਦਿੱਤੇ ਗਏ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਪੰਜਾਬ ਵਿਚ ਜ਼ਿਮਨੀ ਚੋਣਾਂ ਦੀਆਂ ਤਿਆਰੀਆਂ ਵਿਚ ਜੁਟੀ ਭਾਜਪਾ

**ਚੰਡੀਗੜ੍ਹ:** ਪੰਜਾਬ ਵਿਚ ਭਾਜਪਾ ਨੇ ਅਗਾਮੀ ਸਮੇਂ ਦੌਰਾਨ ਵਿਧਾਨ ਸਭਾ ਹਲਕਾ ਗਿੱਦੜਬਾਹਾ, ਬਰਨਾਲਾ, ਚੱਬੇਵਾਲ ਅਤੇ ਡੇਰਾ ਬਾਬਾ ਨਾਨਕ ਦੀਆਂ ਜ਼ਿਮਨੀ ਚੋਣਾਂ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਪੰਜ ਵਾਰ ਵਿਧਾਇਕ ਰਹੇ ਅਤੇ ਭਾਜਪਾ ਆਗੂ ਮਨਪ੍ਰੀਤ ਸਿੰਘ ਬਾਦਲ ਨੇ ਸਿਹਤ ਸਬੰਧੀ ਮਸਲਿਆਂ ਤੋਂ ਉਭਰਨ ਮਗਰੋਂ ਗਿੱਦੜਬਾਹਾ ਵਿਧਾਨ ਸਭਾ ਜ਼ਿਮਨੀ ਚੋਣ ਲਈ ਤਿਆਰੀ ਵਿੱਢ ਦਿੱਤੀ ਹੈ। ਭਾਜਪਾ ਨੇ ਤਕਰੀਬਨ ਉਨ੍ਹਾਂ ਦਾ ਨਾਮ ਇਸ ਸੀਟ ਲਈ ਤੈਅ ਕਰ ਲਿਆ ਦੱਸਿਆ ਜਾ ਰਿਹਾ ਹੈ।

ਭਾਜਪਾ ਦੀ ਟਿਕਟ ਉਤੇ ਮਨਪ੍ਰੀਤ ਬਾਦਲ ਪਹਿਲੀ ਵਾਰ ਚੋਣ ਲੜ ਸਕਦੇ ਹਨ। ਇਸੇ ਤਰ੍ਹਾਂ ਭਾਜਪਾ ਨੇ ਬਰਨਾਲਾ ਸੀਟ ਲਈ ਕੇਵਲ ਢਿੱਲੋਂ ਦਾ ਨਾਮ ਤੈਅ ਕਰ ਲਿਆ ਹੈ। ਇਹ ਦੋਵੇਂ ਆਗੂ ਪਹਿਲਾਂ ਹੀ ਇਨ੍ਹਾਂ ਵਿਧਾਨ ਸਭਾ ਹਲਕਿਆਂ 'ਚ ਸਰਗਰਮ ਹਨ ਅਤੇ ਉਨ੍ਹਾਂ ਵੱਲੋਂ ਪਾਰਟੀ ਵਰਕਰਾਂ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।



ਪਾਰਟੀ ਸੂਤਰਾਂ ਨੇ ਕਿਹਾ ਕਿ ਡੇਰਾ ਬਾਬਾ ਨਾਨਕ ਸੀਟ ਤੋਂ ਰਵੀ ਕਰਨ ਕਾਹਲੋਂ ਦਾ ਨਾਮ ਸਭ ਤੋਂ ਅੱਗੇ ਚੱਲ ਰਿਹਾ ਹੈ। ਚੱਬੇਵਾਲ ਸੀਟ 'ਤੇ ਉਮੀਦਵਾਰ ਦੀ ਚੋਣ ਨੂੰ ਲੈ ਕੇ ਪਾਰਟੀ ਅਜੇ ਕਿਸੇ ਨਤੀਜੇ 'ਤੇ ਨਹੀਂ ਪੁੱਜੀ ਹੈ। ਭਾਜਪਾ ਦੇ ਪ੍ਰਦੇਸ਼ ਪ੍ਰਧਾਨ ਸੁਨੀਲ ਜਾਖੜ ਵੱਲੋਂ ਜੁਲਾਈ ਤੋਂ ਮੀਟਿੰਗਾਂ 'ਚ ਹਿੱਸਾ ਨਹੀਂ ਲਿਆ ਜਾ ਰਿਹਾ ਹੈ ਜਿਸ ਕਾਰਨ ਪਾਰਟੀ ਪੰਜਾਬ 'ਚ ਲੀਡਰਸ਼ਿਪ ਦੇ ਸੰਕਟ ਦਾ ਸਾਹਮਣਾ ਕਰ ਰਹੀ ਹੈ। ਜਾਖੜ ਨੂੰ ਮਨਾਉਣ 'ਚ ਨਾਕਾਮ ਰਹਿਣ ਮਗਰੋਂ ਪਾਰਟੀ ਨੇ ਜ਼ਿਮਨੀ ਚੋਣਾਂ ਲਈ ਇੰਚਾਰਜ, ਸਹਾਇਕ ਇੰਚਾਰਜ ਅਤੇ ਮੰਡਲ ਕੁਆਰਡੀਨੇਟਰਾਂ ਦੀ ਅਗਵਾਈ ਹੇਠ ਟੀਮਾਂ ਬਣਾਈਆਂ ਹਨ ਜੋ ਪ੍ਰਚਾਰ ਦੀ ਜ਼ਿੰਮੇਵਾਰੀ ਸੰਭਾਲਣਗੀਆਂ।

ਪੰਜਾਬ ਭਾਜਪਾ ਦੇ ਸਕੱਤਰ ਸੁਨੀਲ ਭਾਰਦਵਾਜ ਨੇ ਦੱਸਿਆ ਕਿ ਅਵਿਨਾਸ਼ ਰਾਏ ਖੰਨਾ ਨੂੰ ਗਿੱਦੜਬਾਹਾ, ਮਨੋਰੰਜਨ ਕਾਲੀਆ ਨੂੰ ਬਰਨਾਲਾ, ਸ਼ਵੇਤ ਮਲਿਕ ਨੂੰ ਚੱਬੇਵਾਲ ਅਤੇ ਅਸ਼ਵਨੀ ਸ਼ਰਮਾ ਨੂੰ ਡੇਰਾ ਬਾਬਾ ਨਾਨਕ ਵਿਧਾਨ ਸਭਾ ਸੀਟ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਸੂਬਾ ਜਨਰਲ ਸਕੱਤਰ ਅਨਿਲ ਸਰੀਨ ਨੂੰ ਮੀਡੀਆ ਤੇ ਆਈ.ਟੀ. ਮਾਮਲਿਆਂ ਦਾ ਇੰਚਾਰਜ ਬਣਾਇਆ ਗਿਆ ਹੈ।

### ਪੰਜਾਬ ਭਾਜਪਾ ਨੇ ਜ਼ਿਮਨੀ ਚੋਣਾਂ ਲਈ ਇੰਚਾਰਜ ਲਾਏ

**ਚੰਡੀਗੜ੍ਹ:** ਪੰਜਾਬ ਭਾਜਪਾ ਨੇ ਇਨ੍ਹਾਂ ਵਿਧਾਨ ਸਭਾ ਹਲਿਕਆਂ ਦੇ ਇੰਚਾਰਜ, ਸਹਿ-ਇੰਚਾਰਜ, 18 ਮੰਡਲਾਂ ਲਈ ਕੋਆਰਡੀਨੇਟਰ ਅਤੇ ਕੋ-ਕੋਆਰਡੀਨੇਟਰ ਲਗਾਏ ਹਨ। ਭਾਜਪਾ ਨੇ ਅਵਿਨਾਸ਼ ਰਾਏ ਖੰਨਾ ਨੂੰ ਵਿਧਾਨ ਸਭਾ ਹਲਕਾ ਗਿੱਦੜਬਾਹਾ ਦਾ ਇੰਚਾਰਜ ਤੇ ਦਿਆਲ ਸੋਢੀ ਨੂੰ ਸਹਿ-ਇੰਚਾਰਜ ਲਗਾਇਆ ਗਿਆ ਹੈ। ਇਸ ਤਰ੍ਹਾਂ ਮਨੋਰੰਜਨ ਕਾਲੀਆ ਨੂੰ ਬਰਨਾਲਾ ਦਾ ਇੰਚਾਰਜ, ਜਗਮੋਹਨ ਸਿੰਘ ਰਾਜੂ ਨੂੰ ਸਹਿ-ਇੰਚਾਰਜ, ਸ਼ਵੇਤ ਮਲਿਕ ਨੂੰ ਚੱਬੇਵਾਲ ਦਾ ਇੰਚਾਰਜ ਤੇ ਪਰਮਿੰਦਰ ਬਰਾੜ ਨੂੰ ਸਹਿ-ਇੰਚਾਰਜ ਅਤੇ ਅਸ਼ਵਨੀ ਸ਼ਰਮਾ ਨੂੰ ਡੇਰਾ ਬਾਬਾ ਨਾਨਕ ਦਾ ਇੰਚਾਰਜ ਅਤੇ ਰਾਕੇਸ਼ ਰਾਠੌਰ ਨੂੰ ਸਹਿ-ਇੰਚਾਰਜ ਲਗਾਇਆ ਗਿਆ ਹੈ।

## ਪਰਾਲੀ: ਕਿਸਾਨਾਂ ਨੂੰ ਮਸ਼ੀਨਾਂ ਦੀ ਖਰੀਦ ਲਈ ਮਿਲੇਗੀ ਸਬਸਿਡੀ ਤੇ ਕਰਜ਼ਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਪਰਾਲੀ ਸਾੜਨ ਦੀਆਂ ਘਟਨਾਵਾਂ ਨਾਲ ਨਜਿੱਠਣ ਲਈ ਚਾਰਾਜੋਈ ਕੀਤੀ ਜਾ ਰਹੀ ਹੈ। ਇਸੇ ਤਹਿਤ ਪੰਜਾਬ ਦੀਆਂ ਸਹਿਕਾਰੀ ਬੈਂਕਾਂ ਨੇ 'ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਕਰਜ਼ਾ ਯੋਜਨਾ' ਸ਼ੁਰੂ ਕੀਤੀ ਹੈ। ਇਸ ਯੋਜਨਾ ਤਹਿਤ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਮਸ਼ੀਨਾਂ ਦੀ ਖਰੀਦ ਲਈ ਸਬਸਿਡੀ ਅਤੇ ਕਰਜ਼ਾ ਦਿੱਤਾ ਜਾਵੇਗਾ। ਕਿਸਾਨਾਂ ਨੂੰ ਮਸ਼ੀਨਰੀ 'ਤੇ ਕਰਜ਼ੇ ਦੀ ਅਦਾਇਗੀ ਪੰਜ ਸਾਲ ਵਿਚ ਕਰਨੀ ਪਵੇਗੀ। ਇਹ ਕਰਜ਼ਾ 30 ਜੂਨ ਤੇ 31 ਜਨਵਰੀ ਨੂੰ ਸਾਲਾਨਾ 10 ਛਿਮਾਹੀ ਕਿਸ਼ਤਾਂ ਵਿਚ ਇਸ ਸਕੀਮ ਰਾਹੀਂ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਮਸ਼ੀਨਰੀ ਅਸਾਨੀ ਨਾਲ ਮੁਹੱਈਆ ਕਰਵਾਈ ਜਾਵੇਗੀ, ਜਿਸ ਨਾਲ ਵਾਤਾਵਰਨ ਪ੍ਰਦੂਸ਼ਣ ਨੂੰ ਰੋਕਿਆ ਜਾ ਸਕੇ। ਇਹ ਸਕੀਮ ਰਾਜ ਸਹਿਕਾਰੀ ਬੈਂਕ ਚੰਡੀਗੜ੍ਹ ਤੇ ਜ਼ਿਲ੍ਹਾ ਸਹਿਕਾਰੀ ਬੈਂਕਾਂ ਦੀਆਂ 802 ਸ਼ਾਖਾਵਾਂ ਵਿਚ ਸ਼ੁਰੂ ਕੀਤੀ ਗਈ ਹੈ। ਸ੍ਰੀ ਮਾਨ ਨੇ ਕਿਹਾ ਕਿ ਪ੍ਰਾਇਮਰੀ ਐਗਰੀਕਲਚਰ ਕੋਆਪ੍ਰੇਟਿਵ ਸੁਸਾਇਟੀਆਂ ਜਾਂ ਹੋਰ ਅਦਾਰੇ ਕਾਮਨ ਹਾਇਰਿੰਗ ਸੈਂਟਰ ਸਕੀਮ ਅਧੀਨ ਖੇਤੀ ਸੰਦਾਂ ਦੀ ਖਰੀਦ 'ਤੇ 80 ਫੀਸਦੀ ਸਬਸਿਡੀ ਦਾ ਲਾਭ ਲੈ ਸਕਦੇ ਹਨ। ਇਸੇ ਤਰ੍ਹਾਂ ਵਿਅਕਤੀਗਤ ਤੌਰ 'ਤੇ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਬੇਲਰ ਤੇ ਸੁਪਰਸੀਡਰਾਂ ਵਰਗੇ ਖੇਤੀ ਸੰਦਾਂ ਦੀ ਖਰੀਦ ਕਰਨ ਵਾਲੇ ਕਿਸਾਨ ਨੂੰ 50 ਫ਼ੀਸਦ ਤੱਕ ਦੀ ਸਬਸਿਡੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਸਕੀਮ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਦਾ ਬਦਲ ਚੁਣਨ ਲਈ ਉਤਸ਼ਾਹਿਤ ਕਰਨ ਲਈ ਸਹਾਈ ਸਿੱਧ ਹੋਵੇਗੀ।

## ਝੁਲਸ ਰੋਗ ਨੇ ਨਰਮੇ ਦੀ ਪੱਕ ਕੇ ਤਿਆਰ ਹੋਈ ਫ਼ਸਲ ਕੀਤੀ ਤਬਾਹ

**ਮਾਨਸਾ:** ਇਸ ਖੇਤਰ ਵਿਚ ਝੁਲਸ ਰੋਗ ਨੇ ਕਈ ਥਾਈਂ ਨਰਮੇ ਦੀ ਪੱਕ ਕੇ ਤਿਆਰ ਹੋਈ ਫ਼ਸਲ ਤਬਾਹ ਕਰ ਦਿੱਤੀ ਹੈ। ਇਸ ਕਾਰਨ ਕਿਸਾਨ ਸਹਿਮੇ ਹੋਏ ਹਨ। ਖੇਤੀ ਮਹਿਕਮੇ ਨੇ ਮੰਨਿਆ ਕਿ ਕੁਝ ਥਾਵਾਂ ਉਤੇ ਨਰਮੇ ਦੇ ਬੂਟੇ ਸੁੱਕਣੇ ਸ਼ੁਰੂ ਹੋ ਗਏ ਹਨ ਅਤੇ ਉਨ੍ਹਾਂ ਨੇ ਇਸ ਬਿਮਾਰੀ ਨੂੰ ਝੁਲਸ ਰੋਗ ਦੀ ਥਾਂ ਬੈਕਟੀਰੀਅਲ ਲੀਫ ਬਲਾਇਟ (ਪੱਤਿਆਂ 'ਤੇ ਧੱਬਿਆਂ ਦਾ ਰੋਗ) ਦੱਸਿਆ ਹੈ ਪਰ ਕਈ ਕਿਸਾਨਾਂ ਨੇ ਕਿਹਾ ਕਿ ਇਸ ਰੋਗ ਨੇ ਉਨ੍ਹਾਂ ਦੀ ਪੱਕ ਕੇ ਤਿਆਰ ਫਸਲ ਪੂਰੀ ਤਰ੍ਹਾਂ ਖਰਾਬ ਕਰ ਦਿੱਤੀ ਹੈ।

ਕਿਸਾਨਾਂ ਨੇ ਖੇਤੀ ਵਿਭਾਗ ਅਨੁਸਾਰ ਸਪਰੇਆਂ ਕੀਤੀਆਂ ਸਨ ਪਰ ਇਸ ਨਾਲ ਵੀ ਉਨ੍ਹਾਂ ਨੂੰ ਫਸਲ ਬਚਾਉਣ ਵਿਚ ਕਾਮਯਾਬੀ ਨਾ ਮਿਲੀ। ਜਾਣਕਾਰੀ ਅਨੁਸਾਰ ਪਹਿਲਾਂ ਨਰਮੇ ਦੇ ਪੱਤੇ ਸੁੱਕਣੇ ਸ਼ੁਰੂ ਹੋਏ ਸਨ ਪਰ ਹੁਣ ਇਸ ਫ਼ਸਲ ਦੇ ਟੀਂਡੇ ਵੀ ਖਰਾਬ ਹੋ ਗਏ ਹਨ। ਕਿਸਾਨਾਂ ਨੂੰ ਪਹਿਲਾਂ 30-35 ਮਣ ਨਰਮੇ ਨਿਕਲਣ ਦੀ ਉਮੀਦ ਸੀ, ਉਹ ਹੁਣ ਤੀਜੇ ਹਿੱਸੇ ਤੋਂ ਵੀ ਥੱਲੇ ਨਿਕਲਣ ਦੀ ਉਮੀਦ ਹੈ। ਖੇਤੀ ਵਿਭਾਗ ਵੱਲੋਂ ਕਿਹਾ ਜਾ ਰਿਹ ਹੈ ਕਿ ਇਹ ਰੋਗ ਕੇਵਲ ਗੈਰ ਮਾਨਤਾ ਪ੍ਰਾਪਤ ਕਿਸਮਾਂ ਨੂੰ ਪਿਆ ਹੈ।

ਦੂਜੇ ਪਾਸੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਭੈਣੀਬਾਘਾ ਨੇ ਦੱਸਿਆ ਕਿ ਸੁੱਕੇ ਬੂਟਿਆਂ ਨੂੰ ਵੇਖ ਕੇ ਕਿਸਾਨ ਸਹਿਮ ਗਏ ਹਨ। ਇਸ ਕਰ ਕੇ ਖੇਤੀ ਵਿਭਾਗ ਨੂੰ ਸਸਤੀਆਂ ਦਰਾਂ 'ਤੇ ਦਵਾਈਆਂ ਮੁਹੱਈਆ ਕਰਵਾਉਣੀਆਂ ਚਾਹੀਦੀਆਂ ਹਨ। ਰਾਮ ਸਿੰਘ ਭੈਣੀਬਾਘਾ ਨੇ ਦੱਸਿਆ ਕਿ ਪੰਜਾਬ ਵਿਚ ਨਰਮਾ ਲਗਾਤਾਰ ਨੁਕਸਾਨਿਆ ਜਾ ਰਿਹਾ ਹੈ।



ਇਸ ਫਸਲ ਨੂੰ ਕਦੇ ਸੁੰਡੀ, ਕਦੇ ਤੇਲਾ ਤੇ ਕਦੇ ਝੁਲਸ ਰੋਗ ਆ ਘੇਰਦੇ ਹਨ। ਉਨ੍ਹਾਂ ਮੰਗ ਕੀਤੀ ਕਿ ਕਿਸਾਨਾਂ ਨੂੰ ਸਬਸਿਡੀ ਵਾਲੀਆਂ ਦਵਾਈਆਂ ਮੁਹੱਈਆ ਕਰਵਾਉਣੀਆਂ ਚਾਹੀਦੀਆਂ ਹਨ ਤੇ ਕਿਸਾਨ ਪੱਖੀ ਨੀਤੀਆਂ ਬਣਨੀਆਂ ਚਾਹੀਦੀਆਂ ਹਨ ਤਾਂ ਕਿ ਕਿਸਾਨਾਂ ਨੂੰ ਹੋਰ ਆਰਥਿਕ ਮਾਰ ਨਾ ਪਵੇ। ਦੂਜੇ ਪਾਸੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਕਿਸਾਨਾਂ ਨੂੰ ਵਿਭਾਗ ਦੇ ਕਹੇ ਅਨੁਸਾਰ ਬੀਜ ਤੇ ਸਪਰੇਆਂ ਵਰਤਣੀਆਂ ਚਾਹੀਦੀਆਂ ਹਨ ਤੇ ਮਾਹਿਰਾਂ ਦੇ ਸੁਝਾਅ ਨੂੰ ਅਮਲ ਵਿਚ ਲਿਆਉਣਾ ਚਾਹੀਦਾ ਹੈ। ਖੇਤੀ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਬਿਮਾਰੀ ਨਾਲ ਪਹਿਲਾਂ ਪੱਤੇ ਲਾਲ ਹੁੰਦੇ ਹਨ ਅਤੇ ਪਿੱਛੋਂ ਸੁੱਕ ਕੇ ਹੇਠਾਂ ਡਿੱਗਣ ਲੱਗ ਪੈਂਦੇ ਹਨ।

## ਪੰਚਾਇਤੀ ਚੋਣਾਂ: ਚੁੱਲ੍ਹਾ ਟੈਕਸ ਨੇ ਮਾਲੋ-ਮਾਲ ਕੀਤੀ ਸਰਕਾਰ

**ਫਰੀਦਕੋਟ:** ਪੰਚਾਇਤੀ ਚੋਣਾਂ ਨੇ ਆਰਥਿਕ ਮੰਦੀ ਦਾ ਸਾਹਮਣਾ ਕਰ ਰਹੇ ਪੰਜਾਬ ਸਰਕਾਰ ਦੇ ਵਿਭਾਗਾਂ ਨੂੰ ਮਾਲੋ-ਮਾਲ ਕਰ ਦਿੱਤਾ ਹੈ। ਪਿਛਲੇ ਪੰਜਾਂ ਸਾਲਾਂ ਵਿਚ ਪੰਜਾਬ ਦੇ ਕਿਸੇ ਵੀ ਪਿੰਡ ਨੇ ਚੁੱਲ੍ਹਾ ਟੈਕਸ ਨਹੀਂ ਭਰਿਆ ਸੀ। ਸੌ ਸਾਲ ਪੁਰਾਣਾ ਇਹ ਟੈਕਸ 7 ਰੁਪਏ ਸਾਲਾਨਾ ਹੈ। ਪੰਚਾਇਤੀ ਚੋਣਾਂ ਲੜ ਰਹੇ ਉਮੀਦਵਾਰਾਂ ਨੇ ਇਕੱਠਾ ਪੰਜ ਸਾਲ ਦਾ ਚੁੱਲ੍ਹਾ ਟੈਕਸ ਭਰ ਕੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਖਾਤੇ ਕਰੀਬ 2 ਕਰੋੜ ਰੁਪਏ ਪਾਏ ਹਨ। ਜਲ ਸਪਲਾਈ ਵਿਭਾਗ ਨੂੰ 17 ਜ਼ਿਲ੍ਹਿਆਂ ਵਿਚੋਂ 35 ਕਰੋੜ ਰੁਪਏ ਪ੍ਰਾਪਤ ਹੋਏ ਹਨ, ਜਦਕਿ ਬਿਜਲੀ ਬੋਰਡ ਨੂੰ ਆਪਣੇ ਡਿਫਾਲਟਰ ਖ਼ਪਤਕਾਰਾਂ ਕੋਲੋਂ 90 ਕਰੋੜ ਰੁਪਏ ਪ੍ਰਾਪਤ ਹੋਏ ਹਨ। ਅਜੇ ਕੁਝ ਜ਼ਿਲ੍ਹਿਆਂ ਦਾ ਅੰਕੜਾ ਆਉਣਾ ਬਾਕੀ ਹੈ। ਕੋ-ਆਪਰੇਟਿਵ ਸੁਸਾਇਟੀਆਂ ਨੂੰ ਵੀ ਚੋਣ ਲੜ ਰਹੇ ਉਮੀਦਵਾਰਾਂ ਤੋਂ 31 ਕਰੋੜ ਰੁਪਏ ਪ੍ਰਾਪਤ ਹੋਏ ਹਨ। ਇਸ ਤੋਂ ਇਲਾਵਾ ਡਿਫਾਲਟਰਾਂ ਨੇ 93 ਕਰੋੜ ਰੁਪਏ ਵੱਖ-ਵੱਖ ਬੈਂਕਾਂ ਵਿਚ ਵੀ ਭਰਿਆ ਹੈ। ਵਿੱਤ ਵਿਭਾਗ ਪੰਜਾਬ ਨੂੰ ਅਸ਼ਟਾਮ ਅਤੇ ਸਟੈਂਪ ਡਿਊਟੀ ਵੇਚ ਕੇ ਇਨ੍ਹਾਂ ਚੋਣਾਂ ਵਿਚ 13 ਕਰੋੜ 22 ਲੱਖ ਰੁਪਏ ਪ੍ਰਾਪਤ ਹੋਏ ਹਨ।



ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਵਿਭਾਗ ਚੋਣਾਂ ਲੜ ਰਹੇ ਉਮੀਦਵਾਰਾਂ ਤੋਂ ਬਕਾਏ ਤੇ ਟੈਕਸ ਉਗਰਾਹੀ ਵਿਚ ਕੁਤਾਹੀ ਵਰਤ ਰਹੇ ਹਨ ਅਤੇ ਲੋਕਾਂ ਨੂੰ ਟੈਕਸ ਭਰਨ ਵਿਚ ਕਾਫ਼ੀ ਦਿੱਕਤ ਆ ਰਹੀ ਹੈ ਜਿਸ ਕਰਕੇ ਬਹੁਤੇ ਉਮੀਦਵਾਰਾਂ ਨੇ ਟੈਕਸ ਨਾ ਭਰ ਸਕਣ ਕਰਕੇ ਹਲਫ਼ੀਆ ਬਿਆਨ ਰਿਟਰਨ ਅਫ਼ਸਰ ਦੇ ਪੇਸ਼ ਕੀਤਾ ਹੈ। ਐਡਵੋਕੇਟ ਗੁਰਤਾਜ ਸੰਧੂ ਨੇ ਕਿਹਾ ਕਿ ਚੋਣ ਜਾਬਤੇ ਦੌਰਾਨ 4 ਛੁੱਟੀਆਂ ਹੋਣ ਕਾਰਨ ਅਜੇ ਪੂਰੇ ਉਮੀਦਵਾਰਾਂ ਵੱਲੋਂ ਟੈਕਸ ਭਰਿਆ ਨਹੀਂ ਗਿਆ ਕਿਉਂਕਿ ਪੰਚਾਇਤੀ ਵਿਭਾਗ ਅਤੇ ਜਲ ਸਪਲਾਈ ਵਿਭਾਗ ਕੋਲ ਆਨ ਲਾਈਨ ਟੈਕਸ ਲੈਣ ਦੀ ਕੋਈ ਸੁਵਿਧਾ ਨਹੀਂ ਹੈ।

## ਪੰਚਾਇਤੀ ਚੋਣਾਂ: ਨਵੀਂ ਇਬਾਰਤ ਲਿਖ ਰਿਹਾ ਹੈ ਪਿੰਡ ਨੱਗਲ ਗੜ੍ਹੀਆਂ

**ਚੰਡੀਗੜ੍ਹ:** ਇਸ ਵੇਲੇ ਪੰਜਾਬ ਦੀਆਂ ਪੰਚਾਇਤ ਚੋਣਾਂ 'ਚ ਸਾਰੇ ਪਾਸੇ ਲੜਾਈ ਝਗੜੇ ਹੋ ਰਹੇ ਹਨ ਪਰ ਬਲਾਕ ਮਾਜਰੀ ਦਾ ਛੋਟਾ ਜਿਹਾ ਪਿੰਡ ਵੱਡੀ ਇਬਾਰਤ ਲਿਖ ਰਿਹਾ ਹੈ। ਮੁਲਕ ਆਜ਼ਾਦ ਹੋਇਆ ਤਾਂ ਪਹਿਲੀ ਪੰਚਾਇਤੀ ਚੋਣ 1952 ਵਿਚ ਹੋਈ। ਉਦੋਂ ਤੋਂ ਹੀ ਬਲਾਕ ਮਾਜਰੀ ਦਾ ਪਿੰਡ ਨੱਗਲ ਗੜ੍ਹੀਆਂ ਪੰਚਾਇਤੀ ਚੋਣਾਂ ਦੇ ਝੰਜਟ ਤੋਂ ਆਜ਼ਾਦ ਹੈ।

ਆਜ਼ਾਦੀ ਤੋਂ ਮਗਰੋਂ ਕਦੇ ਵੀ ਇਸ ਪਿੰਡ ਵਿਚ ਪੰਚਾਇਤੀ ਚੋਣ ਨਹੀਂ ਹੋਈ। ਪਿੰਡ ਦੇ ਲੋਕ ਸਰਬਸੰਮਤੀ ਨਾਲ ਪਿੰਡ ਦੀ ਪੰਚਾਇਤ ਚੁਣ ਲੈਂਦੇ ਹਨ।

ਪਿੰਡ ਨੱਗਲ ਗੜ੍ਹੀਆਂ ਦੀ ਇਹ ਖ਼ੂਬੀ ਹੈ ਕਿ ਨਾ ਕਦੇ ਪੁਰਾਣੀ ਪੀੜ੍ਹੀ ਨੇ ਅਤੇ ਨਾ ਕਦੇ ਨਵੀਂ ਪੀੜ੍ਹੀ ਨੇ ਕੋਈ ਸ਼ਰੀਕੇਬਾਜ਼ੀ ਦੇਖੀ ਹੈ, ਜਦੋਂ ਪੰਚਾਇਤੀ ਚੋਣ ਆਉਂਦੀ ਹੈ ਤਾਂ ਪੂਰਾ ਪਿੰਡ ਇੱਕੋ ਮੋਰੀ ਨਿਕਲ ਜਾਂਦਾ ਹੈ। ਥੋੜ੍ਹੇ ਦਿਨ ਪਹਿਲਾਂ ਹੀ ਪਿੰਡ ਨੇ ਸਰਬਸੰਮਤੀ ਨਾਲ ਪੰਚਾਇਤ ਚੁਣ ਲਈ ਹੈ ਅਤੇ ਮਹਿਲਾ ਰਾਜਿੰਦਰ ਕੌਰ ਨੂੰ ਪਿੰਡ ਦੀ ਸਰਪੰਚੀ ਸੌਂਪੀ ਹੈ। ਪਹਿਲਾਂ ਉਸ ਦਾ ਸਹੁਰਾ ਗੁਰਬਖ਼ਸ਼ ਸਿੰਘ ਪਿੰਡ ਦਾ ਡੇਢ ਦਹਾਕਾ ਸਰਪੰਚ ਰਿਹਾ ਹੈ। ਪੰਜ ਮੈਂਬਰੀ ਪੰਚਾਇਤ ਵੀ ਸਹਿਮਤੀ ਨਾਲ ਬਣਦੀ ਹੈ। ਪਿੰਡ ਦੇ ਕਿਸੇ ਵੀ ਘਰ ਆਏ ਦੁੱਖ ਸੁੱਖ ਨੂੰ ਪੂਰਾ ਪਿੰਡ ਆਪਣਾ ਦੁੱਖ ਸੁੱਖ ਮੰਨਦਾ ਹੈ। ਜਦੋਂ ਵਿਧਾਨ ਸਭਾ ਤੇ ਲੋਕ ਸਭਾ ਦੀ ਚੋਣ ਆਉਂਦੀ ਹੈ ਤਾਂ ਪਿੰਡ ਵਿਚ ਕਦੇ ਵੋਟਾਂ ਵਾਲੇ ਦਿਨ ਵੱਖੋ ਵੱਖਰੇ ਸਿਆਸੀ ਧਿਰਾਂ ਦੇ ਬੂਥ ਨਹੀਂ ਲੱਗਦੇ ਹਨ। ਪਿੰਡ ਦੀ 520 ਲੋਕਾਂ ਦੀ ਅਬਾਦੀ ਹੈ ਜਦੋਂ ਕਿ 380 ਵੋਟਾਂ ਹਨ। ਪਿੰਡ ਦਾ ਵਾਸੀ ਸੁਰਿੰਦਰ ਸਿੰਘ ਆਖਦਾ ਹੈ ਕਿ ਜਦੋਂ ਪੰਚਾਇਤੀ ਚੋਣ ਆਉਂਦੀ ਹੈ ਤਾਂ ਪਿੰਡ ਦੇ ਬਜ਼ੁਰਗ ਅਗਵਾਈ ਕਰਦੇ ਹਨ।

ਇਸ ਪਿੰਡ ਦੇ 65 ਦੇ ਕਰੀਬ ਐਨ.ਆਰ.ਆਈ. ਹਨ ਜਿਨ੍ਹਾਂ ਦੇ ਦਿਲ 'ਚ ਪਿੰਡ ਧੜਕਦਾ ਹੈ ਜੋ ਵਿਦੇਸ਼ਾਂ ਵਿਚ ਆਪਣੇ ਪਿੰਡ ਦੀ ਅਨੋਖੀ ਰੀਤ 'ਤੇ ਫ਼ਖਰ ਕਰਦੇ ਹਨ। ਪਿੰਡ ਦੇ 40 ਤੋਂ ਉਪਰ ਮੌਜੂਦਾ ਅਤੇ ਸਾਬਕਾ ਫ਼ੌਜੀ ਹਨ। ਜਦੋਂ ਨਵੀਂ ਪੰਚਾਇਤ ਸਰਬਸੰਮਤੀ ਨਾਲ ਚੁਣੀ ਜਾਂਦੀ ਹੈ ਤਾਂ ਸਮੁੱਚਾ ਪਿੰਡ ਚਾਹ ਪਾਰਟੀ 'ਤੇ ਇਕੱਠਾ ਹੁੰਦਾ ਹੈ। ਜਦੋਂ ਪਿੰਡ ਦੇ ਲੋਕਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸਿਆਸਤਦਾਨਾਂ ਨੇ ਕਦੇ ਵੀ ਪਿੰਡ ਨੂੰ ਸ਼ਾਬਾਸ਼ ਨਹੀਂ ਦਿੱਤੀ ਹੈ। ਪਿੰਡ ਨੱਗਲ ਗੜ੍ਹੀਆਂ ਦੀ ਇਸ ਪ੍ਰਾਪਤੀ ਵਜੋਂ ਪਿੰਡ ਦੀ ਪੰਚਾਇਤ ਨੂੰ ਦੋ ਕੌਮੀ ਐਵਾਰਡ ਮਿਲ ਚੁੱਕੇ ਹਨ ਅਤੇ ਇੱਕ ਸਟੇਟ ਪੁਰਸਕਾਰ ਮਿਲ ਚੁੱਕਾ ਹੈ। ਸਮੁੱਚੇ ਪਿੰਡ ਵਿਚ ਸੀਵਰੇਜ ਪਿਆ ਹੋਇਆ ਹੈ ਅਤੇ ਹਾਲੇ ਵੀ ਵਿਕਾਸ ਦੇ ਕੰਮ ਚੱਲ ਰਹੇ ਹਨ।




## ਦਿੱਲੀ ਪੁਲਿਸ ਵੱਲੋਂ ਅੰਮ੍ਰਿਤਸਰ ਤੋਂ 10 ਕਰੋੜ ਰੁਪਏ ਦੀ ਕੋਕੀਨ ਬਰਾਮਦ

**ਨਵੀਂ ਦਿੱਲੀ:** ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਤਕਰੀਬਨ 5600 ਕਰੋੜ ਰੁਪਏ ਦੇ ਨਸ਼ੀਲੇ ਪਦਾਰਥਾਂ ਦੀ ਜ਼ਬਤੀ ਦੇ ਮਾਮਲੇ ਦੀ ਜਾਂਚ ਦੇ ਸਿਲਸਿਲੇ 'ਚ ਪੰਜਾਬ ਦੇ ਅੰਮ੍ਰਿਤਸਰ ਤੋਂ 10 ਕਰੋੜ ਰੁਪਏ ਦੀ ਕੋਕੀਨ ਬਰਾਮਦ ਕਰਕੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਮੁਲਜ਼ਮ ਦੇਸ਼ ਛੱਡ ਕੇ ਭੱਜਣ ਦੀ ਫਿਰਾਕ 'ਚ ਸੀ। ਅੰਮ੍ਰਿਤਸਰ ਦੇ ਇਕ ਪਿੰਡ 'ਚ ਛਾਪੇ ਦੌਰਾਨ ਉਸ ਤੋਂ ਇਕ ਟੋਇਟਾ ਫਾਰਚੂਨਰ ਕਾਰ ਵੀ ਬਰਾਮਦ ਕੀਤੀ ਗਈ। ਅਧਿਕਾਰੀਆਂ ਨੇ ਦੱਸਿਆ ਕਿ ਦੋ ਅਕਤੂਬਰ ਨੂੰ ਦਿੱਲੀ ਪੁਲਿਸ ਨੇ ਸ਼ਹਿਰ 'ਚ ਨਸ਼ੀਲੇ ਪਦਾਰਥਾਂ ਦੀ ਸਭ ਤੋਂ ਵੱਡੀ ਖੇਪ ਫੜੀ ਜਿਸ 'ਚ 560 ਕਿਲੋ ਕੋਕੀਨ ਤੇ 40 ਕਿਲੋ ਹਾਈਡਰੋਪੋਨਿਕ ਮੈਰੀਜੁਆਨਾ ਜ਼ਬਤ ਕੀਤਾ ਗਿਆ। ਇਸ ਦੀ ਅਨੁਮਾਨਤ ਕੀਮਤ ਤਕਰੀਬਨ 5,620 ਕਰੋੜ ਰੁਪਏ ਹੈ। ਉਨ੍ਹਾਂ ਦੱਸਿਆ ਕਿ ਦਿੱਲੀ ਪੁਲਿਸ ਨੇ ਦੱਖਣੀ ਦਿੱਲੀ ਦੇ ਮਹੀਪਾਲਪੁਰ ਤੋਂ ਚਾਰ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ 602 ਕਿਲੋਗ੍ਰਾਮ ਤੋਂ ਵੱਧ ਵਜ਼ਨ ਦੀ ਨਸ਼ੀਲੇ ਪਦਾਰਥਾਂ ਦੀ ਖੇਪ ਜ਼ਬਤ ਕੀਤੀ।



# ਪੰਚਾਇਤ ਚੋਣਾਂ: ਸਰਪੰਚੀ ਦੇ ਚਾਹਵਾਨਾਂ ਨੇ ਤੋੜੇ ਪੁਰਾਣੇ ਰਿਕਾਰਡ




**ਚੰਡੀਗੜ੍ਹ:** ਪੰਜਾਬ ਦੇ ਪੰਚਾਇਤ ਚੋਣਾਂ ਦੇ ਪਿੜ 'ਚ ਕੁੱਦੇ ਉਮੀਦਵਾਰਾਂ ਨੇ ਪੁਰਾਣੇ ਰਿਕਾਰਡ ਤੋੜ ਦਿੱਤੇ ਹਨ। ਐਤਕੀਂ ਪਹਿਲੀ ਵਾਰ ਪੰਚਾਇਤ ਚੋਣਾਂ ਵਿਚ ਤਿੰਨ ਸਿਆਸੀ ਧਿਰਾਂ ਸਰਗਰਮ ਹਨ। ਸੱਤਾਧਾਰੀ ਧਿਰ ਆਮ ਆਦਮੀ ਪਾਰਟੀ ਨੂੰ ਪਹਿਲੀ ਵਾਰ ਆਪਣੀ ਹਕੂਮਤ ਦੌਰਾਨ ਪੰਚਾਇਤ ਚੋਣਾਂ ਲੜਨ ਦਾ ਮੌਕਾ ਮਿਲਿਆ ਹੈ। ਭਾਵੇਂ ਕਿ ਉਮੀਦਵਾਰ ਪਾਰਟੀ ਚੋਣ ਨਿਸ਼ਾਨ 'ਤੇ ਚੋਣ ਨਹੀਂ ਲੜ ਸਕਣਗੇ, ਪਰ ਆਪ, ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਪੰਚਾਇਤ ਚੋਣਾਂ ਵਿਚ ਪੂਰਾ ਤਾਣ ਲਾ ਰਿਹਾ ਹੈ।

ਪੰਚਾਇਤ ਚੋਣਾਂ ਲਈ ਨਾਮਜ਼ਦਗੀਆਂ ਦੀ ਪੜਤਾਲ ਦਾ ਕੰਮ ਮੁਕੰਮਲ ਹੋ ਗਿਆ ਹੈ। ਹਾਲਾਂਕਿ, ਨਾਮਜ਼ਦਗੀ ਨੂੰ ਲੈ ਕੇ ਕਾਫੀ ਟਕਰਾਅ ਵਾਲਾ ਮਾਹੌਲ ਬਣਿਆ ਰਿਹਾ। ਰਾਜ ਚੋਣ ਕਮਿਸ਼ਨ ਨੇ ਨਾਮਜ਼ਦਗੀਆਂ ਦਾ ਵੇਰਵਾ ਜਾਰੀ ਕੀਤਾ ਹੈ, ਉਸ ਤੋਂ ਪੰਚਾਇਤੀ ਚੋਣਾਂ ਦਿਲਚਸਪ ਨਜ਼ਰ ਆ ਰਹੀਆਂ ਹਨ।

ਰਾਜ ਚੋਣ ਕਮਿਸ਼ਨ ਅਨੁਸਾਰ ਪੰਜਾਬ ਵਿਚ 13,229 ਪੰਚਾਇਤਾਂ ਲਈ ਸਰਪੰਚੀ ਦੇ ਅਹੁਦੇ ਲਈ 52,825 ਉਮੀਦਵਾਰਾਂ ਨੇ ਕਾਗਜ਼ ਦਾਖਲ ਕੀਤੇ ਹਨ ਜਦਕਿ ਸਾਲ 2018 ਦੀਆਂ ਪੰਚਾਇਤੀ ਚੋਣਾਂ ਮੌਕੇ ਸਰਪੰਚੀ ਦੇ ਅਹੁਦੇ ਲਈ 49,261 ਉਮੀਦਵਾਰ ਸਾਹਮਣੇ ਆਏ ਸਨ। ਮਤਲਬ ਸਾਫ ਹੈ ਕਿ ਐਤਕੀਂ ਸਰਪੰਚੀ ਵਾਸਤੇ ਉਮੀਦਵਾਰਾਂ ਦਾ ਅੰਕੜਾ ਵਧਿਆ ਹੈ। ਇਸੇ ਤਰ੍ਹਾਂ ਆਖਰੀ ਦਿਨ ਤੱਕ ਪੰਚ ਦੇ ਅਹੁਦੇ ਲਈ 1,66,338 ਉਮੀਦਵਾਰਾਂ ਨੇ ਨਾਮਜ਼ਦਗੀਆਂ ਭਰੀਆਂ ਹਨ ਜਦਕਿ ਸਾਲ 2018 ਵਿਚ 1,65,453 ਉਮੀਦਵਾਰ ਮੈਦਾਨ ਵਿਚ ਆਏ ਸਨ। ਸਰਪੰਚੀ ਤੇ ਪੰਚੀ ਵਾਸਤੇ ਉਮੀਦਵਾਰ ਇਸ ਵਾਰ ਜ਼ਿਆਦਾ ਪੱਬਾਂ ਭਾਰ ਨਜ਼ਰ ਆ ਰਹੇ ਹਨ। ਹਾਲਾਂਕਿ, ਵਿਰੋਧੀ ਧਿਰਾਂ ਦੇ ਉਮੀਦਵਾਰਾਂ ਨੇ ਕਈ ਥਾਵਾਂ 'ਤੇ ਕਾਗਜ਼ ਦਾਖਲ ਹੀ ਨਹੀਂ ਕੀਤੇ ਹਨ।

ਪੰਜਾਬ ਵਿਚ ਇਕ ਪੰਚਾਇਤ ਪਿੱਛੇ ਸਰਪੰਚੀ ਲਈ ਔਸਤ ਚਾਰ ਉਮੀਦਵਾਰ ਮੈਦਾਨ ਵਿਚ ਹਨ। ਪੰਜਾਬ ਭਰ 'ਚੋਂ ਸਭ ਤੋਂ ਵੱਧ ਜ਼ਿਲ੍ਹਾ ਹੁਸ਼ਿਆਰਪੁਰ ਵਿਚ 1405 ਪੰਚਾਇਤਾਂ ਹਨ, ਜਿਨ੍ਹਾਂ ਦੀ ਸਰਪੰਚੀ ਦੇ ਅਹੁਦੇ ਲਈ 4,419 ਅਤੇ ਪੰਚੀ ਵਾਸਤੇ 12,767 ਉਮੀਦਵਾਰਾਂ ਨੇ ਕਾਗਜ਼ ਦਾਖਲ ਕੀਤੇ ਹਨ। ਗੁਰਦਾਸਪੁਰ ਦੀਆਂ 1,279 ਪੰਚਾਇਤਾਂ ਲਈ ਸਰਪੰਚੀ ਵਾਸਤੇ 5,319 ਅਤੇ ਪੰਚ ਦੇ ਅਹੁਦੇ ਲਈ 17,484 ਉਮੀਦਵਾਰ ਸਾਹਮਣੇ ਆਏ ਹਨ। ਪਟਿਆਲਾ ਜ਼ਿਲ੍ਹੇ ਦੀਆਂ 1022 ਪੰਚਾਇਤਾਂ ਦੀ ਚੋਣ 'ਚ ਸਰਪੰਚੀ ਲਈ 4,296 ਅਤੇ ਪੰਚ ਦੇ ਅਹੁਦੇ ਲਈ 11,688 ਉਮੀਦਵਾਰਾਂ ਨੇ ਰੁਚੀ ਦਿਖਾਈ ਹੈ। ਇਸੇ ਤਰ੍ਹਾਂ ਲੁਧਿਆਣਾ ਜ਼ਿਲ੍ਹੇ ਦੀਆਂ 941 ਪੰਚਾਇਤਾਂ ਲਈ 3,753 ਸਰਪੰਚੀ ਵਾਸਤੇ ਅਤੇ 13,192 ਪੰਚ ਦੇ ਅਹੁਦੇ ਲਈ ਉਮੀਦਵਾਰ ਹਨ। ਸਭ ਤੋਂ ਘੱਟ ਜ਼ਿਲ੍ਹਾ ਬਰਨਾਲਾ ਵਿਚ 175 ਪੰਚਾਇਤਾਂ ਹਨ ਜਿਨ੍ਹਾਂ ਦੀ ਸਰਪੰਚੀ ਵਾਸਤੇ 774 ਉਮੀਦਵਾਰ ਅਤੇ ਪੰਚ ਦੇ ਅਹੁਦੇ ਲਈ 2,297 ਉਮੀਦਵਾਰਾਂ ਨੇ ਕਾਗਜ਼ ਭਰੇ ਹਨ।

### ਧਾਂਦਲੀਆਂ ਜ਼ੋਰਾਂ ਉਤੇ: ਡਾ. ਧਰਮਵੀਰ ਗਾਂਧੀ

**ਪਟਿਆਲਾ:** ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਸੱਤਾਧਾਰੀ ਆਮ ਆਦਮੀ ਪਾਰਟੀ 'ਤੇ ਪੰਚਾਇਤੀ ਚੋਣਾਂ ਵਿਚ ਧਾਂਦਲੀਆਂ ਦੇ ਦੋਸ਼ ਲਾਉਂਦਿਆਂ ਪੰਜਾਬ ਰਾਜ ਚੋਣ ਅਧਿਕਾਰੀ ਅਤੇ ਭਾਰਤ ਦੇ ਚੋਣ ਕਮਿਸ਼ਨ ਤੋਂ ਜ਼ਿੰਮੇਵਾਰ ਅਧਿਕਾਰੀਆਂ ਅਤੇ ਸੱਤਾਧਾਰੀ ਧਿਰ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇ ਅਜਿਹਾ ਨਾ ਹੋਇਆ ਤਾਂ ਕਾਂਗਰਸ ਵੱਲੋਂ ਅੰਦੋਲਨ ਸ਼ੁਰੂ ਕੀਤਾ ਜਾਵੇਗਾ। ਡਾ. ਗਾਂਧੀ ਨੇ ਕਿਹਾ ਕਿ ਨਾਮਜ਼ਦਗੀਆਂ ਭਰਨ ਆਏ ਉਮੀਦਵਾਰਾਂ ਦੇ ਕਾਗਜ਼ ਪਾੜੇ ਜਾ ਰਹੇ ਹਨ ਅਤੇ ਬਿਨਾਂ ਕਾਰਨ ਹੀ ਵਿਰੋਧੀਆਂ ਦੇ ਕਾਗਜ਼ ਰੱਦ ਕਰਵਾਏ ਜਾ ਰਹੇ ਹਨ।

## ਪੈਟਰੋਲ ਦੀ ਬੋਤਲ ਲੈ ਕੇ ਟੈਂਕੀ 'ਤੇ ਚੜ੍ਹਿਆ ਸਰਪੰਚੀ ਦਾ ਦਾਅਵੇਦਾਰ

**ਮਹਿਲ ਕਲਾਂ:** ਹਲਕੇ ਦੇ ਪਿੰਡ ਚੀਮਾ 'ਚ ਸਰਪੰਚੀ ਦਾ ਦਾਅਵੇਦਾਰ ਨਾਮਜ਼ਦਗੀ ਪੱਤਰ ਰੱਦ ਹੋਣ ਦੇ ਰੋਸ ਵਜੋਂ ਪੈਟਰੋਲ ਦੀ ਬੋਤਲ ਲੈ ਕੇ ਪਾਣੀ ਵਾਲੀ ਟੈਂਕੀ ਉੱਪਰ ਚੜ੍ਹ ਗਿਆ ਜਦਕਿ ਉਸ ਦੇ ਸਮਰਥਕਾਂ ਵੱਲੋਂ ਟੈਂਕੀ ਹੇਠਾਂ ਸਰਕਾਰ ਤੇ ਪ੍ਰਸ਼ਾਸਨ ਵਿਰੁੱਧ ਨਾਅਰੇਬਾਜ਼ੀ ਕਰ ਕੇ ਧਰਨਾ ਦਿੱਤਾ ਗਿਆ। ਟੈਂਕੀ 'ਤੇ ਚੜ੍ਹੇ ਨਿਰੰਜਣ ਸਿੰਘ ਨੇ ਦੱਸਿਆ ਕਿ ਉਹ ਮੌਜੂਦਾ ਬਲਾਕ ਸਮਿਤੀ ਮੈਂਬਰ ਹੈ। ਇਸ ਤੋਂ ਪਹਿਲਾਂ ਉਹ ਤਿੰਨ ਵਾਰ ਚੋਣ ਲੜ ਚੁੱਕਿਆ ਹੈ। ਉਸ ਨੇ ਆਪਣੀ ਐਨ.ਓ.ਸੀ. ਕਲੀਅਰ ਕਰਨ ਤੋਂ ਬਾਅਦ ਸਰਪੰਚੀ ਲਈ ਨਾਮਜ਼ਦਗੀ ਪੱਤਰ ਦਾਖਲ ਕੀਤੇ ਸਨ ਪਰ ਬੀ.ਡੀ.ਪੀ.ਓ. ਦਫ਼ਤਰ ਸ਼ਹਿਣਾ 'ਚ ਹਲਫ਼ੀਆ ਬਿਆਨ ਲੈਣ ਤੋਂ ਬਾਅਦ ਵੀ ਅਧਿਕਾਰੀਆਂ ਨੇ ਉਸ ਦੀ ਨਾਮਜ਼ਦਗੀ ਰੱਦ ਦਿੱਤੀ। ਉਨ੍ਹਾਂ ਦੱਸਿਆ ਕਿ ਪੰਚਾਇਤੀ ਜ਼ਮੀਨ ਉੱਪਰ ਕਬਜ਼ੇ ਨੂੰ ਨਾਮਜ਼ਦਗੀ ਰੱਦ ਹੋਣ ਦਾ ਕਾਰਨ ਦੱਸਿਆ ਗਿਆ ਹੈ, ਜੋ ਸਰਾਸਰ ਗਲਤ ਹੈ।

# ਅਕਾਲੀ ਦਲ ਵੱਲੋਂ ਨਾਮਜ਼ਦਗੀਆਂ ਰੋਕਣ ਖਿਲਾਫ ਕਾਨੂੰਨੀ ਲੜਾਈ ਦਾ ਐਲਾਨ



**ਚੰਡੀਗੜ੍ਹ:** ਪੰਜਾਬ ਵਿਚ 15 ਅਕਤੂਬਰ ਨੂੰ ਹੋਣ ਵਾਲੀਆਂ ਪੰਚਾਇਤੀ ਚੋਣਾਂ ਲਈ ਨਾਮਜ਼ਦਗੀਆਂ ਦਾਖਲ ਕਰਨ ਸਮੇਂ ਸੂਬੇ ਵਿਚ ਵੱਖ-ਵੱਖ ਥਾਵਾਂ 'ਤੇ ਹਿੰਸਕ ਘਟਨਾਵਾਂ ਵਾਪਰੀਆਂ। ਪੰਚਾਇਤੀ ਚੋਣਾਂ ਸਬੰਧੀ ਨਾਮਜ਼ਦਗੀਆਂ ਦਾਖਲ ਕਰਨ ਨੂੰ ਲੈ ਕੇ ਸੱਤਾਧਾਰੀ ਧਿਰ ਤੇ ਵਿਰੋਧੀ ਧਿਰ ਆਹਮੋ-ਸਾਹਮਣੇ ਹਨ।

ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਸੱਤਾਧਾਰੀ ਧਿਰ 'ਤੇ ਦੋਸ਼ ਲਾਏ ਸਨ ਕਿ ਉਨ੍ਹਾਂ ਦੀ ਪਾਰਟੀ ਨਾਲ ਸਬੰਧਤ ਉਮੀਦਵਾਰਾਂ ਨੂੰ ਨਾਮਜ਼ਦਗੀ ਪੱਤਰ ਦਾਖਲ ਨਹੀਂ ਕਰਨ ਦਿੱਤੇ ਗਏ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਰੋਕਣ ਜਾਂ ਧੱਕੇ ਨਾਲ ਰੱਦ ਕਰਨ ਵਿਰੁੱਧ ਕਾਨੂੰਨੀ ਲੜਾਈ ਲੜਨ ਦਾ ਐਲਾਨ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਨਾਮਜ਼ਦਗੀ ਪੱਤਰ ਦਾਖਲ ਕਰਨ ਵਿਚ ਨਾਕਾਮ ਰਹਿਣ ਵਾਲੇ ਉਮੀਦਵਾਰਾਂ ਨੂੰ ਆਪਣੇ ਕਾਗਜ਼ ਅਤੇ ਸੱਤਾਧਾਰੀਆਂ ਵੱਲੋਂ ਕੀਤੀ ਗਈ ਧੱਕੇਸ਼ਾਹੀ ਦੇ ਸਬੂਤ ਲੈ ਕੇ ਚੰਡੀਗੜ੍ਹ ਦੇ ਸੈਕਟਰ-28 ਸਥਿਤ ਪਾਰਟੀ ਦਫ਼ਤਰ ਪਹੁੰਚਣ ਦੀ ਅਪੀਲ ਕੀਤੀ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪਾਰਟੀ ਨੇ ਇਕ ਉੱਚ ਪੱਧਰੀ ਲੀਗਲ ਟੀਮ ਦਾ ਗਠਨ ਕੀਤਾ ਹੈ ਜੋ ਇਸ ਧੱਕੇਸ਼ਾਹੀ ਖ਼ਿਲਾਫ਼ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਕਾਨੂੰਨੀ ਲੜਾਈ ਲੜੇਗੀ।

ਇਸੇ ਦੌਰਾਨ ਆਮ ਆਦਮੀ ਪਾਰਟੀ (ਆਪ) ਆਗੂ ਤੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਪੰਜਾਬ ਸਰਕਾਰ ਪੰਚਾਇਤੀ ਚੋਣਾਂ ਨੂੰ ਪਾਰਦਰਸ਼ੀ ਤੇ ਨਿਰਪੱਖ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪੰਚਾਇਤੀ ਚੋਣਾਂ ਦੌਰਾਨ ਸਾਲ 2018 ਦੇ ਮੁਕਾਬਲੇ 2024 ਵਿਚ ਵਾਧੂ ਨਾਮਜ਼ਦਗੀਆਂ ਦਾਖਲ ਹੋਈਆਂ। ਸਾਲ 2018 ਵਿੱਚ ਕਾਂਗਰਸ ਦੀ ਸਰਕਾਰ ਸਮੇਂ ਸਰਪੰਚ ਦੇ ਅਹੁਦੇ ਲਈ 48,111 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਸਨ, ਜਦਕਿ ਮੌਜੂਦਾ ਵਰ੍ਹੇ 'ਆਪ' ਦੇ ਸ਼ਾਸਨ 'ਚ ਇਹ ਗਿਣਤੀ ਵਧ ਕੇ 52,825 ਹੋ ਗਈ ਹੈ।

# ਵਿਧਾਇਕਾ ਦੇ ਪਿੰਡ 'ਚ ਸਿਰਫ 'ਆਪ' ਉਮੀਦਵਾਰ ਦੀ ਨਾਮਜ਼ਦਗੀ ਮਨਜ਼ੂਰ

**ਤਲਵੰਡੀ ਸਾਬੋ:** ਪ੍ਰਸ਼ਾਸਨ ਵੱਲੋਂ ਪੰਚਾਇਤੀ ਚੋਣਾਂ ਲਈ ਉਮੀਦਵਾਰਾਂ ਦੀ ਜਾਰੀ ਸੂਚੀ ਅਨੁਸਾਰ ਬਲਾਕ ਤਲਵੰਡੀ ਸਾਬੋ ਦੇ ਪਿੰਡ ਜਗਾ ਰਾਮ ਤੀਰਥ ਵਿਚ 'ਆਪ' ਪੱਖੀ ਸਰਪੰਚੀ ਦੇ ਉਮੀਦਵਾਰ ਨੂੰ ਛੱਡ ਕੇ ਬਾਕੀ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਰੱਦ ਹੋ ਗਏ।

ਨਾਮਜ਼ਦਗੀ ਪੱਤਰ ਰੱਦ ਹੋਣ ਤੋਂ ਰੋਹ 'ਚ ਆਏ ਉਮੀਦਵਾਰਾਂ ਦੇ ਸਮਰਥਕਾਂ ਨੇ ਤਲਵੰਡੀ ਸਾਬੋ-ਮਾਨਸਾ-ਸਰਦੂਲਗੜ੍ਹ ਹਾਈਵੇਅ ਜਾਮ ਕਰ ਕੇ ਪੰਜਾਬ ਸਰਕਾਰ ਅਤੇ ਵਿਧਾਇਕਾ ਪ੍ਰੋਫੈਸਰ ਬਲਜਿੰਦਰ ਕੌਰ ਖ਼ਿਲਾਫ਼ ਪ੍ਰਦਰਸ਼ਨ ਕੀਤਾ।

ਜ਼ਿਕਰਯੋਗ ਹੈ ਕਿ ਪਿੰਡ ਜਗਾ ਰਾਮ ਤੀਰਥ ਹਲਕਾ ਵਿਧਾਇਕਾ ਪ੍ਰੋਫੈਸਰ ਬਲਜਿੰਦਰ ਕੌਰ ਦਾ ਪਿੰਡ ਹੈ ਜਿੱਥੋਂ ਸਰਪੰਚੀ (ਜਨਰਲ ਔਰਤ) ਲਈ ਕਵਰਿੰਗ ਉਮੀਦਵਾਰਾਂ ਸਮੇਤ ਕੁੱਲ ਪੰਜ ਨਾਮਜ਼ਦਗੀਆਂ ਭਰੀਆਂ ਗਈਆਂ ਸਨ। ਕਾਗਜ਼ਾਂ ਦੀ ਜਾਂਚ ਮਗਰੋਂ ਪ੍ਰਸ਼ਾਸਨ ਵੱਲੋਂ ਜਦੋਂ ਯੋਗ ਤੇ ਅਯੋਗ ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ ਗਈ ਤਾਂ ਉਸ ਮੁਤਾਬਕ ਉਕਤ ਪਿੰਡ 'ਚ 'ਆਪ' ਪੱਖੀ ਉਮੀਦਵਾਰ ਨੂੰ ਛੱਡ ਕੇ ਬਾਕੀ ਸਾਰੇ ਉਮੀਦਵਾਰਾਂ ਦੇ ਨਾਮਜ਼ਦਗੀ ਕਾਗਜ਼ ਰੱਦ ਹੋ ਗਏ। ਇਸੇ ਰੋਹ ਵਿਚ ਅਯੋਗ ਕਰਾਰ ਦਿੱਤੇ ਉਮੀਦਵਾਰਾਂ ਨੇ ਸਾਬਕਾ ਸਰਪੰਚ ਮੇਜਰ ਸਿੰਘ ਅਤੇ ਬਿੱਟੂ ਸੰਧੂ ਦੀ ਅਗਵਾਈ ਹੇਠ ਤਲਵੰਡੀ ਸਾਬੋ-ਮਾਨਸਾ-ਸਰਦੂਲਗੜ੍ਹ ਹਾਈਵੇਅ ਜਾਮ ਕਰ ਦਿੱਤਾ। ਇਸ ਦੌਰਾਨ ਉਨ੍ਹਾਂ ਪੰਜਾਬ ਸਰਕਾਰ ਦੇ ਨਾਲ-ਨਾਲ ਵਿਧਾਇਕਾ ਖਿਲਾਫ਼ ਵੀ ਨਾਅਰੇਬਾਜ਼ੀ ਕੀਤੀ।

# ਵਿਸ਼ੇਸ਼ ਸਿਖਲਾਈ ਲਈ 50 ਮੁੱਖ ਅਧਿਆਪਕ ਅਹਿਮਦਾਬਾਦ ਪੁੱਜੇ

**ਮੁਹਾਲੀ:** ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡੇ ਤੋਂ ਆਈ.ਆਈ.ਐਮ. ਅਹਿਮਦਾਬਾਦ ਵਿਚ ਟਰੇਨਿੰਗ ਲਈ ਜਾਣ ਵਾਲੇ 50 ਹੈੱਡ ਮਾਸਟਰਾਂ ਦੇ ਤੀਜੇ ਬੈਚ ਨੂੰ ਰਵਾਨਾ ਕੀਤਾ। ਇਸ ਮੌਕੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਹੈੱਡਮਾਸਟਰਾਂ ਦੇ ਤੀਜੇ ਬੈਚ ਨੂੰ ਵਿਸ਼ੇਸ਼ ਟਰੇਨਿੰਗ ਲਈ ਆਈ.ਆਈ.ਐਮ. ਅਹਿਮਦਾਬਾਦ ਭੇਜਿਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਆਈ.ਆਈ.ਐਮ. ਅਹਿਮਦਾਬਾਦ ਦੁਨੀਆਂ ਭਰ ਵਿਚ ਮੈਨੇਜਮੈਂਟ ਦੀ ਟਰੇਨਿੰਗ ਲਈ ਪ੍ਰਸਿੱਧ ਹੈ। ਇਸ ਤੋਂ ਪਹਿਲਾਂ ਪੰਜਾਬ ਸਰਕਾਰ 202 ਪ੍ਰਿੰਸੀਪਲਾਂ ਨੂੰ ਸਿੰਗਾਪੁਰ ਦੀ ਸਿੱਖਿਆ ਸੰਸਥਾ ਤੋਂ ਟਰੇਨਿੰਗ ਕਰਵਾ ਚੁੱਕੀ ਹੈ ਅਤੇ 100 ਹੈੱਡਮਾਸਟਰਾਂ ਨੂੰ ਆਈ.ਆਈ.ਐਮ. ਅਹਿਮਦਾਬਾਦ ਤੋਂ ਟਰੇਨਿੰਗ ਦੁਆਈ ਜਾ ਚੁੱਕੀ ਹੈ। ਸਕੂਲੀ ਸਿੱਖਿਆ ਵਿਚ ਸੁਧਾਰ ਅਤੇ ਵਿਦਿਆਰਥੀਆਂ ਨੂੰ ਭਵਿੱਖ ਦੀਆਂ ਚੁਣੌਤੀਆਂ ਦਾ ਟਾਕਰਾ ਕਰਨ ਅਤੇ ਪਾਠਕ੍ਰਮ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਯਤਨ ਜਾਰੀ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਸਰਕਾਰੀ ਸਕੂਲਾਂ ਦੇ ਨਤੀਜਿਆਂ ਵਿਚ ਪਹਿਲਾਂ ਨਾਲੋਂ ਵਧੇਰੇ ਸੁਧਾਰ ਆਵੇਗਾ ਅਤੇ ਗੁਆਂਢੀ ਸੂਬਿਆਂ ਦੇ ਲੋਕ ਵੀ ਆਪਣੇ ਬੱਚਿਆਂ ਨੂੰ ਮਿਆਰੀ ਸਿੱਖਿਆ ਦਿਵਾਉਣ ਲਈ ਪੰਜਾਬ ਦੇ ਸਰਕਾਰੀ ਸਕੂਲਾਂ ਵੱਲ ਭੇਜਣਗੇ।

# 'ਆਪ' ਦੇ ਰਾਜ ਸਭਾ ਮੈਂਬਰ ਤੇ ਸਾਬਕਾ ਮੰਤਰੀ ਆਸ਼ੂ ਦੇ ਕਰੀਬੀ ਦੇ ਘਰਾਂ 'ਤੇ ਈ.ਡੀ ਦੀ ਛਾਪੇਮਾਰੀ




**ਲੁਧਿਆਣਾ:** ਈ.ਡੀ. ਦੀ ਟੀਮ ਨੇ ਲੁਧਿਆਣਾ ਤੋਂ 'ਆਪ' ਦੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਅਤੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੇ ਨਜ਼ਦੀਕੀ ਮੰਨੇ ਜਾਂਦੇ ਕਾਰੋਬਾਰੀ ਹੇਮੰਤ ਸੂਦ ਦੇ ਦਫ਼ਤਰਾਂ ਅਤੇ ਘਰਾਂ ਵਿਚ ਛਾਪੇਮਾਰੀ ਕੀਤੀ। ਹੇਮੰਤ ਸੂਦ ਆਸ਼ੂ ਦੇ ਕਾਫ਼ੀ ਕਰੀਬੀ ਹਨ। ਇਸ ਮਾਮਲੇ ਵਿਚ ਹੁਣ ਤੱਕ ਮਿਲੀ ਜਾਣਕਾਰੀ ਮੁਤਾਬਕ ਦੋਵਾਂ ਦੇ ਖਾਤਿਆਂ ਵਿਚ ਵਿਦੇਸ਼ੀ ਲੈਣ-ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਵਿਚ ਕੋਈ ਵੀ ਈਡੀ ਅਧਿਕਾਰੀ ਕੁਝ ਦੱਸਣ ਲਈ ਤਿਆਰ ਨਹੀਂ ਹਨ।

ਈ.ਡੀ. ਨੇ ਹੈਪਟਨਸ ਹੋਮ ਦੇ ਮਾਲਕ ਤੇ 'ਆਪ' ਦੇ ਸੰਸਦ ਮੈਂਬਰ ਸੰਜੀਵ ਅਰੋੜਾ ਦੀਆਂ ਕਈ ਪ੍ਰਾਪਰਟੀਆਂ ਦੇ ਰਿਕਾਰਡ ਨੂੰ ਵੀ ਕਬਜ਼ੇ ਵਿਚ ਲਿਆ ਹੈ। ਦੱਸ ਦਈਏ ਕਿ ਸਾਬਕਾ ਮੰਤਰੀ ਆਸ਼ੂ ਨੂੰ ਈਡੀ ਨੇ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਹੋਇਆ ਹੈ। ਇਸ ਤੋਂ ਪਹਿਲਾਂ ਵਿਜੀਲੈਂਸ ਵੱਲੋਂ ਕੀਤੀ ਗਈ ਭਾਰਤ ਭੂਸ਼ਣ ਆਸ਼ੂ ਦੀ ਗ੍ਰਿਫ਼ਤਾਰੀ ਦੌਰਾਨ ਵੀ ਹੇਮੰਤ ਸੂਦ ਨੂੰ ਕਈ ਵਾਰ ਪੁੱਛਗਿੱਛ ਲਈ ਬੁਲਾਇਆ ਗਿਆ ਸੀ।

# ਕਾਂਗਰਸ ਜ਼ਿਲ੍ਹਾ ਪ੍ਰਧਾਨ 'ਤੇ ਪਤੀ ਨੂੰ ਬੰਦੀ ਬਣਾਉਣ ਦੇ ਦੋਸ਼

**ਬੱਲੂਆਣਾ:** ਬਿਜਲੀ ਬੋਰਡ ਦੇ ਸਾਬਕਾ ਐਸ.ਡੀ.ਓ. ਨੂੰ ਉਸ ਦੀ ਪਤਨੀ ਵੱਲੋਂ 24 ਘੰਟੇ ਤੱਕ ਘਰ ਦੇ ਅੰਦਰ ਕਥਿਤ ਤੌਰ 'ਤੇ ਕੈਦ ਕਰ ਕੇ ਰੱਖਣ ਦਾ ਮਾਮਲਾ ਸਾਹਮਣੇ ਆਇਆ ਹੈ। ਜ਼ਿਕਰਯੋਗ ਹੈ ਕਿ ਰਾਤ ਕਰੀਬ 11 ਵਜੇ ਪੁਲਿਸ ਨੂੰ ਸ਼ਾਮ ਲਾਲ ਸੋਲੰਕੀ ਨੇ ਫੋਨ ਕਰਕੇ ਇਤਲਾਹ ਦਿੱਤੀ ਕਿ ਉਸ ਦੀ ਪਤਨੀ ਨੇ ਉਸ ਨੂੰ ਅਬੋਹਰ ਦੀ ਸੀਤੋ ਰੋਡ ਸਥਿਤ ਆਪਣੀ ਕੋਠੀ ਦੇ ਇਕ ਕਮਰੇ ਵਿਚ ਬੰਦ ਕਰਕੇ ਬਾਹਰੋਂ ਜਿੰਦਰਾ ਲਗਾ ਦਿੱਤਾ ਹੈ।

ਰਾਤ ਨੂੰ ਘਰ ਦੇ ਕਮਰੇ ਵਿਚ ਕੈਦ ਹੋਣ ਉਪਰੰਤ ਸ਼ਾਮ ਲਾਲ ਨੇ ਆਪਣੇ ਕਈ ਜਾਣਕਾਰਾਂ ਨੂੰ ਫੋਨ ਕੀਤੇ ਪਰ ਪਤੀ-ਪਤਨੀ ਦੇ ਮਾਮਲੇ ਵਿਚ ਕੋਈ ਨਾ ਪਿਆ। ਜ਼ਿਕਰਯੋਗ ਹੈ ਕਿ ਸ਼ਾਮ ਲਾਲ ਦੀ ਪਤਨੀ ਕਵਿਤਾ ਕਾਂਗਰਸ ਪਾਰਟੀ ਦੇ ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਹੈ। ਰਾਤ ਕਰੀਬ 11 ਵਜੇ ਪੁਲਿਸ ਪਾਰਟੀ ਕਵਿਤਾ ਦੇ ਘਰ ਪੁੱਜੀ ਤਾਂ ਪੁਲਿਸ ਦੀ ਮੌਜੂਦਗੀ ਵਿਚ ਉਸ ਦੀ ਪਤਨੀ ਨੇ ਕਮਰੇ ਨੂੰ ਲਗਾਇਆ ਤਾਲਾ ਖੋਲ੍ਹਿਆ ਅਤੇ ਪੁਲਿਸ ਸ਼ਾਮ ਲਾਲ ਨੂੰ ਆਪਣੇ ਨਾਲ ਲੈ ਕੇ ਸਰਕਾਰੀ ਹਸਪਤਾਲ ਪੁੱਜੀ, ਜਿੱਥੇ ਮੈਡੀਕਲ ਚੈੱਕਅਪ ਤੋਂ ਬਾਅਦ ਡਾਕਟਰਾਂ ਨੇ ਉਸ ਨੂੰ ਦਾਖ਼ਲ ਕਰ ਲਿਆ। ਸ਼ਾਮ ਲਾਲ ਦਾ ਕਹਿਣਾ ਹੈ ਕਿ ਉਸ ਦੀ ਪਤਨੀ ਉਸ ਨੂੰ ਤੰਗ ਕਰਦੀ ਹੈ ਤੇ ਉਸ ਦੀ ਕੁੱਟਮਾਰ ਵੀ ਕਰਦੀ ਹੈ।

ਇਧਰ, ਪੰਚਾਇਤ ਚੋਣਾਂ ਲਈ ਨਾਮਜ਼ਦਗੀਆਂ ਦੇ ਆਖਰੀ ਦਿਨ ਤਰਨ ਤਾਰਨ ਦੇ ਪਿੰਡ ਨੌਸ਼ਹਿਰਾ ਪੰਨੂਆਂ 'ਚ ਗੋਲੀ ਚੱਲਣ ਕਾਰਨ ਪੰਜ ਕਾਂਗਰਸੀ ਵਰਕਰ ਜ਼ਖ਼ਮੀ ਹੋ ਗਏ। ਇਸ ਦੇ ਨਾਲ ਹੀ ਜ਼ਿਲ੍ਹੇ 'ਚ ਕਈ ਥਾਵਾਂ 'ਤੇ ਨਾਮਜ਼ਦਗੀ ਪੇਪਰ ਦਾਖਲ ਕਰਨ ਆਏ ਵਿਰੋਧੀ ਧਿਰਾਂ ਦੇ ਉਮੀਦਵਾਰਾਂ ਤੋਂ ਫਾਈਲਾਂ ਖੋਹ ਕੇ ਪਾੜਨ ਦੀਆਂ ਵਾਰਦਾਤਾਂ ਸਾਹਮਣੇ ਆਈਆਂ ਹਨ। ਇਨ੍ਹਾਂ ਘਟਨਾਵਾਂ ਖ਼ਿਲਾਫ਼ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਪਾਰਟੀ ਦੇ ਹੋਰ ਆਗੂਆਂ ਨੇ ਇਥੇ ਡੀ.ਸੀ. ਪਰਮਵੀਰ ਸਿੰਘ ਤੇ ਐਸ.ਐਸ.ਪੀ. ਗੌਰਵ ਤੂਰਾ ਨੂੰ ਮਿਲ ਕੇ ਕਾਰਵਾਈ ਦੀ ਮੰਗ ਕੀਤੀ। ਇਸ ਮੌਕੇ ਨੌਸ਼ਹਿਰਾ ਪੰਨੂਆਂ 'ਚ ਜ਼ਖ਼ਮੀ ਹੋਏ ਵਿਅਕਤੀ ਵੀ ਮੌਜੂਦ ਸਨ। ਇਸ ਦੌਰਾਨ ਸੀ.ਪੀ.ਆਈ. (ਐੱਮ) ਕਾਰਕੁਨਾਂ ਨੇ ਚੀਮਾ ਕਲਾਂ ਦੀ ਇਕ ਐਸ.ਸੀ. ਮਹਿਲਾ ਉਮੀਦਵਾਰ ਦੀ ਨਾਮਜ਼ਦਗੀ ਫਾਈਲ 'ਆਪ' ਵਰਕਰਾਂ ਵੱਲੋਂ ਪਾੜਨ ਖ਼ਿਲਾਫ਼ ਥਾਣਾ ਅਮਾਨਤ ਖਾਂ ਸਾਹਮਣੇ ਧਰਨਾ ਵੀ ਦਿੱਤਾ।

# ਪੰਜਾਬ ਵਿਚ ਜੰਗ ਦਾ ਮੈਦਾਨ ਬਣੀਆਂ ਪੰਚਾਇਤੀ ਚੋਣਾਂ

**ਚੰਡੀਗੜ੍ਹ:** ਪੰਜਾਬ ਵਿਚ ਇਸ ਵਾਰ ਪੰਚਾਇਤੀ ਚੋਣਾਂ ਜੰਗ ਦਾ ਮੈਦਾਨ ਬਣੀਆਂ ਹੋਈਆਂ ਹਨ। ਨਾਮਜ਼ਦਗੀਆਂ ਭਰਨ ਮੌਕੇ ਗੋਲੀਆਂ, ਇੱਟਾਂ-ਰੋੜੇ ਚੱਲਣ ਅਤੇ ਕਾਗਜ਼ ਪਾੜਨ ਦੀਆਂ ਸੈਂਕੜ ਘਟਨਾਵਾਂ ਵਾਪਰੀਆਂ। ਪੰਚਾਇਤੀ ਚੋਣਾਂ ਲੜਨ ਦੇ ਚਾਹਵਾਨ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਪਾੜਨ ਖ਼ਿਲਾਫ਼ ਲੋਕਾਂ ਦਾ ਰੋਸ ਲਗਾਤਾਰ ਵਧਦਾ ਜਾ ਰਿਹਾ ਹੈ। ਇਸੇ ਤਹਿਤ ਜਲਾਲਾਬਾਦ ਦੇ ਬੱਤੀਆਂ ਵਾਲੇ ਚੌਕ ਵਿਚ ਕੌਮੀ ਮਾਰਗ ਜਾਮ ਕਰ ਕੇ ਪ੍ਰਦਰਸ਼ਨ ਕੀਤਾ ਗਿਆ।

ਜਲਾਲਾਬਾਦ ਵਿਚ ਨਾਮਜ਼ਦਗੀਆਂ ਦੇ ਆਖਰੀ ਦਿਨ ਸਥਿਤੀ ਉਸ ਵੇਲੇ ਬੇਕਾਬੂ ਹੋ ਗਈ, ਜਦੋਂ ਕੁਝ ਲੋਕਾਂ ਨੇ ਚੋਣ ਲੜਨ ਦੇ ਇੱਛੁਕ ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਵਾਲੀਆਂ ਫਾਈਲਾਂ ਖੋਹ ਕੇ ਪਾੜ ਦਿੱਤੀਆਂ। ਇਸ ਤੋਂ ਬਾਅਦ ਤਕਰਾਰ ਵਧ ਗਈ ਅਤੇ ਪੁਲਿਸ ਨੇ ਭੀੜ 'ਤੇ ਲਾਠੀਚਾਰਜ ਕੀਤਾ। ਪੀੜਤ ਲੋਕਾਂ ਨੇ ਕਿਹਾ ਕਿ ਉਹ ਇੰਨੇ ਦਿਨਾਂ ਤੋਂ ਫਾਈਲਾਂ ਜਮ੍ਹਾਂ ਕਰਵਾਉਣ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ ਪਰ ਪੁਲਿਸ ਦੇ ਸਾਹਮਣੇ ਫਾਈਲਾਂ ਪਾੜ ਦਿੱਤੀਆਂ ਗਈਆਂ ਤੇ ਇਹ ਸਭ ਕੁਝ ਕਥਿਤ 'ਆਪ' ਆਗੂਆਂ ਨੇ ਕਰਵਾਇਆ ਹੈ।

ਜ਼ਿਕਰਯੋਗ ਹੈ ਕਿ ਨਾਮਜ਼ਦਗੀਆਂ ਜਮ੍ਹਾਂ ਕਰਵਾਉਣ ਲਈ ਜਲਾਲਾਬਾਦ ਦੇ ਲੜਕੀਆਂ ਦੇ ਸਰਕਾਰੀ ਕਾਲਜ ਨੂੰ ਸੈਂਟਰ ਬਣਾਇਆ ਗਿਆ ਹੈ, ਜਿੱਥੇ ਸਵੇਰ ਤੋਂ ਹੀ ਵੱਡੀ ਗਿਣਤੀ ਲੋਕ ਨਾਮਜ਼ਦਗੀ ਭਰਨ ਆਏ ਸਨ। ਇਸ ਮੌਕੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਨਾਮਜ਼ਦਗੀ ਵਾਲੀਆਂ ਫਾਈਲਾਂ ਖੋਹ ਕੇ ਪਾੜ ਦਿੱਤੀਆਂ ਗਈਆਂ, ਜਿਸ ਤੋਂ ਬਾਅਦ ਪੁਲਿਸ ਵੱਲੋਂ ਮਾਹੌਲ ਨੂੰ ਸ਼ਾਂਤ ਕਰਨ ਲਈ ਲਾਠੀਚਾਰਜ ਕੀਤਾ ਗਿਆ। ਉਧਰ ਐਸ.ਐਸ.ਪੀ. ਵਰਿੰਦਰ ਸਿੰਘ ਬਰਾੜ ਨੇ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਧੱਕੇਸ਼ਾਹੀ ਕਰਨ ਵਾਲੇ ਨੂੰ ਬਖਸ਼ਿਆ ਨਹੀਂ ਜਾਵੇਗਾ ਭਾਵੇਂ ਉਹ ਕਿਸੇ ਵੀ ਪਾਰਟੀ ਨਾਲ ਸਬੰਧਤ ਕਿਉਂ ਨਾ ਹੋਵੇ। ਕਾਂਗਰਸ ਦੇ ਐਮ.ਪੀ. ਸ਼ੇਰ ਸਿੰਘ ਘੁਬਾਇਆ, ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਕਾਕਾ ਕੰਬੋਜ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਬੱਬੂ ਜੈਮਲ ਵਾਲਾ ਅਤੇ ਕਾਂਗਰਸ ਦੇ ਸਾਬਕਾ ਮੰਤਰੀ ਹੰਸਰਾਜ ਜੋਸਨ ਨੇ ਦੋਸ਼ ਲਾਇਆ ਕਿ ਲੋਕ ਸਭਾ ਚੋਣਾਂ ਵਿਚ ਹਾਰ ਦਾ ਮੂੰਹ ਦੇਖ ਚੁੱਕੇ ਆਪ ਦੇ ਆਗੂਆਂ ਵੱਲੋਂ ਪੰਚਾਇਤੀ ਚੋਣਾਂ ਵਿਚ ਧੱਕੇਸ਼ਾਹੀ ਕਰਕੇ ਆਪਣੇ ਸਰਪੰਚ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਇਸ ਧੱਕੇਸ਼ਾਹੀ ਵਿਚ ਪੁਲਿਸ ਅਤੇ ਪ੍ਰਸ਼ਾਸਨ ਆਮ ਆਦਮੀ ਪਾਰਟੀ ਦਾ ਪੂਰਾ ਸਾਥ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੂਰੇ ਪਾਰਦਰਸ਼ੀ ਢੰਗ ਨਾਲ ਪੰਚਾਇਤੀ ਚੋਣਾਂ ਕਰਵਾਉਣ ਦੀਆਂ ਗੱਲਾਂ ਕਰ ਰਹੇ ਹਨ ਅਤੇ ਦੂਜੇ ਪਾਸੇ ਜ਼ਮੀਨੀ ਪੱਧਰ 'ਤੇ ਇਨ੍ਹਾਂ ਦੇ ਵਿਧਾਇਕ ਅਤੇ ਹੋਰ ਆਗੂ ਧੱਕੇਸ਼ਾਹੀਆਂ ਕਰ ਰਹੇ ਹਨ। ਪੀੜਤਾਂ ਨੇ ਦੱਸਿਆ ਕਿ ਇਸ ਸਰਕਾਰ ਨੇ ਧੱਕੇਸ਼ਾਹੀਆਂ ਦਾ ਰਿਕਾਰਡ ਤੋੜ ਦਿੱਤਾ ਹੈ।

ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਧੱਕੇਸ਼ਾਹੀਆਂ ਕਰਨ ਵਾਲੇ ਲੀਡਰਾਂ ਅਤੇ ਪੁਲਿਸ ਅਧਿਕਾਰੀਆਂ ਖਿਲਾਫ਼ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ।



## ਜਲਾਲਾਬਾਦ ਦੇ ਬੀ.ਡੀ.ਪੀ.ਓ. ਦਫ਼ਤਰ ਬਾਹਰ ਗੋਲੀ ਚੱਲੀ

**ਜਲਾਲਾਬਾਦ:** ਪੰਚਾਇਤੀ ਚੋਣਾਂ ਨੂੰ ਲੈ ਕੇ ਜਲਾਲਾਬਾਦ ਦੇ ਬੀ.ਡੀ.ਪੀ.ਓ. ਦਫ਼ਤਰ ਦੇ ਬਾਹਰ ਗੋਲੀ ਚੱਲਣ ਕਾਰਨ ਦੋ ਵਿਅਕਤੀ ਜ਼ਖ਼ਮੀ ਹੋ ਗਏ। ਫਾਜ਼ਿਲਕਾ ਦੇ ਐਸ.ਐਸ.ਪੀ. ਵਰਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਜਲਾਲਾਬਾਦ ਦੇ ਬੀ.ਡੀ.ਪੀ.ਓ. ਦਫਤਰ ਵਿਚ ਅਕਾਲੀ ਆਗੂ ਨੋਨੀ ਮਾਨ, ਉਸ ਦਾ ਭਰਾ ਅਤੇ ਉਨ੍ਹਾਂ ਨਾਲ ਕੁਝ ਹੋਰ ਵਿਅਕਤੀ ਆਏ ਸਨ। ਉਹ ਬੀ.ਡੀ.ਪੀ.ਓ. ਨਾਲ ਆਪਣੇ ਪਿੰਡ ਦੇ ਕਿਸੇ ਮਸਲੇ ਬਾਰੇ ਗੱਲ ਕਰ ਕੇ ਜਦੋਂ ਵਾਪਸ ਜਾਣ ਲੱਗੇ ਤਾਂ ਬਾਹਰ ਪਿੰਡ ਮੁਹੰਮਦੇ ਵਾਲਾ ਤੋਂ ਸਰਪੰਚੀ ਦੇ ਉਮੀਦਵਾਰ ਮਨਦੀਪ ਬਰਾੜ ਦੇ ਨਾਲ ਉਨ੍ਹਾਂ ਦੀ ਕੋਈ ਗੱਲਬਾਤ ਹੋ ਗਈ। ਇਸ ਦੌਰਾਨ ਉਨ੍ਹਾਂ ਗੋਲੀਆਂ ਚਲਾ ਦਿੱਤੀਆਂ। ਇਨ੍ਹਾਂ 'ਚੋਂ ਇਕ ਗੋਲੀ ਮਨਦੀਪ ਬਰਾੜ ਦੀ ਛਾਤੀ ਵਿਚ ਲੱਗੀ। ਉਸ ਨੂੰ ਲੁਧਿਆਣਾ ਰੈਫਰ ਕੀਤਾ ਗਿਆ ਹੈ।

## ਪੰਚਾਇਤੀ ਚੋਣਾਂ 'ਚ ਹੋ ਰਹੀ ਹੈ ਤਾਕਤ ਦੀ ਦੁਰਵਰਤੋਂ: ਮਜੀਠੀਆ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਦੋਸ਼ ਲਾਇਆ ਕਿ ਪੰਚਾਇਤੀ ਚੋਣਾਂ ਵਿਚ ਹਾਕਮ ਧਿਰ ਵੱਲੋਂ ਤਾਕਤ ਅਤੇ ਪੈਸੇ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਪੰਚਾਇਤੀ ਚੋਣਾਂ ਸਬੰਧੀ ਉਨ੍ਹਾਂ ਦੋਸ਼ ਲਾਇਆ ਕਿ ਚੋਣਾਂ ਵਾਸਤੇ ਗੈਂਗਸਟਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਜੇਲ੍ਹਾਂ ਅਤੇ ਹੋਰ ਥਾਵਾਂ ਤੋਂ ਗੈਂਗਸਟਰਾਂ ਦੇ ਫੋਨ ਕਰਵਾਏ ਜਾ ਰਹੇ ਹਨ, ਜਿਸ ਨਾਲ ਚੋਣ ਲੜਨ ਦੇ ਇੱਛੁਕ ਉਮੀਦਵਾਰਾਂ ਨੂੰ ਡਰਾਇਆ-ਧਮਕਾਇਆ ਜਾ ਰਿਹਾ ਹੈ।

## ਨਾਮਜ਼ਦਗੀਆਂ ਵੇਲੇ ਗੈਂਗਸਟਰਾਂ ਦੇ ਨਾਵਾਂ ਦੀ ਚਰਚਾ

**ਤਰਨ ਤਾਰਨ:** ਪੰਚਾਇਤ ਚੋਣਾਂ ਲਈ ਨਾਮਜ਼ਦਗੀਆਂ ਦਾਖ਼ਲ ਕਰਵਾਉਣ ਦੌਰਾਨ ਵੱਡੀ ਪੱਧਰ ਉਤੇ ਹੋਈ ਹਿੰਸਾ ਵਿਚ ਗੈਂਗਸਟਰਾਂ ਦੇ ਨਾਵਾਂ ਦੀ ਵੀ ਚਰਚਾ ਹੋਈ ਹੈ। ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਐਸ.ਐਸ.ਪੀ. ਗੌਰਵ ਤੂਰਾ ਕੋਲ ਇਤਰਾਜ਼ ਦਾਇਰ ਕੀਤਾ ਗਿਆ ਕਿ ਸਰਹੱਦੀ ਖੇਤਰ ਦੇ ਪਿੰਡ ਮਾੜੀਮੇਘਾ ਦੇ ਸਰਪੰਚ ਦੀ ਚੋਣ ਵਿਚ ਗੈਂਗਸਟਰ ਰੌਬਿਨ ਖੁੱਲ੍ਹੇਆਮ ਹਿੰਸਾ ਲੈ ਰਿਹਾ ਹੈ। ਇਸ ਸਬੰਧੀ ਐਸ.ਐਸ.ਪੀ. ਨੇ ਸਪੱਸ਼ਟ ਕੀਤਾ ਕਿ ਰੌਬਿਨ ਪੁਲਿਸ ਨੂੰ ਲੋੜੀਂਦਾ ਵੀ ਹੈ। ਨੌਸ਼ਹਿਰਾ ਪੰਨੂਆਂ ਵਿਚ ਸਰਪੰਚ ਦੀ ਚੋਣ ਲਈ ਕਾਗਜ਼ ਦਾਖ਼ਲ ਕਰ ਕੇ ਆਏ ਹਰਜੀਤ ਸਿੰਘ ਅਤੇ ਉਸ ਦੇ ਪੁੱਤਰ ਅਵਤਾਰ ਸਿੰਘ ਬਿੱਲਾ ਨੂੰ ਗੋਲੀਆਂ ਮਾਰਨ ਵਾਲਿਆਂ ਵਿਚ ਨੌਸ਼ਹਿਰਾ ਪੰਨੂਆਂ ਦੇ ਵਸਨੀਕ ਲਵ ਅਤੇ ਵਰਿਆਹ ਦੇ ਵਸਨੀਕ ਗੁਰਜੀਤ ਸਿੰਘ ਤੋਂ ਇਲਾਵਾ ਗੈਂਗਸਟਰ ਲਖਬੀਰ ਸਿੰਘ ਲੰਡਾ ਵਾਸੀ ਹਰੀਕੇ ਦਾ ਨਾਮ ਵੀ ਸਰਹਾਲੀ ਪੁਲਿਸ ਵੱਲੋਂ ਦਰਜ ਕੀਤੇ ਕੇਸ ਵਿਚ ਸ਼ਾਮਲ ਕੀਤਾ ਗਿਆ ਹੈ। ਦੋਸ਼ ਹੈ ਕਿ ਲਵ ਅਤੇ ਗੁਰਜੀਤ ਸਿੰਘ ਨੇ ਲੰਡਾ ਦੇ ਕਹਿਣ 'ਤੇ ਗੋਲੀਆਂ ਚਲਾਈਆਂ ਹਨ। ਲੰਡਾ ਅਤੇ ਰੌਬਿਨ ਤੋਂ ਇਲਾਵਾ ਜ਼ਿਲ੍ਹੇ ਨਾਲ ਸਬੰਧਤ ਗੈਂਗਸਟਰ ਪ੍ਰਭ ਦਾਸੂਵਾਲ, ਅੰਮ੍ਰਿਤਪਾਲ ਸਿੰਘ ਦੇ ਨਾਂ ਵੀ ਸਾਹਮਣੇ ਆ ਰਹੇ ਹਨ। ਇਸ ਤੋਂ ਇਲਾਵਾ ਥਾਣਾ ਸਰਾਏ ਅਮਾਨਤ ਖਾਂ, ਚੋਹਲਾ ਸਾਹਿਬ, ਸਥਾਨਕ ਥਾਣਾ ਸਦਰ ਦੀ ਪੁਲਿਸ ਨੇ ਵੀ ਨਾਮਜ਼ਦਗੀਆਂ ਦਾਖ਼ਲ ਕਰਵਾਉਣ ਦੌਰਾਨ ਹਾਕਮ ਧਿਰ ਦੇ ਸਮਰਥਕਾਂ ਵੱਲੋਂ ਵਿਰੋਧੀ ਉਮੀਦਵਾਰਾਂ ਦੇ ਪਰਚੇ ਖੋਹਣ ਦੇ ਦੋਸ਼ਾਂ ਹੇਠ 30 ਦੇ ਕਰੀਬ ਮੁਲਜ਼ਮਾਂ ਖ਼ਿਲਾਫ਼ ਪੰਜ ਕੇਸ ਦਰਜ ਕੀਤੇ ਹਨ। ਖੇਮਕਰਨ ਵਿਧਾਨ ਸਭਾ ਹਲਕੇ ਦੇ ਵਧੇਰੇ ਪਿੰਡਾਂ ਅਤੇ ਪੱਟੀ ਹਲਕੇ ਦੇ ਕੁੱਝ ਪਿੰਡਾਂ ਤੋਂ ਕਾਂਗਰਸ ਪਾਰਟੀ ਸਣੇ ਹੋਰਨਾਂ ਵਿਰੋਧੀ ਧਿਰਾਂ ਦੇ ਉਮੀਦਵਾਰਾਂ ਨੂੰ ਆਪਣੇ ਪਰਚੇ ਤੱਕ ਵੀ ਦਾਖ਼ਲ ਨਹੀਂ ਕਰਵਾਉਣ ਦਿੱਤੇ ਗਏ।

# ਕਾਗਜ਼ ਖੋਹਣ ਕਾਰਨ ਅਕਾਲੀ ਦਲ ਵੱਲੋਂ ਰੋਸ ਪ੍ਰਦਰਸ਼ਨ

**ਮੋਗਾ:** ਇਥੋਂ ਦੇ ਪਿੰਡ ਲੰਡੇਕੇ ਵਿਚ ਨਾਮਜ਼ਦਗੀ ਭਰਨ ਮੌਕੇ ਕਾਗਜ਼ ਭਰਨ ਤੋਂ ਰੋਕਣ ਕਾਰਨ ਹਾਲਾਤ ਵਿਗੜ ਗਏ। ਇਸ ਦੌਰਾਨ ਗੋਲੀਆਂ ਤੇ ਇੱਟਾਂ ਪੱਥਰ ਚਲਾਏ ਗਏ। ਇਸ ਦੌਰਾਨ ਇੱਟਾਂ ਰੋੜੇ ਵੀ ਚੱਲੇ ਅਤੇ ਨਾਮਜ਼ਦਗੀ ਪੱਤਰ ਖੋਹ ਕੇ ਹਵਾ ਵਿਚ ਸੁੱਟਣ ਤੋਂ ਬਾਅਦ ਸਥਿਤੀ ਤਣਾਅਪੂਰਨ ਬਣ ਗਈ। ਇੱਥੇ ਇੱਟਾਂ ਤੇ ਪੱਥਰ ਮਾਰਨ ਦੀ ਵੀਡੀਓ ਵੀ ਸਾਹਮਣੇ ਆ ਚੁੱਕੀ ਹੈ।

ਇਸ ਮੌਕੇ ਪਿੰਡ ਸਲ੍ਹੀਣਾਂ ਦੇ ਰਹਿਣ ਵਾਲੇ ਦੋ ਸਕੇ ਭਰਾਵਾਂ 'ਚ ਖੂਨੀ ਝੜਪ ਹੋਈ। ਇਕ ਭਰਾ ਭਾਜਪਾ ਤੇ ਦੂਜਾ ਹਾਕਮ ਧਿਰ ਦਾ ਸਮਰਥਕ ਦੱਸਿਆ ਜਾਂਦਾ ਹੈ। ਪਿੰਡ ਬੁੱਕਣਵਾਲਾ ਵਿਚ ਸਰਪੰਚੀ ਦੇ ਚਾਹਵਾਨ ਹਾਕਮ ਧਿਰ ਨਾਲ ਜੁੜੇ ਦੋ ਸਮਰਥਕ ਵੀ ਭਿੜੇ। ਇਸ ਤੋਂ ਇਲਾਵਾ ਹੋਰਨਾਂ ਪਿੰਡਾਂ ਤੋਂ ਚੋਣ ਲੜਨ ਦੇ ਚਾਹਵਾਨ ਉਮੀਦਵਾਰਾਂ ਤੇ ਉਨ੍ਹਾਂ ਦੇ ਸਮਰਥਕਾਂ ਨੇ ਧੱਕੇਸ਼ਾਹੀ ਦੇ ਦੋਸ਼ ਲਾਏ। ਸ਼੍ਰੋਮਣੀ ਅਕਾਲੀ ਦਲ ਨੇ ਹਾਕਮ ਧਿਰ ਦੀ ਪੰਚਾਇਤੀ ਚੋਣਾਂ 'ਚ ਕਥਿਤ ਧੱਕੇਸ਼ਾਹੀ ਖ਼ਿਲਾਫ਼ ਜ਼ਿਲ੍ਹਾ ਸਕੱਤਰੇਤ ਅੱਗੇ ਨਾਮਜ਼ਦਗੀਆਂ ਦਾਖਲ ਕਰਨ ਤੋਂ ਰਹਿ ਗਏ ਪੰਚ ਸਰਪੰਚ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਜ਼ਿਲ੍ਹਾ ਸਕੱਤਰੇਤ ਅੱਗੇ ਅਗਨ ਭੇਟ ਕਰਕੇ ਰੋਸ ਪ੍ਰਗਟਾਵਾ ਕੀਤਾ। ਇਸ ਮੌਕੇ ਕਾਂਗਰਸ ਦੀ ਹਲਕਾ ਇੰਚਾਰਜ ਤੇ ਹੋਰ ਕਾਂਗਰਸੀ ਵੀ ਅਕਾਲੀ ਆਗੂਆਂ ਨਾਲ ਮੌਜੂਦ ਸਨ।

ਨਗਰ ਕੌਂਸਲ ਧਰਮਕੋਟ ਵਿਚ ਪੁਲਿਸ ਮੁਲਾਜ਼ਮਾਂ ਦੀ ਮੌਜੂਦਗੀ 'ਚ ਇਕ ਔਰਤ ਕੋਲੋਂ ਨਾਮਜ਼ਦਗੀ ਪੇਪਰ ਖੋਹਣ ਤੋਂ ਬਾਅਦ ਔਰਤ ਵੱਲੋਂ ਪੁਲਿਸ ਮੁਲਾਜ਼ਮਾਂ ਨਾਲ ਬਹਿਸ ਕਰਨ ਦੀ ਵੀਡੀਓ ਵਾਇਰਲ ਹੋਈ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਟਵੀਟ ਕਰਕੇ ਧਰਮਕੋਟ ਅਤੇ ਲੰਡੇਕੇ ਵਿਚ ਵਾਪਰੀ ਇਸ ਘਟਨਾ ਦੀ ਨਿਖੇਧੀ ਕਰਦਿਆਂ ਚੋਣ ਕਮਿਸ਼ਨ ਤੋਂ ਦਖ਼ਲ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਦੀ ਮੌਜੂਦਗੀ ਵਿਚ ਅਜਿਹੀਆਂ ਘਟਨਾਵਾਂ ਵਾਪਰਨ ਨਾਲ ਸਾਬਤ ਹੁੰਦਾ ਹੈ ਕਿ ਸੂਬੇ ਅੰਦਰ ਕਾਨੂੰਨ ਨਾਂ ਦੀ ਕੋਈ ਚੀਜ਼ ਨਹੀਂ ਹੈ।

## ਸਰਕਾਰ ਸ਼ਾਂਤੀ ਬਣਾਈ ਰੱਖਣ 'ਚ ਅਸਫਲ: ਵੜਿੰਗ

**ਚੰਡੀਗੜ੍ਹ:** ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਕਿਹਾ ਕਿ ਸੂਬਾ ਸਰਕਾਰ ਚੋਣਾਂ ਦੌਰਾਨ ਅਮਨ ਸ਼ਾਂਤੀ ਕਾਇਮ ਰੱਖਣ ਵਿਚ ਅਸਫਲ ਰਹੀ ਹੈ। ਕਾਂਗਰਸ ਦੇ ਉਮੀਦਵਾਰਾਂ ਨੂੰ ਪੱਟੀ, ਭਿੱਖੀਵਿੰਡ ਤੇ ਖੇਮਕਰਨ ਬਲਾਕਾਂ ਵਿਚ ਨਾਮਜ਼ਦਗੀ ਦੇ ਪਰਚੇ ਦਾਖਲ ਨਹੀਂ ਕਰਨ ਦਿੱਤੇ ਗਏ। ਉਨ੍ਹਾਂ ਨੇ ਪਿੰਡ ਮਾੜੀਮੇਘਾ ਦੇ ਸਰਪੰਚ ਦੀ ਚੋਣ ਵਿਚ ਕਥਿਤ ਗੈਂਗਸਟਰ ਰੌਬਿਨ ਵੱਲੋਂ ਪ੍ਰਚਾਰ ਕਰਨ ਦਾ ਵੀ ਦੋਸ਼ ਲਾਇਆ। ਦੂਜੇ ਪਾਸੇ ਐਸ.ਐਸ.ਪੀ. ਗੌਰਵ ਤੂਰਾ ਨੇ ਕਿਹਾ ਕਿ ਗੈਂਗਸਟਰ ਰੋਬਿਨ ਪੁਲਿਸ ਨੂੰ ਲੋੜੀਂਦਾ ਹੈ ਤੇ ਨੌਸ਼ਹਿਰਾ ਪੰਨੂੰਆਂ ਵਿਚ ਗੋਲੀਬਾਰੀ ਦੀ ਘਟਨਾ ਸਬੰਧੀ ਕੇਸ ਦਰਜ ਕੀਤਾ ਜਾ ਰਿਹਾ ਹੈ।

# 'ਆਪ' ਸਮਰਥਕਾਂ ਨੇ ਸਰਪੰਚ ਉਮੀਦਵਾਰਾਂ ਦੀਆਂ ਫਾਈਲਾਂ ਪਾੜੀਆਂ



**ਕਾਹਨੂੰਵਾਨ:** ਇਸ ਕਸਬੇ ਦੇ ਆਰ.ਓ ਸੈਂਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਵਿਚ ਉਸ ਵੇਲੇ ਹੰਗਾਮਾ ਹੋ ਗਿਆ, ਜਦੋਂ ਦੋ ਸਰਪੰਚ ਦੇ ਉਮੀਦਵਾਰਾਂ ਦੀਆਂ ਫਾਈਲਾਂ ਮੌਜੂਦਾ ਸਰਕਾਰ ਦੇ ਸਮਰਥਕਾਂ ਨੇ ਖੋਹ ਕੇ ਪਾੜ ਦਿੱਤੀਆਂ। ਪਿੰਡ ਸੇਖਵਾਂ ਦੇ ਸੁੱਚਾ ਸਿੰਘ ਨੇ ਦੱਸਿਆ ਕਿ ਉਹ ਸਰਪੰਚ ਦੀ ਚੋਣ ਲੜਨ ਲਈ ਲਿਖਤੀ ਕਾਰਵਾਈ ਮੁਕੰਮਲ ਕਰਕੇ ਫਾਈਲ ਜਮ੍ਹਾਂ ਕਰਵਾਉਣ ਲਈ ਆਰਓ ਸੈਂਟਰ ਸਾਹਮਣੇ ਕਤਾਰ ਵਿਚ ਖੜ੍ਹਾ ਸੀ ਤਾਂ ਵਿਰੋਧੀ ਧਿਰ ਦੇ ਸਮਰਥਕਾਂ ਨੇ ਉਸ ਨੂੰ ਜ਼ਬਰੀ ਕਤਾਰ ਵਿਚੋਂ ਧੂਹ ਲਿਆ ਅਤੇ ਉਸ ਦੀ ਸਰਪੰਚ ਦੀ ਚੋਣ ਲੜਨ ਲਈ ਤਿਆਰ ਕੀਤੀ ਫਾਈਲ ਖੋਹ ਕੇ ਪਾੜ ਦਿੱਤੀ। ਇਸ ਧੱਕਾ-ਮੁੱਕੀ ਦੌਰਾਨ ਉਸ ਦੀ ਪੱਗ ਉੱਤਰ ਗਈ ਅਤੇ ਸਿਰ ਅਤੇ ਮੱਥੇ ਉੱਤੇ ਸੱਟਾਂ ਵੀ ਲੱਗੀਆਂ। ਇਸ ਮੌਕੇ ਪੀੜਤ ਨੇ ਦੋਸ਼ ਲਗਾਏ ਕਿ ਉਨ੍ਹਾਂ ਦੇ ਪਿੰਡ ਦੀ ਸਰਪੰਚ ਦੀ ਸੀਟ ਅਨੁਸੂਚਿਤ ਜਾਤੀ (ਐਸ.ਸੀ) ਲਈ ਰਿਜ਼ਰਵ ਸੀ ਪਰ ਮੌਜੂਦਾ ਸਰਕਾਰ ਦੇ ਸਮਰਥਕਾਂ ਵੱਲੋਂ ਰਾਜਨੀਤਕ ਦਬਾਅ ਪਾ ਕੇ ਇਹ ਸੀਟ ਰਿਜ਼ਰਵ ਤੋਂ ਜਨਰਲ ਵਿਚ ਤਬਦੀਲ ਕਰਵਾ ਲਈ ਗਈ ਅਤੇ ਨਾਲ ਹੀ ਉਨ੍ਹਾਂ ਨੇ ਧਮਕੀਆਂ ਦਿੱਤੀਆਂ ਕਿ ਪਿੰਡ ਦਾ ਸਰਪੰਚ ਕਿਸੇ ਵੀ ਨੀਵੀਂ ਜਾਤੀ ਵਾਲੇ ਨੂੰ ਨਹੀਂ ਬਣਨ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਪਿੰਡ ਸੇਖਵਾਂ ਦੇ ਦੂਸਰੇ ਉਮੀਦਵਾਰ ਦੇ ਭਰਾ ਨਰਿੰਦਰ ਸਿੰਘ ਨੇ ਦਾਅਵਾ ਕੀਤਾ ਕਿ ਉਸ ਦੇ ਭਰਾ ਪਰਮਜੀਤ ਸਿੰਘ ਤੋਂ ਸਰਪੰਚੀ ਦੀ ਫਾਈਲ 'ਆਪ' ਪਾਰਟੀ ਦੇ ਸਮਰਥਕ ਖੋਹ ਕੇ ਲੈ ਗਏ। ਦੋਵਾਂ ਪੀੜਤਾਂ ਵੱਲੋਂ ਇਸ ਘਟਨਾ ਦੀ ਸ਼ਿਕਾਇਤ ਮੌਕੇ ਉੱਤੇ ਤਾਇਨਾਤ ਪੁਲਿਸ ਨੂੰ ਕੀਤੀ ਗਈ।

## ਅਕਾਲੀ ਅਤੇ 'ਆਪ' ਵਰਕਰ ਨਾਮਜ਼ਦਗੀਆਂ ਮੌਕੇ ਭਿੜੇ

**ਫਤਹਿਗੜ੍ਹ** ਪੰਜਤੂਰ: ਇੱਥੇ ਨਗਰ ਪੰਚਾਇਤ ਦਫ਼ਤਰ ਦੇ ਬਾਹਰ ਨਾਮਜ਼ਦਗੀਆਂ ਦਾਖ਼ਲ ਕਰਨ ਦੇ ਆਖਰੀ ਦਿਨ ਪਿੰਡ ਮੂਸੇਵਾਲਾ ਦੇ ਅਕਾਲੀ ਅਤੇ 'ਆਪ' ਵਰਕਰ ਆਪਸ ਵਿਚ ਭਿੜ ਪਏ। ਇਸ ਮੌਕੇ ਪੁਲਿਸ ਨੇ ਦੋਵਾਂ ਪਾਰਟੀਆਂ ਨੂੰ ਖਦੇੜ ਦਿੱਤਾ। ਅਕਾਲੀ ਦਲ ਦੇ ਸਰਕਲ ਪ੍ਰਧਾਨ ਨਿਸ਼ਾਨ ਸਿੰਘ ਮੂਸੇਵਾਲਾ ਨੂੰ ਮਾਮੂਲੀ ਸੱਟਾਂ ਲੱਗੀਆਂ। ਇੱਥੇ ਸਵੇਰ 11 ਤੋਂ ਲੈ ਕੇ ਬਾਅਦ ਦੁਪਹਿਰ 3 ਵਜੇ ਤੱਕ ਨਾਮਜ਼ਦਗੀਆਂ ਦਾਖ਼ਲ ਕਰਨ ਦਾ ਸਮਾਂ ਖ਼ਤਮ ਹੋਣ ਤੱਕ ਨਗਰ ਪੰਚਾਇਤ ਦਫ਼ਤਰ ਦੇ ਬਾਹਰ ਧਰਮਕੋਟ ਚੌਕ ਵਿਚ ਮਾਹੌਲ ਤਣਾਅਪੂਰਨ ਬਣਿਆ ਰਿਹਾ। ਦੂਜੇ ਪਾਸੇ ਪੁਲਿਸ ਅਮਨ ਕਾਨੂੰਨ ਅਤੇ ਸ਼ਾਂਤੀ ਬਣਾਈ ਰੱਖਣ ਲਈ ਮੁਸਤੈਦ ਰਹੀ।

# ਪੰਚਾਇਤੀ ਚੋਣਾਂ: ਕਈ ਥਾਈਂ ਡਾਂਗੋ-ਡਾਂਗੀ ਹੋਏ ਲੋਕ

**ਫ਼ਿਰੋਜ਼ਪੁਰ:** ਪੰਚਾਇਤੀ ਚੋਣਾਂ ਕਾਰਨ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਤਕਰੀਬਨ ਹਰ ਪਿੰਡ ਦਾ ਮਾਹੌਲ ਤਣਾਅਪੂਰਨ ਹੋ ਗਿਆ ਹੈ। ਇਸ ਮੌਕੇ ਹੋਰ ਧਿਰਾਂ ਦੇ ਉਮੀਦਵਾਰਾਂ ਨੇ ਸੱਤਾਧਾਰੀ ਪਾਰਟੀ ਦੇ ਆਗੂਆਂ ਉਤੇ ਧੱਕੇਸ਼ਾਹੀ ਦੇ ਦੋਸ਼ ਲਾਏ। ਨਾਮਜ਼ਦਗੀਆਂ ਭਰਨ ਦੇ ਆਖਰੀ ਦਿਨ ਕਈ ਥਾਈਂ ਲੋਕ ਡਾਂਗੋ-ਡਾਂਗੀ ਹੋਏ, ਕਈਆਂ ਦੀਆਂ ਫ਼ਾਈਲਾਂ ਪਾੜ ਦਿੱਤੀਆਂ ਗਈਆਂ।

ਵਿਰੋਧੀ ਧਿਰ ਦੇ ਉਮੀਦਵਾਰਾਂ ਵੱਲੋਂ ਦੋਸ਼ ਹੈ ਕਿ ਉਨ੍ਹਾਂ ਨੂੰ ਨਾਮਜ਼ਦਗੀ ਭਰਨ ਦੇ ਆਖਰੀ ਦਿਨ ਤੱਕ ਵੀ ਚੁੱਲ੍ਹਾ ਟੈਕਸ ਤੇ ਕੋਈ ਬਕਾਇਆ ਨਹੀਂ ਦੇ ਸਰਟੀਫਿਕੇਟ ਜਾਰੀ ਨਹੀਂ ਕੀਤੇ ਗਏ। ਕਈਆਂ ਨੇ ਦੋਸ਼ ਲਾਇਆ ਕਿ ਸੱਤਾਧਾਰੀ ਪਾਰਟੀ ਦੇ ਕਥਿਤ ਸਮਰਥਕ ਉਨ੍ਹਾਂ ਦੀਆਂ ਫ਼ਾਈਲਾਂ ਪਾੜ ਕੇ ਤੇ ਖੋਹ ਕੇ ਫ਼ਰਾਰ ਹੋ ਗਏ। ਇਸ ਦੌਰਾਨ ਚੋਣ ਕਮਿਸ਼ਨ ਵੱਲੋਂ ਫ਼ਿਰੋਜ਼ਪੁਰ ਦੇ ਤਤਕਾਲੀ ਡੀ.ਸੀ ਡੀ.ਪੀ.ਐਸ. ਖਰਬੰਦਾ ਨੂੰ ਇਥੋਂ ਦਾ ਜ਼ਿਲ੍ਹਾ ਚੋਣ ਅਬਜ਼ਰਵਰ ਲਾਇਆ ਗਿਆ ਹੈ। ਮਮਦੋਟ ਮਾਰਕੀਟ ਕਮੇਟੀ ਦਫ਼ਤਰ ਬਾਹਰ 'ਆਪ' ਤੇ ਕਾਂਗਰਸ ਵਰਕਰਾਂ ਦਰਮਿਆਨ ਪੁਲਿਸ ਦੀ ਹਾਜ਼ਰੀ 'ਚ ਡਾਂਗਾਂ ਚੱਲੀਆਂ, ਜਿਸ ਦੌਰਾਨ ਕਈ ਜਣੇ ਜ਼ਖ਼ਮੀ ਹੋ ਗਏ। ਇੱਥੇ ਝਗੜਣ ਵਾਲਿਆਂ ਨੂੰ ਖਦੇੜਣ ਲਈ ਪੁਲਿਸ ਨੇ ਲਾਠੀਚਾਰਜ ਕੀਤਾ। ਇਥੇ ਇਕ ਧਿਰ ਵੱਲੋਂ ਦੂਜੀ ਧਿਰ ਦੀਆਂ ਫ਼ਾਈਲਾਂ ਪਾੜ ਦਿੱਤੀਆਂ ਗਈਆਂ ਸਨ। ਉਧਰ ਕਸਬਾ ਤਲਵੰਡੀ ਭਾਈ 'ਚ ਨਾਮਜ਼ਦਗੀ ਦੌਰਾਨ ਗੋਲੀ ਚੱਲ ਗਈ।



ਜ਼ੀਰਾ ਵਿਚ ਇਕ ਵਾਰ ਫਿਰ ਦਹਿਸ਼ਤ ਵਾਲਾ ਮਾਹੌਲ ਬਣ ਗਿਆ। ਇਥੇ ਇਕ ਆਜ਼ਾਦ ਉਮੀਦਵਾਰ ਦੇ ਕਾਗਜ਼ ਪਾੜ ਦਿੱਤੇ ਗਏ। ਹਲਕਾ ਵਿਧਾਇਕ ਨਰੇਸ਼ ਕਟਾਰੀਆ ਨੇ ਵੀ ਆਪਣੇ ਵਰਕਰਾਂ ਨਾਲ ਧੱਕਾ-ਮੁੱਕੀ ਹੋਣ ਦੇ ਦੋਸ਼ ਲਾਏ ਹਨ। ਇਸ ਮਸਲੇ ਨੂੰ ਲੈ ਕੇ ਕੁਲਬੀਰ ਜ਼ੀਰਾ ਨੇ ਹੁਣ ਹਾਈਕੋਰਟ ਵਿਚ ਇਕ ਪਟੀਸ਼ਨ ਦਾਖ਼ਲ ਕਰਕੇ ਆਪਣੀ ਸੁਰੱਖਿਆ ਵਧਾਏ ਜਾਣ ਦੀ ਮੰਗ ਕੀਤੀ ਹੈ। ਕੁਲਬੀਰ ਜ਼ੀਰਾ ਨੇ ਵਿਧਾਇਕ ਨਰੇਸ਼ ਕਟਾਰੀਆ ਤੇ ਉਸ ਦੇ ਪੁੱਤਰ ਸ਼ੰਕਰ ਕਟਾਰੀਆ ਨੂੰ ਇਸ ਪਟੀਸ਼ਨ ਵਿਚ ਪਾਰਟੀ ਬਣਾਇਆ ਹੈ।

# ਇਜ਼ਰਾਈਲ ਵੱਲੋਂ ਦੱਖਣੀ ਲਿਬਨਾਨ 'ਚ ਜ਼ਮੀਨੀ ਹਮਲੇ ਸ਼ੁਰੂ

**ਯੇਰੂਸ਼ਲਮ:** ਇਜ਼ਰਾਇਲੀ ਫੌਜ ਨੇ ਦੱਖਣੀ ਲਿਬਨਾਨ ਵਿਚ ਹਿਜ਼ਬੁੱਲ੍ਹਾ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦਿਆਂ ਆਪਣੀ ਸਰਹੱਦ ਨਾਲ ਲੱਗਦੇ ਪਿੰਡਾਂ ਵਿਚ 'ਜ਼ਮੀਨੀ ਹਮਲੇ' ਸ਼ੁਰੂ ਕਰ ਦਿੱਤੇ ਹਨ। ਇਜ਼ਰਾਈਲ ਨੇ ਇਸ ਨੂੰ 'ਸੀਮਤ ਤੇ ਸਥਾਨਕ' ਅਪਰੇਸ਼ਨ ਕਰਾਰ ਦਿੱਤਾ ਹੈ। ਇਜ਼ਰਾਇਲੀ ਫੌਜ ਨੇ ਦੋ ਦਰਜਨ ਲਿਬਨਾਨੀ ਭਾਈਚਾਰਿਆਂ ਨੂੰ ਅਵਾਲੀ ਨਦੀ ਦਾ ਉੱਤਰੀ ਇਲਾਕਾ ਖਾਲੀ ਕਰਨ ਲਈ ਆਖ ਦਿੱਤਾ ਹੈ। ਇਜ਼ਰਾਈਲ ਨੇ ਕਿਹਾ ਕਿ ਜਿਨ੍ਹਾਂ ਥਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ, ਉਹ ਉੱਤਰੀ ਇਜ਼ਰਾਈਲ ਵਿਚ ਇਜ਼ਰਾਇਲੀ ਭਾਈਚਾਰਿਆਂ ਲਈ ਫੌਰੀ ਵੱਡਾ ਖ਼ਤਰਾ ਸਨ।

ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਹਿਜ਼ਬੁੱਲ੍ਹਾ ਤੇ ਹਮਾਸ ਦੀ ਹਮਾਇਤ ਕਰਨ ਵਾਲੇ ਇਰਾਨ ਨੂੰ ਲੰਘੇ ਦਿਨੀਂ ਚਿਤਾਵਨੀ ਦਿੱਤੀ ਸੀ ਕਿ 'ਮੱਧ ਪੂਰਬ ਵਿਚ ਕੋਈ ਵੀ ਥਾਂ ਇਜ਼ਰਾਈਲ ਦੀ ਪਹੁੰਚ ਤੋਂ ਬਾਹਰ ਨਹੀਂ ਹੈ।" ਨੇਤਨਯਾਹੂ ਨੇ ਇਹ ਦਾਅਵਾ ਅਜਿਹੇ ਮੌਕੇ ਕੀਤਾ ਸੀ ਜਦੋਂ ਪਿਛਲੇ ਦਿਨੀਂ ਦੱਖਣੀ ਬੈਰੂਤ 'ਤੇ ਕੀਤੇ ਹਵਾਈ ਹਮਲੇ ਵਿਚ ਹਿਜ਼ਬੁੱਲ੍ਹਾ ਮੁਖੀ ਹਸਨ ਨਸਰੱਲ੍ਹਾ ਮਾਰਿਆ ਗਿਆ ਸੀ। ਹਿਜ਼ਬੁੱਲ੍ਹਾ ਦੇ ਕਾਰਜਕਾਰੀ ਆਗੂ ਨਈਮ ਕਾਸਿਮ ਨੇ ਹਾਲਾਂਕਿ ਲੜਾਈ ਜਾਰੀ ਰੱਖਣ ਦਾ ਵਾਅਦਾ ਕੀਤਾ ਸੀ। ਇਜ਼ਰਾਇਲੀ ਫੌਜ ਨੇ ਕਿਹਾ ਕਿ ਉਸ ਦੇ ਸੁਰੱਖਿਆ ਬਲਾਂ ਨੇ ਅੱਧੀ ਰਾਤ ਨੂੰ ਸਰਹੱਦ ਪਾਰ ਕਰਕੇ ਹਿਜ਼ਬੁੱਲ੍ਹਾ ਦੇ ਟਿਕਾਣਿਆਂ 'ਤੇ ਧਾਵਾ ਬੋਲਿਆ। ਰੀਅਰ ਐਡਮਿਰਲ ਡੈਨੀਅਲ ਹਗਾਰੀ ਨੇ ਜਾਰੀ ਵੀਡੀਓ ਬਿਆਨ ਵਿਚ ਕਿਹਾ ਕਿ ਸਲਾਮਤੀ ਦਸਤੇ ਹਿਜ਼ਬੁੱਲ੍ਹਾ ਖ਼ਿਲਾਫ਼ ਕਾਰਵਾਈ ਕਰ ਰਹੇ ਹਨ ਤਾਂ ਕਿ ਉੱਤਰ ਵਿਚ ਇਜ਼ਰਾਇਲੀ ਨਾਗਰਿਕ ਆਪਣੇ ਘਰਾਂ 'ਚ ਸੁਰੱਖਿਅਤ ਵਾਪਸੀ ਕਰ ਸਕਣ। ਹਗਾਰੀ ਨੇ ਕਿਹਾ ਕਿ ਯੂਐੱਨ ਸੁਰੱਖਿਆ ਕੌਂਸਲ ਦੇ ਜਿਸ ਮਤੇ ਨਾਲ 2006 ਵਿਚ ਪਿਛਲੀ ਇਜ਼ਰਾਈਲ-ਹਿਜ਼ਬੁੱਲ੍ਹਾ ਜੰਗ ਰੁਕੀ ਸੀ, ਉਹ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ।



## ਹਿਜ਼ਬੁੱਲਾ ਦੇ 200 ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦਾ ਦਾਅਵਾ

**ਬੈਰੂਤ:** ਇਜ਼ਰਾਈਲ ਨੇ ਮੱਧ ਬੈਰੂਤ ਦੀ ਇਮਾਰਤ ਨੂੰ ਨਿਸ਼ਾਨਾ ਬਣਾ ਕੇ ਹਵਾਈ ਹਮਲਾ ਕੀਤਾ, ਜਿਸ ਨਾਲ ਨੌਂ ਵਿਅਕਤੀਆਂ ਦੀ ਮੌਤ ਹੋ ਗਈ। ਇਨ੍ਹਾਂ ਵਿਅਕਤੀਆਂ ਨੂੰ ਹਿਜ਼ਬੁੱਲਾ ਦਾ ਮੈਂਬਰ ਦੱਸਿਆ ਗਿਆ ਹੈ। ਇਹ ਪਹਿਲੀ ਵਾਰ ਹੈ ਜਦੋਂ ਇਜ਼ਰਾਈਲ ਨੇ ਰਾਜਧਾਨੀ ਬੈਰੂਤ ਦੇ ਇਸ ਇਲਾਕੇ ਨੂੰ ਨਿਸ਼ਾਨਾ ਬਣਾਇਆ ਹੈ। ਇਜ਼ਰਾਇਲੀ ਫ਼ੌਜ ਨੇ ਕਿਹਾ ਕਿ ਉਨ੍ਹਾਂ ਲਿਬਨਾਨ 'ਚ ਹਿਜ਼ਬੁੱਲਾ ਦੇ 200 ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਅਤੇ ਹਮਲਿਆਂ 'ਚ 15 ਹਿਜ਼ਬੁੱਲਾ ਲੜਾਕੇ ਮਾਰੇ ਗਏ ਹਨ।

## ਕੈਨੇਡੀਅਨ ਨਾਗਰਿਕਾਂ ਨੂੰ ਲਿਬਨਾਨ ਛੱਡਣ ਦੀ ਅਪੀਲ

**ਪੈਰਿਸ:** ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡੀਅਨ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਤੁਰਤ ਲਿਬਨਾਨ ਛੱਡ ਦੇਣ। ਲਿਬਨਾਨ 'ਚ ਜੰਗ ਦੇ ਹਾਲਾਤ ਬਣਨ ਮਗਰੋਂ ਹੁਣ ਤੱਕ ਇਕ ਹਜ਼ਾਰ ਤੋਂ ਵੱਧ ਕੈਨੇਡੀਅਨਾਂ ਨੂੰ ਵਿਸ਼ੇਸ਼ ਉਡਾਣਾਂ ਰਾਹੀਂ ਵਤਨ ਲਿਆਂਦਾ ਜਾ ਚੁੱਕਿਆ ਹੈ। ਟਰੂਡੋ ਨੇ ਕਿਹਾ ਕਿ ਹਿਜ਼ਬੁੱਲਾ ਅਤੇ ਇਜ਼ਰਾਈਲ ਨੂੰ ਤੁਰਤ ਗੋਲੀਬੰਦੀ ਕਰਨੀ ਚਾਹੀਦੀ ਹੈ ਤਾਂ ਜੋ ਹਾਲਾਤ ਨੂੰ ਸਥਿਰ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਦੇ ਮਤਿਆਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ।

## ਇਰਾਨ ਨੇ ਇਜ਼ਰਾਈਲ 'ਤੇ ਦਾਗ਼ੀਆਂ ਮਿਜ਼ਾਈਲਾਂ

**ਯੇਰੂਸ਼ਲਮ:** ਇਜ਼ਰਾਈਲ ਦੇ ਦੱਖਣੀ ਲਿਬਨਾਨ ਵਿਚ ਕੀਤੇ ਜ਼ਮੀਨੀ ਹਮਲਿਆਂ ਦਾ ਮੋੜਵਾਂ ਜਵਾਬ ਦਿੰਦਿਆਂ ਇਰਾਨ ਨੇ ਕਈ ਇਜ਼ਰਾਇਲੀ ਖੇਤਰਾਂ ਵਿਚ ਮਿਜ਼ਾਈਲਾਂ ਦਾਗੀਆਂ ਹਨ। ਇਸ ਤੋਂ ਪਹਿਲਾਂ ਇਰਾਨ ਦੇ ਸੰਭਾਵੀ ਹਮਲਿਆਂ ਦੇ ਮੱਦੇਨਜ਼ਰ ਇਜ਼ਰਾਈਲ ਫੌਜ ਨੇ ਸਰਹੱਦ ਨੇੜੇ ਲਿਬਨਾਨ ਦੇ ਲਗਭਗ 24 ਭਾਈਚਾਰਿਆਂ ਨੂੰ ਉਥੋਂ ਚਲੇ ਜਾਣ ਦਾ ਆਦੇਸ਼ ਦਿੱਤਾ ਸੀ। ਇਜ਼ਰਾਇਲੀ ਫੌਜ ਨੇ ਕਿਹਾ ਕਿ ਇਰਾਨ ਨੇ ਦੇਸ਼ 'ਤੇ ਕਈ ਮਿਜ਼ਾਈਲਾਂ ਦਾਗੀਆਂ ਹਨ। ਪੂਰੇ ਦੇਸ਼ ਵਿਚ ਸਾਇਰਨ ਵੱਜਦਿਆਂ ਹੀ ਦੇਸ਼ ਵਾਸੀਆਂ ਨੂੰ ਸ਼ੈਲਟਰਾਂ ਵਿਚ ਰਹਿਣ ਦੇ ਆਦੇਸ਼ ਦਿੱਤੇ ਗਏ ਹਨ।

# ਕਿਮ ਵੱਲੋਂ ਦੱਖਣੀ ਕੋਰੀਆ ਨੂੰ ਪਰਮਾਣੂ ਹਮਲਿਆਂ ਨਾਲ ਤਬਾਹ ਕਰਨ ਦੀ ਧਮਕੀ



**ਸਿਓਲ:** ਉੱਤਰੀ ਕੋਰੀਆ ਦੇ ਆਗੂ ਕਿਮ ਜੋਂਗ ਉਨ ਨੇ ਦੱਖਣੀ ਕੋਰੀਆ ਖਿਲਾਫ਼ ਪਰਮਾਣੂ ਹਥਿਆਰ ਵਰਤਣ ਦੀ ਧਮਕੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਦੇ ਮੁਲਕ ਨੂੰ ਉਕਸਾਇਆ ਤਾਂ ਉਹ ਦੱਖਣੀ ਕੋਰੀਆ ਨੂੰ ਤਬਾਹ ਕਰ ਦੇਣਗੇ। ਉਨ੍ਹਾਂ ਇਹ ਧਮਕੀ ਦੱਖਣ ਕੋਰਿਆਈ ਆਗੂਆਂ ਦੀ ਉਸ ਚਿਤਾਵਨੀ ਦੇ ਸੰਦਰਭ ਵਿਚ ਦਿੱਤੀ ਹੈ, ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਜੇ ਉੱਤਰੀ ਕੋਰੀਆ ਨੇ ਪਰਮਾਣੂ ਹਥਿਆਰ ਵਰਤੇ ਤਾਂ ਕਿਮ ਹਕੂਮਤ ਡਿੱਗ ਜਾਵੇਗੀ। ਸੱਜਰੀਆਂ ਟਿੱਪਣੀਆਂ ਉੱਤਰੀ ਕੋਰੀਆ ਵੱਲੋਂ ਇਕ ਹੋਰ ਪਰਮਾਣੂ ਟਿਕਾਣੇ ਦਾ ਐਲਾਨ ਕਰਨ ਤੇ ਮਿਜ਼ਾਈਲ ਪ੍ਰੀਖਣ ਜਾਰੀ ਰੱਖਣ ਮਗਰੋਂ ਸਾਹਮਣੇ ਆਈਆਂ ਹਨ।

## ਗੁਟੇਰੇਜ਼ ਦੇ ਇਜ਼ਰਾਈਲ ਦਾਖ਼ਲੇ ਉਤੇ ਪਾਬੰਦੀ

**ਦੀਰ ਅਲ-ਬਾਲਾਹ/ਨਿਊਯਾਰਕ:** ਇਜ਼ਰਾਈਲ ਦੇ ਵਿਦੇਸ਼ ਮੰਤਰੀ ਇਸਰਾਈਲ ਕਾਟਜ਼ ਨੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਜ਼ 'ਤੇ ਮੁਲਕ ਖ਼ਿਲਾਫ਼ ਪੱਖਪਾਤ ਦਾ ਦੋਸ਼ ਲਾਉਂਦਿਆਂ ਉਨ੍ਹਾਂ ਦੇ ਦੇਸ਼ 'ਚ ਆਉਣ 'ਤੇ ਪਾਬੰਦੀ ਲਗਾ ਦਿੱਤੀ ਹੈ। ਵਿਦੇਸ਼ ਮੰਤਰੀ ਨੇ ਕਿਹਾ ਕਿ ਉਹ ਐਂਟੋਨੀਓ ਗੁਟੇਰੇਜ਼ ਨੂੰ 'ਗ਼ੈਰਲੋੜੀਂਦਾ ਵਿਅਕਤੀ' ਐਲਾਨ ਰਹੇ ਹਨ ਅਤੇ ਉਨ੍ਹਾਂ ਨੂੰ ਇਜ਼ਰਾਈਲ 'ਚ ਦਾਖ਼ਲੇ ਤੋਂ ਰੋਕਿਆ ਜਾਵੇਗਾ।

ਉਧਰ ਇਰਾਨ ਵੱਲੋਂ ਇਜ਼ਰਾਈਲ ਉਤੇ ਕੀਤੇ ਗਏ ਹਮਲੇ ਦੀ ਕਈ ਮੁਲਕਾਂ ਦੇ ਆਗੂਆਂ ਨੇ ਨਿਖੇਧੀ ਕੀਤੀ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਇਰਾਨ ਦਾ ਹਮਲਾ ਨਾਕਾਮ ਅਤੇ ਬੇਅਸਰ ਰਿਹਾ। ਬਾਇਡਨ ਨੇ ਕਿਹਾ ਕਿ ਅਮਰੀਕੀ ਫ਼ੌਜ ਨੇ ਇਜ਼ਰਾਈਲ ਦੀ ਰੱਖਿਆ 'ਚ ਪੂਰਾ ਸਹਿਯੋਗ ਦਿੱਤਾ ਹੈ। ਪੈਂਟਾਗਨ ਦੇ ਪ੍ਰੈੱਸ ਸਕੱਤਰ ਮੇਜਰ ਜਨਰਲ ਪੈਟਰਿਕ ਐੱਸ ਰਾਈਡਰ ਨੇ ਕਿਹਾ ਕਿ ਜ਼ਿਆਦਾਤਰ ਮਿਜ਼ਾਈਲਾਂ ਨੂੰ ਹਵਾ 'ਚ ਫੁੰਡ ਦਿੱਤਾ ਗਿਆ ਸੀ ਅਤੇ ਕੁਝ ਨਾਲ ਮਾਮੂਲੀ ਨੁਕਸਾਨ ਹੋਇਆ ਹੈ। ਖ਼ਿੱਤੇ ਦੇ ਸਮੁੰਦਰੀ ਪਾਣੀਆਂ 'ਚ ਤਾਇਨਾਤ ਦੋ ਅਮਰੀਕੀ ਬੇੜਿਆਂ ਤੋਂ ਦਾਗ਼ੇ ਗਏ ਦਰਜਨਾਂ ਇੰਟਰਸੈਪਟਰਾਂ ਨੇ ਵੀ ਇਰਾਨੀ ਮਿਜ਼ਾਈਲਾਂ ਨੂੰ ਹਵਾ 'ਚ ਫੁੰਡਿਆ।

# ਡੋਨਲਡ ਟਰੰਪ ਵੱਲੋਂ ਕਮਲਾ ਨੂੰ ਹਰਾਉਣ ਦੀ ਅਪੀਲ

**ਵਾਸ਼ਿੰਗਟਨ:** ਰਿਪਬਲਿਕਨ ਆਗੂ ਡੋਨਲਡ ਟਰੰਪ ਨੇ ਪੈਨਸਿਲਵੇਨੀਆ ਦੇ ਬਟਲਰ ਸ਼ਹਿਰ ਵਿਚ ਰੈਲੀ ਕਰਕੇ ਲੋਕਾਂ ਨੂੰ ਜਜ਼ਬਾਤੀ ਅਪੀਲ ਕੀਤੀ ਕਿ ਉਹ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਨੂੰ ਹਰਾ ਕੇ ਉਨ੍ਹਾਂ ਨੂੰ ਅਮਰੀਕਾ ਦਾ ਅਗਲਾ ਰਾਸ਼ਟਰਪਤੀ ਚੁਣਨ।

ਇਹ ਉਹ ਸ਼ਹਿਰ ਹੈ ਜਿਥੇ 12 ਹਫ਼ਤੇ ਪਹਿਲਾਂ ਟਰੰਪ 'ਤੇ ਹਮਲਾ ਹੋਇਆ ਸੀ। ਰੈਲੀ 'ਚ ਟੈਸਲਾ ਦੇ ਮਾਲਕ ਐਲਨ ਮਸਕ ਅਤੇ ਉਪ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਸੈਨੇਟਰ ਜੇਡੀ ਵੈਂਸ ਵੀ ਹਾਜ਼ਰ ਸਨ। ਟਰੰਪ ਨੇ ਕਿਹਾ, "ਸਾਨੂੰ ਰਲ ਕੇ ਉਸ (ਕਮਲਾ ਹੈਰਿਸ) ਨੂੰ ਮੁਲਕ ਤਬਾਹ ਕਰਨ ਤੋਂ ਰੋਕਣਾ ਹੋਵੇਗਾ। ਉਸ ਦਾ ਕੱਟੜਪੰਥੀ ਏਜੰਡਾ ਲਾਗੂ ਨਹੀਂ ਹੋਣਾ ਚਾਹੀਦਾ ਹੈ। ਇਸ ਲਈ ਤੁਹਾਨੂੰ ਸਾਰਿਆਂ ਨੂੰ ਘਰਾਂ ਤੋਂ ਬਾਹਰ ਨਿਕਲ ਕੇ ਵੋਟ ਪਾਉਣਾ ਚਾਹੀਦਾ ਹੈ।" ਕਮਲਾ ਹੈਰਿਸ 'ਤੇ ਵਰ੍ਹਦਿਆਂ ਟਰੰਪ ਨੇ ਕਿਹਾ ਕਿ ਉਹ ਸਰਹੱਦੀ ਸੁਰੱਖਿਆ ਅਤੇ ਅਰਥਚਾਰੇ ਸਮੇਤ ਕਈ ਮੁਹਾਜ਼ਾਂ 'ਤੇ ਨਾਕਾਮ ਰਹੀ ਹੈ।



ਉਨ੍ਹਾਂ ਕਿਹਾ ਕਿ ਕਮਲਾ ਨੇ ਪੈਨਸਿਲਵੇਨੀਆ ਉਪਰ ਕੁਦਰਤੀ ਗੈਸ ਬਰਾਮਦਗੀ 'ਤੇ ਪਾਬੰਦੀ ਲਾਈ ਹੈ ਜੋ ਊਰਜਾ ਵਰਕਰਾਂ ਅਤੇ ਕੀਮਤਾਂ 'ਤੇ ਮਾੜਾ ਅਸਰ ਪਾ ਰਹੀ ਹੈ। ਟਰੰਪ ਨੇ ਕਿਹਾ ਕਿ ਜੇ ਉਹ ਮੁੜ ਰਾਸ਼ਟਰਪਤੀ ਬਣੇ ਤਾਂ ਪਹਿਲੇ ਦਿਨ ਹੀ ਸਰਹੱਦ ਸੀਲ ਕਰਨ ਅਤੇ ਪਰਵਾਸੀਆਂ ਦੇ ਮੁਲਕ ਅੰਦਰ ਦਾਖ਼ਲ ਹੋਣ 'ਤੇ ਪਾਬੰਦੀ ਲਗਾਉਣ ਦਾ ਫ਼ੈਸਲਾ ਲੈਣਗੇ। ਆਪਣੇ ਸੰਖੇਪ ਭਾਸ਼ਣ 'ਚ ਮਸਕ ਨੇ ਕਿਹਾ ਕਿ ਸੰਵਿਧਾਨ ਦੀ ਰਾਖੀ ਲਈ ਟਰੰਪ ਨੂੰ ਜਿਤਾਉਣਾ ਚਾਹੀਦਾ ਹੈ। ਉਨ੍ਹਾਂ ਅਮਰੀਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੋਟ ਜ਼ਰੂਰ ਪਾਉਣ ਕਿਉਂਕਿ ਇਹ ਆਖਰੀ ਚੋਣ ਹੋ ਸਕਦੀ ਹੈ।

## ਭਾਰਤੀ ਮੂਲ ਦੀ ਡਾਕਟਰ ਨੇ ਬਰਤਾਨਵੀ ਟੈਲੀਵਿਜ਼ਨ 'ਤੇ ਸਿਰਜਿਆ ਇਤਿਹਾਸ

**ਲੰਡਨ:** ਬਰਤਾਨੀਆ ਦੇ ਸਭ ਤੋਂ ਹਰਮਨਪਿਆਰੇ ਟੈਲੀਵਿਜ਼ਨ ਨ੍ਰਿਤ ਮੁਕਾਬਲਿਆਂ 'ਚੋਂ ਇਕ ਵਿਚ ਹਿੱਸਾ ਲੈ ਰਹੀ ਭਾਰਤੀ ਮੂਲ ਦੀ ਸਕੌਟਿਸ਼ ਡਾਕਟਰ ਅਤੇ ਲੇਖਿਕਾ ਨੇ ਸ਼ੋਅ ਦੇ 20 ਸਾਲ ਦੇ ਇਤਿਹਾਸ ਵਿਚ ਪਹਿਲੀ ਵਾਰ ਬੌਲੀਵੁੱਡ ਗੀਤ 'ਤੇ ਨ੍ਰਿਤ ਕਰ ਕੇ ਇਤਿਹਾਸ ਸਿਰਜ ਦਿੱਤਾ। ਡਾ. ਪੂਨਮ ਕ੍ਰਿਸ਼ਨ ਨੇ ਬੀ.ਬੀ.ਸੀ. ਦੇ 'ਸਟ੍ਰਿਕਲੀ ਕਮ ਡਾਂਸਿੰਗ' ਪ੍ਰੋਗਰਾਮ ਦੇ ਇਤਿਹਾਸ ਵਿਚ ਪਹਿਲੀ ਵਾਰ ਭਾਰਤੀ ਗਾਣੇ 'ਤੇ ਨ੍ਰਿਤ ਕੀਤਾ। ਉਨ੍ਹਾਂ ਨੇ ਸਾਲ 2001 ਦੀ ਸੁਪਰਹਿੱਟ ਫਿਲਮ 'ਕਭੀ ਖ਼ੁਸ਼ੀ ਕਭੀ ਗਮ' ਦੇ 'ਬੋਲੇ ਚੂੜੀਆਂ' ਗੀਤ 'ਤੇ ਨ੍ਰਿਤ ਕੀਤਾ। ਫਿਜ਼ੀਸ਼ੀਅਨ ਵਜੋਂ ਕੰਮ ਕਰਦੀ ਪੂਨਮ ਆਪਣੇ ਮਾਪਿਆਂ ਦੇ ਸੰਘਰਸ਼ ਬਾਰੇ ਦੱਸਦੀ ਹੋਈ ਰੋ ਪਈ।

## ਬੰਗਲਾਦੇਸ਼ ਨੇ ਭਾਰਤ ਵਿਚਲੇ ਹਾਈ ਕਮਿਸ਼ਨਰ ਸਣੇ ਪੰਜ ਰਾਜਦੂਤ ਵਾਪਸ ਬੁਲਾਏ

**ਢਾਕਾ:** ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਨੇ ਨਵੀਂ ਦਿੱਲੀ ਸਥਿਤ ਆਪਣੇ ਹਾਈ ਕਮਿਸ਼ਨਰ ਸਣੇ ਪੰਜ ਰਾਜਦੂਤਾਂ ਨੂੰ ਵਾਪਸ ਬੁਲਾ ਲਿਆ ਹੈ। ਸਰਕਾਰ ਨੇ ਘਰੇਲੂ ਪ੍ਰਸ਼ਾਸਨ ਦੇ ਨਾਲ-ਨਾਲ ਡਿਪਲੋਮੈਟਿਕ ਸੇਵਾ ਵਿਚ ਵੀ ਦੂਜੇ ਗੇੜ ਦਾ ਫੇਰਬਦਲ ਕੀਤਾ ਹੈ। ਮੁੱਖ ਸਲਾਹਕਾਰ ਵਜੋਂ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਅੰਤਰਿਮ ਸਰਕਾਰ ਨੇ ਤਾਜ਼ੇ ਫੇਰਬਦਲ ਤਹਿਤ ਭਾਰਤ, ਬ੍ਰੱਸਲਜ਼, ਕੈਨਬਰਾ, ਲਿਸਬਨ ਤੇ ਯੂਐੱਨ ਦੇ ਸਥਾਈ ਮਿਸ਼ਨ ਵਿਚ ਬੰਗਲਾਦੇਸ਼ ਦੇ ਰਾਜਦੂਤਾਂ ਨੂੰ ਤੁਰਤ ਵਾਪਸ ਆਉਣ ਤੇ ਇੱਥੇ ਵਿਦੇਸ਼ ਮੰਤਰਾਲੇ ਨੂੰ ਰਿਪੋਰਟ ਕਰਨ ਲਈ ਕਿਹਾ ਹੈ। ਅਧਿਕਾਰੀ ਨੇ ਕਿਹਾ, 'ਰਾਜਦੂਤਾਂ ਨੂੰ ਵਾਪਸ ਬੁਲਾਉਣਾ ਸਰਕਾਰ ਦੇ ਉਸ ਫ਼ੈਸਲੇ ਦਾ ਹਿੱਸਾ ਹੈ, ਜਿਸ ਤਹਿਤ ਭਾਰਤ 'ਚ ਸਾਡੇ ਹਾਈ ਕਮਿਸ਼ਨਰ ਮੁਸਤਫਿਜ਼ੁਰ ਰਹਿਮਾਨ ਨੂੰ ਢਾਕਾ ਵਿਚ ਵਿਦੇਸ਼ ਮੰਤਰਾਲੇ 'ਚ ਪਰਤਣ ਲਈ ਕਿਹਾ ਗਿਆ ਹੈ।' ਲੰਡਨ 'ਚ ਬੰਗਲਾਦੇਸ਼ ਦੀ ਹਾਈ ਕਮਿਸ਼ਨਰ ਸਾਈਦਾ ਮੁਨਾ ਤਸਨੀਮ ਨੂੰ ਚਾਰ ਦਿਨ ਪਹਿਲਾਂ ਢਾਕਾ ਪਰਤਣ ਲਈ ਕਿਹਾ ਗਿਆ ਸੀ।

# ਗਾਜ਼ਾ ਜੰਗ ਦਾ ਇਕ ਸਾਲ ਪੂਰਾ, ਇਜ਼ਰਾਈਲ ਵੱਲੋਂ ਬੰਬਾਰੀ ਜਾਰੀ

**ਦੀਰ-ਅਲ-ਬਲਾਹ (ਗਾਜ਼ਾ ਪੱਟੀ):** ਇਜ਼ਰਾਈਲ ਉਤੇ ਹਮਾਸ ਵੱਲੋਂ 7 ਅਕਤੂਬਰ, 2023 ਨੂੰ ਕੀਤੇ ਗਏ ਭਿਆਨਕ ਦਹਿਸ਼ਤੀ ਹਮਲੇ ਅਤੇ ਇਸ ਪਿੱਛੋਂ ਸ਼ੁਰੂ ਹੋਈ ਗਾਜ਼ਾ ਜੰਗ ਨੂੰ ਇਕ ਸਾਲ ਪੂਰਾ ਹੋ ਗਿਆ ਹੈ, ਜਦੋਂਕਿ ਇਸ ਦੌਰਾਨ ਕੁਝ ਦਿਨ ਹੀ ਪਹਿਲਾਂ ਇਜ਼ਰਾਈਲ ਨੇ ਲਿਬਨਾਨ ਵਿਚ ਹਿਜ਼ਬੁੱਲਾ ਖ਼ਿਲਾਫ਼ ਹਮਲਿਆਂ ਦੀ ਸ਼ੁਰੂਆਤ ਕਰ ਕੇ ਜੰਗ ਦਾ ਨਵਾਂ ਮੋਰਚਾ ਵੀ ਖੋਲ੍ਹ ਦਿੱਤਾ ਹੈ।

ਇਜ਼ਰਾਈਲ ਨੇ ਲਿਬਨਾਨ ਦੀ ਰਾਜਧਾਨੀ ਬੈਰੂਤ ਦੇ ਬਾਹਰੀ ਖੇਤਰਾਂ ਵਿਚ ਜ਼ੋਰਦਾਰ ਹਵਾਈ ਬੰਬਾਰੀ ਕਰਨ ਤੋਂ ਇਲਾਵਾ ਉੱਤਰੀ ਗਾਜ਼ਾ ਵਿਚ ਵੀ ਹਮਲੇ ਤੇਜ਼ ਕਰ ਦਿੱਤੇ ਹਨ। ਫਲਸਤੀਨੀ ਅਧਿਕਾਰੀਆਂ ਨੇ ਕਿਹਾ ਕਿ ਇਸ ਦੌਰਾਨ ਇਕ ਮਸਜਿਦ ਉਤੇ ਹੋਏ ਹਮਲੇ ਵਿਚ 19 ਵਿਅਕਤੀ ਮਾਰੇ ਗਏ। ਇਜ਼ਰਾਇਲੀ ਫ਼ੌਜ ਨੇ ਮੁਲਕ ਦੇ ਉੱਤਰੀ ਸ਼ਹਿਰ ਹਾਇਫ਼ਾ ਉਤੇ ਹਿਜ਼ਬੁੱਲਾ ਵੱਲੋਂ ਹਮਲਾ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ। ਉਂਝ ਇਹ ਪੁਸ਼ਟੀ ਨਹੀਂ ਹੋ ਸਕੀ ਕਿ 'ਡਿੱਗੇ ਹੋਏ ਪ੍ਰੋਜੈਕਟਾਈਲ' ਦੇ ਛੱਰੇ ਰਾਕਟ ਨਾਲ ਸਬੰਧਤ ਸਨ ਜਾਂ ਇੰਟਰਸੈਪਟਰ ਨਾਲ। ਹਿਜ਼ਬੁੱਲਾ ਨੇ ਕਿਹਾ ਕਿ ਉਸ ਨੇ ਇਜ਼ਰਾਈਲ ਦੇ ਇਕ ਸਮੁੰਦਰੀ ਫ਼ੌਜੀ ਟਿਕਾਣੇ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਮੈਗਨ ਡੇਵਿਡ ਐਡੋਮ ਐਂਬੂਲੈਂਸ ਸੇਵਾ ਨੇ ਕਿਹਾ ਕਿ ਉਸ ਨੇ 10 ਜ਼ਖ਼ਮੀਆਂ ਦਾ ਇਲਾਜ ਕੀਤਾ ਹੈ, ਜਿਨ੍ਹਾਂ ਨੂੰ ਛੱਰੇ ਲੱਗੇ ਸਨ।

ਇਜ਼ਰਾਈਲ ਨੇ ਆਪਣੇ ਉਤੇ ਬੀਤੇ ਹਫ਼ਤੇ ਹੋਏ ਬੈਲਿਸਟਿਕ ਹਮਲੇ ਤੋਂ ਬਾਅਦ ਇਰਾਨ ਉਤੇ ਹਮਲਾ ਕਰਨ ਅਤੇ ਇਸ ਤਰ੍ਹਾਂ ਜੰਗ ਦਾ ਤੀਜਾ ਮੋਰਚਾ ਖੋਲ੍ਹਣ ਦੀ ਵੀ ਧਮਕੀ ਦਿੱਤੀ ਹੈ। ਪਰ ਅਸਲੀ ਵਿਚ ਜੰਗ ਦਾ ਘੇਰਾ ਜਿੰਨਾ ਜ਼ਿਆਦਾ ਫੈਲੇਗਾ, ਆਲਮੀ ਅਮਨ ਲਈ ਉਨ੍ਹਾ ਹੀ ਜ਼ਿਆਦਾ ਖ਼ਤਰਾ ਪੈਦਾ ਹੋਵੇਗਾ।



## ਲਿਬਨਾਨ ਤੇ ਸੀਰੀਆ ਵਿਚਾਲੇ ਸੜਕੀ ਸੰਪਰਕ ਟੁੱਟਿਆ

**ਬੈਰੂਤ:** ਇਜ਼ਰਾਈਲ ਨੇ ਹਿਜ਼ਬੁੱਲਾ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦਿਆਂ ਬੈਰੂਤ ਦੇ ਦੱਖਣ ਵਾਲੇ ਪਾਸੇ ਜ਼ੋਰਦਾਰ ਹਵਾਈ ਹਮਲੇ ਕੀਤੇ। ਇਕ ਹੋਰ ਹਮਲੇ 'ਚ ਲਿਬਨਾਨ ਅਤੇ ਸੀਰੀਆ ਵਿਚਕਾਰ ਮੁੱਖ ਸਰਹੱਦੀ ਲਾਂਘੇ ਦਾ ਸੰਪਰਕ ਟੁੱਟ ਗਿਆ। ਇਸ ਲਾਂਘੇ ਤੋਂ ਲੱਖਾਂ ਲੋਕਾਂ ਨੇ ਡਰ ਦੇ ਮਾਰੇ ਸੀਰੀਆ ਵੱਲ ਚਾਲੇ ਪਾਏ ਹੋਏ ਹਨ। ਲੋਕਾਂ ਨੂੰ ਪੈਦਲ ਹੀ ਸੀਰੀਆ ਵੱਲ ਰਵਾਨਾ ਹੋਣਾ ਪੈ ਰਿਹਾ ਹੈ। ਇਜ਼ਰਾਇਲੀ ਫ਼ੌਜ ਦੇ ਹਮਲੇ 'ਚ ਕਈ ਇਮਾਰਤਾਂ ਢਹਿ-ਢੇਰੀ ਹੋ ਗਈਆਂ।

# ਸਰਕਾਰ ਵੱਲੋਂ ਲੋਕਾਂ ਦੇ ਕੰਮ ਹਫਤੇ ’ਚ ਨਿਬੇੜਨ ਦੇ ਹੁਕਮ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਲੋਕਾਂ ਨੂੰ ਸਰਕਾਰੀ ਸੇਵਾਵਾਂ ਦਾ ਲਾਭ ਸਮੇਂ ਸਿਰ ਦੇਣ ਲਈ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਵੱਖ-ਵੱਖ ਵਿਭਾਗਾਂ ਵਿਚ ਲੋਕਾਂ ਦੇ ਲਟਕਦੇ ਆ ਰਹੇ ਕੰਮਾਂ ਦਾ ਨਿਪਟਾਰਾ ਹਫ਼ਤੇ ਵਿਚ ਕਰਨ ਦੇ ਆਦੇਸ਼ ਦਿੱਤੇ ਹਨ। ਇਹ ਆਦੇਸ਼ ਪੰਜਾਬ ਦੇ ਪ੍ਰਸ਼ਾਸਨਿਕ ਸੁਧਾਰ ਤੇ ਜਨਤਕ ਸ਼ਿਕਾਇਤਾਂ ਬਾਰੇ ਮੰਤਰੀ ਅਮਨ ਅਰੋੜਾ ਨੇ ਚੰਡੀਗੜ੍ਹ ਦੇ ਮਗਸੀਪਾ ਵਿਚ ਵਿਭਾਗ ਦੇ ਪ੍ਰੋਜੈਕਟਾਂ ਦੀ ਸਮੀਖਿਆ ਲਈ ਬੁਲਾਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤੇ।

ਉਨ੍ਹਾਂ ਨੇ ਸਾਫ ਕਿਹਾ ਕਿ ਪੰਜਾਬ ਨੇ ਹਾਲ ਹੀ ਵਿਚ ਦੇਸ਼ ਭਰ ਵਿਚ ਸ਼ਿਕਾਇਤ ਨਿਵਾਰਣ ਰੈਂਕਿੰਗ ਵਿਚ ਸਿਖਰਲਾ ਸਥਾਨ ਹਾਸਲ ਕੀਤਾ ਸੀ। ਇਹ ਰੈਂਕਿੰਗ ਭਾਰਤ ਸਰਕਾਰ ਵੱਲੋਂ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦਰਮਿਆਨ ਤੁਲਨਾਤਮਕ ਮੁਲਾਂਕਣ ਲਈ ਤਿਆਰ ਕੀਤੀ ਸ਼ਿਕਾਇਤ ਨਿਵਾਰਣ ਇੰਡੈਕਸ ਦੇ ਆਧਾਰ ‘ਤੇ ਦਿੱਤੀ ਗਈ ਸੀ।

ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿਚ ਨਾਗਰਿਕ ਸੇਵਾਵਾਂ ਦੇ ਲੰਬਿਤ ਮਾਮਲਿਆਂ ਦੀ ਗਿਣਤੀ ਮਹਿਜ਼ 0.19 ਫ਼ੀਸਦੀ ਤੋਂ ਵੀ ਘੱਟ ਹੈ। ਇਸ ਵਿਚ ਹੋਰ ਸੁਧਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਡਿਪਟੀ ਕਮਿਸ਼ਨਰਾਂ ਨੂੰ ਨਾਗਰਿਕ ਸੇਵਾਵਾਂ ਦੀ ਡਿਲਿਵਰੀ ਵਿਚ ਦੇਰੀ ਕਰਨ ਵਾਲੇ ਅਧਿਕਾਰੀਆਂ ਤੇ ਸਟਾਫ਼ ਦੀ ਪਛਾਣ ਕਰਨ ਅਤੇ ਰੁਕਾਵਟ ਪਾਉਣ ਵਾਲਿਆਂ ਦੀ ਜਵਾਬਦੇਹੀ ਤੈਅ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਬਿਹਤਰੀਨ ਕਾਰਗੁਜ਼ਾਰੀ ਵਾਲੇ ਅਧਿਕਾਰੀਆਂ ਤੇ ਸਟਾਫ਼ ਦੀ ਪਛਾਣ ਕਰਨ ਲਈ ਕਿਹਾ ਗਿਆ ਹੈ। ਕੈਬਨਿਟ ਮੰਤਰੀ ਨੇ ‘ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ’ ਸਕੀਮ ਦਾ ਵੀ ਜਾਇਜ਼ਾ ਲਿਆ, ਜਿਸ ਤਹਿਤ ਸੂਬਾ ਵਾਸੀਆਂ ਨੂੰ ਘਰ ਬੈਠੇ ਹੀ ਹੈਲਪਲਾਈਨ ਨੰਬਰ 1076 ਰਾਹੀਂ 43 ਸਰਕਾਰੀ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।

ਉਨ੍ਹਾਂ ਅਧਿਕਾਰੀਆਂ ਨੂੰ ਇਸ ਸਕੀਮ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਾਗਰਿਕਾਂ ਨੂੰ ਸਮਾਂਬੱਧ ਢੰਗ ਨਾਲ ਅਤੇ ਬਿਨਾਂ ਕਿਸੇ ਦੇਰੀ ਤੋਂ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਜੇ ਕਿਸੇ ਵੀ ਵਿਅਕਤੀ ਦਾ ਸਮੇਂ ਸਿਰ ਕੰਮ ਨਹੀਂ ਹੁੰਦਾ ਤਾਂ ਅਧਿਕਾਰੀ ਨੂੰ ਉਸ ਬਾਰੇ ਜਵਾਬ ਦੇਣਾ ਪਵੇਗਾ।

## ਰੋਜ਼ਾਨਾ ਰਜਿਸਟਰੀਆਂ ਦੇ ਆਦੇਸ਼ ਦਿੱਤੇ

**ਚੰਡੀਗੜ੍ਹ:** ਪੰਜਾਬ ਦੇ ਨਵ-ਨਿਯੁਕਤ ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਸੂਬੇ ਭਰ ਦੇ ਲੋਕਾਂ ਨੂੰ ਰਜਿਸਟਰੀਆਂ ਕਰਵਾਉਣ ਲਈ ਪੇਸ਼ ਆ ਰਹੀ ਦਿੱਕਤਾਂ ‘ਤੇ ਐਕਸ਼ਨ ਲੈਂਦਿਆਂ ਸੂਬੇ ਦੀਆਂ ਸਾਰੀਆਂ ਤਹਿਸੀਲਾਂ ਵਿਚ ਰੋਜ਼ਾਨਾ ਰਜਿਸਟਰੀਆਂ ਕਰਨ ਦੇ ਆਦੇਸ਼ ਦਿੱਤੇ ਹਨ। ਕੈਬਨਿਟ ਮੰਤਰੀ ਮੁੰਡੀਆਂ ਨੇ ਸੂਬੇ ਭਰ ਦੇ ਮਾਲ ਅਧਿਕਾਰੀਆਂ ਨਾਲ ਆਨਲਾਈਨ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਸਮੂਹ ਮਾਲ ਅਧਿਕਾਰੀ ਆਪਣੇ ਦਫਤਰਾਂ ਵਿਚ ਸਮੇਂ ਸਿਰ ਹਾਜ਼ਰ ਹੋਣ ਅਤੇ ਆਮ ਲੋਕਾਂ ਦੇ ਕੰਮਾਂ ਨੂੰ ਪਹਿਲ ਦੇ ਆਧਾਰ ‘ਤੇ ਕਰਨਾ ਯਕੀਨੀ ਬਣਾਉਣ। ਉਨ੍ਹਾਂ ਨੇ ਕਈ ਤਹਿਸੀਲਾਂ ਤੇ ਸਬ-ਤਹਿਸੀਲਾਂ ਵਿਚ ਰਜਿਸਟਰੀਆਂ ਕਰਨ ਦੇ ਇਕ ਜਾਂ ਦੋ ਦਿਨ ਨਿਰਧਾਰਤ ਕਰਨ ਨੂੰ ਰੱਦ ਕਰਦਿਆਂ ਹੁਕਮ ਦਿੱਤੇ ਕਿ ਹੁਣ ਪੰਜਾਬ ਭਰ ‘ਚ ਰੋਜ਼ਾਨਾ ਰਜਿਸਟਰੀਆਂ ਕੀਤੀਆਂ ਜਾਣ ਤਾਂ ਜੋ ਆਮ ਲੋਕਾਂ ਨੂੰ ਖੱਜਲ-ਖੁਆਰੀ ਨਾ ਹੋਵੇ।

## ਝੋਨਾ ਭੰਡਾਰਨ ਲਈ ਥਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ: ਕਟਾਰੂਚੱਕ



**ਚੰਡੀਗੜ੍ਹ:** ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਝੋਨੇ ਦੀ ਖਰੀਦ ਦੇ ਚੱਲ ਰਹੇ ਸੀਜ਼ਨ ਦੌਰਾਨ ਭੰਡਾਰਨ ਲਈ ਥਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਭਾਰਤੀ ਖੁਰਾਕ ਨਿਗਮ ਵੱਲੋਂ ਅਕਤੂਬਰ ਦੇ ਅੰਤ ਤੱਕ ਪੰਜਾਬ ਤੋਂ 15 ਲੱਖ ਟਨ ਚੌਲ ਦੀ ਚੁਕਾਈ ਕੀਤੀ ਜਾਵੇਗੀ। ਇਸ ਸਾਲ 31 ਦਸੰਬਰ ਤੱਕ ਸੂਬੇ ਦੇ ਗੋਦਾਮਾਂ ਤੋਂ ਲਗਭਗ 40 ਲੱਖ ਮੀਟਰਿਕ ਟਨ ਚੌਲਾਂ ਦੀ ਚੁਕਾਈ ਕੀਤੀ ਜਾਵੇਗੀ ਤਾਂ ਕਿ ਨਵੀਂ ਫਸਲ ਦੇ ਭੰਡਾਰਨ ਲਈ ਲੋੜੀਂਦੀ ਥਾਂ ਮੁਹੱਈਆ ਕਰਵਾਈ ਜਾ ਸਕੇ। ਕੈਬਨਿਟ ਮੰਤਰੀ ਨੇ ਕਿਹਾ ਕਿ ਆੜ੍ਹਤੀਆਂ ਨੇ ਬਾਸਮਤੀ ਦੀ ਖਰੀਦ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਸਾਨਾਂ ਦੇ ਪ੍ਰਦਰਸ਼ਨ ਬਾਰੇ ਕਿਹਾ ਕਿ ਇਸ ਨਾਲ ਗੁਦਾਮਾਂ ਵਿਚ ਨਵੀਂ ਫਸਲ ਲਈ ਖਾਲੀ ਥਾਵਾਂ ਯਕੀਨੀ ਬਣਾਉਣ ਵਿਚ ਮੁਸ਼ਕਲ ਆਵੇਗੀ।

# ਪੰਜਾਬ ’ਚ ਛੇ ਆਈ.ਟੀ.ਆਈਜ਼. ਬਣਨਗੀਆਂ ਸੈਂਟਰ ਆਫ ਐਕਸੀਲੈਂਸ

**ਚੰਡੀਗੜ੍ਹ:** ਪੰਜਾਬ ਦੇ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਸੂਬੇ ਵਿਚ ਤਕਨੀਕੀ ਸਿੱਖਿਆ ਦੇ ਖੇਤਰ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਦੀਆਂ ਛੇ ਆਈ.ਟੀ.ਆਈਜ਼. ਨੂੰ ਅਪਣਾ ਲਿਆ ਹੈ। ਇਨ੍ਹਾਂ ਨੂੰ ਸਾਹਨੀ ਵੱਲੋਂ 11 ਕਰੋੜ ਰੁਪਏ ਦੀ ਲਾਗਤ ਨਾਲ ਸੈਂਟਰ ਆਫ ਐਕਸੀਲੈਂਸ ਬਣਾਇਆ ਜਾਵੇਗਾ।



ਇਸ ਸਬੰਧੀ ਪੰਜਾਬ ਦੇ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸੂਬੇ ਦੀਆਂ ਛੇ ਆਈ.ਟੀ.ਆਈ’ਜ਼ ਨੂੰ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਵੱਲੋਂ ਅਪਨਾਉਣ ਸਬੰਧੀ ਸਮਝੌਤੇ ‘ਤੇ ਹਸਤਾਖਰ ਕੀਤੇ ਗਏ। ਸ੍ਰੀ ਬੈਂਸ ਨੇ ਕਿਹਾ ਕਿ ਨੌਜਵਾਨਾਂ ਨੂੰ ਕਿੱਤਾ ਮੁਖੀ ਸਿਖਲਾਈ ਦੇਣ ਲਈ ਸ੍ਰੀ ਸਾਹਨੀ ਨਾਲ ਤਾਲਮੇਲ ਕੀਤਾ ਤਾਂ ਉਨ੍ਹਾਂ ਨੇ ਸੂਬੇ ਦੀਆਂ ਛੇ ਆਈ.ਟੀ.ਆਈ. ਨੂੰ ਅਪਨਾਉਣ ਦਾ ਫੈਸਲਾ ਕੀਤਾ ਹੈ। ਇਸ ਤਹਿਤ ਆਈ.ਟੀ.ਆਈ. ਲੁਧਿਆਣਾ, ਆਈ.ਟੀ.ਆਈ. ਪਟਿਆਲਾ, ਆਈ.ਟੀ.ਆਈ. ਮਾਣਕਪੁਰ ਸ਼ਰੀਫ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਆਈ.ਟੀ.ਆਈ. ਸੁਨਾਮ ਅਤੇ ਆਈ.ਟੀ.ਆਈ. ਲਾਲੜੂ ਨੂੰ ਅੱਪਗ੍ਰੇਡ ਕੀਤਾ ਜਾਵੇਗਾ।

# ਜਗੀਰ ਕੌਰ ਨੇ ਅਕਾਲ ਤਖਤ ’ਤੇ ਸਪਸ਼ਟੀਕਰਨ ਸੌਂਪਿਆ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੀ ਆਗੂ ਬੀਬੀ ਜਗੀਰ ਕੌਰ ਨੇ ਇੱਥੇ ਅਕਾਲ ਤਖ਼ਤ ਵਿਖੇ ਆਪਣਾ ਸਪਸ਼ਟੀਕਰਨ ਸੌਂਪ ਦਿੱਤਾ ਹੈ।

ਉਨ੍ਹਾਂ ਆਪਣੇ ਖ਼ਿਲਾਫ਼ ਲੱਗੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੰਦਿਆਂ ਝੂਠੀ ਸ਼ਿਕਾਇਤ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ। ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਨੇ 26 ਸਤੰਬਰ ਨੂੰ ਇਕ ਪੱਤਰ ਭੇਜ ਕੇ ਬੀਬੀ ਜਗੀਰ ਕੌਰ ਨੂੰ ਹਫ਼ਤੇ ਅੰਦਰ ਨਿੱਜੀ ਤੌਰ ‘ਤੇ ਪੇਸ਼ ਹੋ ਕੇ ਸਪਸ਼ਟੀਕਰਨ ਦੇਣ ਦੇ ਆਦੇਸ਼ ਦਿੱਤੇ ਸਨ।



ਪੱਤਰ ਵਿਚ ਉਨ੍ਹਾਂ ‘ਤੇ ਰੋਮਾਂ ਦੀ ਬੇਅਦਬੀ ਕਰਨ ਅਤੇ ਧੀ ਦੀ ਮੌਤ ਸਬੰਧੀ ਲੱਗੇ ਦੋਸ਼ਾਂ ਦਾ ਸਪਸ਼ਟੀਕਰਨ ਮੰਗਿਆ ਗਿਆ ਸੀ। ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਸਪਸ਼ਟੀਕਰਨ ਸੌਂਪਣ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਬੀਬੀ ਜਗੀਰ ਕੌਰ ਨੇ ਕਿਹਾ ਕਿ ਉਸ ਖ਼ਿਲਾਫ਼ ਆਈ ਇਹ ਸ਼ਿਕਾਇਤ ਝੂਠੀ ਤੇ ਬੇਬੁਨਿਆਦ ਹੈ ਜਿਸ ਬਾਰੇ ਪਹਿਲਾਂ ਪੜਤਾਲ ਕਰਵਾ ਲੈਣੀ ਚਾਹੀਦੀ ਸੀ ਅਤੇ ਪੰਜ ਸਿੰਘ ਸਾਹਿਬਾਨ ਨੂੰ ਇਸ ਬਾਰੇ ਵਿਚਾਰ ਲੈਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਤੱਥਾਂ ਦੇ ਉਲਟ ਇਹ ਸ਼ਿਕਾਇਤ ਅਕਾਲ ਤਖ਼ਤ ਦੀ ਮਾਣ-ਮਰਿਆਦਾ ਨੂੰ ਢਾਹ ਲਾਉਣ ਵਾਲੀ ਹੈ ਅਤੇ ਇਸ ਵਿਚ ਲਿਖੀ ਇਹ ਇਬਾਰਤ ਨੂੰ ਪੜ੍ਹ ਕੇ ਹਰ ਸਿੱਖ ਅਤੇ ਹਰ ਸਿੱਖ ਬੀਬੀ ਆਪਣੇ ਆਪ ਨੂੰ ਅਪਮਾਨਤ ਮਹਿਸੂਸ ਕਰ ਰਹੀ ਹੈ। ਦੱਸਣਯੋਗ ਹੈ ਕਿ ਬੀਬੀ ਜਗੀਰ ਕੌਰ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਵਿਚ ਸ਼ਾਮਲ ਹਨ ਜਿਨ੍ਹਾਂ ਵੱਲੋਂ ਸ੍ਰੀ ਅਕਾਲ ਤਖ਼ਤ ਉਤੇ ਇਕ ਸ਼ਿਕਾਇਤ ਦੇ ਕੇ ਅਕਾਲੀ ਸਰਕਾਰ ਵੇਲੇ ਹੋਈਆਂ ਗਲਤੀਆਂ ਵਾਸਤੇ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਸੀ।

# ਬਿਜਲੀ ਚੋਰਾਂ ਨੇ ਪਾਵਰਕੌਮ ਸਾਹੋ-ਸਾਹ ਕੀਤਾ

**ਪਟਿਆਲਾ:** ਪੰਜਾਬ ਵਿਚ ਘਰੇਲੂ ਖਪਤਕਾਰਾਂ ਨੂੰ ਮੁਫ਼ਤ ਬਿਜਲੀ ਮਿਲਣ ਦੇ ਬਾਵਜੂਦ ਵੱਡੇ ਪੱਧਰ ਉਤੇ ਬਿਜਲੀ ਚੋਰੀ ਹੋ ਰਹੀ ਹੈ ਜੋ ਚਿੰਤਾਜਨਕ ਪੱਧਰ ‘ਤੇ ਪੁੱਜ ਗਈ ਹੈ। ਸੂਬੇ ਵਿਚ 2023-24 ਵਿਚ ਇਹ ਘਾਟਾ 2,600 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ।

ਇਸ ਵੇਲੇ ਸੂਬਾ ਵਾਸੀਆਂ ਨੂੰ ਹਰ ਮਹੀਨੇ 300 ਯੂਨਿਟ ਬਿਜਲੀ ਮੁਫਤ ਦਿੱਤੀ ਜਾ ਰਹੀ ਹੈ ਤੇ ਪੰਜਾਬ ਸਰਕਾਰ ਇਸ ਮੁਫ਼ਤ ਬਿਜਲੀ ਲਈ ਛੇ ਹਜ਼ਾਰ ਕਰੋੜ ਰੁਪਏ ਸਬਸਿਡੀ ਦਿੰਦੀ ਹੈ। ਇਸ ਵੇਲੇ ਪੰਜਾਬ ਦੀਆਂ 20 ਡਿਵੀਜ਼ਨਾਂ ਵਿਚ ਧੜੱਲੇ ਨਾਲ ਬਿਜਲੀ ਚੋਰੀ ਹੋ ਰਹੀ ਹੈ। ਸਭ ਤੋਂ ਵੱਧ ਬਿਜਲੀ ਚੋਰੀ ਸਰਹੱਦੀ ਜ਼ੋਨ ਵਿਚ ਹੁੰਦੀ ਹੈ, ਇਸ ਤੋਂ ਬਾਅਦ ਪੱਛਮੀ ਅਤੇ ਦੱਖਣੀ ਜ਼ੋਨ ਆਉਂਦੇ ਹਨ। ਤਰਨਤਾਰਨ ਸਰਕਲ ਦੀਆਂ ਚਾਰ



ਡਿਵੀਜ਼ਨਾਂ ਅਤੇ ਫਿਰੋਜ਼ਪੁਰ ਸਰਕਲ, ਉਪਨਗਰੀ ਅੰਮ੍ਰਿਤਸਰ ਅਤੇ ਸੰਗਰੂਰ ਸਰਕਲ ਦੀਆਂ ਤਿੰਨ-ਤਿੰਨ ਡਿਵੀਜ਼ਨਾਂ ਵਿਚ ਵੱਡੇ ਪੱਧਰ ‘ਤੇ ਬਿਜਲੀ ਚੋਰੀ ਹੋ ਰਹੀ ਹੈ।

# ਜਗੀਰ ਕੌਰ ਨੂੰ ਨੋਟਿਸ ਦਾ ਮਾਮਲਾ ਭਖਿਆ

**ਜਲੰਧਰ:** ਅਕਾਲ ਤਖ਼ਤ ਵੱਲੋਂ ਬੀਬੀ ਜਗੀਰ ਕੌਰ ਨੂੰ ਭੇਜੇ ਨੋਟਿਸ ਦਾ ਮਾਮਲਾ ਤੂਲ ਫੜ ਗਿਆ ਹੈ। ਸਿੱਖ ਵਿਦਵਾਨਾਂ ਨੇ ਇਸ ਨੋਟਿਸ ਨੂੰ ਔਰਤ ਜਾਤੀ ਦਾ ਅਪਮਾਨ ਦੱਸਦਿਆਂ ਨਿਖੇਧੀ ਕੀਤੀ ਹੈ। ਬਾਬਾ ਮੱਖਣ ਸ਼ਾਹ ਲੁਬਾਣਾ ਵੈੱਲਫੇਅਰ ਸੁਸਾਇਟੀ ਜਲੰਧਰ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਦੇ ਅਹੁਦੇਦਾਰਾਂ ਨੇ ਕਿਹਾ ਕਿ ਉਹ ਸਿੰਘ ਸਾਹਿਬ ਨੂੰ ਮਿਲ ਕੇ ਇਹ ਨੋਟਿਸ ਵਾਪਸ ਲੈਣ ਦੀ ਅਪੀਲ ਕਰਨਗੇ। ਉਨ੍ਹਾਂ ਦੋਸ਼ ਲਾਇਆ ਕਿ ਇਹ ਨੋਟਿਸ ਸਿਆਸੀ ਦਬਾਅ ਤੋਂ ਬਿਨਾਂ ਜਾਰੀ ਨਹੀਂ ਹੋ ਸਕਦਾ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਨੇ ਇਸ ਨੂੰ ਇਤਿਹਾਸਕ ਗਲਤੀ ਕਰਾਰ ਦਿੰਦਿਆਂ ਕਿਹਾ ਕਿ ਇਹ 300 ਸਾਲਾਂ ਦੇ ਇਤਿਹਾਸ ਵਿਚ ਪਹਿਲੀ ਵਾਰ ਵਾਪਰਿਆ ਹੈ ਕਿ ਜਾਤੀ ਕਾਰਨਾਂ ਕਰਕੇ ਕਿਸੇ ਸਿੱਖ ਬੀਬੀ ਨੂੰ ਅਕਾਲ ਤਖਤ ਸਾਹਿਬ ਪੇਸ਼ ਹੋਣ ਲਈ ਕਿਹਾ ਗਿਆ ਹੋਵੇ।

ਉਧਰ, ਦਲ ਖਾਲਸਾ ਅਤੇ ਸਾਬਕਾ ਆਈ.ਏ.ਐਸ. ਅਧਿਕਾਰੀ ਤੇ ਸਿੱਖ ਮਾਮਲਿਆਂ ਦੀ ਮਹਾਰਤ ਰੱਖਣ ਵਾਲੇ ਗੁਰਤੇਜ ਸਿੰਘ ਨੇ ਗੁਰਬਾਣੀ ਦੇ ਹਵਾਲੇ ਦੇ ਕੇ ਇਸ ਮਾਮਲੇ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਨੇ ਬੀਬੀ ਜਗੀਰ ਕੌਰ ਤੋਂ ਸਪੱਸ਼ਟੀਕਰਨ ਮੰਗਣ ਨੂੰ ਤਖ਼ਤ ਸਾਹਿਬ ਦੀ ਸਰਬ ਉੱਚਤਾ ਨੂੰ ਢਾਹ ਲਗਾਉਣ ਦੇ ਬਰਾਬਰ ਦੱਸਿਆ ਹੈ। ਸਭਾ ਦੇ ਪ੍ਰਧਾਨ ਪ੍ਰੋ. ਸ਼ਾਮ ਸਿੰਘ, ਪੱਤਰਕਾਰ ਜਸਪਾਲ ਸਿੰਘ ਸਿੱਧੂ, ਰਾਜਵਿੰਦਰ ਸਿੰਘ ਰਾਹੀ, ਗੁਰਪ੍ਰੀਤ ਸਿੰਘ (ਪ੍ਰਤੀਨਿਧ ਗਲੋਬਲ ਸਿੱਖ ਕੌਂਸਲ) ਅਤੇ ਪ੍ਰੀਤਮ ਸਿੰਘ ਰੁਪਾਲ ਨੇ ਇਸ ਵਰਤਾਰੇ ‘ਤੇ ਚਿੰਤਾ ਜ਼ਾਹਿਰ ਕੀਤੀ ਹੈ।

## ਦਿੱਲੀ ਦੀ ਅਦਾਲਤ ’ਚ ਟਾਈਟਲਰ ਖਿਲਾਫ ਸੁਣਵਾਈ ਸ਼ੁਰੂ

**ਨਵੀਂ ਦਿੱਲੀ:** ਇਥੋਂ ਦੀ ਰਾਊਜ਼ ਐਵੇਨਿਊ ਅਦਾਲਤ ਵਿਚ ਜਗਦੀਸ਼ ਟਾਈਟਲਰ ਖਿਲਾਫ ਮਾਮਲੇ ਦੀ ਸੁਣਵਾਈ ਸ਼ੁਰੂ ਹੋਈ। ਜ਼ਿਕਰਯੋਗ ਹੈ ਕਿ




ਦਿੱਲੀ ਦੇ ਪੁਲ ਬੰਗਸ਼ ਗੁਰਦੁਆਰੇ ਦੇ ਬਾਹਰ ਦੰਗਿਆਂ ਵਿਚ ਕਈ ਸਿੱਖਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਇਸ ਮਾਮਲੇ ਵਿਚ ਸ਼ਿਕਾਇਤਕਰਤਾ ਵੱਲੋਂ ਬਿਆਨ ਦਰਜ ਕਰਵਾਏ ਜਾ ਰਹੇ ਹਨ। ਦੱਸਣਾ ਬਣਦਾ ਹੈ ਕਿ ਜਗਦੀਸ਼ ਟਾਈਟਲਰ ਖ਼ਿਲਾਫ਼ 13 ਸਤੰਬਰ ਨੂੰ ਦੋਸ਼ ਆਇਦ ਕੀਤੇ ਗਏ ਸਨ।

# ਭੁਲੱਥ ਵਿਚ 15 ਪੰਚਾਇਤਾਂ ਸਰਬਸੰਮਤੀ ਨਾਲ ਬਣੀਆਂ

**ਭੁਲੱਥ:** ਇੱਥੇ ਸਬ ਡਿਵੀਜ਼ਨ ਭੁਲੱਥ ਵਿਚ ਭਾਵੇਂ 17 ਸਰਪੰਚ ਤੇ 124 ਪੰਚਾਂ ਵੱਲੋਂ ਪੰਚਾਇਤੀ ਚੋਣਾਂ ਲਈ ਨਾਮਜ਼ਦਗੀਆਂ ਭਰੀਆਂ ਗਈਆਂ, ਉਥੇ ਹੀ ਪੰਦਰਾਂ ਪਿੰਡਾਂ ਦੀਆਂ ਪੰਚਾਇਤਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ ਹੈ। ਪਿੰਡ ਅਕਾਲਾ, ਬਾਗੜੀਆਂ, ਸਿੱਧਵਾਂ, ਜੋਗਿੰਦਰ ਨਗਰ, ਮੁਬਾਰਕਪੁਰ ਬਾਊਲੀ, ਰਾਇਪੁਰ ਪੀਰ ਬਖ਼ਸ਼, ਰਾਏਪੁਰ ਅਰਾਈਆਂ, ਤਲਵੰਡੀ ਕੂਕਾ, ਟਾਂਡੀ ਦਾਖਲੀ, ਬਾਜ਼ੀਗਰ ਬਸਤੀ ਦਮੂਲੀਆ, ਨੂਰਪੁਰ ਜੱਟਾਂ, ਸ਼ੇਰ ਸਿੰਘ ਵਾਲਾ, ਮੁਸਤਫਾਬਾਦ, ਤਲਵੰਡੀ ਹੁਸੇਵਾਲ, ਚੱਕੋਕੀ, ਨਿਹਾਲਗੜ੍ਹ, ਅਕਬਰਪੁਰ ਵਿਚ ਸਰਬਸੰਮਤੀ ਨਾਲ ਪੰਚਾਇਤਾਂ ਚੁਣੀਆਂ ਗਈਆਂ ਹਨ।

ਹਲਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਹਲਕੇ ਦੇ ਲੋਕਾਂ ਨੂੰ ਸਰਬਸੰਮਤੀ ਨਾਲ ਪੰਚਾਇਤਾਂ ਚੁਣਨ ਲਈ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਅਜੇ ਦਸ ਬਾਰਾਂ ਪੰਚਾਇਤਾਂ ਹੋਰ ਸਰਬਸੰਮਤੀ ਨਾਲ ਚੁਣੇ ਜਾਣ ਦੀ ਆਸ ਹੈ।

ਇਸ ਮੌਕੇ ਉਨ੍ਹਾਂ ਹਲਕੇ ਦੇ ਲੋਕਾਂ ਨੂੰ ਕਿਹਾ ਕਿ ਕਾਗਜ਼ ਦਾਖ਼ਲ ਕਰਨ ਸਮੇਂ ਕਿਸੇ ਵੀ ਉਮੀਦਵਾਰ ਨੂੰ ਸਮੱਸਿਆ ਆਉਂਦੀ ਹੈ ਤਾਂ ਤੁਰਤ ਉਨ੍ਹਾਂ ਦੀ ਟੀਮ ਨਾਲ ਸੰਪਰਕ ਕੀਤਾ ਜਾਵੇ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੀ ਇਸਤਰੀ ਵਿੰਗ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਲੋਕਾਂ




ਨੂੰ ਵੱਧ ਤੋਂ ਵੱਧ ਸਰਬਸੰਮਤੀ ਨਾਲ ਪੰਚਾਇਤਾਂ ਚੁਣਨ ਤੇ ਚੰਗੇ ਅਕਸ ਵਾਲੇ ਉਮੀਦਵਾਰਾਂ ਨੂੰ ਅੱਗੇ ਲਿਆਉਣ ਲਈ ਕਿਹਾ।

ਪਿੰਡ ਅਕਾਲਾ ਤੋਂ ਸਰਬਸੰਮਤੀ ਨਾਲ ਚੁਣੀ ਗਈ ਸਰਪੰਚ ਨਿਰਮਲ ਕੌਰ, ਰਾਏਪੁਰ ਪੀਰ ਬਖ਼ਸ਼ ਤੋਂ ਸੁਖਜਿੰਦਰ ਸਿੰਘ ਲਾਲੀਆ, ਜੋਗਿੰਦਰ ਨਗਰ ਤੋਂ ਅਜਮੇਰ ਕੌਰ, ਬਾਗੜੀਆਂ ਤੋਂ ਸੁਖਵਿੰਦਰ ਸਿੰਘ ਨੇ ਕਿਹਾ ਉਹ ਪਾਰਟੀਬਾਜ਼ੀ ਤੋਂ ਉੱਪਰ ਉਠ ਕੇ ਆਪੋ ਆਪਣੇ ਪਿੰਡਾਂ ਦਾ ਵਿਕਾਸ ਤੇ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਕੰਮ ਕਰਨਗੇ। ਜ਼ਿਕਰਯੋਗ ਹੈ ਕਿ ਇਨ੍ਹਾਂ ਪਿੰਡਾਂ ਵਿਚ ਬੋਲੀ ਲੱਗ ਕੇ ਕਿਤੇ ਵੀ ਸਰਬਸੰਮਤੀ ਨਹੀਂ ਹੋਈ।

ਪੰਜਾਬ ਟਾਈਮਜ਼

ਸ਼ਨਿਚਰਵਾਰ, 12 ਅਕਤੂਬਰ, 2024

# ਚੋਣ ਸਿਆਸਤ ਦੇ ਗੇੜ

ਹਰਿਆਣਾ ਅਤੇ ਜੰਮੂ ਕਸ਼ਮੀਰ ਦੇ ਚੋਣ ਨਤੀਜਿਆਂ ਨੇ ਸਿਆਸੀ ਮਾਹਿਰਾਂ ਅਤੇ ਆਮ ਲੋਕਾਂ ਨੂੰ ਕਾਫੀ ਹੈਰਾਨ ਕੀਤਾ ਹੈ। ਹਰਿਆਣਾ ਵਿਚ ਕਿਹਾ ਜਾ ਰਿਹਾ ਸੀ ਕਿ ਭਾਰਤੀ ਜਨਤਾ ਪਾਰਟੀ ਹਾਰ ਜਾਵੇਗੀ ਅਤੇ ਅਗਲੀ ਸਰਕਾਰ ਕਾਂਗਰਸ ਦੀ ਬਣੇਗੀ ਪਰ ਸੂਬੇ ਵਿਚ ਭਾਰਤੀ ਜਨਤਾ ਪਾਰਟੀ ਨੇ ਲਗਾਤਾਰ ਤੀਜੀ ਵਾਰ ਵਿਧਾਨ ਸਭਾ ਚੋਣ ਜਿੱਤ ਕੇ ਇਤਿਹਾਸ ਬਣਾ ਦਿੱਤਾ। ਇਸੇ ਤਰ੍ਹਾਂ ਜੰਮੂ ਕਸ਼ਮੀਰ ਵਿਚ ਭਾਰਤੀ ਜਨਤਾ ਪਾਰਟੀ ਆਸ ਲਗਾਈ ਬੈਠੀ ਸੀ ਕਿ ਇਹ ਕਿਵੇਂ ਨਾ ਕਿਵੇਂ ਜੰਮੂ ਕਸ਼ਮੀਰ ਵਿਚ ਸਰਕਾਰ ਬਣਾਏਗੀ। ਧਾਰਾ 370 ਵਾਲੇ ਮਸਲੇ ਕਾਰਨ ਇਹ ਚੋਣਾਂ ਭਾਰਤੀ ਜਨਤਾ ਪਾਰਟੀ ਲਈ ਬਹੁਤ ਅਹਿਮ ਮੰਨੀਆਂ ਜਾ ਰਹੀਆਂ ਸਨ ਪਰ ਉਥੇ ਭਾਰਤੀ ਜਨਤਾ ਪਾਰਟੀ ਦੀਆਂ ਸਭ ਗਿਣਤੀਆਂ-ਮਿਣਤੀਆਂ ਫੇਲ੍ਹ ਹੋ ਗਈਆਂ ਅਤੇ ਉਥੇ ਹੁਣ ਨੈਸ਼ਨਲ ਕਾਨਫਰੰਸ ਤੇ ਕਾਂਗਰਸ ਦੀ ਸਾਂਝੀ ਸਰਕਾਰ ਬਣ ਰਹੀ ਹੈ। ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਨੇ ਜੰਮੂ ਕਸ਼ਮੀਰ ਵਿਚ ਚੋਣ ਗੱਠਜੋੜ ਤਹਿਤ ਇਕੱਠਿਆਂ ਚੋਣਾਂ ਲੜੀਆਂ ਸਨ।

ਹਰਿਆਣਾ ਵਿਚ ਸਾਰੀਆਂ ਚੋਣ ਭਵਿੱਖਬਾਣੀਆਂ ਝੂਠ ਸਾਬਿਤ ਹੋ ਗਈਆਂ। ਚੋਣ ਸਰਵੇਖਣਾਂ ਵਿਚ ਕਾਂਗਰਸ ਦੀ ਜਿੱਤ ਦਿਖਾਈ ਗਈ ਸੀ; ਕੁਝ ਸਰਵੇਖਣਾਂ ਵਿਚ ਤਾਂ ਕਾਂਗਰਸ ਨੂੰ 64 ਸੀਟਾਂ ਦਿੱਤੀਆਂ ਜਾ ਰਹੀਆਂ ਸਨ। ਅਸਲ ਵਿਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਰਟੀ ਦੀ ਸੂਬਾਈ ਲੀਡਰਸ਼ਿਪ ਨੇ ਬੱਝਵੀਂ ਚੋਣ ਮੁਹਿੰਮ ਤਿਆਰ ਕਰ ਕੇ ਅਮਲ ਵਿਚ ਲਿਆਂਦੀ ਜਿਸ ਨਾਲ ਉਹ ਕਾਂਗਰਸ ਨੂੰ ਮਿਲੀ ਸ਼ੁਰੂਆਤੀ ਲੀਡ ਨੂੰ ਠੱਲ੍ਹ ਪਾਉਣ ਵਿਚ ਕਾਮਯਾਬ ਹੋ ਗਈ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਇਸ ਸਾਲ ਦੇ ਸ਼ੁਰੂ ਵਿਚ ਮਨੋਹਰ ਲਾਲ ਖੱਟਰ ਨੂੰ ਹਟਾ ਕੇ ਨਾਇਬ ਸਿੰਘ ਸੈਣੀ ਨੂੰ ਮੁੱਖ ਮੰਤਰੀ ਥਾਪਿਆ ਸੀ ਅਤੇ ਉਨ੍ਹਾਂ ਦੀ ਲੀਡਰਸ਼ਿਪ ਨੇ ਵੱਖ-ਵੱਖ ਜਾਤੀਆਂ ਤੇ ਭਾਈਚਾਰਿਆਂ ਅੰਦਰ ਭਰੋਸਾ ਜਗਾਇਆ। ਦੂਜੇ ਬੰਨੇ ਕਾਂਗਰਸ ਦੀ ਚੋਣ ਮੁਹਿੰਮ ਉਮੀਦਾਂ 'ਤੇ ਪੂਰੀ ਨਹੀਂ ਉੱਤਰ ਸਕੀ। ਸੂਬੇ ਦੀਆਂ ਮੋਹਰੀ ਕਾਂਗਰਸੀ ਸਫ਼ਾਂ ਵਿਚ ਧੜੇਬੰਦੀ ਕਰ ਕੇ ਪਾਰਟੀ ਆਪਣਾ ਸੰਦੇਸ਼ ਦੂਰ ਤੱਕ ਲਿਜਾਣ ਵਿਚ ਕਾਮਯਾਬ ਨਹੀਂ ਹੋ ਸਕੀ। ਇਸ ਦੇ ਨਾਲ ਹੀ ਦੂਜੀਆਂ ਪਾਰਟੀਆਂ ਹਾਸ਼ੀਏ 'ਤੇ ਚਲੀਆਂ ਗਈਆਂ ਹਨ। ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਵੀ ਜ਼ੋਰ-ਸ਼ੋਰ ਨਾਲ ਚੋਣ ਪ੍ਰਚਾਰ ਵਿਚ ਉੱਤਰੀ ਸੀ ਪਰ ਪਾਰਟੀ ਨੂੰ ਦੋ ਫ਼ੀਸਦ ਤੋਂ ਵੀ ਘੱਟ ਵੋਟਾਂ ਮਿਲੀਆਂ ਅਤੇ ਇਹ ਵਿਧਾਨ ਸਭਾ ਵਿਚ ਆਪਣਾ ਖਾਤਾ ਵੀ ਨਾ ਖੋਲ੍ਹ ਸਕੀ। ਇਸੇ ਤਰ੍ਹਾਂ ਦੁਸ਼ਿਅੰਤ ਚੌਟਾਲਾ ਦੀ ਜੇ.ਜੇ.ਪੀ. ਨੂੰ ਵੀ ਕੋਈ ਸੀਟ ਨਾ ਮਿਲ ਸਕੀ ਜੋ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ 'ਕਿੰਗਮੇਕਰ' ਬਣ ਕੇ ਉੱਭਰੀ ਸੀ। ਇਨੈਲੋ ਦਲ ਅਤੇ ਆਜ਼ਾਦ ਉਮੀਦਵਾਰਾਂ ਨੂੰ ਕੁਝ ਸੀਟਾਂ 'ਤੇ ਸਫਲਤਾ ਹਾਸਲ ਹੋਈ ਹੈ। ਹਰਿਆਣਾ ਵਿਚ ਭਾਜਪਾ ਦੀ ਜਿੱਤ ਇਸ ਵਰਤਾਰੇ ਦੀ ਸ਼ਾਹਦੀ ਭਰਦੀ ਹੈ ਕਿ ਰਾਸ਼ਟਰੀ ਪਾਰਟੀਆਂ ਕੋਲ ਮੁਕਾਮੀ ਸਿਆਸੀ ਮਾਹੌਲ ਮੁਤਾਬਕ ਢਲਣ ਦੀਆਂ ਰਣਨੀਤੀਆਂ ਮੌਜੂਦ ਹਨ। ਲੋਕ ਸਭਾ ਚੋਣਾਂ ਵਿਚ ਲੱਗੇ ਝਟਕੇ ਤੋਂ ਬਾਅਦ ਭਾਜਪਾ ਨੇ ਆਪਣੀ ਸਥਿਤੀ ਮਜ਼ਬੂਤ ਕੀਤੀ ਹੈ ਜਦਕਿ ਕਾਂਗਰਸ ਨੂੰ ਅਗਲੇ ਕੁਝ ਮਹੀਨੇ ਵਿਚ ਹੋਣ ਵਾਲੀਆਂ ਸੂਬਾਈ ਅਸੈਂਬਲੀ ਚੋਣਾਂ ਵਿਚ ਆਪਣੀ ਕਾਰਗੁਜ਼ਾਰੀ ਬਿਹਤਰ ਕਰਨ ਲਈ ਆਪਣੀ ਰਣਨੀਤੀ ਨੂੰ ਜ਼ਿਆਦਾ ਕਾਰਗਰ ਬਣਾਉਣ ਵੱਲ ਖਾਸਾ ਧਿਆਨ ਦੇਣਾ ਪਵੇਗਾ।

ਉਧਰ, ਜੰਮੂ ਕਸ਼ਮੀਰ ਵਿਚ ਹੋਈਆਂ ਸੂਬਾਈ ਵਿਧਾਨ ਸਭਾ ਦੀਆਂ ਚੋਣਾਂ ਵਿਚ ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਪਾਰਟੀ ਦੇ ਗੱਠਜੋੜ ਨੇ ਬਹੁਮਤ ਹਾਸਲ ਕਰ ਲਿਆ। ਸੂਬੇ ਦੀ ਵਿਧਾਨ ਸਭਾ ਭੰਗ ਕਰਨ ਅਤੇ ਅਗਸਤ 2019 ਵਿਚ ਧਾਰਾ 370 ਤੇ ਰਾਜ ਦਾ ਦਰਜਾ ਖਤਮ ਕਰ ਕੇ ਇਸ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਤਬਦੀਲ ਕਰਨ ਤੋਂ ਬਾਅਦ ਪਹਿਲੀ ਵਾਰ ਜੰਮੂ ਕਸ਼ਮੀਰ ਵਿਚ ਵਿਧਾਨ ਸਭਾ ਲਈ ਚੋਣਾਂ ਹੋਈਆਂ ਹਨ। ਹਾਲੀਆ ਲੋਕ ਸਭਾ ਚੋਣਾਂ ਵਿਚ ਨੈਸ਼ਨਲ ਕਾਨਫਰੰਸ ਨੂੰ ਬਹੁਤਾ ਹੁੰਗਾਰਾ ਨਹੀਂ ਮਿਲ ਸਕਿਆ ਸੀ ਪਰ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੇ ਇਕ ਪਾਸੇ ਭਾਜਪਾ ਦੀ ਕੇਂਦਰੀ ਸੱਤਾ ਅਤੇ ਦੂਜੇ ਪਾਸੇ ਉਸ ਦੇ ਖਿਲਾਫ਼ ਉੱਤਰੇ ਕੁਝ ਨਵੇਂ ਖਿਡਾਰੀਆਂ ਦਾ ਡਟ ਕੇ ਮੁਕਾਬਲਾ ਕੀਤਾ। ਪਾਰਟੀ ਲੀਡਰਸ਼ਿਪ ਜੰਮੂ ਕਸ਼ਮੀਰ ਦੇ ਲੋਕਾਂ ਅੰਦਰ ਇਹ ਸੰਦੇਸ਼ ਪਹੁੰਚਾਣ ਵਿਚ ਕਾਮਯਾਬ ਰਹੀ ਹੈ ਕਿ ਉਨ੍ਹਾਂ ਦਾ ਭਵਿੱਖ ਇਕ ਖੇਤਰੀ ਪਾਰਟੀ ਦੇ ਹੱਥਾਂ ਵਿਚ ਹੀ ਸੁਰੱਖਿਅਤ ਰਹਿ ਸਕਦਾ ਹੈ। ਨੈਸ਼ਨਲ ਕਾਨਫਰੰਸ ਨੇ ਨਾ ਕੇਵਲ ਕਸ਼ਮੀਰ ਵਾਦੀ ਵਿਚ ਵੱਡੀ ਜਿੱਤ ਦਰਜ ਕੀਤੀ ਹੈ ਸਗੋਂ ਉਸ ਨੇ ਹਿੰਦੂ ਬਹੁਗਿਣਤੀ ਵਾਲੇ ਜੰਮੂ ਖੇਤਰ ਵਿਚ ਵਧੀਆ ਕਾਰਗੁਜ਼ਾਰੀ ਦਿਖਾਈ ਹੈ। ਭਾਜਪਾ ਜੰਮੂ ਖਿੱਤੇ ਅੰਦਰ ਆਪਣੀ ਪੈਂਠ ਬਰਕਰਾਰ ਰੱਖਣ ਵਿਚ ਸਫਲ ਰਹੀ ਹੈ ਪਰ ਕਸ਼ਮੀਰ ਨੂੰ ਲੈ ਕੇ ਇਸ ਦੀਆਂ ਗਿਣਤੀਆਂ ਮਿਣਤੀਆਂ ਬੁਰੀ ਤਰ੍ਹਾਂ ਨਾਕਾਮ ਹੋ ਗਈਆਂ ਹਨ। ਭਾਜਪਾ ਲੀਡਰਸ਼ਿਪ ਨੇ ਚੋਣ ਪ੍ਰਚਾਰ ਦੌਰਾਨ ਇਹ ਮੁੱਦਾ ਵਾਰ-ਵਾਰ ਉਭਾਰਿਆ ਸੀ ਕਿ ਧਾਰਾ 370 ਨੂੰ ਰੱਦ ਕਰਨ ਨਾਲ ਜੰਮੂ ਕਸ਼ਮੀਰ ਵਿਚ ਸ਼ਾਂਤੀ ਅਤੇ ਵਿਕਾਸ ਦਾ ਨਵਾਂ ਯੁੱਗ ਸ਼ੁਰੂ ਹੋਇਆ ਹੈ ਪਰ ਜ਼ਮੀਨੀ ਹਕੀਕਤਾਂ ਉਸ ਦੇ ਪ੍ਰਚਾਰ ਦੀ ਪੁਸ਼ਟੀ ਨਹੀਂ ਕਰ ਰਹੀਆਂ ਸਨ। ਇਸੇ ਕਰ ਕੇ ਜੰਮੂ ਖਿੱਤੇ ਅੰਦਰ ਵੀ ਭਾਜਪਾ ਨੂੰ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ।

ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਦੀ ਪੀਪਲਜ਼ ਡੈਮੋਕਰੈਟਿਕ ਪਾਰਟੀ ਨੂੰ ਸਿਰਫ ਤਿੰਨ ਸੀਟਾਂ ਮਿਲੀਆਂ ਹਨ। ਇਸ ਤੋਂ ਇਲਾਵਾ ਦਸ ਸੀਟਾਂ ਹੋਰਨਾਂ ਪਾਰਟੀਆਂ ਅਤੇ ਆਜ਼ਾਦ ਉਮੀਦਵਾਰਾਂ ਨੂੰ ਮਿਲੀਆਂ ਹਨ ਜੋ ਕਾਫ਼ੀ ਅਹਿਮ ਅੰਕੜਾ ਬਣਦਾ ਹੈ ਪਰ ਫਿਲਹਾਲ ਇਹ ਸੰਕੇਤ ਮਿਲ ਰਹੇ ਹਨ ਕਿ ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਮਿਲ ਕੇ ਉਮਰ ਅਬਦੁੱਲਾ ਦੀ ਅਗਵਾਈ ਹੇਠ ਸਰਕਾਰ ਬਣਾ ਰਹੀਆਂ ਹਨ। ਨਵੀਂ ਸਰਕਾਰ ਲਈ ਸਭ ਤੋਂ ਵੱਡੀ ਚੁਣੌਤੀ ਰਾਜ ਦਾ ਦਰਜਾ ਬਹਾਲ ਕਰਾਉਣ ਅਤੇ ਜੰਮੂ ਕਸ਼ਮੀਰ ਵਿਚ ਸ਼ਾਂਤੀ ਦਾ ਮਾਹੌਲ ਕਾਇਮ ਕਰ ਕੇ ਉੱਥੇ ਤੇਜ਼ੀ ਨਾਲ ਲੋਕਾਂ ਨੂੰ ਰਾਹਤ ਪਹੁੰਚਾਉਣ ਦੀ ਹੋਵੇਗੀ। ਇਨ੍ਹਾਂ ਦੋਹਾਂ ਸੂਬਿਆਂ ਦੇ ਇਨ੍ਹਾਂ ਚੋਣ ਨਤੀਜਿਆਂ ਦਾ ਮੁਲਕ ਦੀ ਸਿਆਸਤ 'ਤੇ ਡਾਢਾ ਅਸਰ ਪੈਣ ਦੀਆਂ ਕਿਆਸਆਰਾਈਆਂ ਲਾਈਆਂ ਜਾ ਰਹੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਛੱਜ ਸ਼ਰਮਿੰਦਾ ਹੋਵੇ !

ਨੇਕੀ ਨਹੀਂ 'ਏਜੰਡੇ' ਵਿਚ ਹਾਕਮਾਂ ਦੇ ਜਨਤਾ ਫੇਰ ਵੀ ਭਲਾ ਹੀ ਟੋਲ੍ਹਦੀ ਐ।
ਚੋਰ-ਮੋਰੀਆਂ ਵਰਤ ਕਾਨੂੰਨ ਦੀਆਂ ਬੇਇਨਸਾਫੀ ਦੀ ਤੱਕੜੀ ਤੋਲਦੀ ਐ।
ਪੱਤਰਕਾਰੀ ਵੀ ਗੋਦੀ 'ਚ ਚੜ੍ਹੀ ਬੈਠੀ ਪੋਲ ਵਿਰਲੀ ਹੀ 'ਢੋਲ' ਦੇ ਖੋਲ੍ਹਦੀ ਐ।
ਫਿਰਕਾਪ੍ਰਸਤੀ ਦਾ ਦੇਖ ਕੇ ਬੋਲ ਬਾਲਾ ਲੋਕ-ਰਾਜ ਦੀ 'ਆਤਮਾ' ਡੋਲਦੀ ਐ।
ਗੱਦੀ ਬੈਠ ਕੇ ਸਾਰੇ ਹੀ 'ਬਦਲ' ਜਾਂਦੇ ਹਰ ਪਾਰਟੀ ਕੜ੍ਹੀ ਇਹ 'ਘੋਲ਼ਦੀ' ਐ।
ਸੁਣ ਸੁਣ ਛੱਜ ਵਿਚਾਰਾ ਵੀ ਸੰਗ ਜਾਂਦਾ ਚਪੜ ਚਪੜ ਜਦ ਛਾਨਣੀ ਬੋਲਦੀ ਐ !

## ਪੰਜਾਬ ਮਾਮਲਿਆਂ ਦੀ ਅਣਦੇਖੀ ਦਾ ਮੁੱਦਾ

# ਭਾਜਪਾ ਦਾ ਨਜ਼ਰੀਆ ਅਤੇ ਸੁਨੀਲ ਜਾਖੜ ਦਾ ਸੁਝਾਅ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਪਿਛਲੇ ਕੁਝ ਦਿਨਾਂ ਤੋਂ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੇ ਪ੍ਰਧਾਨ ਸੁਨੀਲ ਜਾਖੜ ਵੱਲੋਂ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦਾ ਮਾਮਲਾ ਸੁਲਘ ਰਿਹਾ ਹੈ। ਇਸ ਦੇ ਨਾਲ ਹੀ ਚਰਚਾ ਹੈ ਕਿ ਜਾਖੜ ਨੇ ਭਾਜਪਾ ਦੇ ਚੋਟੀ ਦੇ ਆਗੂਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸਾਫ਼ ਲਫ਼ਜ਼ਾਂ ਵਿਚ ਆਖ ਦਿੱਤਾ ਹੈ ਕਿ ਪਾਰਟੀ ਨੂੰ ਪੰਜਾਬ ਦੇ ਮੁੱਦਿਆਂ ਪ੍ਰਤੀ ਆਪਣੀ ਪਹੁੰਚ ਬਦਲਣ ਦੀ ਜ਼ਰੂਰਤ ਹੈ। ਜਾਣਕਾਰੀ ਮਿਲੀ ਹੈ ਕਿ ਜਾਖੜ ਨੇ ਭਾਜਪਾ ਲੀਡਰਸ਼ਿਪ ਨੂੰ ਕਿਸਾਨਾਂ ਦੇ ਮਸਲਿਆਂ ਨੂੰ ਫੌਰੀ ਸੁਲਝਾਉਣ ਅਤੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਦਿੱਤੀ ਜਾ ਰਹੀ ਪੈਰੋਲ ਸਮੇਤ ਕਈ ਮੁੱਦੇ ਚੁੱਕੇ ਹਨ। ਜਾਖੜ ਵੱਲੋਂ ਉਠਾਏ ਜਾ ਰਹੇ ਸਵਾਲਾਂ ਪਿੱਛੇ ਉਸ ਦੀ ਮਨਸ਼ਾ ਸਮਝਣਾ ਮਾਮਲੇ ਦਾ ਇਕ ਪਹਿਲੂ ਹੈ ਲੇਕਿਨ ਇਸ ਤੋਂ ਵੀ ਮਹੱਤਵਪੂਰਨ ਪਹਿਲੂ ਇਹ ਹੈ ਕਿ ਜਾਖੜ ਦੇ ਉਠਾਏ ਨੁਕਤਿਆਂ ਜ਼ਰੀਏ ਕੇਂਦਰੀ ਹਕੂਮਤ ਵੱਲੋਂ ਪੰਜਾਬ ਨਾਲ ਦਹਾਕਿਆਂ ਤੋਂ ਕੀਤੇ ਜਾ ਰਹੇ ਵਿਤਕਰੇ ਦੀ ਚਰਚਾ ਜ਼ਰੂਰ ਹੋਣੀ ਚਾਹੀਦੀ ਹੈ।

ਤਿੰਨ ਵਾਰ ਅਬੋਹਰ ਤੋਂ ਵਿਧਾਇਕ ਰਹੇ ਸੁਨੀਲ ਜਾਖੜ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਆਗੂ ਰਹਿ ਚੁੱਕੇ ਹਨ। ਉਹ ਦੋ ਦਹਾਕੇ ਤੋਂ ਜ਼ਿਆਦਾ ਸਮਾਂ ਭਾਜਪਾ ਖਿਲਾਫ ਤਿੱਖੀ ਬਿਆਨਬਾਜ਼ੀ ਕਰਦੇ ਰਹੇ ਹਨ। ਕਿਸੇ ਸਮੇਂ ਭਾਜਪਾ ਨੂੰ ਫਿਰਕੂ ਪਾਰਟੀ ਦੱਸਣ ਵਾਲੇ ਜਾਖੜ ਦੀ ਭਾਜਪਾ ਵਿਚ ਸ਼ਮੂਲੀਅਤ ਸਮੇਂ ਹੀ ਉਸ ਦੀ ਸਿਆਸੀ ਮੌਕਾਪ੍ਰਸਤੀ ਜ਼ਾਹਿਰ ਹੋ ਗਈ ਸੀ। ਸਵਾਲ ਇਹ ਵੀ ਉੱਠਿਆ ਸੀ ਕਿ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਜਿਸ ਜਾਖੜ ਨੂੰ ਗੁਰਦਾਸਪੁਰ ਤੋਂ ਹਰਾਉਣ ਲਈ ਭਾਜਪਾ ਵੱਲੋਂ ਫਿਲਮ ਅਦਾਕਾਰ ਸਨੀ ਦਿਓਲ ਨੂੰ ਵਿਸ਼ੇਸ਼ ਤੌਰ 'ਤੇ ਲਿਆ ਕੇ ਚੋਣ ਮੈਦਾਨ ਵਿਚ ਉਤਾਰਿਆ ਗਿਆ ਸੀ, ਉਸ ਜਾਖੜ ਨੂੰ ਪਾਰਟੀ ਦੀ ਪੰਜਾਬ ਇਕਾਈ ਕਿਵੇਂ ਸੰਭਾਲ ਸਕਦੇ ਹਨ? ਅਸਲ ਵਿਚ ਮੌਕਾਪ੍ਰਸਤੀ ਦੋਵੇਂ ਪਾਸਿਓਂ ਹੀ ਸਾਫ ਨਜ਼ਰ ਆ ਰਹੀ ਸੀ। ਭਾਜਪਾ ਦੀ ਮਨਸ਼ਾ 'ਕਾਂਗਰਸ ਮੁਕਤ ਭਾਰਤ' ਦੇ ਨਾਅਰੇ ਨੂੰ ਲਾਗੂ ਕਰਦਿਆਂ ਕਾਂਗਰਸੀ ਪਿਛੋਕੜ ਵਾਲੇ ਜਾਖੜ ਨੂੰ ਪ੍ਰਧਾਨ ਬਣਾ ਕੇ ਕਾਂਗਰਸ ਨੂੰ ਵੱਧ ਤੋਂ ਵੱਧ ਖੋਰਾ ਲਾਉਣਾ ਸੀ।

ਸਿਰਫ ਨਾਮ ਦੇ ਪ੍ਰਧਾਨ ਬਣੇ ਸੁਨੀਲ ਜਾਖੜ ਹੁਣ ਚਾਹੁੰਦੇ ਹਨ ਕਿ ਭਾਜਪਾ ਦੇ ਸੂਬਾਈ ਪ੍ਰਧਾਨ ਕੋਲ 'ਤਾਕਤ' ਹੋਣੀ ਚਾਹੀਦੀ ਹੈ। ਸ਼ਾਇਦ ਉਹ ਖੁਦ ਨੂੰ ਪ੍ਰਧਾਨ ਬਣਾਉਣ ਵਾਲਾ ਚੱਕਰਵਿਊ ਹੁਣ ਤਦ ਜਾ ਕੇ ਸਮਝੇ ਹਨ ਜਦ ਕਾਂਗਰਸ ਵਿਚ ਉਨ੍ਹਾਂ ਤੋਂ ਖਾਸਾ ਜੂਨੀਅਰ ਰਿਹਾ ਰਵਨੀਤ ਬਿੱਟੂ ਕੇਂਦਰੀ ਰਾਜ ਮੰਤਰੀ ਬਣਾ ਦਿੱਤਾ ਗਿਆ ਹੈ। ਵੈਸੇ ਵੀ ਹਰਿਆਣਾ ਚੋਣਾਂ ਵਿਚ ਬਣੀ ਕਾਂਗਰਸ ਦੀ ਮਜ਼ਬੂਤ ਸਥਿਤੀ ਜਾਖੜ ਨੂੰ 'ਘਰ ਵਾਪਸੀ' ਦਾ ਚੇਤਾ ਆ ਸਕਦਾ ਹੈ।

ਖੈਰ! ਅਸੀਂ ਜਾਖੜ ਦੀ ਸਿਆਸੀ ਮੌਕਾਪ੍ਰਸਤੀ ਤੋਂ ਅਗਾਂਹ ਜਾ ਕੇ ਦੇਖੀਏ ਕਿ ਹੁਣ ਜਿਹੜੇ ਮਾਮਲਿਆਂ ਜਾ ਜ਼ਿਕਰ ਉਸ ਨੇ ਕੀਤਾ ਹੈ, ਉਹਨਾਂ ਤੋਂ ਬਿਨਾਂ ਵੀ ਬਹੁਤ ਸਾਰੇ ਅਜਿਹੇ ਮਾਮਲੇ ਹਨ ਜਿਨ੍ਹਾਂ ਉੱਪਰ ਪੰਜਾਬ ਨਾਲ ਬੇਇਨਸਾਫੀ ਕੀਤੀ ਜਾ ਰਹੀ ਹੈ। ਬਲਾਤਕਾਰ ਦੇ ਕੇਸਾਂ ਵਿਚ ਸਜ਼ਾਯਾਫ਼ਤਾ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਮਿਲ ਰਹੀ ਪੈਰੋਲ ਖਾਸਕਰ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਤੋਂ ਤਿੰਨ ਦਿਨ ਪਹਿਲਾਂ ਜਿਸ ਢੰਗ ਨਾਲ ਪੈਰੋਲ 'ਤੇ ਰਿਹਾਅ ਕੀਤਾ ਗਿਆ ਹੈ, ਉਹ ਢੰਗ ਪੂਰੀ ਤਰ੍ਹਾਂ ਗੈਰ-ਜਮਹੂਰੀ ਹੈ। ਡੇਰਾ ਮੁਖੀ ਨੂੰ ਵਾਰ-ਵਾਰ ਮਿਲ ਰਹੀ ਪੈਰੋਲ ਦਾ ਪੰਜਾਬ ਦੀਆਂ ਪੰਥਕ ਜਥੇਬੰਦੀਆਂ ਲਗਾਤਾਰ ਵਿਰੋਧ ਕਰ ਰਹੀਆਂ ਹਨ। ਇਕ ਪਾਸੇ ਸਜ਼ਾ ਪੂਰੀ ਹੋਣ ਦੇ ਬਾਵਜੂਦ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ ਹੈ; ਦੂਜੇ ਪਾਸੇ ਸਿਆਸੀ ਮਨੋਰਥਾਂ ਦੀ ਪੂਰਤੀ ਲਈ ਪਿਛਲੇ 2 ਸਾਲਾਂ ਦੌਰਾਨ ਡੇਰਾ ਮੁਖੀ 10 ਵਾਰ ਜੇਲ੍ਹ ਤੋਂ ਪੈਰੋਲ ਜਾਂ ਫਰਲੋ ਰਾਹੀਂ ਬਾਹਰ ਕੱਢਿਆ ਗਿਆ ਹੈ। ਇਨ੍ਹਾਂ ਵਿਚੋਂ 6 ਵਾਰ ਤਾਂ ਉਹ ਅਜਿਹੇ ਸਮੇਂ ਬਾਹਰ ਆਇਆ ਹੈ ਜਦ ਕਿਸੇ ਨਾ ਕਿਸੇ ਪੱਧਰ



ਉੱਪਰ ਚੋਣਾਂ ਦਾ ਮਾਹੌਲ ਭਖਿਆ ਹੋਇਆ ਸੀ। ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੀ ਕਈ ਚੋਣਾਂ ਵਿਚ ਡੇਰਾ ਸਿਰਸਾ ਵੱਲੋਂ ਆਪਣੇ ਸ਼ਰਧਾਲੂਆਂ/ਵੋਟਰਾਂ ਨੂੰ ਭਾਜਪਾ ਦੇ ਪੱਖ ਵਿਚ ਭੁਗਤਾਇਆ ਜਾਂਦਾ ਰਿਹਾ ਹੈ। ਜ਼ਾਹਿਰ ਹੈ ਕਿ ਇਸੇ ਕਾਰਨ ਪਿਛਲੇ ਸਾਲਾਂ ਦੌਰਾਨ ਹਰਿਆਣਾ ਸਰਕਾਰ ਵੱਲੋਂ ਡੇਰਾ ਮੁਖੀ ਨੂੰ ਵਾਰ-ਵਾਰ ਫਰਲੋ ਦਿੱਤੀ ਜਾ ਰਹੀ ਹੈ।

ਦੂਜਾ ਮਾਮਲਾ ਜਾਖੜ ਨੇ ਰੱਖਿਆ ਹੈ ਕਿ ਕਿਸਾਨਾਂ ਦੇ ਮਸਲਿਆਂ ਨੂੰ ਫੌਰੀ ਸੁਲਝਾਇਆ ਜਾਵੇ। ਇਸ ਮਾਮਲੇ ਦੀ ਹਕੀਕਤ ਇਹ ਹੈ ਕਿ ਭਾਜਪਾ ਸਰਕਾਰ ਨੇ ਕਿਸਾਨ ਮਸਲਿਆਂ ਦਾ ਹੱਲ ਕਰਨ ਦੀ ਬਜਾਇ ਮਸਲਿਆਂ ਨੂੰ ਹੋਰ ਵੱਧ ਉਲਝਾਇਆ ਹੈ। ਖੇਤੀ ਕਾਨੂੰਨਾਂ ਖਿਲਾਫ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਦੇ ਦਬਾਅ ਹੇਠ ਖੇਤੀ ਕਾਨੂੰਨ ਵਾਪਸ ਲੈਣ ਸਮੇਂ ਮੋਦੀ ਸਰਕਾਰ ਨੇ ਬਾਕੀ ਮੰਗਾਂ ਜਲਦ ਮੰਨਣ ਦਾ ਭਰੋਸਾ ਦਿੱਤਾ ਸੀ ਪਰ ਉਸ 'ਭਰੋਸੇ' ਮਿਲੇ ਨੂੰ ਵੀ ਦੋ ਸਾਲ ਤੋਂ ਵੱਧ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਮੋਦੀ ਸਰਕਾਰ ਨੇ ਅਜੇ ਤੱਕ ਕਿਸਾਨਾਂ ਦੀ ਇੱਕ ਵੀ ਮੰਗ ਪੂਰੀ ਨਹੀਂ ਕੀਤੀ ਹੈ। ਫਸਲਾਂ 'ਤੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਐਮ.ਐਸ.ਪੀ. ਲਾਗੂ ਕਰਨ ਦੀ ਮੰਗ ਜਿਉਂ ਦੀ ਤਿਉਂ ਬਰਕਰਾਰ ਹੈ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦਾ ਕਰਜ਼ਾ ਮੁਆਫ ਕਰਨ ਦੀ ਕੋਈ ਯੋਜਨਾ ਨਹੀਂ ਲਿਆਂਦੀ ਗਈ ਹੈ, ਬਿਜਲੀ ਸੋਧ ਬਿਲ-2020 ਵਾਪਸ ਨਹੀਂ ਲਿਆ ਗਿਆ ਹੈ। ਲਖੀਮਪੁਰ ਖੀਰੀ ਵਿਚ ਕਤਲ ਕੀਤੇ ਕਿਸਾਨਾਂ ਦੇ ਮਾਮਲੇ ਵਿਚ ਅਜੇ ਤੱਕ ਇਨਸਾਫ ਨਹੀਂ ਮਿਲਿਆ ਹੈ।

ਕੇਂਦਰ ਸਰਕਾਰ ਨੇ ਵਿਸ਼ਵਾਸ ਦਿਵਾਇਆ ਸੀ ਕਿ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਖਿਲਾਫ ਦਰਜ ਸਾਰੇ ਪੁਲਿਸ ਕੇਸ ਵਾਪਸ ਲਏ ਜਾਣਗੇ ਲੇਕਿਨ ਪਿਛਲੇ ਢਾਈ ਸਾਲਾਂ ਵਿਚ ਕੇਸ ਵਾਪਸ ਲੈਣਾ ਤਾਂ ਦੂਰ ਦੀ ਗੱਲ, ਉਲਟਾ ਕੁਝ ਕਿਸਾਨ ਆਗੂਆਂ ਨੂੰ ਸੀ.ਬੀ.ਆਈ.ਛਾਪਿਆਂ, ਹਵਾਈ ਅੱਡਿਆਂ 'ਤੇ ਰੋਕਣ ਜਿਹੀਆਂ ਨੌਬਤਾਂ ਦਾ ਸਾਹਮਣਾ ਕਰਨਾ ਪਿਆ ਹੈ। ਪੁਲਿਸ ਕੇਸ ਵਾਪਸ ਨਾ ਹੋਣ ਕਾਰਨ ਅਨੇਕਾਂ ਕਿਸਾਨਾਂ ਨੂੰ ਅਦਾਲਤੀ ਕੇਸਾਂ ਅਤੇ ਸੰਮਨਾਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਲੰਘੇ ਫਰਵਰੀ ਮਹੀਨੇ ਆਪਣੀਆਂ ਮੰਗਾਂ ਦੀ ਪੂਰਤੀ ਲਈ ਦਿੱਲੀ ਜਾ ਰਹੇ ਪੰਜਾਬ, ਹਰਿਆਣਾ ਦੇ ਕਿਸਾਨਾਂ ਉੱਪਰ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਜਿਸ ਤਰ੍ਹਾਂ ਭਾਜਪਾ ਹਕੂਮਤ ਵੱਲੋਂ ਤਸ਼ੱਦਦ ਕੀਤਾ ਗਿਆ, ਉਹ ਕਿਸਾਨ ਕਿਵੇਂ ਭੁੱਲ ਸਕਦੇ ਹਨ? ਹਰਿਆਣਾ ਚੋਣਾਂ ਦੌਰਾਨ ਵੀ ਭਾਜਪਾ ਆਗੂ ਕੰਗਨਾ ਰਨੌਤ ਅਤੇ ਮਨੋਹਰ ਲਾਲ ਖੱਟਰ ਵੱਲੋਂ ਕਿਸਾਨਾਂ ਖਿਲਾਫ ਦਿੱਤੇ ਬਿਆਨਾਂ ਨਾਲ ਕਿਸਾਨਾਂ ਦਾ ਰੋਹ ਵਧਿਆ ਹੈ।

ਭਾਜਪਾ ਨੇ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਬਣੀਆਂ ਤਿੰਨ ਸਰਕਾਰਾਂ ਵਿਚ 'ਸੱਤਾ' ਜ਼ਰੂਰ ਮਾਣੀ ਹੈ ਪਰ ਉਸ ਵਿਚ ਭਾਜਪਾ ਦੀ ਚੱਲਤ-ਪੁੱਗਤ ਨਾਮਾਤਰ ਹੀ ਸੀ। ਅਕਾਲੀ ਦਲ ਨਾਲ ਭਾਜਪਾ ਦਾ ਗੱਠਜੋੜ ਦੋਵਾਂ ਪਾਰਟੀਆਂ ਦੀ ਸਿਰੇ ਦੀ ਮੌਕਾਪ੍ਰਸਤੀ ਸੀ, ਇਸੇ ਕਾਰਨ ਕੇਂਦਰੀ ਸੱਤਾ ਵਿਚ ਭਾਈਵਾਲ ਹੁੰਦਿਆਂ ਅਕਾਲੀ ਦਲ ਨੇ ਕਦੇ ਵੀ ਪੰਜਾਬ ਦੇ ਹਿੱਤਾਂ ਦੀ ਪੈਰਵਾਈ ਨਹੀਂ ਕੀਤੀ। ਅਕਾਲੀ ਦਲ ਨਾਲ ਮੌਕਾਪ੍ਰਸਤ ਗੱਠਜੋੜ ਟੁੱਟਣ ਤੋਂ ਬਾਅਦ ਭਾਜਪਾ ਪੰਜਾਬ ਵਿਚ ਆਪਣੇ ਪੈਰ ਜਮਾਉਣ ਦੇ ਲਈ ਸਿਰਤੋੜ ਯਤਨ ਜ਼ਰੂਰ ਕਰ ਰਹੀ ਹੈ ਪਰ ਉਹ ਪੰਜਾਬੀਆਂ ਦੀ ਤਾਸੀਰ ਨਹੀਂ ਸਮਝ ਸਕੇ। ਇਹੀ ਕਾਰਨ ਹੈ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ, ਜਾਖੜ, ਮਨਪ੍ਰੀਤ ਸਿੰਘ ਬਾਦਲ ਵਰਗੇ ਵੱਡੇ ਲੀਡਰ ਸ਼ਾਮਲ ਕਰਵਾਉਣ ਦੇ ਬਾਵਜੂਦ ਪਾਰਟੀ ਨੂੰ ਕੋਈ ਬਹੁਤਾ ਲਾਭ ਨਹੀਂ ਮਿਲ ਸਕਿਆ।

ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਚੰਡੀਗੜ੍ਹ ਪੁਨਰਗਠਨ ਐਕਟ ਤਹਿਤ ਪੰਜਾਬ ਨੂੰ ਮਿਲਣਾ ਚਾਹੀਦਾ ਸੀ/ਹੈ। ਪਹਿਲਾਂ ਕਾਂਗਰਸ ਤੇ ਹੁਣ ਭਾਜਪਾ ਹਕੂਮਤ ਵੱਲੋਂ ਪੰਜਾਬ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਪੰਜਾਬੀ ਬੋਲਦੇ ਇਲਾਕੇ ਦੇਣ, ਦਰਿਆਈ ਪਾਣੀਆਂ ਦੇ ਮਾਮਲਿਆਂ ਵਿਚ ਬੇਇਨਸਾਫੀ ਹੋਈ ਹੈ। ਪਿਛਲੀਆਂ ਸਰਕਾਰਾਂ ਵਾਂਗ ਭਾਜਪਾ ਨੇ ਉਕਤ ਮਾਮਲੇ ਹੱਲ ਕਰਨ ਦੀ ਬਜਾਇ ਬੀਤੇ ਵਰ੍ਹੇ ਪੰਜਾਬ ਦੇ ਇਤਿਹਾਸ ਅਤੇ ਵਿਰਾਸਤ ਨਾਲ ਜੁੜੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਮਾਮਲੇ ਵਿਚ ਵੀ ਹਰਿਆਣਾ ਸਰਕਾਰ ਵੱਲੋਂ ਬੇਬੁਨਿਆਦ ਦਾਅਵਾ ਕੀਤਾ ਗਿਆ। ਕੇਂਦਰ ਸਰਕਾਰ ਵੱਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) ਵਿਚੋਂ ਪੰਜਾਬ ਦੀ ਭਾਗੀਦਾਰੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਜਾਬ ਨਾਲ ਸਬੰਧਤ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਨੇ ਸੰਵਿਧਾਨ ਅਨੁਸਾਰ ਆਪਣੀ ਬਣਦੀ ਸਜ਼ਾ ਭੁਗਤ ਲਈ ਹੈ ਤਾਂ ਉਹਨਾਂ ਨੂੰ ਫੌਰੀ ਰਿਹਾਅ ਕਰਨਾ ਚਾਹੀਦਾ ਹੈ ਪਰ ਕੇਂਦਰ ਸਰਕਾਰ ਵੱਲੋਂ ਅਜਿਹਾ ਨਹੀਂ ਕੀਤਾ ਜਾ ਰਿਹਾ ਹੈ।

ਕੇਂਦਰ ਸਰਕਾਰ ਵੱਲੋਂ ਸੂਬਿਆਂ ਦੀਆਂ ਤਾਕਤਾਂ ਖੋਹ ਕੇ ਕੀਤਾ ਜਾ ਰਿਹਾ ਕੇਂਦਰੀਕਰਨ ਸੂਬਿਆਂ ਦੇ ਹਿੱਤਾਂ 'ਤੇ ਬਹੁਤ ਵੱਡਾ ਡਾਕਾ ਹੈ। ਇਹ ਵੀ ਤੱਥ ਹੈ ਕਿ ਰਾਜਾਂ ਦੇ ਅਧਿਕਾਰਾਂ 'ਤੇ ਕੈਂਚੀ ਪਿਛਲੀਆਂ ਕਾਂਗਰਸ ਸਰਕਾਰਾਂ ਖਾਸਕਰ ਇੰਦਰਾ ਗਾਂਧੀ ਨੇ ਵੀ ਫੇਰੀ ਸੀ ਲੇਕਿਨ ਹੁਣ ਤਾਂ ਐਨ.ਆਈ.ਏ. ਵਰਗੀਆਂ ਕੇਂਦਰੀ ਏਜੰਸੀਆਂ ਸੂਬਿਆਂ ਵਿਚ ਜਿਸ ਤਰੀਕੇ ਨਾਲ ਦਖਲਅੰਦਾਜ਼ੀ ਕਰ ਰਹੀਆਂ ਹਨ, ਉਹ ਸੂਬਿਆਂ ਨੂੰ ਟਿੱਚ ਜਾਨਣ ਵਾਲੀ ਨੀਤੀ ਤੋਂ ਵੀ ਅੱਗੇ ਸਾਰਾ ਕੁਝ ਮੁੱਠੀ ਵਿਚ ਕਰ ਲੈਣ ਵਾਲੀ ਨੀਅਤ ਹੈ। ਸ਼ਾਇਦ ਇਹ ਮਾਮਲਾ ਤਾਂ ਜਾਖੜ ਨੂੰ ਵੀ ਓਪਰਾ ਨਹੀਂ ਲੱਗਦਾ ਹੋਵੇਗਾ।

ਜੀ.ਐਸ.ਟੀ. ਤਹਿਤ ਸੂਬਿਆਂ ਵਿਚੋਂ ਟੈਕਸਾਂ ਦਾ ਸਾਰਾ ਪੈਸਾ ਕੇਂਦਰ ਸਰਕਾਰ ਲੈ ਜਾਂਦੀ ਹੈ ਤੇ ਬਾਅਦ ਵਿਚ ਸੂਬੇ ਆਪਣਾ ਹਿੱਸਾ ਲੈਣ ਲਈ ਕੇਂਦਰੀ ਮੰਤਰੀਆਂ ਅੱਗੇ ਤਰਲੇ ਕੱਢਦੇ ਰਹਿੰਦੇ ਹਨ। ਪੰਜਾਬ ਦੇ ਦਿਹਾਤੀ ਵਿਕਾਸ ਫੰਡ (ਆਰ.ਡੀ.ਐਫ) ਦਾ ਹਜ਼ਾਰਾਂ ਕਰੋੜ ਰੁਪਿਆ ਕੇਂਦਰ ਸਰਕਾਰ ਦੇਣ ਤੋਂ ਇਨਕਾਰੀ ਹੋ ਰਹੀ ਹੈ।

ਇਹ ਅਤਿਕਥਨੀ ਨਹੀਂ ਕਿ ਅੱਜ ਤੱਕ ਦੀਆਂ ਕੇਂਦਰੀ ਸਰਕਾਰਾਂ ਨੇ ਪੰਜਾਬ ਦੇ ਹਿੱਤਾਂ ਦੀ ਅਣਦੇਖੀ ਕੀਤੀ ਹੈ। ਸੂਬੇ ਦੀਆਂ ਮੁੱਖ ਧਾਰਾ ਨਾਲ ਸਬੰਧਿਤ ਸਾਰੀਆਂ ਸਿਆਸੀ ਧਿਰਾਂ ਦੇ ਆਗੂ ਸੂਬੇ ਦੇ ਹਿੱਤਾਂ ਦੀ ਪੈਰਵਾਈ ਕਰਨ ਦੀ ਬਜਾਇ ਆਪਣੇ ਨਿੱਜੀ ਹਿੱਤਾਂ ਨੂੰ ਪਹਿਲ ਦਿੰਦੇ ਹਨ। ਸੁਨੀਲ ਜਾਖੜ ਵਿਚ ਵੀ ਇਸ ਮੁੱਦੇ ਨੂੰ ਜਨਤਕ ਰੂਪ ਵਿਚ ਉਭਾਰਨ ਦਾ ਮਾਦਾ ਨਹੀਂ ਹੈ, ਇਸ ਲਈ ਇਹ ਮਾਮਲਾ ਤਾਂ ਸੂਬੇ ਦੇ ਹਿੱਤਾਂ ਦੀ ਪੈਰਵਾਈ ਕਰਨ ਵਾਲੀਆਂ ਜਮਹੂਰੀ ਜਥੇਬੰਦੀਆਂ ਨੂੰ ਠੋਸ ਰੂਪ ਵਿਚ ਉਠਾਉਣਾ ਹੋਵੇਗਾ।

# ਡੇਰਾ ਸਿਰਸਾ ਦੇ 'ਪ੍ਰੇਮੀ' ਕਿਵੇਂ ਪਾਉਂਦੇ ਨੇ ਵੋਟ ਅਤੇ ਉਨ੍ਹਾਂ ਨੂੰ ਕਦੋਂ ਮਿਲਦੇ ਨੇ 'ਨਿਰਦੇਸ਼'

***ਚੋਣਾਂ ਸਮੇਂ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਨੂੰ ਪੈਰੋਲ ਜਾਂ ਫਰਲੋ ਮਿਲਣ ਨਾਲ ਭਾਜਪਾ ਸਰਕਾਰ ਉੱਪਰ ਸਵਾਲ ਖੜ੍ਹੇ ਹੁੰਦੇ ਰਹੇ ਹਨ ਪਰ ਆਖਿਰ ਡੇਰੇ ਨਾਲ ਜੁੜੇ ਲੋਕ ਕਿਸ ਨੂੰ ਵੋਟ ਦੇਣ, ਇਹ ਫ਼ੈਸਲਾ ਕਿਵੇਂ ਹੁੰਦਾ ਹੈ, ਇਸ ਬਾਰੇ ਪੱਤਰਕਾਰ ਬਸੰਤ ਕੁਮਾਰ ਦੀ ਰਿਪੋਰਟ ਕਈ ਪਰਤਾਂ ਸਾਹਮਣੇ ਲਿਆਉਂਦੀ ਹੈ। ਚੋਣਾਂ ਵਿਚ ਡੇਰੇ ਦੇ ਫ਼ੈਸਲੇ ਦਾ ਵੱਡਾ ਰਾਜਨੀਤਕ ਮਹੱਤਵ ਹੋਣ ਕਾਰਨ ਇਸ ਰਿਪੋਰਟ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਰਿਪੋਰਟ ਦਾ ਪੰਜਾਬੀ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

**ਬਸੰਤ ਕੁਮਾਰ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਬਲਾਤਕਾਰ ਅਤੇ ਕਤਲ ਦੇ ਕੇਸ ਵਿਚ ਰੋਹਤਕ ਜੇਲ੍ਹ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਸਿੰਘ ਇਕ ਵਾਰ ਫਿਰ 20 ਦਿਨਾਂ ਦੀ ਪੈਰੋਲ 'ਤੇ ਜੇਲ੍ਹ ਤੋਂ ਬਾਹਰ ਆਇਆ ਹੋਇਆ ਹੈ। ਹਾਲਾਂਕਿ, ਉਸ ਨੂੰ ਇਸ ਸ਼ਰਤ 'ਤੇ ਪੈਰੋਲ ਦਿੱਤੀ ਗਈ ਹੈ ਕਿ ਉਹ 20 ਦਿਨ ਤੱਕ ਬਾਗਪਤ ਦੇ ਆਸ਼ਰਮ ਵਿਚ ਰਹੇਗਾ। ਪਰ ਗੁਆਂਢੀ ਰਾਜ ਹਰਿਆਣਾ ਵਿਚ ਚੋਣਾਂ ਦੇ ਮੱਦੇਨਜ਼ਰ ਉਸ ਦੀ ਪੈਰੋਲ ਬਾਰੇ ਇਕ ਵਾਰ ਫਿਰ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ।

ਵਿਰੋਧੀ ਧਿਰ ਇਲਜ਼ਾਮ ਲਾ ਰਹੀ ਹੈ ਕਿ ਗੁਰਮੀਤ ਰਾਮ ਰਹੀਮ ਸਿੰਘ ਨੂੰ ਰਾਜਨੀਤਕ ਫ਼ਾਇਦਾ ਲੈਣ ਲਈ ਬਾਹਰ ਭੇਜਿਆ ਗਿਆ ਹੈ। ਉੱਧਰ, ਹਰਿਆਣਾ ਸਰਕਾਰ ਦਾਅਵਾ ਕਰਦੀ ਹੈ ਕਿ ਨਿਯਮਾਂ ਤਹਿਤ ਹੋਰ ਕੈਦੀਆਂ ਵਾਂਗ ਉਨ੍ਹਾਂ ਨੂੰ ਵੀ ਪੈਰੋਲ ਅਤੇ ਫਰਲੋ ਮਿਲਦੀ ਹੈ। ਗੁਰਮੀਤ 2020 ਤੋਂ ਲੈ ਕੇ ਹੁਣ ਤੱਕ 12 ਵਾਰ ਜੇਲ੍ਹ ਤੋਂ ਬਾਹਰ ਆ ਚੁੱਕਾ ਹੈ। ਇਸ ਤਰ੍ਹਾਂ ਉਸ ਨੇ 255 ਦਿਨ ਤੋਂ ਵੱਧ ਸਮਾਂ ਜੇਲ੍ਹ ਤੋਂ ਬਾਹਰ ਗੁਜ਼ਾਰਿਆ ਹੈ। ਅਤੇ ਇਹ ਪੰਜਵੀਂ ਵਾਰ ਹੈ ਜਦੋਂ ਉਹ ਚੋਣਾਂ ਤੋਂ ਪਹਿਲਾਂ ਜੇਲ੍ਹ ਤੋਂ ਬਾਹਰ ਆਇਆ ਹੈ।

ਇਸ ਤੋਂ ਪਹਿਲਾਂ ਉਸ ਨੂੰ 7 ਫਰਵਰੀ 2020 ਨੂੰ ਪੰਜਾਬ ਵਿਚ 2020 ਦੀਆਂ ਚੋਣਾਂ ਤੋਂ ਪਹਿਲਾਂ ਪੈਰੋਲ ਦਿੱਤੀ ਗਈ ਸੀ। ਅਕਤੂਬਰ 2022 ਵਿਚ ਉਸ ਨੂੰ 40 ਦਿਨ ਲਈ ਪੈਰੋਲ ਮਿਲੀ, ਉਦੋਂ ਆਦਮਪੁਰ ਸੀਟ ਦੀ ਜ਼ਿਮਨੀ ਚੋਣ ਦੇ ਨਾਲ-ਨਾਲ ਹਿਮਾਂਚਲ ਵਿਚ ਚੋਣਾਂ ਸਨ। ਇਸੇ ਤਰ੍ਹਾਂ ਰਾਜਸਥਾਨ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਉਸ ਨੂੰ 21 ਨਵੰਬਰ 2023 ਨੂੰ 21 ਦਿਨ ਲਈ ਪੈਰੋਲ ਦਿੱਤੀ ਗਈ ਸੀ। ਇਸ ਸਾਲ 20 ਜਨਵਰੀ ਨੂੰ ਉਸ ਨੂੰ ਲੋਕ ਸਭਾ ਚੋਣਾਂ ਤੋਂ ਪਹਿਲਾਂ 50 ਦਿਨਾਂ ਲਈ ਪੈਰੋਲ ਦਿੱਤੀ ਗਈ ਸੀ। ਉੱਥੇ ਹੁਣ 5 ਅਕਤੂਬਰ ਨੂੰ ਹਰਿਆਣਾ ਵਿਚ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਉਸ ਨੂੰ ਦੋ ਵਾਰ ਪੈਰੋਲ ਦਿੱਤੀ ਗਈ। ਇਕ ਵਾਰ 13 ਅਗਸਤ ਨੂੰ 21 ਦਿਨ ਲਈ ਅਤੇ ਫਿਰ ਇਸੇ ਹਫ਼ਤੇ 20 ਦਿਨ ਲਈ।

ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਗੁਰਮੀਤ ਸਿੰਘ ਆਪਣੇ ਆਸ਼ਰਮ ਵਿਚ ਰਹਿੰਦਾ ਹੈ। ਇੱਥੋਂ ਉਹ ਵੀਡੀਓ ਕਾਨਫਰੰਸਿੰਗ ਰਾਹੀਂ ਆਪਣੇ ਪੈਰੋਕਾਰਾਂ (ਜਿਨ੍ਹਾਂ ਨੂੰ ਡੇਰਾ ਪ੍ਰੇਮੀ ਕਿਹਾ ਜਾਂਦਾ ਹੈ) ਨਾਲ ਗੱਲਬਾਤ ਕਰਦਾ ਹੈ। ਕਈ ਵਾਰ ਵੱਖ-ਵੱਖ ਪਾਰਟੀਆਂ ਦੇ ਆਗੂ ਵੀ ਅਸ਼ੀਰਵਾਦ ਲੈਣ ਆਉਂਦੇ ਹਨ। ਹਾਲਾਂਕਿ, ਡੇਰਾ ਮੁਖੀ ਦੀ ਗ਼ੈਰਹਾਜ਼ਰੀ ਵਿਚ, ਸਿਰਸਾ ਸਥਿਤ ਡੇਰੇ ਵਿਚ ਹਜ਼ਾਰਾਂ ਪ੍ਰੇਮੀ ਰੋਜ਼ਾਨਾ ਆਉਂਦੇ ਹਨ। ਉੱਥੇ ਪਹਿਲਾਂ ਹੀ ਰਿਕਾਰਡ ਕੀਤੇ ਹੋਏ ਪ੍ਰਚਵਨ ਚਲਾਏ ਜਾਂਦੇ ਹਨ।

ਡੇਰਾ ਦੇ ਮੀਡੀਆ ਵਿਭਾਗ ਦਾ ਇਕ ਸੀਨੀਅਰ, ਜਿਸ ਨੇ ਗੁਰਮੀਤ ਸਿੰਘ ਨਾਲ ਲੰਬੇ ਸਮੇਂ ਤੱਕ ਕੰਮ ਕੀਤਾ ਹੈ, ਦੱਸਦਾ ਹੈ, "ਇਸ ਵੇਲੇ ਡੇਰੇ ਨਾਲ ਲੱਗਭੱਗ 6 ਕਰੋੜ ਪ੍ਰੇਮੀ ਜੁੜੇ ਹੋਏ ਹਨ। ਜੋ ਪਿਤਾ (ਗੁਰਮੀਤ ਸਿੰਘ) ਦੇ ਕਹਿਣ 'ਤੇ ਲੋਕ ਸੇਵਾ ਵਿਚ ਜੁਟੇ ਹਨ। ਚੋਣਾਂ ਨਾਲ ਪਿਤਾ ਜੀ ਦਾ ਕਦੇ ਵੀ ਕੋਈ ਲੈਣਾ-ਦੇਣਾ ਨਹੀਂ ਰਿਹਾ। ਪਹਿਲਾਂ ਸੰਗਤ ਦਾ ਇਕ ਰਾਜਨੀਤਕ ਵਿੰਗ ਹੁੰਦਾ ਸੀ। ਉਹ ਸੰਗਤ ਦੇ ਲੋਕਾਂ ਨਾਲ ਗੱਲ ਕਰਕੇ ਅੰਤਿਮ ਫ਼ੈਸਲਾ ਲੈਂਦੇ ਸਨ। ਉਸ ਸਮੇਂ ਤੋਂ ਲੈ ਕੇ ਪ੍ਰੈੱਸ ਕਾਨਫਰੰਸ ਕਰਕੇ ਦੱਸਿਆ ਜਾਂਦਾ ਸੀ ਕਿ ਇਸ ਵਾਰ ਕਿਸ ਰਾਜਨੀਤਕ ਪਾਰਟੀ ਦੀ ਹਮਾਇਤ ਕਰਨੀ ਹੈ। ਹਾਲਾਂਕਿ, ਪਿਛਲੇ ਸਾਲ ਰਾਜਨੀਤਿਕ ਵਿੰਗ ਨੂੰ ਭੰਗ ਕਰ ਦਿੱਤਾ ਗਿਆ।"

ਤਾਂ ਫਿਰ, ਹੁਣ ਫ਼ੈਸਲਾ ਕੌਣ ਲੈਂਦਾ ਹੈ? ਇਸ ਬਾਰੇ ਉਹ ਕਹਿੰਦਾ ਹੈ, "ਹੁਣ ਤਾਂ ਡੇਰੇ ਨੇ ਸਿਆਸਤ ਤੋਂ ਦੂਰੀ ਬਣਾਈ ਹੋਈ ਹੈ। ਰਾਜਨੀਤੀ ਦੇ ਕਾਰਨ ਹੀ ਪਿਤਾ ਜੀ ਨੂੰ ਏਨਾ ਕੁਝ ਝੱਲਣਾ ਪੈ ਰਿਹਾ ਹੈ। ਪਿਤਾ ਜੀ ਬਸ ਏਨਾ ਕਹਿਣਾ ਹੈ ਕਿ ਪ੍ਰੇਮੀਆਂ ਨੂੰ ਏਕਤਾ ਬਣਾਈ ਰੱਖਣੀ ਚਾਹੀਦੀ ਹੈ।"

ਡੇਰੇ ਨਾਲ ਜੁੜੇ ਲੋਕਾਂ ਨਾਲ ਗੱਲ ਕਰਨ 'ਤੇ ਪਤਾ ਲੱਗਦਾ ਹੈ ਕਿ ਅਜੇ ਵੀ ਸੰਗਤ ਦੇ ਲੋਕ ਫ਼ੈਸਲੇ ਲੈਂਦੇ ਹਨ ਅਤੇ ਚੋਣਾਂ ਤੋਂ ਇਕ ਦਿਨ ਪਹਿਲਾਂ ਜਾਂ ਉਸੇ ਦਿਨ ਪ੍ਰੇਮੀਆਂ ਨੂੰ ਸੂਚਨਾ ਪੁੱਜਦੀ ਕੀਤੀ ਜਾਂਦੀ ਹੈ ਕਿ ਕਿਸ ਨੂੰ ਵੋਟ ਪਾਉਣੀ ਹੈ।




**ਡੇਰਾ ਸੱਚਾ ਸੌਦਾ ਦਾ ਪ੍ਰਵੇਸ਼ ਦੁਆਰ ਤੇ ਡੇਰਾ ਮੁਖੀ ਅਤੇ (ਸੱਜੇ) ਆਨਲਾਈਨ ਪ੍ਰਵਚਨ ਸੁਣ ਰਹੇ ਡੇਰਾ ਪ੍ਰੇਮੀ।**

ਸੂਚਨਾ ਪ੍ਰੇਮੀਆਂ ਤੱਕ ਕਿਵੇਂ ਪਹੁੰਚਾਈ ਜਾਂਦੀ ਹੈ?

ਕਿਸੇ ਵੀ ਕੰਪਨੀ ਦੀ ਤਰ੍ਹਾਂ ਡੇਰਾ ਪ੍ਰੇਮੀਆਂ ਦੀ ਵੀ ਮੈਨੇਜਮੈਂਟ ਹੈ। ਪ੍ਰੇਮੀ, ਪ੍ਰੇਮੀ ਸੇਵਕ (ਪਹਿਲਾਂ ਇਸ ਨੂੰ ਭੰਗੀਦਾਸ ਕਿਹਾ ਜਾਂਦਾ ਸੀ) ਬਲਾਕ ਪ੍ਰੇਮੀ ਸੇਵਕ, ਇਕ 15 ਮੈਂਬਰੀ ਕਮੇਟੀ ਅਤੇ ਅੰਤ ਵਿਚ ਰਾਜ ਪੱਧਰੀ 85 ਮੈਂਬਰੀ ਕਮੇਟੀ ਹੁੰਦੀ ਹੈ। ਇਸ ਤਰ੍ਹਾਂ ਡੇਰੇ ਦੀ ਮੈਨੇਜਮੈਂਟ ਸਿੱਧੀ ਆਪਣੇ ਪੈਰੋਕਾਰਾਂ ਨਾਲ ਜੁੜਦੀ ਹੈ।

ਹਰ ਪਿੰਡ ਵਿਚ ਪ੍ਰੇਮੀ ਸੇਵਕ ਹੁੰਦਾ ਹੈ। ਜਿਨ੍ਹਾਂ ਦਾ ਕੰਮ ਸਤਿਸੰਗ ਕਰਾਉਣਾ, ਲੋਕਾਂ ਦੀ ਮਦਦ ਕਰਨਾ ਅਤੇ ਡੇਰੇ ਤੋਂ ਪ੍ਰਾਪਤ ਇਤਲਾਹਾਂ ਅੱਗੇ ਪ੍ਰੇਮੀਆਂ ਤੱਕ ਪਹੁੰਚਾਉਣਾ ਹੁੰਦਾ ਹੈ। ਚੋਣਾਂ ਤੋਂ ਪਹਿਲਾਂ ਇਸੇ ਪ੍ਰੇਮੀ ਸੇਵਕ ਰਾਹੀਂ ਸੂਚਨਾ ਡੇਰਾ ਪ੍ਰੇਮੀਆਂ ਤੱਕ ਪਹੁੰਚਾਈ ਜਾਂਦੀ ਹੈ।

ਸਿਰਸਾ ਜ਼ਿਲ੍ਹੇ ਦੇ ਰਾਣੀਆਂ ਵਿਧਾਨ ਸਭਾ ਹਲਕੇ ਦੇ ਪਿੰਡ ਬੰਬੂਰ ਦਾ ਵਸਨੀਕ ਰਾਜਿੰਦਰ ਪ੍ਰਸਾਦ ਪ੍ਰੇਮੀ ਸੇਵਕ ਹੈ। ਪ੍ਰਸਾਦ ਦੇ ਘਰ ਵਿਚ ਗੁਰਮੀਤ ਸਿੰਘ ਦੀ ਤਸਵੀਰ ਹੈ। ਇਸ ਤੋਂ ਇਲਾਵਾ, ਹੋਰ ਵੀ ਕਈ ਤਸਵੀਰਾਂ ਹਨ। ਉਸ ਨੇ ਕਿਹਾ, "ਮੇਰੇ ਕੋਲ ਕੁਝ ਵੀ ਨਹੀਂ ਸੀ। ਅੱਜ ਪਿਤਾ ਦੀ ਬਦੌਲਤ ਬੈਟਰੀਆਂ ਦੀ ਇਕ ਕੰਪਨੀ ਹੈ। ਮੈਂ ਸਾਲਾਨਾ ਇਕ ਕਰੋੜ ਰੁਪਏ ਦੇ ਕੇ ਠੇਕੇ 'ਤੇ ਜ਼ਮੀਨ ਲੈ ਕੇ ਖੇਤੀ ਕਰਦਾ ਹਾਂ। ਇਹ ਸਭ ਪਿਤਾ ਜੀ ਦੀ ਦੇਣ ਹੈ।"

'ਤੁਸੀਂ ਚੋਣਾਂ ਵਿਚ ਵੋਟ ਕਿਵੇਂ ਪਾਉਂਦੇ ਹੋ?' ਇਸ ਸਵਾਲ ਦੇ ਜਵਾਬ ਵਿਚ, ਪ੍ਰਸਾਦ ਦੱਸਦਾ ਹੈ, "ਕਿਸ ਨੂੰ ਵੋਟ ਪਾਉਣੀ ਹੈ, ਇਸ ਦਾ ਫ਼ੈਸਲਾ ਸੰਗਤ ਦੇ ਲੋਕ ਮਿਲ ਕੇ ਲੈਂਦੇ ਹਨ। ਉਸ ਵਿਚ ਮੈਂ ਵੀ ਬਰਾਬਰ ਸ਼ਾਮਲ ਹੁੰਦਾ ਹਾਂ। ਉਸ ਵਿਚ ਕੋਈ ਇਕ ਸ਼ਖ਼ਸ ਫ਼ੈਸਲਾ ਨਹੀਂ ਲੈਂਦਾ। ਸਾਰਿਆਂ ਦੀ ਰਾਏ ਲੈਣ ਤੋਂ ਬਾਅਦ ਫ਼ੈਸਲਾ ਲਿਆ ਜਾਂਦਾ ਹੈ ਅਤੇ ਇਕ-ਦੋ ਦਿਨ ਪਹਿਲਾਂ ਇਤਲਾਹ ਸਾਡੇ (ਪ੍ਰੇਮੀ ਸੇਵਕ) ਕੋਲ ਆਉਂਦੀ ਹੈ। ਜਿਉਂ ਹੀ ਸਾਨੂੰ ਸੂਚਨਾ ਮਿਲਦੀ ਹੈ, ਅਸੀਂ ਇਹ ਪ੍ਰੇਮੀਆਂ ਤੱਕ ਪਹੁੰਚਾ ਦਿੰਦੇ ਹਾਂ। ਪਿਛਲੀਆਂ ਚੋਣਾਂ (ਲੋਕ ਸਭਾ 2024) ਵਿਚ ਇਕ ਦਿਨ ਪਹਿਲਾਂ ਹੀ ਦੱਸਿਆ ਗਿਆ ਕਿ ਇਸ ਵਾਰ ਭਾਜਪਾ ਨੂੰ ਵੋਟ ਪਾਉਣੀ ਹੈ।"

'ਡੇਰਾ ਵੱਲੋਂ ਵੋਟ ਪਾਉਣ ਦਾ ਫ਼ੈਸਲਾ ਕਦੋਂ ਤੋਂ ਆ ਰਿਹਾ ਹੈ?' ਇਸ ਸਵਾਲ ਦੇ ਜਵਾਬ 'ਚ ਪ੍ਰਸਾਦ ਦੱਸਦਾ ਹੈ, "ਪਹਿਲਾਂ, ਸਾਡਾ ਆਪਣਾ ਰਾਜਨੀਤਕ ਵਿੰਗ ਹੁੰਦਾ ਸੀ। ਉਹੀ ਫ਼ੈਸਲਾ ਕਰਦਾ ਸੀ। ਉਸ ਤੋਂ ਬਾਅਦ ਸੰਗਤ ਹੀ ਫ਼ੈਸਲਾ ਲੈਂਦੀ ਹੈ। ਉੱਥੋਂ ਜਿਸ ਪਾਰਟੀ ਬਾਰੇ ਫ਼ੈਸਲਾ ਆਉਂਦਾ ਹੈ, ਪ੍ਰੇਮੀ ਉਸੇ ਨੂੰ ਹੀ ਵੋਟ ਪਾਉਂਦੇ ਹਨ। ਕਈ ਵਾਰ ਸੰਗਤ ਵੱਲੋਂ ਇਹ ਵੀ ਕਿਹਾ ਜਾਂਦਾ ਹੈ ਕਿ ਤੁਸੀਂ ਆਪਣੇ ਹਿਸਾਬ ਨਾਲ ਬਿਹਤਰ ਨੂੰ ਵੋਟ ਪਾ ਦਿਓ। ਫਿਰ ਅਸੀਂ ਦੇਖਦੇ ਹਾਂ ਕਿ ਕਿਹੜਾ ਉਮੀਦਵਾਰ ਨਸ਼ਿਆਂ ਵਿਰੁੱਧ ਬੋਲ ਰਿਹਾ ਹੈ। ਕੌਣ ਸਾਡੀ ਮਦਦ ਕਰੇਗਾ? ਪਿਤਾ ਜੀ ਦਾ ਹੁਕਮ ਹੈ ਕਿ ਜਿੱਥੇ ਵੀ ਰਹੋ ਇਕਜੁੱਟ ਹੋ ਕੇ ਰਹੋ।"

ਪਿੰਡ ਬੰਬੂਰ ਵਿਚ 900 ਪ੍ਰੇਮੀ ਹਨ। ਪ੍ਰਸਾਦ 1988 ਤੋਂ ਡੇਰੇ ਨਾਲ ਜੁੜਿਆ ਹੋਇਆ ਹੈ। ਅਸੀਂ ਉਸ ਨੂੰ ਪੁੱਛਿਆ ਕਿ ਉਸ ਨੂੰ ਹੁਣ ਤੱਕ ਕਿਸ ਪਾਰਟੀ ਨੂੰ ਵੋਟ ਪਾਉਣ ਦਾ ਨਿਰਦੇਸ਼ ਆਇਆ ਹੈ। ਉਸ ਦਾ ਕਹਿਣਾ ਸੀ ਕਿ ਮੇਰੀ ਜਾਣਕਾਰੀ ਵਿਚ ਤਾਂ ਸਿਰਫ਼ ਦੋ ਵਾਰ ਹੀ ਆਇਆ ਹੈ ਅਤੇ ਦੋਨੋਂ ਵਾਰ ਭਾਜਪਾ ਨੂੰ ਵੋਟ ਦੇਣ ਲਈ ਕਿਹਾ ਗਿਆ। ਬਾਕੀ ਸੰਗਤ ਦਾ ਜੋ ਫ਼ੈਸਲਾ ਹੋਵੇਗਾ ਉਸ ਉੱਪਰ ਕਿੰਤੂ-ਪ੍ਰੰਤੂ ਨਹੀਂ ਕਰੀਦਾ।

ਡੇਰੇ ਤੋਂ ਲੱਗਭੱਗ ਇਕ ਕਿਲੋਮੀਟਰ ਦੂਰ ਸ਼ਾਹਪੁਰ ਬੇਗੂ ਪਿੰਡ ਹੈ। ਇੱਥੇ ਸੱਤ ਹਜ਼ਾਰ ਵੋਟਰ ਹਨ। ਇੱਥੇ ਪਿੰਡ ਦੀ ਕੁਲ ਆਬਾਦੀ ਦਾ 40 ਪ੍ਰਤੀਸ਼ਤ ਲੋਕ ਡੇਰੇ ਨਾਲ ਜੁੜੇ ਹੋਏ ਹਨ। ਇਸ ਪਿੰਡ ਵਿਚ ਕਰਿਆਨੇ ਦੀ ਦੁਕਾਨ ਚਲਾਉਣ ਵਾਲਾ 55 ਸਾਲਾ ਬਾਲਕ੍ਰਿਸ਼ਨ 12 ਸਾਲ ਦੀ ਉਮਰ ਤੋਂ ਹੀ ਡੇਰੇ ਨਾਲ ਜੁੜਿਆ ਹੋਇਆ ਹੈ। ਹਾਲਾਂਕਿ, ਕਾਰੋਬਾਰੀ ਰੁਝੇਵਿਆਂ ਕਾਰਨ, ਉਹ ਸੰਗਤ ਵਿਚ ਘੱਟ ਹੀ ਜਾਂਦਾ ਹੈ, ਪਰ ਚੋਣਾਂ ਵਿਚ ਆਉਣ ਵਾਲੇ ਹੁਕਮ ਦੀ ਪਾਲਣਾ ਕਰਦਾ ਹੈ।

ਨਿਊਜ਼ ਲਾਂਡਰੀ ਨਾਲ ਗੱਲਬਾਤ ਕਰਦਿਆਂ ਬਾਲਕ੍ਰਿਸ਼ਨ ਕਹਿੰਦਾ ਹੈ, "ਹਾਲੇ ਤੱਕ ਇਨ੍ਹਾਂ ਚੋਣਾਂ ਨੂੰ ਲੈ ਕੇ ਕੋਈ ਫ਼ੈਸਲਾ ਨਹੀਂ ਆਇਆ। ਕਈ ਵਾਰ ਅਜਿਹਾ ਹੋਇਆ ਕਿ ਸੰਗਤ ਦਾ ਫ਼ੈਸਲਾ ਚੋਣਾਂ ਦੀ ਸਵੇਰ ਨੂੰ ਆਇਆ। ਕਈ ਵਾਰ ਇਹ ਕਹਿ ਦਿੱਤਾ ਜਾਂਦਾ ਹੈ ਕਿ ਤੁਹਾਡੇ ਪਰਿਵਾਰ ਦੀਆਂ ਅੱਧੀਆਂ-ਅੱਧੀਆਂ ਵੋਟਾਂ ਭਾਜਪਾ ਅਤੇ ਕਾਂਗਰਸ ਨੂੰ ਪਾ ਦਿਓ। ਇਹ (ਡੇਰਾ) ਰੱਬ ਦਾ ਘਰ ਹੈ। ਦੋਹਾਂ ਪਾਰਟੀਆਂ ਦੇ ਲੋਕ ਇੱਥੇ ਵੋਟਾਂ ਮੰਗਣ ਆ ਗਏ ਤਾਂ ਅਜਿਹੇ ਫ਼ੈਸਲੇ ਆਉਂਦੇ ਹਨ।"

***ਭਾਜਪਾ ਅਤੇ ਡੇਰੇ ਵਿਚਕਾਰ ਸਬੰਧ 2014 ਵਿਚ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਖੁੱਲ੍ਹ ਕੇ ਸਾਹਮਣੇ ਆਇਆ। ਭਾਜਪਾ ਦਾ ਸੀਨੀਅਰ ਆਗੂ ਅਤੇ ਤੱਤਕਾਲੀ ਮੱਧ ਪ੍ਰਦੇਸ਼ ਸਰਕਾਰ ਵਿਚ ਮੰਤਰੀ ਕੈਲਾਸ਼ ਵਿਜੈਵਰਗੀਆ ਚੋਣ ਇੰਚਾਰਜ ਸਨ। ਚੋਣਾਂ ਤੋਂ ਇਕ ਹਫ਼ਤਾ ਪਹਿਲਾਂ ਉਹ ਭਾਜਪਾ ਦੇ 44 ਉਮੀਦਵਾਰਾਂ ਨੂੰ ਡੇਰਾ ਸਿਰਸਾ ਵਿਖੇ ਗੁਰਮੀਤ ਸਿੰਘ ਨੂੰ ਮਿਲਾਉਣ ਲਈ ਲੈ ਕੇ ਗਿਆ ਸੀ।***

ਇਸ ਪਿੰਡ ਦਾ ਪ੍ਰੇਮੀ ਸੇਵਕ ਗੁਰੂਦਿਆਲ ਕੰਬੋਜ 1989 ਤੋਂ ਡੇਰੇ ਨਾਲ ਜੁੜਿਆ ਹੋਇਆ ਹੈ। ਗੁਰੂਦਿਆਲ ਦੱਸਦਾ ਹੈ, "ਅਸੀਂ ਲੋਕ ਇਕ ਹੋ ਕੇ ਰਹਿੰਦੇ ਹਾਂ। ਸਾਰੇ ਪ੍ਰੇਮੀ ਜਿੱਥੇ ਵੋਟ ਪਾਉਂਦੇ ਹਨ, ਇਕਜੁੱਟ ਹੋ ਕੇ ਪਾਉਂਦੇ ਹਨ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਅਸੀਂ ਭਾਜਪਾ ਨੂੰ ਵੋਟ ਪਾਈ ਸੀ। ਪਿਛਲੀਆਂ ਵਿਧਾਨ ਸਭਾ ਚੋਣਾਂ (2019 ਵਿਚ) ਵਿਚ ਵੀ ਸਾਨੂੰ ਭਾਜਪਾ ਨੂੰ ਵੋਟ ਦੇਣ ਲਈ ਕਿਹਾ ਗਿਆ ਸੀ। ਸਾਨੂੰ ਇਕ-ਦੋ ਦਿਨ ਪਹਿਲਾਂ ਹੀ ਮੈਨੇਜਮੈਂਟ ਤੋਂ ਸੂਚਨਾ ਆਉਂਦੀ ਹੈ। ਪਰ ਅਸੀਂ ਆਪਸ ਵਿਚ ਇਸ ਤਰ੍ਹਾਂ ਜੁੜੇ ਹੋਏ ਹਾਂ ਕਿ 10 ਮਿੰਟ ਵਿਚ ਇਹ ਗੱਲ ਪਿੰਡ ਦੇ ਹਰ ਪ੍ਰੇਮੀ ਤੱਕ ਪਹੁੰਚ ਜਾਂਦੀ ਹੈ।"

ਸਜ਼ਾ ਹੋਣ ਤੋਂ ਬਾਅਦ ਗੁਰਮੀਤ ਸਿੰਘ ਸਿਰਸਾ ਡੇਰੇ ਨਹੀਂ ਆਇਆ ਹੈ। ਇਸ ਦੇ ਬਾਜਵੂਦ ਇੱਥੇ ਰੋਜ਼ਾਨਾ ਸੈਂਕੜੇ ਲੋਕ ਆਉਂਦੇ ਹਨ। ਪੁਰਾਣੇ ਅਤੇ ਨਵੇਂ, ਦੋਹਾਂ ਡੇਰਿਆਂ ਵਿਚ ਸਕ੍ਰੀਨਾਂ ਉੱਪਰ ਪੁਰਾਣੇ ਰਿਕਾਰਡ ਕੀਤੇ ਪ੍ਰਵਚਨ ਚਲਾਏ ਜਾਂਦੇ ਹਨ। ਜਿਸ ਨੂੰ ਲੋਕ ਬੈਠ ਕੇ ਸੁਣਦੇ ਹਨ।

ਪੁਰਾਣੇ ਡੇਰੇ ਵਿਚ ਸਾਡੀ ਮੁਲਾਕਾਤ ਫ਼ਤਿਹਾਬਾਦ ਦੇ ਰਹਿਣ ਵਾਲੇ ਸ਼ਮਸ਼ੇਰ ਸਿੰਘ ਨਾਲ ਹੋਈ। ਉਹ 23 ਸਤੰਬਰ ਨੂੰ ਗੱਦੀ ਦਿਵਸ ਦੇ ਮੌਕੇ 'ਤੇ ਡੇਰੇ ਵਿਚ ਆਇਆ ਸੀ। ਤਾਂ ਕੀ ਉਹ ਸੰਗਤ ਦੇ ਕਹਿਣ ਅਨੁਸਾਰ ਵੋਟ ਪਾਉਂਦੇ ਹਨ? ਇਸ ਦੇ ਜਵਾਬ 'ਚ ਸ਼ਮਸ਼ੇਰ ਸਿੰਘ ਕਹਿੰਦਾ ਹੈ, "ਅਸੀਂ ਪਿੰਡ ਵਿਚ ਰਹਿੰਦੇ ਹਾਂ। ਕਈ ਵਾਰ ਨੇਤਾਵਾਂ ਨਾਲ ਨਿੱਜੀ ਸਬੰਧ ਹੁੰਦੇ ਹਨ। ਕਦੇ-ਕਦੇ ਅਜਿਹੀ ਸਥਿਤੀ ਬਣ ਜਾਂਦੀ ਹੈ ਕਿ ਸੰਗਤ ਦਾ ਫ਼ੈਸਲਾ ਵੱਖਰਾ ਹੈ ਤਾਂ ਪਰਿਵਾਰ ਦੀਆਂ ਅੱਧੀਆਂ ਵੋਟਾਂ ਸੰਗਤ ਦੇ ਕਹੇ ਨੇਤਾ ਨੂੰ ਪਾਈਆਂ ਜਾਂਦੀਆਂ ਹਨ ਅਤੇ ਅੱਧੀ ਆਪਣੀ ਪਛਾਣ ਵਾਲੇ ਨੂੰ ਪਾ ਦਿੱਤੀਆਂ ਜਾਂਦੀਆਂ ਹਨ।"

ਐਲਨਾਬਾਦ ਤੋਂ ਭਾਜਪਾ ਦੇ ਉਮੀਦਵਾਰ ਅਮੀਰ ਚੰਦ ਮਹਿਤਾ ਦੇ ਪਿੰਡ ਤਲਵਾੜਾ ਵਿਚ ਸਾਡੀ ਮੁਲਾਕਾਤ ਡੇਰੇ ਨਾਲ ਜੁੜੇ ਅੰਤੂਰਾਮ ਇੰਸਾਨ ਨਾਲ ਹੋਈ। ਡੇਰਾ ਨਾਲ ਜੁੜੇ ਲੋਕ ਆਪਣੇ ਨਾਮ ਦੇ ਪਿੱਛੇ ਇਨਸਾਨ ਲਗਾਉਂਦੇ ਹਨ। ਅੰਤੂਰਾਮ, ਜੋ 2001 ਤੋਂ ਡੇਰੇ ਨਾਲ ਜੁੜਿਆ ਹੋਇਆ ਹੈ, ਕਹਿੰਦਾ ਹੈ, "ਇਕ-ਦੋ ਦਿਨ ਪਹਿਲਾਂ ਡੇਰੇ ਤੋਂ ਸੰਦੇਸ਼ ਆਉਂਦਾ ਹੈ। ਜਿਹੜੇ ਪੱਕੇ ਪ੍ਰੇਮੀ ਹਨ, ਉਹ ਡੇਰੇ ਦੇ ਕਹਿਣ ਅਨੁਸਾਰ ਹੀ ਵੋਟ ਪਾਉਂਦੇ ਹਨ। ਜੋ ਬਹਿਕਾਵੇ ਵਿਚ ਆਉਂਦੇ ਹਨ, ਉਹ ਹੀ ਕਿਸੇ ਹੋਰ ਨੂੰ ਵੋਟ ਪਾਉਂਦੇ ਹਨ। ਮੇਰੇ ਪਿੰਡ ਵਿਚ ਲੱਗਭੱਗ ਪੰਜ ਸੌ ਵੋਟਰ ਹਨ, ਜਿਨ੍ਹਾਂ ਵਿੱਚੋਂ ਚਾਰ ਸੌ ਡੇਰੇ ਦੇ ਕਹਿਣ 'ਤੇ ਵੋਟ ਪਾਉਂਦੇ ਹਨ। ਭੰਗੀਦਾਸ ਕੋਲ ਸੰਦੇਸ਼ ਆਉਂਦਾ ਹੈ ਅਤੇ ਉਹ ਅੱਗੇ ਇਸ ਨੂੰ ਦੂਜੇ ਪ੍ਰੇਮੀਆਂ ਤੱਕ ਪਹੁੰਚਾ ਦਿੰਦਾ ਹੈ। ਭੰਗੀਦਾਸ ਕਹਿੰਦਾ ਹੈ ਕਿ ਇਹ ਉੱਪਰਲਾ ਆਦੇਸ਼ ਹੈ।"

ਆਖ਼ਿਰ ਕਿਉਂ ਬੰਦ ਹੋ ਗਿਆ ਰਾਜਨੀਤਕ ਵਿੰਗ?

ਮਾਰਚ 2023 ਵਿਚ, ਡੇਰੇ ਨੇ ਅਚਾਨਕ ਆਪਣਾ ਰਾਜਨੀਤਕ ਵਿੰਗ ਭੰਗ ਕਰ ਦਿੱਤਾ। ਟਾਈਮਜ਼ ਆਫ ਇੰਡੀਆ ਦੀ ਰਿਪੋਰਟ ਅਨੁਸਾਰ, ਇਸ ਅਚਾਨਕ ਲਏ ਗਏ ਫ਼ੈਸਲੇ ਦੇ ਪਿੱਛੇ ਕੋਈ ਕਾਰਨ ਨਹੀਂ ਦੱਸਿਆ ਗਿਆ ਸੀ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਡੇਰਾ ਸੱਚਾ ਸੌਦਾ ਖੁਦ ਪੈਰੋਕਾਰਾਂ ਦੀਆਂ ਮੀਟਿੰਗਾਂ ਜਥੇਬੰਦ ਕਰਦਾ ਸੀ। ਜਿਸ ਵਿਚ ਕਿਸੇ ਰਾਜਨੀਤਕ ਪਾਰਟੀ ਜਾਂ ਵਿਅਕਤੀਗਤ ਆਗੂ ਦੀ ਹਮਾਇਤ ਕਰਨ ਬਾਰੇ ਉਨ੍ਹਾਂ ਦੇ ਵਿਚਾਰ ਜਾਣੇ ਜਾ ਸਕਣ। ਇਸ ਮੀਟਿੰਗ ਵਿਚ ਕਈ ਨੇਤਾ ਵੀ ਸ਼ਾਮਲ ਹੁੰਦੇ ਸਨ।

ਹਾਲਾਂਕਿ ਡੇਰੇ ਦਾ ਬੁਲਾਰਾ ਜਿਤੇਂਦਰ ਖੁਰਾਣਾ ਇਸ ਗੱਲ ਤੋਂ ਇਨਕਾਰ ਕਰਦਾ ਹੈ। ਨਿਊਜ਼ ਲਾਂਡਰੀ ਨਾਲ ਗੱਲਬਾਤ ਕਰਦਿਆਂ ਖੁਰਾਣਾ ਨੇ ਕਿਹਾ, " ਚੋਣਾਂ ਵਿਚ ਸੰਗਤ ਦੇ ਫ਼ੈਸਲੇ ਨਾਲ ਪਿਤਾ ਜੀ ਦਾ ਕੋਈ ਲੈਣਾ ਦੇਣਾ ਨਹੀਂ ਹੈ। ਸੰਗਤ ਦੀ ਜੋ ਕਮੇਟੀ ਹੈ, ਉਹ ਆਪਣੇ ਪੱਧਰ 'ਤੇ ਫ਼ੈਸਲਾ ਲੈਂਦੀ ਹੈ। ਪਿਤਾ ਜੀ ਨੇ ਕਦੇ ਵੀ ਕਿਸੇ ਰਾਜਨੀਤਕ ਪਾਰਟੀ ਨੂੰ ਵੋਟ ਪਾਉਣ ਲਈ ਕੋਈ ਫ਼ੈਸਲਾ ਨਹੀਂ ਦਿੱਤਾ ਹੈ।"

ਹਾਲਾਂਕਿ ਪੱਤਰਕਾਰ ਅਨੁਰਾਗ ਤ੍ਰਿਪਾਠੀ, ਜਿਸ ਨੇ ਡੇਰੇ ਬਾਰੇ ਇਕ ਕਿਤਾਬ ਲਿਖੀ ਹੈ, ਇਹ ਨਹੀਂ ਮੰਨਦਾ। ਉਹ ਦੱਸਦਾ ਹੈ, "ਗੁਰਮੀਤ ਸਿੰਘ ਕਈ ਸੇਵਾਮੁਕਤ ਆਈ. ਏ. ਐੱਸ. ਅਧਿਕਾਰੀ ਅਤੇ ਆਗੂ ਜੁੜੇ ਸਨ। ਉਹ ਉਸ ਨੂੰ ਦੱਸਦੇ ਸਨ ਕਿ ਰਾਜਨੀਤਕ ਹਵਾ ਦਾ ਰੁੱਖ ਕਿਸ ਪਾਸੇ ਹੈ। ਹਾਲਾਂਕਿ, ਡੇਰਾ ਪੈਰੋਕਾਰਾਂ ਨੇ ਕਿਸ ਪਾਸੇ ਭੁਗਤਣਾ ਹੈ, ਇਸ ਬਾਰੇ ਅੰਤਿਮ ਫ਼ੈਸਲਾ ਗੁਰਮੀਤ ਦਾ ਹੀ ਹੁੰਦਾ ਸੀ।"

ਤ੍ਰਿਪਾਠੀ ਅੱਗੇ ਕਹਿੰਦੇ ਹਨ, "ਗੁਰਮੀਤ ਰਾਜਨੀਤਿਕ ਤੌਰ 'ਤੇ ਬੇਹੱਦ ਸਮਝਦਾਰ ਹੈ। 2011 ਤੋਂ ਪਹਿਲਾਂ ਉਹ ਇਲਾਕੇ ਅਨੁਸਾਰ ਆਪਣੀ ਹਮਾਇਤ ਦਿੰਦਾ ਸੀ। ਇਸ ਦੌਰਾਨ, ਨਰਿੰਦਰ ਮੋਦੀ ਦੀ ਰਾਸ਼ਟਰੀ ਨੇਤਾ ਵਜੋਂ ਬ੍ਰਾਂਡਿੰਗ ਸ਼ੁਰੂ ਹੋ ਗਈ। ਗੁਰਮੀਤ ਨੇ ਭਾਂਪ ਲਿਆ ਕਿ ਭਾਜਪਾ ਨਾਲ ਜਾਣ ਵਿਚ ਫ਼ਾਇਦਾ ਹੈ। ਉੱਥੇ ਧਰਮ ਦੀ ਰਾਜਨੀਤੀ ਲਈ ਵਧੇਰੇ ਜਗ੍ਹਾ ਸੀ। ਇਸ ਸਥਿਤੀ 'ਚ ਉਹ ਖੁੱਲ੍ਹ ਕੇ ਭਾਜਪਾ ਨਾਲ ਖੜ੍ਹ ਗਿਆ। ਉਦੋਂ ਤੋਂ ਲੈ ਕੇ, ਭਾਜਪਾ ਅਤੇ ਡੇਰਾ ਨਾਲ-ਨਾਲ ਚੱਲ ਰਹੇ ਹਨ।"

ਭਾਜਪਾ ਅਤੇ ਡੇਰੇ ਵਿਚਕਾਰ ਸਬੰਧ 2014 ਵਿਚ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਖੁੱਲ੍ਹ ਕੇ ਸਾਹਮਣੇ ਆਇਆ। ਭਾਜਪਾ ਦਾ ਸੀਨੀਅਰ ਆਗੂ ਅਤੇ ਤੱਤਕਾਲੀ ਮੱਧ ਪ੍ਰਦੇਸ਼ ਸਰਕਾਰ ਵਿਚ ਮੰਤਰੀ ਕੈਲਾਸ਼ ਵਿਜੈਵਰਗੀਆ ਚੋਣ ਇੰਚਾਰਜ ਸਨ। ਚੋਣਾਂ ਤੋਂ ਇਕ ਹਫ਼ਤਾ ਪਹਿਲਾਂ ਉਹ ਭਾਜਪਾ ਦੇ 44 ਉਮੀਦਵਾਰਾਂ ਨੂੰ ਡੇਰਾ ਸਿਰਸਾ ਵਿਖੇ ਗੁਰਮੀਤ ਸਿੰਘ ਨੂੰ ਮਿਲਾਉਣ ਲਈ ਲੈ ਕੇ ਗਿਆ ਸੀ।

ਮੀਡੀਆ ਰਿਪੋਰਟਾਂ ਅਨੁਸਾਰ ਸ਼ਾਮ ਦੇ 5 ਵਜੇ ਸ਼ੁਰੂ ਹੋਈ ਇਹ ਮੀਟਿੰਗ 15 ਮਿੰਟ ਤੋਂ ਵੀ ਘੱਟ ਸਮੇਂ ਤੱਕ ਚੱਲੀ ਜਿਸ ਵਿਚ ਗੁਰਮੀਤ ਸਿੰਘ ਨੇ ਉਮੀਦਵਾਰਾਂ ਨੂੰ ਆਪਣਾ 'ਆਸ਼ੀਰਵਾਦ' ਦਿੱਤਾ ਅਤੇ ਉਨ੍ਹਾਂ ਨੂੰ ਡੇਰੇ ਦੇ ਰਾਜਨੀਤਿਕ ਵਿੰਗ ਨੂੰ ਮਿਲਣ ਲਈ ਕਿਹਾ। ਇਹ ਘਟਨਾ ਦਰਸਾਉਂਦੀ ਹੈ ਕਿ ਰਾਜਨੀਤਕ ਵਿੰਗ ਦਾ ਫ਼ੈਸਲਾ ਦਰਅਸਲ ਗੁਰਮੀਤ ਸਿੰਘ ਦਾ ਹੀ ਹੁੰਦਾ ਸੀ।

ਡੇਰਾ ਨਾਲ ਜੁੜੇ ਇਕ ਸੂਤਰ ਨੇ ਨਿਊਜ਼ ਲਾਂਡਰੀ ਨੂੰ ਦੱਸਿਆ ਕਿ ਪਿੰਡ ਪੱਧਰ 'ਤੇ ਪ੍ਰੇਮੀਆਂ ਦੀ ਮੀਟਿੰਗ ਚੱਲ ਰਹੀ ਹੈ। ਅਜੇ ਤੱਕ ਇਹ ਤੈਅ ਨਹੀਂ ਹੋਇਆ ਹੈ ਕਿ ਉਹ ਕਿਸ ਪਾਰਟੀ ਨੂੰ ਵੋਟ ਪਾਉਣਗੇ ਪਰ ਜ਼ਿਆਦਾ ਝੁਕਾਅ ਭਾਜਪਾ ਵੱਲ ਸੀ।

# ਰੂਹ ਦੀ ਭਾਵਨਾ- ਮੁਹੱਬਤ

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਮੁਹੱਬਤ ਨਿਰਛਲ ਅਹਿਸਾਸ ਹੈ, ਸਾਧਨਾ ਹੈ, ਅਰਾਧਨਾ ਅਤੇ ਉਪਾਸਨਾ ਹੈ, ਮੁਹੱਬਤ ਮੈਂ ਤੋਂ ਤੂੰ ਤੱਕ ਹੋਣ ਦਾ ਸੁਹਣਾ ਅਹਿਸਾਸ ਹੈ, ਜੋ ਖੁਸ਼ੀ ਬਖਸ਼ਦਾ ਹੈ। ਮੁਹੱਬਤ ਰੂਹ ਤੋਂ ਰੂਹ ਤੀਕ ਦਾ ਅਰਪਿਤ ਹੋਣਾ, ਆਤਮਾ ਦਾ ਸਮਰਪਣ ਹੈ ਜਿਸ ਵਿਚ ਸਰੀਰ ਕੋਈ ਮਾਇਨੇ ਨਹੀਂ ਰੱਖਦਾ। ਮੁਹੱਬਤ, ਰੂਹ ਦੀ ਭਾਵਨਾ। ਦਿਲ ਦੇ ਅਹਿਸਾਸ ਅਤੇ ਮਨ ਦੇ ਵਲਵਲਿਆਂ ਦਾ ਤੁਹਾਡੀ ਸਮੁੱਚੀ ਸ਼ਖ਼ਸੀਅਤ 'ਚ ਫੈਲ ਜਾਣਾ।

ਮੁਹੱਬਤ, ਆਪਣੇ ਆਪ ਨਾਲ ਨਿੱਘੀ ਨਿੱਘੀ ਗੁਫ਼ਤਗੂ ਜਦੋਂ ਤੁਸੀਂ ਅੰਤਰੀਵ ਦੀ ਯਾਤਰਾ 'ਤੇ ਨਿਕਲਦੇ, ਆਪਣੇ ਆਪ ਨੂੰ ਮਿਲਦੇ, ਖ਼ੁਦ ਨੂੰ ਪਿਆਰ ਕਰਦੇ। ਮੁਹੱਬਤ ਦਾ ਨਗ਼ਮਾ ਤੁਹਾਡੇ ਹੋਠਾਂ 'ਤੇ ਵੀ ਗੁਣਗੁਣਾਉਂਦਾ ਅਤੇ ਸੰਸਾਰ ਵਿਚ ਮੁਹੱਬਤ ਦਾ ਪੈਗ਼ਾਮ ਪਹੁੰਚਾਉਂਦਾ।

ਮੁਹੱਬਤ ਦਾ ਅੰਦਾਜ਼ ਅਤੇ ਅਸੀਮਤਾ ਕਦੇ ਦੇਖਣਾ ਹੋਵੇ ਤਾਂ ਮਾਂ ਦੀ ਮੁਹੱਬਤ ਨੂੰ ਦੇਖਣਾ। ਉਹ ਆਪਣੇ ਬੱਚਿਆਂ, ਪਰਿਵਾਰ ਤੇ ਘਰ ਨੂੰ ਕਿੰਨੀ ਮੁਹੱਬਤ ਨਾਲ ਉਸਾਰਦੀ। ਕੰਧਾਂ ਨੂੰ ਘਰ ਬਣਾਉਂਦੀ। ਬੱਚੇ ਨੂੰ ਮਾਣਮੱਤੀ ਸ਼ਖ਼ਸੀਅਤ ਬਣਾਉਂਦੀ। ਰਿਸ਼ਤਿਆਂ ਵਿਚ ਪਾਕੀਜ਼ਗੀ ਤੇ ਪਕਿਆਈ ਧਰਦੀ। ਬੱਚਿਆਂ ਦੇ ਉੱਦਮ ਨੂੰ ਹੌਸਲਾ, ਹਠ ਤੇ ਸਿਰੜ ਸਾਧਨਾ ਦਿੰਦੀ। ਘਰ ਵਾਲੇ ਦੀਆਂ ਸੁੱਖਾਂ ਮੰਗਦੀ। ਸਾਰੇ ਜੀਆਂ ਨੂੰ ਹਰ ਸੁੱਖ ਪ੍ਰਦਾਨ ਕਰਦੀ ਤਾਂ ਕਿ ਘਰ ਵਿਚ ਖੇੜਿਆਂ ਅਤੇ ਰਹਿਮਤਾਂ ਦਾ ਦਰਿਆ ਸਦਾ ਵਗਦਾ ਰਹੇ। ਬੱਚਿਆਂ ਨੂੰ ਸੁਪਨੇ ਵੀ ਦਿੰਦੀ। ਉਚੇਰੀ ਪਰਵਾਜ਼ ਲਈ ਅੰਬਰ ਦਾ ਸਿਰਨਾਵਾਂ ਵੀ ਦੱਸਦੀ।

ਉਹ ਸਮਾਜਿਕ ਸੰਬੰਧਾਂ ਨੂੰ ਸਥਾਈ, ਸੁਹਜਮਈ ਅਤੇ ਸਦੀਵ ਬਣਾਉਣ ਲਈ ਖ਼ੁਦ ਨਾਲ ਸੰਵਾਦ ਰਚਾਉਂਦੀ। ਬਹੁਤ ਕੁਝ ਅਮੁੱਲਾ ਪਰਿਵਾਰ ਦੇ ਨਾਮ ਕਰਦੀ ਤਾਂ ਕਿ ਪਰਿਵਾਰ ਇਕਮਿਕਤਾ, ਇਕਸੁਰਤਾ, ਇੱਕਜੁੱਟਤਾ ਅਤੇ ਇਕਰੰਗਤਾ ਵਿਚ ਰੰਗਿਆ ਸੋਹਣੇ ਸਮਾਜ ਦਾ ਨਰੋਇਆ ਅੰਗ ਬਣਿਆ ਰਹੇ।

ਕੁਦਰਤ ਵੀ ਮੁਹੱਬਤ ਕਰਦੀ, ਸਮੁੱਚੀ ਕਾਇਨਾਤ ਨੂੰ, ਬਿਰਖਾਂ, ਪੰਛੀਆਂ, ਪਰਿੰਦਿਆਂ ਪਸ਼ੂਆਂ ਅਤੇ ਮਨੁੱਖਾਂ ਨੂੰ। ਇਹ ਕੁਦਰਤ ਦੀ ਮੁਹੱਬਤ ਦਾ ਸਿਖਰ ਕਿ ਉਹ ਜੀਵਨ-ਦਾਤਾਂ ਵੀ ਬਖ਼ਸ਼ਦੀ, ਨਿਆਮਤਾਂ ਨਾਲ ਨਿਵਾਜਦੀ ਅਤੇ ਉਚੇਰੀਆਂ ਉਪਲਬਧੀਆਂ ਲਈ ਨਵੀਆਂ ਰਾਹਾਂ ਦੀ ਦੱਸ ਪਾਉਂਦੀ।

ਪਾਣੀ ਦੀ ਧਰਤ ਅਤੇ ਜੀਵਾਂ ਨਾਲ ਕਿੰਨੀ ਪੀਡੀ ਮੁਹੱਬਤ ਹੁੰਦੀ ਕਿ ਪਾਣੀ ਧਰਤ ਨੂੰ ਸਿੰਜਦਾ, ਰੱਕੜ ਨੂੰ ਜ਼ਰਖੇਜ਼ ਬਣਾਉਂਦਾ, ਮਾਰੂਥਲਾਂ ਨੂੰ ਭਾਗ ਲਾਉਂਦਾ ਅਤੇ ਪਸ਼ੂ-ਪੰਛੀਆਂ ਅਤੇ ਜੀਵਾਂ ਦੀ ਪਿਆਸ ਮਿਟਾਉਂਦਾ। ਸਮੁੰਦਰ ਜੀਵਾਂ ਦਾ ਘਰ ਵੀ ਹੁੰਦਾ। ਸਮੁੰਦਰ ਮਾਣਕ-ਮੋਤੀਆਂ ਦੀ ਖਾਣ। ਖ਼ਾਲੀ ਭੜੋਲਿਆਂ ਨੂੰ ਭਰ ਕੇ ਕਿਸਾਨ ਦੇ ਮੁੱਖ 'ਤੇ ਖੇੜਾ ਉਪਜਾਉਂਦਾ। ਤਪਦੇ ਜਿਸਮਾਂ ਨੂੰ ਆਪਣੇ ਕਲਾਵੇ ਵਿਚ ਲੈ ਠੰਢਕ ਪਹੁੰਚਾਉਂਦਾ। ਇਹ ਦਰਿਆ ਦੀ ਰਵਾਨਗੀ ਇਸ ਦੀ ਤਰਲਤਾ, ਪਵਿੱਤਰਤਾ ਅਤੇ ਨਿਰੰਤਰਤਾ ਹੀ ਹੁੰਦੀ ਕਿ ਸਮੁੱਚੀ ਕਾਇਨਾਤ ਇਸ ਦੀ ਮੁਹੱਬਤੀ ਗਲਵੱਕੜੀ ਨੂੰ ਮਾਣਦੀ, ਵਧਦੀ-ਫੁੱਲਦੀ, ਧਰਤ ਅਤੇ ਇਸ ਦੇ ਜੀਵਾਂ ਨੂੰ ਭਾਗ ਲਾਉਂਦੀ। ਪਾਣੀ ਦੀ ਇਹ ਮੁਹੱਬਤ ਦਰਸਾਉਂਦੀ ਕਿ ਮੁਹੱਬਤ ਵੰਡਿਆਂ ਘਟਦੀ ਨਹੀਂ ਸਗੋਂ ਇਹ ਹੋਰ ਵਧਦੀ ਅਤੇ ਇਸ ਦੀ ਬਹੁਲਤਾ ਸਮੁੱਚੇ ਚੌਗਿਰਦੇ ਨੂੰ ਮਹਿਕਣ ਲਾਉਂਦੀ।

ਜਦ ਪੈਰਾਂ ਦੀ ਰਾਹਾਂ ਨਾਲ ਮੁਹੱਬਤ ਹੋ ਜਾਵੇ ਤਾਂ ਮੰਜ਼ਲਾਂ ਦੇ ਪੈਂਡੇ ਸਿਮਟ ਜਾਂਦੇ, ਸਿਰਨਾਵੇਂ ਜਾਣੇ ਪਛਾਣੇ ਲੱਗਦੇ ਅਤੇ ਤੁਸੀਂ ਸਫਲਤਾਵਾਂ ਦੀ ਸਿਖਰ ਬਣਦੇ।

ਮੁਹੱਬਤ ਜਦ ਸੁਪਨੇ ਲੈਣ ਤੇ ਸੁਪਨਿਆਂ ਦੀ ਪੂਰਤੀ ਦੇ ਅਹਿਸਾਸ ਨਾਲ ਹੋ ਜਾਵੇ ਤਾਂ ਅਸੀਂ ਨਿੱਤ ਨਵੇਂ ਸੁਪਨੇ ਲੈਂਦੇ, ਉਨ੍ਹਾਂ ਨੂੰ ਪੂਰਾ ਕਰਦੇ ਅਤੇ ਪੂਰੇ ਹੋਏ ਸੁਪਨਿਆਂ ਦਾ ਕਾਫ਼ਲਾ ਸਾਡਾ ਹਾਸਲ ਬਣ ਜਾਂਦਾ। ਕੋਈ ਵੀ ਸੁਪਨਾ ਅਧੂਰਾ ਜਾਂ ਤਿੜਕਦਾ ਨਹੀਂ ਅਤੇ ਹਰ ਸੁਪਨਾ ਤੁਹਾਡੀ ਛੋਹ ਲਈ ਅਹੁਲਦਾ ਅਤੇ ਸੁਪਨਿਆਂ ਦਾ ਸੱਚ ਤੁਹਾਡਾ ਆਪਣਾ ਸੱਚ ਹੋ ਜਾਂਦਾ।



ਜਿਗਰੀ ਯਾਰ ਨਾਲ ਮੁਹੱਬਤ ਦਾ ਇਹ ਗੂੜ੍ਹਾ ਰੰਗ ਹੀ ਹੁੰਦਾ ਕਿ ਤੁਸੀਂ ਉਸ ਦੇ ਮੋਢੇ 'ਤੇ ਸਿਰ ਰੱਖ ਕੇ ਰੋ ਸਕਦੇ, ਮਿਲ ਕੇ ਹੱਸ ਸਕਦੇ, ਆਪਣੇ ਗ਼ਮਾਂ ਅਤੇ ਦਰਦਾਂ ਦੀ ਗਾਥਾ ਸਾਂਝੀ ਕਰ ਸਕਦੇ। ਇਹ ਦਰਦ ਵੰਡਾਉਣ ਦੀ ਬਿਰਤੀ ਹੀ ਹੁੰਦੀ ਜੋ ਮੁਹੱਬਤ ਨੂੰ ਨਵਾਂ ਅੰਜਾਮ ਸਿਰਜਣ ਵਿਚ ਸਹਾਈ ਹੁੰਦੀ।

ਮੁਹੱਬਤ ਜਦ ਸਾਹਾਂ ਵਿਚ ਸੁਗੰਧ, ਸੰਗੀਤਕਤਾ ਅਤੇ ਨਿਰੰਤਰਤਾ ਦਾ ਹੁੰਗਾਰਾ ਬਣਦੀ ਤਾਂ ਇਕ ਅਜੇਹੀ ਨੇੜਤਾ ਨੂੰ ਜਨਮ ਦਿੰਦੀ ਜੋ ਤੁਹਾਡੇ ਲਈ ਨਵੀਂ ਜ਼ਿੰਦਗੀ ਦਾ ਵਰਦਾਨ ਹੁੰਦੀ। ਜ਼ਿੰਦਗੀ ਜਿਹੜੀ ਕਦੇ ਤੁਹਾਡੇ ਖ਼ਾਬਾਂ ਅਤੇ ਖ਼ਿਆਲਾਂ ਦਾ ਹਿੱਸਾ ਰਹੀ ਹੋਵੇ।

ਜਦ ਕਿਸੇ ਨਾਲ ਮੁਹੱਬਤ ਹੋ ਜਾਵੇ ਤਾਂ ਉਸ ਦਾ ਉਦਾਸ ਵੀ ਹੁੰਦਾ ਤੇ ਫ਼ਿਕਰ ਵੀ ਹੁੰਦਾ। ਸੋਚ, ਸੁਪਨਿਆਂ, ਸੰਵਾਦ, ਸੰਭਾਵਨਾਵਾਂ ਅਤੇ ਸਫ਼ਰ ਵਿਚ ਸਦਾ ਅੰਗ ਸੰਗ ਰਹਿੰਦਾ। ਮੁਹੱਬਤ, ਖ਼ੁਦ ਨੂੰ ਮਿਟਾਉਣਾ, ਖ਼ੁਦੀ 'ਚੋਂ ਖ਼ੁਦਾ ਦਾ ਦੀਦਾਰ ਪਾਉਣਾ ਅਤੇ ਖ਼ੁਦ ਵਿਚੋਂ ਪਿਆਰੇ ਦੇ ਦਰਸ਼ਨ ਪਾਉਣਾ। ਮੁਹੱਬਤੀ ਪੁਰਵਾਈ ਰੂਹ ਵਿਚ ਠੰਢਕ, ਦਿਲ ਵਿਚ ਸਕੂਨ, ਮਨ ਵਿਚ ਤ੍ਰਿਪਤੀ ਅਤੇ ਸੋਚਾਂ ਨੂੰ ਸੰਵੇਦਨਾ ਅਤੇ ਰੂਹ ਦੀ ਭਟਕਣਾ ਨੂੰ ਦੂਰ ਕਰਦੀ।

ਮੁਹੱਬਤ ਸੱਤ ਫੇਰਿਆਂ, ਚਾਰ ਲਾਵਾਂ ਜਾਂ ਤਿੰਨ ਵਾਰ 'ਕਬੂਲ ਹੈ' ਕਹਿਣ ਦੀ ਮੁਥਾਜ਼ ਨਹੀਂ। ਇਹ ਤਾਂ ਉਮਰ ਭਰ ਸਾਥ ਨਿਭਾਉਣ ਦੀ ਕਸਮ ਹੁੰਦੀ।

ਮੁਹੱਬਤ, ਸਵੇਰੇ ਉਡਦੇ ਸਾਰ ਸਭ ਤੋਂ ਪਹਿਲਾਂ ਜਿਸਦਾ ਦੀਦਾਰ ਨੈਣ ਕਰਨ, ਕਿਸੇ ਧਾਰਮਿਕ ਅਸਥਾਨ 'ਤੇ ਜਾਂ ਧਾਰਮਿਕ ਆਸਥਾ ਦੌਰਾਨ ਨਾਲ ਨਾਲ ਖੜ੍ਹੇ ਹੋਣ ਦਾ ਅਹਿਸਾਸ, ਆਪਣੇ ਪਿਆਰੇ ਨੂੰ ਯਾਦ ਕਰਦਿਆਂ ਹੀ ਪੂਰੇ ਦਿਨ ਦੀ ਭੱਜ ਦੌੜ ਦੂਰ ਹੋ ਜਾਣਾ, ਕਿਸੇ ਦੇ ਮੋਢੇ 'ਤੇ ਸਿਰ ਰੱਖ ਕੇ ਸੁਸਤਾਉਣਾ, ਕਿਸੇ ਦੀ ਕਲਪਿਤ ਛੋਹ ਨਾਲ ਊਰਜਿਤ ਹੋਣਾ, ਕਿਸੇ ਦੇ ਖਿਆਲਾਂ ਵਿਚ ਗਵਾਚੇ ਰਹਿਣਾ ਜਾਂ ਹਰ ਕਾਰਜ ਵਿਚ ਕਿਸੇ ਦੀ ਭਰਵੀਂ ਸ਼ਮੂਲੀਅਤ ਦਾ ਮਹਿਸੂਸ ਹੋਣਾ।

ਮੁਹੱਬਤ ਇਕ ਪਲ ਦਾ ਯੁੱਗਾਂ ਤੀਕ ਫੈਲਣਾ। ਇਕ ਮਨੁੱਖ ਤੋਂ ਸਾਰੀ ਦੁਨੀਆ ਨੂੰ ਬੁੱਕਲ ਵਿਚ ਲੈਣਾ। ਇਕ ਬੋਲ ਦਾ ਜੀਵਨ-ਨਾਦ ਬਣਨਾ। ਇਕ ਸਾਹ ਦਾ ਸਮੁੱਚੀ ਜ਼ਿੰਦਗੀ ਹੋ ਜਾਣਾ। ਇਕ ਸ਼ਬਦ ਦਾ ਇਕ ਗ੍ਰੰਥ ਦਾ ਰੂਪ ਧਾਰਨਾ। ਸਾਰੇ ਗ੍ਰੰਥ ਪ੍ਰੇਮ ਗਾਥਾਵਾਂ ਦੇ ਗ੍ਰੰਥ ਹੀ ਹਨ। ਇਹ ਭਾਵੇਂ ਧਾਰਮਿਕ, ਸੰਸਾਰਕ ਹੋਵੇ, ਨਿੱਜੀ ਹੋਵੇ ਜਾਂ ਸਰਬ ਰੂਪੀ ਹੋਵੇ।

ਮੁਹੱਬਤ ਇਕ ਵਿਚਾਰ ਦਾ ਕਾਵਿ-ਸ਼ਾਰ ਹੋ ਜਾਣਾ। ਬੁਰਸ਼ ਛੋਹ ਦਾ ਕਲਾ-ਕਿਰਤੀ ਬਣ ਜਾਣਾ। ਇਕ ਦ੍ਰਿਸ਼ ਦਾ ਨਵੇਂ ਵਿਚਾਰ 'ਚ ਤਬਦੀਲ ਹੋਣਾ ਜਾਂ ਇਕ ਛਿਣ ਦਾ ਸਦੀਆਂ ਦਾ ਨਾਮਕਰਨ ਹੋਣਾ। ਮੁਹੱਬਤ ਵਿਚ ਨਫ਼ਰਤ, ਫ਼ਰੇਬ, ਝੂਠ, ਕਮੀਨਗੀ, ਦੁਸ਼ਮਣੀ ਜਾਂ ਕਿਸੇ ਨੂੰ ਦੁੱਖ ਪਹੁੰਚਾਉਣ ਦੀ ਕੋਈ ਵਜ੍ਹਾ ਨਹੀਂ। ਇਹ ਤਾਂ ਆਸ, ਵਿਸ਼ਵਾਸ, ਧਰਵਾਸ ਅਤੇ ਯਕੀਨ ਅਤੇ ਨਿਸ਼ਠਾ ਦਾ ਸੱਚਾ ਨਾਮ ਜਿਸ ਦੀ ਅਰਾਧਨਾ ਵਿਚੋਂ ਜ਼ਿੰਦਗੀ ਮਿਲਦੀ ਕਿਉਂਕਿ ਮੁਹੱਬਤ ਜ਼ਿੰਦਗੀ ਦਾ ਦੂਸਰਾ ਨਾਮ।

ਮੁਹੱਬਤ ਜਦ ਸੁਖਨ, ਸਕੂਨ, ਸੰਤੁਸ਼ਟੀ ਅਤੇ ਸਹਿਜਤਾ ਨਾਲ ਹੁੰਦੀ ਤਾਂ ਮਨੁੱਖੀ ਭਟਕਣ ਤੋਂ ਮਨ ਉਕਤਾ ਜਾਂਦਾ। ਇਕ ਸਹਿਜਤਾ ਜੀਵਨ ਦੀ ਤੋਰ ਨੂੰ ਪੂਰਨ ਸੁੱਖਨਤਾ ਅਤੇ ਸਾਦਗੀ ਦੇ ਜਾਂਦੀ। ਉਹ ਦੁਨਿਆਵੀ ਦੌੜ ਤੋਂ ਪਾਸੇ ਹਟ ਆਪਣੀ ਜ਼ਿੰਦਗੀ ਨੂੰ ਆਪਣੇ ਰੰਗ ਵਿਚ ਮਾਣਦਾ। ਉਹ ਆਪਣਾ ਅੰਬਰ, ਧਰਤ ਅਤੇ ਸੂਰਜ ਹੁੰਦਾ। ਉਹ ਕੁਦਰਤ ਨਾਲ ਇਕਸੁਰ। ਕਦੇ ਉਹ ਚੰਨ-ਚਾਨਣੀ ਵਿਚ ਚੰਨ ਨਾਲ ਗੱਲਾਂ ਕਰਦਾ, ਕਦੇ ਬਿਰਖ਼ਾਂ ਨਾਲ ਗੁਫ਼ਤਗੂ ਕਰਦਾ ਅਤੇ ਕਦੇ ਪੱਤਿਆਂ ਦੀ ਹਵਾਈ ਨਾਲ ਆਪਣੇ ਸਾਹਾਂ ਦੀ ਆਉਧ ਵਧਾਉਂਦਾ। ਕਦੇ ਕਿਸੇ ਬੀਚ ਦੀ ਠੰਢਕ ਨੂੰ ਪੱਬਾਂ ਵਿਚ ਉਪਜਾਉਂਦਾ। ਹਫੇ ਸਾਹਾਂ ਨੂੰ ਠਹਿਰਨ ਅਤੇ ਸਾਹ ਲੈਣ ਲਈ ਆਖਦਾ। ਕਦੇ ਉਹ ਪਹਾੜਾਂ ਨੂੰ ਆਪਣੇ ਬਜ਼ੁਰਗਾਂ ਨਿਆਈਂ ਸਮਝ, ਉਨ੍ਹਾਂ ਨਾਲ ਦਿਲ ਦੀਆਂ ਗੱਲਾਂ ਕਰਦਾ। ਕਦੇ ਦਰਿਆ ਦੇ ਕੰਢੇ ਬੈਠ ਲਹਿਰਾਂ ਨੂੰ ਮੁਹੱਬਤ ਦੀਆਂ ਕਵਿਤਾਵਾਂ ਸੁਣਾਉਂਦਾ। ਕਦੇ ਇਕੱਲਤਾ ਮਾਣਦਾ, ਖ਼ੁਦ ਦੀ ਨਜ਼ਦੀਕੀ ਵਿਚ ਸਰਬ ਸੁਖਨ ਨੂੰ ਹਾਸਲ ਬਣਾਉਂਦਾ, ਜਿਸ ਦੀ ਭਾਲ ਵਿਚ ਇਹ ਦੁਨੀਆ ਹਫੀ ਪਈ।

ਮੁਹੱਬਤ ਮਿਹਨਤ ਅਤੇ ਮੁਸ਼ੱਕਤ ਨਾਲ ਹੋ ਜਾਵੇ ਤਾਂ ਮੁੜ੍ਹਕੇ ਦੇ ਮੋਤੀਆਂ ਨਾਲ ਖ਼ਾਲੀ ਬੋਝੇ ਵੀ ਭਰ ਜਾਂਦੇ, ਮੁਖੜੇ 'ਤੇ ਸੰਤੁਸ਼ਟੀ ਦਾ ਜਲੌਅ ਅਤੇ ਦੀਦਿਆਂ ਵਿਚ ਨਵੀਆਂ ਪ੍ਰਾਪਤੀਆਂ ਦੀ ਖ਼ੁਮਾਰੀ। ਮੁਹੱਬਤ ਜਦ ਆਪਣੇ ਪਰਿਵਾਰ ਅਤੇ ਰਿਸ਼ਤਿਆਂ ਲਈ ਪੈਦਾ ਹੋ ਜਾਵੇ ਤਾਂ ਪਰਿਵਾਰ ਮੌਲਦਾ, ਰਿਸ਼ਤਿਆਂ ਦੀ ਮਹਿਕ ਸਾਡੇ ਸੰਬੰਧਾਂ ਨੂੰ ਸੁਖਾਵਾਂ ਬਣਾਉਂਦੀ। ਕੋਈ ਵੀ ਰਿਸ਼ਤਾ ਤਿੜਕਦਾ ਨਾ। ਨਾ ਹੀ ਤੁਸੀਂ ਕਦੇ ਰਿਸ਼ਤਿਆਂ ਦੇ ਟੁੱਟਣ ਦੀ ਪੀੜਾ ਅਤੇ ਇਸ ਕਾਰਨ ਪੈਦਾ ਹੋਏ ਕੁੜੱਤਣ ਨੂੰ ਆਪਣੇ ਸਾਹਾਂ ਅਤੇ ਸੋਚਾਂ ਦੇ ਨਾਮ ਕਰਦੇ।

ਜਦ ਤੁਸੀਂ ਹਰਫ਼ਾਂ ਨਾਲ ਮੁਹੱਬਤ ਕਰਦੇ ਤਾਂ ਕਲਮਕਾਰੀ ਤੁਹਾਡਾ ਇਸ਼ਟ ਬਣ ਜਾਂਦਾ। ਅਰਥਾਂ ਵਿਚ ਜੁਗਨੂੰ ਜਗਦੇ, ਕੀਰਤੀ ਬਣ ਜਾਂਦਾ ਧਰਮ ਅਤੇ ਫਿਰ ਇਹ ਚਾਨਣ ਸਮੁੱਚੀ ਮਾਨਵਤਾ ਨੂੰ ਚਾਨਣ ਦਾ ਸੰਦੇਸ਼ ਦਿੰਦਾ।

ਮੁਹੱਬਤ ਸੋਚ ਕੇ ਕੀਤੀ ਨਹੀਂ ਜਾਂਦੀ, ਸਹਿਜ ਸੁਭਾ ਹੋ ਜਾਂਦੀ ਹੈ ਜੋ ਅਨੰਤ ਹੋ ਨਿਬੜਦੀ ਹੈ। ਮੁਹੱਬਤ ਹਨੇਰੇ ਰਾਹਾਂ ਦਾ ਉਹ ਚਿਰਾਗ ਹੈ , ਜੋ ਜੀਵਨ 'ਚ ਰੌਸ਼ਨੀਆਂ ਵੰਡਦੀ ਜਿਉਣਾ ਸਿਖਾਉਂਦੀ ਹੈ। ਮੁਹੱਬਤ ਉਨ੍ਹਾਂ ਪਾਣੀਆਂ ਦੇ ਸੰਗਮ ਦੀ ਤਰ੍ਹਾਂ ਹੈ ਜੋ ਇੱਕ ਦੂਜੇ 'ਚ ਅਭੇਦ ਹੋ ਕੇ ਆਪਣੀ ਹੋਂਦ ਮਿਟਾ ਵੱਖ ਨਹੀਂ ਹੋ ਸਕਦੇ।

ਮੁਹੱਬਤ ਦਰਿਆ ਦੇ ਉਨ੍ਹਾਂ ਕੰਢਿਆਂ ਵਾਂਗ ਜੋ ਨਾ ਮਿਲ ਕੇ ਵੀ ਪਾਣੀ ਦੀ ਛੋਹ ਮਾਣਦੇ ਹੋਏ ਆਪਣੇ ਸਮੁੰਦਰ ਨਾਲ ਅਭੇਦ ਹੋ ਕੇ ਇੱਕ ਰੂਪ ਹੋ ਜਾਂਦੇ ਹਨ। ਮੁਹੱਬਤ ਉਹ ਮਹਿਕਦੀ ਫਿਜ਼ਾ ਹੈ ਜੋ ਰੂਹਾਂ ਨੂੰ ਆਪਣੇ ਜਿਉਂਦੇ ਹੋਣ ਦਾ ਅਹਿਸਾਸ ਕਰਾਉਂਦੀ ਹੈ। ਮੁਹੱਬਤ ਉਹ ਇਬਾਰਤ ਹੈ ਜੋ ਵਰਕਿਆਂ 'ਤੇ ਨਹੀਂ ਫੈਲਦੀ ਸਗੋਂ ਦਿਲਾਂ ਦੀ ਧੜਕਣ ਬਣ ਰੂਹ 'ਚ ਉਕਰੀ ਜਾਂਦੀ ਹੈ। ਮੁਹੱਬਤ ਇਕ ਸੁੱਚੀ ਇਬਾਦਤ ਹੈ ਜੋ ਧੁਰ ਅੰਦਰੋਂ ਪੈਦਾ ਹੁੰਦੀ ਹੈ ਜੋ ਦਰਗਾਹੇ ਮੁਹੱਬਤ ਆਪਣੇ ਆਪ ਹੁੰਦੀ ਹੈ।

ਮੁਹੱਬਤ ਸੁਹਣੇ ਰੰਗਾਂ ਦਾ ਸੁਮੇਲ ਹੈ, ਮੁਹੱਬਤ ਕਰਨ ਵਾਲੇ ਉਸ ਮਜੀਠੇ ਰੰਗ ਵਿਚ ਰੰਗੇ ਜਾਂਦੇ ਹਨ ਜੋ ਕਦੇ ਨਹੀਂ ਉੱਤਰਦਾ। ਮੁਹੱਬਤ ਕੰਡਿਆਂ ਨਾਲ ਘਿਰੀ ਹੋਈ ਫੁੱਲ ਪੱਤੀਆਂ ਵਰਗੀ ਹੁੰਦੀ ਹੈ ਜੋ ਕੋਮਲਤਾ ਤੇ ਸਰਲਤਾ ਦਾ ਅਹਿਸਾਸ ਕਰਾਉਂਦੀ ਹੈ ਤੇ ਕੁਦਰਤ ਦਾ ਹਰ ਕਣ-ਕਣ ਸੁਹਣਾ ਲੱਗਦਾ ਹੈ

ਮੁਹੱਬਤ ਉਹ ਸੁਹਣੇ ਪਲਾਂ ਦਾ ਅਹਿਸਾਸ ਹੈ ਜਦੋਂ ਚੰਨ ਤਾਰਿਆਂ ਨਾਲ ਗੱਲਾਂ ਕਰਨੀਆਂ ਚੰਗੀਆਂ ਲੱਗਦੀਆਂ ਹਨ। ਮੁਹੱਬਤ ਔਖੇ ਵੇਲੇ ਕਠਿਨਾਈਆਂ ਵਿਚ ਉਂਗਲ ਫੜ ਕੇ ਤੁਰਨ ਦਾ ਅਹਿਸਾਸ ਹੈ ਜੋ ਜ਼ਿੰਦਗੀ ਦੇ ਸਫ਼ਰ ਨੂੰ ਸੁਖਾਵਾਂ ਕਰ ਦਿੰਦੀ ਹੈ। ਮੁਹੱਬਤ ਉਹ ਸਮਰਪਿਤ ਦੀ ਭਾਵਨਾ ਹੁੰਦੀ ਹੈ ਜੋ ਮਮਤਾ, ਦੁੱਖ ਸੁੱਖ ਵੰਡਣਾ, ਕਿਸੇ ਦਾ ਹੋਣਾ ਤੇ ਕਿਸੇ ਨੂੰ ਆਪਣਾ ਬਣਾ ਲੈਣਾ ਸਿਖਾਉਂਦੀ ਹੈ।

ਮੁਹੱਬਤ ਸੰਵੇਦਨਾ ਹੈ, ਵੇਦਨਾ ਹੈ ਅਤੇ ਅੰਨਤ ਭਗਤੀ ਹੈ ਜੋ ਰਾਂਝੇ, ਮਜਨੂੰ ਤੇ ਮੀਰਾ ਨੇ ਕੀਤੀ। ਮੁਹੱਬਤ ਅਮਰ ਹੈ। ਬੰਦਾ ਹੱਡ ਮਾਸ ਦਾ ਪੁਤਲਾ। ਅਹਿਸਾਸਾਂ ਜਜ਼ਬਾਤਾਂ ਨਾਲ ਭਰਿਆ ਇੱਕ ਬੁੱਤ। ਪਿਆਰ ਦੇ ਮਜੀਠੇ ਰੰਗ ਵਿਚ ਵੀ ਰੰਗਿਆ। ਉਹ ਰੰਗ ਜੋ ਸਦਾ ਹੀ ਚੜ੍ਹਿਆ ਰਹਿੰਦਾ ਕੋਈ ਸਮਿਆਂ ਦਾ ਝੱਖੜ ਵੀ ਉਸ ਨੂੰ ਖੋਰ ਨਹੀਂ ਸਕਦਾ ਤੇ ਨਾ ਹੀ ਉਹ ਰੰਗ ਫਿੱਕਾ ਪੈਂਦਾ ਹੈ।

ਪਰ ਕਈ ਬੁੱਤ ਜੋ ਭਾਵਹੀਣ ਤੇ ਚੇਤੰਨਤਾ ਤੋਂ ਦੂਰ, ਰੂਹ ਤੋਂ ਕੋਰੇ ਹੁੰਦੇ, ਸਮਿਆਂ ਦੀ ਥੋੜੀ ਝੰਬ-ਝਾੜ ਵੀ ਰੰਗਾਂ ਨੂੰ ਧੋ ਕੇ ਅਸਲੀਅਤ ਨੰਗਾ ਕਰ ਦਿੰਦੀ। ਇਹ ਬੁੱਤ ਚਾਨਣੀ ਤੋਂ ਵਾਂਝੇ ਰਹਿੰਦੇ। ਨਾ ਹੀ ਸੂਰਜੀ ਕਿਰਨਾਂ ਰੂਹ ਦੀ ਸਰਘੀ ਨੂੰ ਰੁਸ਼ਨਾਉਂਦੀਆਂ। ਅਜਿਹੇ ਬੁੱਤ ਸਫ਼ਰ ਤਾਂ ਬਹੁਤ ਕਰਦੇ ਪਰ ਸਿਰਨਾਵਾਂ ਕੋਈ ਨਹੀਂ। ਅਜੇਹੇ ਬੁੱਤ ਚੌਰਾਹਿਆਂ 'ਤੇ ਸਜੇ ਤਾਂ ਬਹੁਤ ਹੁੰਦੇ ਪਰ ਦਿਸ਼ਾਹੀਣ ਹੋ ਬੁੱਤ ਹੀ ਰਹਿ ਜਾਂਦੇ। ਇਹੋ ਜਿਹੇ ਮੁਹੱਬਤ ਹੀਣ ਤੇ ਮਰੀਆਂ ਜ਼ਮੀਰਾਂ ਵਾਲੇ ਕਿਸੇ ਦੇ ਦੁੱਖਾਂ ਨੂੰ ਕੀ ਸਮਝਣਗੇ? ਕਿਹੜੀ ਮਰਹਮ ਬਨਣਗੇ? ਕੀ ਸੇਧ ਦੇਣਗੇ? ਕੀ ਹਨੇਰੇ ਰਾਹਾਂ ਦਾ ਦੀਵਾ ਬਣਨਗੇ?

ਮੁਹੱਬਤ ਕਰੋ ਆਪਣਿਆਂ ਨਾਲ, ਨੇੜਲਿਆਂ ਨਾਲ, ਗਵਾਂਢੀਆਂ ਨਾਲ, ਬੇਗਾਨਿਆਂ ਨਾਲ, ਤੇ ਸਹਿਕਰਮੀਆਂ ਨਾਲ। ਪਰ ਸਭ ਤੋਂ ਅਹਿਮ ਹੈ ਖ਼ੁਦ ਨਾਲ ਮੁਹੱਬਤ ਕਰਨਾ। ਖ਼ੁਦ ਦੀ ਮੁਹੱਬਤ ਵਿਚੋਂ ਬਹੁਤ ਕੁਝ ਅਨਮੋਲ ਅਤੇ ਅਸੀਮਤ ਪ੍ਰਾਪਤ ਕਰ ਕੇ ਖ਼ੁਦ ਨੂੰ ਭਾਗਸ਼ਾਲੀ ਬਣਾਉਗੇ।

ਮੁਹੱਬਤ ਜ਼ਿੰਦਾਬਾਦ ਸੀ, ਹੈ ਅਤੇ ਸਦਾ ਰਹੇਗੀ ਕਿਉਂਕਿ ਮੁਹੱਬਤ ਨਾਲ ਸਾਡੇ ਸਮੁੱਚੇ ਸਰੋਕਾਰ ਬਾਵਾਸਤਾ ਨੇ। ਆਓ ! ਜਾਗਦੀ ਜ਼ਮੀਰ ਵਾਲੇ ਮੁਹੱਬਤੀ ਰੂਹਾਂ ਬਣੀਏ ਮੀਲ ਪੱਥਰ ਬਣੀਏ ਅਤੇ ਰਾਹਾਂ ਨੂੰ ਸਿਰਨਾਵਾਂ ਦੇਈਏ।

# ਪ੍ਰਾਹੁਣੇ ਅੱਗੇ ਪ੍ਰੋਸੀ ਗਈ ਥਾ.ਲੀ ਨਾ.ਲ ਸੋਟਾ?



ਤਰਲੋਚਨ ਸਿੰਘ 'ਦੁਪਾਲ ਪੁਰ'
ਫੋਨ: +1-408-915-1268

ਘਰੇ ਆਇਆ ਇਕ ਸੱਗਾ-ਰੱਤਾ ਪ੍ਰਾਹੁਣਾ। ਉਹਦੇ ਵਾਸਤੇ ਦਾ.ਲ-ਸਬਜ਼ੀ, ਫੁਲਕੇ ਅਤੇ ਮਿੱਠੇ ਚੌ.ਲਾਂ ਨਾ.ਲ ਪ੍ਰੋਸੀ ਗਈ ਥਾ.ਲੀ ਪਰ ਨਾ.ਲ ਰੱਖ ਦਿੱਤਾ ਗਿਆ ਇਕ ਸੋਟਾ! ਸੋਟਾ ਦੇਖ ਕੇ ਪ੍ਰਾਹੁਣਾ ਸੋਚਣ ਲੱਗਾ ਕਿ ਹੋਵੇ ਨਾ ਤਾਂ ਖਾਣਾ ਖਾਣ ਮਗਰੋਂ ਇਹ ਮੇਰੀ ਭੁਗਤ ਸਵਾਰਨਗੇ! ਉਸਨੇ ਜਕਦੇ ਜਕਦੇ ਨੇ ਘਰਦਿਆਂ ਨੂੰ ਪੁੱਛਿਆ ਕਿ ਥਾ.ਲੀ ਨਾ.ਲ ਰੱਖੇ ਸੋਟੇ ਦਾ ਕੀ ਕੰਮ? ਘਰ ਵਾ.ਲੇ ਕਹਿੰਦੇ ਜੀ ਇਹ ਸਾਡੇ ਰਵਾਇਤ ਹੈ ਕਿ ਅਸੀਂ ਪ੍ਰਾਹੁਣੇ ਨੂੰ ਪ੍ਰਸ਼ਾਦਾ ਛਕਾਉਣ ਵੇ.ਲੇ ਸੋਟਾ ਰੱਖ ਦਈ ਦਾ ਐ! ਪ੍ਰਾਹੁਣਾ ਕਹਿੰਦਾ ਜੀ ਮੈਂ ਤਾਂ ਓਨੀ ਦੇਰ ਖਾਣੇ ਨੂੰ ਹੱਥ ਨਹੀਂ ਲਾਵਾਂਗਾ ਜਦ ਤੱਕ ਮੈਨੂੰ ਇਹ ਸੋਟਾ ਰੱਖਣ ਦੇ ਮਕਸਦ ਦਾ ਨੀ ਪਤਾ ਲਗਦਾ!

ਪਤਾ ਵਿਚਾਰੇ ਘਰ ਦਿਆਂ ਨੂੰ ਵੀ ਨਹੀਂ ਸੀ, ਉਨ੍ਹਾਂ ਵੀ ਘਰ ਵਿਚ ਚਲੀ ਆ ਰਹੀ ਰਵਾਇਤ ਦੀ ਹੀ ਪਾਲਣਾ ਕੀਤੀ ਸੀ। ਪ੍ਰਾਹੁਣੇ ਦਾ ਸਵਾਲ ਸੁਣ ਕੇ ਸ਼ਸ਼ੋਪੰਜ 'ਚ ਪਏ ਘਰ ਵਾ.ਲਿਆਂ ਨੇ ਗ.ਲੀ ਗੁਆਂਢ 'ਚੋਂ ਇਕ ਬਜ਼ੁਰਗ ਨੂੰ ਘਰੇ ਸੱਦ ਕੇ ਥਾ.ਲੀ ਨਾ.ਲ ਰੱਖੇ ਜਾਂਦੇ ਸੋਟੇ ਦਾ ਮਕਸਦ ਪੁੱਛਿਆ। ਉਹ ਕਹਿੰਦਾ ਭਰਾਵੋ ਥਾ.ਲੀ ਨਾ.ਲ ਸੋਟਾ ਏਡਾ ਵੱਡਾ ਥੋੜ੍ਹੀ ਰੱਖੀ ਦਾ? ਗਿੱਠ ਦੋ ਗਿੱਠ ਦੀ ਛਿਟੀ ਰੱਖਦੇ ਹੁੰਦੇ ਸੀ ਸਾਡੇ ਵਡਾਰੂ ਤਾਂ!

ਪ੍ਰਾਹੁਣਾ ਫਿਰ ਅੜ ਗਿਆ, ਅਖੇ ਗਿੱਠ ਦੋ ਗਿੱਠ ਦੀ ਛਿਟੀ ਦਾ ਵੀ ਕੀ ਮਤਲਬ ਹੋਇਆ ਭਲਾ? ਆਖਰ ਉਹ ਪ੍ਰਾਹੁਣੇ ਦੇ ਕਿਹੜੇ ਕੰਮ ਲਈ ਰੱਖਣੀ ਜ਼ਰੂਰੀ ਹੈ? ਘਰ ਵਾ.ਲੇ ਵਿਚਾਰੇ ਪਿੰਡ ਦੀਆਂ ਇਕ ਦੋ ਬਜ਼ੁਰਗ ਮਾਈਆਂ ਨੂੰ ਪੁੱਛਣ ਗਏ। ਉਨ੍ਹਾਂ ਨੇ ਪ੍ਰਾਹੁਣੇ ਨੂੰ ਹੀ ਕੋਸਿਆ! ਅਖੇ ਸਾਡੇ ਤਾਂ ਭਾਈ ਸੋਟੀ ਨਾ.ਲ ਰੱਖੀ ਦੀ ਐ... ਪ੍ਰਾਹੁਣੇ ਚੁੱਪ ਕਰ ਕੇ ਭੋਜਨ ਛਕ ਲੈਂਦੇ ਆ! ਕੋਈ ਨੀ ਪੁੱਛਦਾ ਹੁੰਦਾ!! ਤੁਹਾਡੇ ਕਿਹੜਾ ਇਹ 'ਅਨੋਖਾ ਮਹਿਮਾਨ' ਆ ਗਿਆ ਐ ਜੋ ਇਹਦਾ ਮਤਲਬ ਪੁੱਛਣ ਲੱਗ ਪਿਆ?

ਸੋਟੇ ਦਾ ਬਿਨਾਂ ਮਤਲਬ ਜਾਣੇ ਰੋਟੀ ਨਾ ਖਾਣ ਵਾ.ਲੀ ਪ੍ਰਾਹੁਣੇ ਦੀ ਜ਼ਿਦ ਕਾਰਨ ਘਰ ਵਾ.ਲੇ ਪਿੰਡ ਦੇ ਇਕ ਓਸ ਬਿਰਧ ਬਾਪੂ ਨੂੰ ਸੱਦ ਲਿਆਏ ਜੋ ਪਿੰਡ ਵਿਚ ਸਭ ਤੋਂ ਵੱਡੀ ਉਮਰ ਦਾ ਸੀ ਅਤੇ ਪੜ੍ਹੇ-ਲਿਖੇ ਸਿਆਣੇ ਵਜੋਂ ਜਾਣਿਆਂ ਜਾਂਦਾ ਸੀ। ਉਹ ਆਉਂਦਿਆਂ ਹੀ ਥਾ.ਲੀ ਲਾਗੇ ਰੱਖੇ ਹੋਏ ਸੋਟੇ ਵੱਲ ਦੇਖ ਕੇ ਹੱਸਿਆ-

"ਓਏ ਕਮ.ਲਿਓ, ਥਾ.ਲੀ ਨਾ.ਲ ਨਾ ਸੋਟਾ, ਨਾ ਦੋ ਗਿੱਠ ਦੀ ਛਿਟੀ ਰੱਖੀ ਦੀ ਐ, ਸਗੋਂ ਪ੍ਰਾਹੁਣੇ ਨੂੰ ਮਾਣ-ਸਤਿਕਾਰ ਵਾ.ਲੀ ਵਿਸ਼ੇਸ਼ਤਾ ਦੇਣ ਸਦਕਾ ਥਾ.ਲੀ ਵਿਚ ਇਕ ਨੁਕੀਲਾ ਜਿਹਾ ਡੱਕਾ ਰੱਖਣ ਦਾ ਰਿਵਾਜ ਹੁੰਦਾ ਸੀ ਜਿਹਨੂੰ ਸਾਡੇ ਵਡਾਰੂ 'ਛਿੰਗ' ਕਹਿੰਦੇ ਹੁੰਦੇ ਸਨ! ਜਿਹਦੇ ਨਾ.ਲ ਰੋਟੀ-ਪਾਣੀ ਛਕਣ ਤੋਂ ਬਾਅਦ ਪ੍ਰਾਹੁਣਾ ਆਪਣੇ ਦੰਦ ਦਾੜ੍ਹਾਂ ਕ੍ਰੋਲ ਕੇ ਹੱਥ-ਮੂੰਹ ਸਾਫ ਕਰ ਲੈਂਦਾ ਹੁੰਦਾ ਸੀ! ਸੀਨਾ-ਬ-ਸੀਨਾ ਚਲਦੀ ਆਈ ਛਿੰਗ, ਬੇਸਮਝੀ ਕਾਰਨ ਵਧਦੀ ਵਧਦੀ ਗਿੱਠ ਦੋ ਗਿੱਠ ਲੰਬੀ ਹੁੰਦੀ ਹੁੰਦੀ ਹੁਣ ਸੋਟੀ ਬਣ ਗਈ ਐ!"

ਲਓ ਜੀ ਇਕ ਪਾਕਿਸਤਾਨੀ ਪੰਜਾਬੀ ਵਲੋਂ ਬਣਾਈ 'ਰੀਲ੍ਹ' ਤੋਂ ਸੁਣੀ ਕਹਾਣੀ ਤਾਂ ਗਈ ਜੇ ਮੁੱਕ, ਹੁਣ 'ਛਿੰਗ' ਬਾਰੇ ਥੋੜ੍ਹੀ ਜਿਹੀ ਚਰਚਾ ਹੋਰ! ਪਹਿਲੀ ਗੱਲ ਇਹ ਕਿ ਸਰਗੋਧਾ (ਪਾਕਿਸਤਾਨ) ਤੋਂ ਵਿਆਹੀ ਆਈ ਹੋਈ ਸਾਡੀ ਬੀਬੀ ਘਰੇ ਆਏ ਨਾਨਾ ਜੀ ਜਾਂ ਹੋਰ ਪ੍ਰਾਹੁਣਿਆਂ ਨੂੰ ਜਲ-ਪਾਣੀ ਛਕਾਉਣ ਵੇਲੇ ਅਕਸਰ 'ਛਿੰਗ' ਰੱਖਿਆ ਕਰਦੀ ਸੀ। ਪੁਰਾਤਨ ਸਮਿਆਂ ਵਿਚ ਹੋ ਸਕਦਾ ਹੈ ਇਹ ਬਹੁਤ ਪ੍ਰਚੱਲਤ ਹੁੰਦੀ ਹੋਵੇ! ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਇਸ ਦਾ ਜ਼ਿਕਰ ਆਇਆ ਹੈ-


'ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ
ਆਪੇ ਹੀ ਬਹਿ ਖਾਵੈ॥
ਆਪੇ ਜਲੁ ਆਪੇ ਦੇ ਛਿੰਗਾ ਆਪੇ ਚੁਲੀ ਭਰਾਵੈ॥'

(ਬਿਹਾਗੜਾ-ਵਾਰ ਮਹਲਾ ੪, ਅੰਗ ੫੫੧)

ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਵੀ ਮਹਾਨ ਕੋਸ਼ ਵਿਚ 'ਛਿੰਗ' ਦਾ ਅਰਥ ਦੱਸਿਆ ਹੈ- 'ਧਾਤ ਦੀ ਪਤਲੀ ਸੂਈ ਅਥਵਾ ਨੋਕਦਾਰ ਪਤਲਾ ਡੱਕਾ, ਜਿਸ ਨਾ.ਲ ਦੰਦਾਂ ਵਿਚ ਫਸਿਆ ਅੰਨ ਆਦਿ ਕੱਢੀ ਦਾ ਹੈ।'

# ਟੈਂਕੀ ਫੁੱਲ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਬਹੁਤਾ ਦੱਸਣ ਦੀ ਤਾਂ ਲੋੜ ਨਹੀਂ ਫਿਰ ਵੀ ਰਸਮੋ-ਰਸਮੀ ਇਹ ਕੰਮ ਕਰਨਾ ਪੈਣਾ ਹੈ। ਟੈਂਕੀ ਧਾਤ, ਸੀਮੈਂਟ, ਪਲਾਸਟਿਕ ਆਦਿ ਦਾ ਬਣਿਆ ਇੱਕ ਅਜਿਹਾ ਵੱਡਾ ਪਾਤਰ ਹੈ ਜਿਸ ਵਿਚ ਕੋਈ ਤਰਲ ਪਦਾਰਥ, ਆਮ ਤੌਰ 'ਤੇ ਪਾਣੀ ਜਾਂ ਤੇਲ ਅਤੇ ਕਦੇ ਕਦਾਈਂ ਗੈਸ ਜਮ੍ਹਾਂ ਕੀਤਾ ਜਾਂਦਾ ਹੈ। ਪਤਾ ਹੈ ਨਾ ਅਮਰੀਕੀ ਪੈਟਰੋਲ ਨੂੰ ਵੀ ਗੈਸ ਆਖਦੇ ਹਨ ਜੋ ਗੈਸੋਲੀਨ ਸ਼ਬਦ ਦਾ ਸੰਖੇਪ ਹੈ। ਇਹ ਪਾਤਰ ਅਕਸਰ ਢੱਕਣਦਾਰ ਤੇ ਕਦੇ ਕਦਾਈਂ ਟੂਟੀਦਾਰ ਹੁੰਦਾ ਹੈ ਤੇ ਸ਼ਕਲ ਵਜੋਂ ਗੋਲ ਜਾਂ ਚੌਰਸ। ਟੈਂਕੀਆਂ ਚੱਕਵੀਆਂ ਵੀ ਹੋ ਸਕਦੀਆਂ ਹਨ ਤੇ ਜਕੜਬੰਦ ਵੀ। ਐਪਰ ਐਨ.ਆਰ.ਆਈ. ਦੁਆਬੀਆਂ ਨੇ ਆਪਣੇ ਪਿੰਡਾਂ ਵਿਚ ਬਣਾਈਆਂ ਕੋਠੀਆਂ ਦੀਆਂ ਛੱਤਾਂ ਉਤੇ ਅਨੇਕਾਂ ਸ਼ਕਲਾਂ ਅਤੇ ਨੁਹਾਰਾਂ ਵਾਲੀਆਂ ਟੈਂਕੀਆਂ ਤਾਮੀਰ ਕਰਾਈਆਂ ਹਨ। ਗਜ਼ਬ ਦੀ ਗੱਲ ਹੈ ਕਿ ਇਹ ਸ਼ਾਨਾਂਮੱਤੀਆਂ ਆਪਣੇ ਅੰਦਰ ਪਾਣੀ ਨਹੀਂ ਪੈਣ ਦਿੰਦੀਆਂ। ਇਸ ਲਈ ਇਨ੍ਹਾਂ ਨੂੰ ਉਪਰ ਦਿੱਤੀ ਟੈਂਕੀ ਦੀ ਪਰਿਭਾਸ਼ਾ



ਦੇ ਘੇਰੇ ਵਿਚ ਫਿੱਟ ਕਰਨਾ ਮੁਸ਼ਕਿਲ ਹੀ ਹੈ। ਹਾਂ, ਇਹ ਫੂਹੜ ਮੂਰਤਕਾਰੀ ਦਾ ਸੁੰਦਰ ਨਮੂਨਾ ਹਨ ਜੋ ਫੋਕਾ ਵਿਖਾਵਾ ਹਨ, ਆਪਣੇ ਐਨ.ਆਰ.ਆਈ. ਹੋਣ ਦਾ ਪਿੱਛੇ ਰਹਿੰਦਿਆਂ ਉਤੇ ਰੁਹਬ, ਸ਼ੁਭ-ਸ਼ੁਭ ਸ਼ਬਦਾਂ ਵਿਚ ਚੜ੍ਹਦੀ ਕਲਾ ਦਾ ਪ੍ਰਤੀਕ। ਰਾਜੇਸ਼ ਵੋਰਾ ਨਾਂ ਦੇ ਵਿਅਕਤੀ ਨੇ ਇਨ੍ਹਾਂ 'ਤੇ ਇਕ ਪੁਸਤਕ ਹੀ ਲਿਖ ਮਾਰੀ ਹੈ ਜਿਸ ਦੀ ਵੈਨਕੂਵਰ ਵਿਚ ਨੁਮਾਇਸ਼ ਵੀ ਲਾਈ ਗਈ ਸੀ।

ਪੰਜਾਬੀ ਆਪਣੀ ਗੱਡੀ ਦੀ ਟੈਂਕੀ ਨੂੰ ਤੇਲ ਨਾਲ ਪੂਰੀ ਤਰ੍ਹਾਂ ਭਰਾਉਣ ਨੂੰ 'ਟੈਂਕੀ ਫੁੱਲ' ਕਰਾਉਣਾ ਆਖਦੇ ਹਨ, ਸ਼ਾਇਦ ਭਰਾਉਣਾ ਸ਼ਬਦ ਉਨ੍ਹਾਂ ਨੂੰ ਹਲਕਾ ਲਗਦਾ ਹੈ। ਇਹ ਅੰਗਰੇਜ਼ੀ-ਪੰਜਾਬੀ ਮਿਕਸ ਉਕਤੀ ਟਰੱਕ ਡਰਾਈਵਰਾਂ ਨੇ ਚਲਾਈ ਹੈ। ਪੰਜਾਬੀਆਂ ਦਾ ਢਿੱਡ ਵੀ ਟੈਂਕੀ ਹੀ ਹੈ, ਖਾਲੀ ਹੋ ਜਾਵੇ ਤਾਂ ਖੂਬ ਖਾ ਪੀ ਕੇ ਫੁੱਲ ਕਰਾ ਲੈਂਦੇ ਹਨ। ਟਰੱਕ ਡਰਾਈਵਰਾਂ ਦੀਆਂ ਸੀਟਾਂ ਅੱਗੇ ਲੱਗੀ ਬਾਬੇ ਦੀ ਫੋਟੋ 'ਤੇ ਵੀ 'ਬਾਬੇ ਦੀ ਫੁੱਲ ਕਿਰਪਾ' ਲਿਖਿਆ ਹੁੰਦਾ ਹੈ, 'ਬਾਬੇ ਦੀ ਫੁੱਲ ਕਿਰਪਾ ਜੱਟ ਬੁੱਕਦਾ ਗੱਡੀ ਵਿਚ ਜਾਵੇ'। ਕਈ ਲੋਕ ਉਚੀ ਟੈਂਕੀ 'ਤੇ ਚੜ੍ਹ ਕੇ ਆਪਣੇ ਉਪਜੀਵਿਕਾ ਦੇ ਮਸਲੇ ਹੱਲ ਕਰਾ ਲੈਣ ਦਾ ਯਤਨ ਵੀ ਕਰਦੇ ਹਨ,

ਚੜ੍ਹ ਜਾਵਾਂਗਾ ਕਿਸੇ ਟੈਂਕੀ ਉਤੇ
ਧੜਾਮ ਡਿਗਾਂਗਾ
ਕਰਕੇ ਮੀਡੀਆ ਇਕੱਠਾ ਮੈਂ
ਸ਼ਰੇਆਮ ਡਿਗਾਂਗਾ
ਖਤਰੇ ਵਿਚ ਪੈ ਜਾਵੇਗੀ ਸਰਕਾਰ
ਭਰ ਜਾਣਗੇ ਕਲ੍ਹ ਦੇ ਅਖਬਾਰ।
-ਪਾਲੀ ਭੁਪਿੰਦਰ ਸਿੰਘ

ਟੈਂਕੀ ਨੂੰ ਕੁਝ ਪੰਜਾਬੀ ਟੰਕੀ ਵੀ ਪੁਕਾਰਦੇ ਹਨ ਤੇ ਕਾਫੀ ਸਾਰੇ ਟਾਂਚੀ ਵੀ। ਪਰ ਮੇਰੀ ਖੋਜ ਅਨੁਸਾਰ ਵਧੇਰੇ ਪ੍ਰਚੱਲਤ ਸ਼ਬਦ ਟੈਂਕੀ ਹੀ ਹੈ। ਅੰਗਰੇਜ਼ੀ ਦੀ ਗੱਲ ਕਰੀਏ ਤਾਂ ਇਸ ਭਾਸ਼ਾ ਵਿਚ ਉਪਰ ਦਰਸਾਏ ਉਪਯੋਗਾਂ ਲਈ ਬਣਾਏ ਇਸ ਪਾਤਰ ਨੂੰ ਟੈਂਕ ਕਹਿੰਦੇ ਹਨ ਤੇ ਇਸ ਤੋਂ ਵੀ ਅੱਗੇ ਵਧ ਕੇ ਤੇਲ ਢੋਣ ਵਾਲੇ ਵੱਡੇ ਵਾਹਨਾਂ ਲਈ ਟੈਂਕਰ ਸ਼ਬਦ ਵੀ ਘੜਿਆ ਹੋਇਆ ਹੈ। ਭਾਰਤ ਵਿਚ ਪਾਣੀ ਢੋਣ ਲਈ ਟੈਂਕਰਾਂ ਦੀ ਖੂਬ ਵਰਤੋਂ ਹੁੰਦੀ ਹੈ। ਧਿਆਨਯੋਗ ਹੈ ਕਿ ਅੰਗਰੇਜ਼ਾਂ ਦਾ ਹਰ ਟੈਂਕ ਭਾਰਤੀ ਟੈਂਕੀ ਦੇ ਮੁਕਾਬਲੇ ਨਹੀਂ ਖੜਦਾ। ਮਸਲਨ ਅੰਗਰੇਜ਼ੀ ਵਿਚ ਤਲਾਬ ਵੀ ਟੈਂਕ ਹੈ ਤੇ ਲੜਾਈ ਵਿਚ ਵਰਤਣ ਵਾਲਾ ਹਥਿਆਰਾਂ ਨਾਲ ਲੈਸ ਭਾਰੀ ਭਰਕਮ ਵਾਹਨ ਵੀ। ਅਮਰੀਕਾ ਦੇ ਕਈ ਇਲਾਕਿਆਂ ਦੇ ਥਾਣਿਆਂ ਵਿਚ ਕੈਦੀ ਨੂੰ ਨਜ਼ਰਬੰਦ ਕਰਨ ਲਈ ਬਣਾਏ ਜੰਗਲੇ ਨੂੰ ਵੀ ਟੈਂਕ ਆਖਦੇ ਹਨ। ਹੋਰ ਤਾਂ ਹੋਰ ਏਥੇ ਇੱਕ ਬਾਜ਼ੂ ਰਹਿਤ ਪਹਿਰਾਵੇ ਨੂੰ ਟੈਂਕ ਟੌਪ ਆਖਦੇ ਹਨ। ਉਂਝ ਭਾਰਤੀ ਅੰਗਰੇਜ਼ੀ ਵਿਚ ਵੀ ਇਹ ਟੈਂਕੀਆਂ ਟੈਂਕ ਹੀ ਹਨ।

ਟੈਂਕੀ ਸ਼ਬਦ ਥੋੜ੍ਹੇ ਬਹੁਤੇ ਭੇਦਾਂ ਨਾਲ ਸਾਰੀਆਂ ਭਾਰਤੀ-ਆਰਿਆਈ ਭਾਸ਼ਾਵਾਂ ਵਿਚ ਮਿਲਦਾ ਹੈ। ਮਸਲਨ ਹਿੰਦੀ ਵਿਚ ਇਹ ਟੰਕੀ ਹੈ, ਮਰਾਠੀ ਵਿਚ ਟਾਂਕੀ ਜਾਂ ਟਾਕੀ, ਸਿੰਧੀ ਵਿਚ ਟਾਂਕੀ, ਬੰਗਾਲੀ ਵਿਚ ਟੰਕ, ਅਸਾਮੀ ਵਿਚ ਟੰਕਿ, ਬਲੋਚੀ ਵਿਚ ਟਾਂਕੀ, ਨੇਪਾਲੀ ਵਿਚ ਟਿਆਂਕੀ/ਟੇਂਕੀ, ਉੜੀਆ ਵਿਚ ਟਾਂਕ/ਟਾਂਕੀ, ਗੁਜਰਾਤੀ ਵਿਚ ਟਾਂਖ। ਹੈਰਾਨੀ ਵਾਲੀ ਗੱਲ ਹੈ ਕਿ ਸਿਰਫ਼ ਪੰਜਾਬੀ ਵਿਚ ਹੀ ਇਸ ਸ਼ਬਦ ਦਾ ਇਕ ਭੇਦ ਯਾਨੀ ਟਾਂਚੀ ਦੇ ਅੰਤ ਵਿਚ 'ਚ' ਧੁਨੀ ਹੈ ਜਦ ਕਿ ਬਾਕੀ ਸਾਰੀਆਂ ਬੋਲੀਆਂ ਦੇ ਅੰਤ ਵਿਚ 'ਕ' ਧੁਨੀ ਹੈ। ਸਵਾਲ ਉਠਦਾ ਹੈ ਕਿ ਭਾਰਤੀ ਭਾਸ਼ਾਵਾਂ ਵਿਚ ਵਿਭਿੰਨ-ਉਚਰਿਤ ਇਸ ਸ਼ਬਦ ਦਾ ਅੰਗਰੇਜ਼ੀ ਟੈਂਕ ਨਾਲ ਕੋਈ ਜਮਾਂਦਰੂ ਰਿਸ਼ਤਾ ਹੈ? ਕੀ ਇਹ ਸਾਰੇ ਸ਼ਬਦ ਅੰਗਰੇਜ਼ੀ ਟੈਂਕ ਦੇ ਹੀ ਵਿਗੜੇ ਹੋਏ ਰੁਪਾਂਤਰ ਹਨ ਜਾਂ ਕੋਈ ਦੇਸੀ ਸ਼ਬਦ ਦੇ ਭੇਦ ਹਨ? ਇੱਕ ਗੱਲ ਜ਼ਰੂਰ ਹੈ ਕਿ ਇਹ ਸਾਰੇ ਸ਼ਬਦ ਇਸਤਰੀ ਲਿੰਗ ਹਨ। ਇਨ੍ਹਾਂ ਕਈ ਭਾਸ਼ਾਵਾਂ ਦੇ ਸਰੋਤਾਂ ਤੋਂ ਪਤਾ ਲਗਦਾ ਹੈ ਕਿ ਇਹ ਸ਼ਬਦ ਭਾਰਤ ਦੇ ਅਲੱਗ-ਅਲੱਗ ਖੇਤਰਾਂ ਵਿਚ ਤਲਾਬ, ਛੱਪੜ, ਝੀਲ ਤੋਂ ਲੈ ਕੇ ਮਨੁੱਖ ਨਿਰਮਿਤ ਹੌਜ਼, ਕੁੰਡ, ਖੂਹ ਆਦਿ ਲਈ ਵਰਤਿਆ ਜਾਂਦਾ ਰਿਹਾ ਹੈ, ਵਧੇਰੇ ਕਰਕੇ ਦੂਜੇ ਅਰਥਾਂ ਵਿਚ। ਪਸ਼ੂਆਂ ਨੂੰ ਪਾਣੀ ਪਿਆਉਣ ਲਈ ਬਣਾਏ ਨਿਸਾਰ ਜਿਹੇ ਚੁਬੱਚੇ ਲਈ ਵੀ ਇਹ ਸ਼ਬਦ ਵਰਤਿਆ ਜਾਂਦਾ ਸੀ। ਇੱਕ ਗੱਲ ਪੱਕੀ ਹੈ ਕਿ ਇਹ ਸਥਿਰ ਰਹੇ ਹਨ, ਚੱਕਵੇਂ ਨਹੀਂ।

ਹੌਬਸਨ ਜੌਬਸਨ ਨਾਮੀਂ ਅੰਗਰੇਜ਼ੀ ਕੋਸ਼ ਵਿਚ ਸੋਲ੍ਹਵੀਂ ਸਦੀ ਦੇ ਸ਼ੁਰੂ ਤੋਂ ਹੋਰ ਅੱਗੇ ਤੱਕ ਭਾਰਤ ਵਿਚ ਆਏ ਕਈ ਯੂਰਪੀ ਯਾਤਰੂਆਂ ਦੀਆਂ ਲਿਖਤਾਂ ਦੇ ਹਵਾਲੇ ਹਨ ਜਿਨ੍ਹਾਂ ਵਿਚ ਇਹ ਸਪੱਸ਼ਟ ਲਿਖਿਆ ਮਿਲਦਾ ਹੈ ਕਿ ਉਨ੍ਹਾਂ ਰਾਜਪੂਤਾਨੇ, ਗੁਜਰਾਤ ਆਦਿ ਵਿਚ ਪੱਥਰ ਦੇ ਬਣਾਏ ਹੋਏ ਕਈ ਜਲ ਕੁੰਡ ਦੇਖੇ ਜਿਨ੍ਹਾਂ ਵਿਚੋਂ ਕਈ ਜ਼ਮੀਨਦੋਜ਼ ਵੀ ਸਨ ਤੇ ਇਨ੍ਹਾਂ ਨੂੰ ਉਹ ਟਾਂਖ/ਟਾਂਕੇ ਆਖਦੇ ਹਨ। ਸਪੱਸ਼ਟ ਹੈ ਕਿ ਉਦੋਂ ਤੱਕ ਅੰਗਰੇਜ਼ੀ ਵਿਚ ਟੈਂਕ ਸ਼ਬਦ ਮੌਜੂਦ ਨਹੀਂ ਸੀ। ਲਿਲੀਟਰਨਰ ਨੇ ਆਪਣੇ ਕੋਸ਼ ਵਿਚ ਪ੍ਰਾਕ੍ਰਿਤ ਦਾ ਸ਼ਬਦ ਟੰਕ ਦਰਜ ਕੀਤਾ ਹੈ ਜਿਸ ਦਾ ਅਰਥ ਬਣਾਉਟੀ ਛੱਪੜ ਅਰਥਾਤ ਤਲਾਬ ਦੱਸਿਆ ਹੈ। ਮੈਂ ਪ੍ਰਾਕ੍ਰਿਤ ਦੇ ਇੱਕ ਕੋਸ਼ ਵਿਚ ਇਸ ਸ਼ਬਦ ਨੂੰ ਖੱਡ, ਜਲ ਕੁੰਡ, ਤੱਟ ਦੇ ਅਰਥਾਂ ਵਿਚ ਲਭਿਆ ਹੈ। ਮਤਲਬ ਇਹ ਕਿ ਭਾਰਤ ਵਿਚ ਇਹ ਸ਼ਬਦ ਹਜ਼ਾਰ ਸਾਲ ਤੋਂ ਵੀ ਵੱਧ ਪ੍ਰਾਕ੍ਰਿਤਾਂ ਦੇ ਸਮੇਂ ਤੋਂ ਪ੍ਰਚੱਲਤ ਸੀ। ਤੁਅੱਜਬ ਹੈ ਕਿ ਅੱਜ ਪੰਜਾਬੀ ਟੈਂਕੀ/ਟਾਂਚੀ ਸ਼ਬਦ ਤੇਲ ਜਾਂ ਪਾਣੀ ਭੰਡਾਰਨ ਵਾਲੇ ਪਾਤਰ ਦੇ ਅਰਥਾਂ ਵਿਚ ਹੀ ਸੁੰਗੜ ਗਿਆ ਹੈ। ਪੁਰਾਣੀਆਂ ਪੰਜਾਬੀ ਲਿਖਤਾਂ ਵਿਚ ਮੈਨੂੰ ਇਹ ਸ਼ਬਦ ਨਹੀਂ ਮਿਲੇ ਤੇ ਨਾ ਹੀ ਮਈਆ ਸਿੰਘ ਦੇ ਅੰਗਰੇਜ਼ੀ ਪੰਜਾਬੀ ਕੋਸ਼ ਵਿਚ।

ਅੰਗਰੇਜ਼ਾਂ ਦੇ ਰਾਜ ਤੋਂ ਪਹਿਲਾਂ ਸੋਲ੍ਹਵੀਂ ਸਦੀ ਦੌਰਾਨ ਦੱਖਣੀ ਭਾਰਤ ਵਿਚ ਪੁਰਤਗਾਲੀਆਂ ਦਾ ਰਾਜ ਰਿਹਾ ਹੈ। ਆਪਣੇ ਰਾਜ ਦੌਰਾਨ ਉਨ੍ਹਾਂ ਨੇ ਕਈ ਸ਼ਬਦ ਭਾਰਤੀਆਂ ਨੂੰ ਦਿੱਤੇ ਜਿਵੇਂ ਗਿਰਜਾ, ਚਾਬੀ, ਤੌਲੀਆ, ਫੀਤਾ। ਇਸ ਦੇ ਉਲਟ ਕਈ ਸ਼ਬਦ ਉਨ੍ਹਾਂ ਭਾਰਤੀਆਂ ਤੋਂ ਲਏ ਜਿਵੇਂ ਮੰਗਾ, ਮੋਰਿੰਗਾ। ਬਾਅਦ ਵਿਚ ਆਏ ਅੰਗਰੇਜ਼ਾਂ ਨੇ ਭਾਰਤੀਆਂ ਤੋਂ ਲਏ ਕਈ ਸ਼ਬਦ ਅਪਣਾ ਲਏ। ਇੱਕ ਵਿਚਾਰ ਹੈ ਕਿ ਅੰਗਰੇਜ਼ੀ ਟੈਂਕ ਸ਼ਬਦ ਇਸ ਕੋਟੀ ਵਿਚ ਆਉਂਦਾ ਹੈ। ਇਸ ਵਿਚਾਰ ਅਨੁਸਾਰ ਪੁਰਤਗਾਲੀਆਂ ਨੇ ਇਹ ਸ਼ਬਦ ਉਪਰ ਵਰਣਿਤ ਗੁਜਰਾਤੀ ਟਾਂਖ ਜਾਂ ਮਰਾਠੀ ਟਾਂਕੇਂ ਤੋਂ ਲਿਆ। ਇਹ ਸੋਲ੍ਹਵੀਂ ਸਦੀ ਦੇ ਸ਼ੁਰੂ ਵਿਚ ਅੰਗਰੇਜ਼ੀ ਵਿਚ ਦਰਜ ਹੋਇਆ। ਅੰਗਰੇਜ਼ੀ ਵਿਚ ਉਦੋਂ ਇਸ ਸ਼ਬਦ ਦੀ ਵਰਤੋਂ ਸਿੰਜਾਈ ਦੇ ਮਕਸਦ ਲਈ ਬਣਾਇਆ ਤਲਾਬ ਜਾਂ ਝੀਲ ਸੀ। ਕੁਝ ਰਾਵਾਂ ਅਨੁਸਾਰ ਇਸ ਸ਼ਬਦ ਦਾ ਅੰਤਮ ਸ੍ਰੋਤ ਸੰਸਕ੍ਰਿਤ ਤਡਾਗ ਹੋ ਸਕਦਾ ਹੈ ਜਿਸ ਦਾ ਅਰਥ ਛੱਪੜ ਜਾਂ ਝੀਲ ਹੈ। ਹਿੰਦੀ ਸ਼ਬਦ ਸਾਗਰ ਇਸ ਨੂੰ ਖੱਡ ਜਾਂ ਗੱਡਾ ਤੋਂ ਵਿਕਸਿਤ ਹੋਇਆ ਦੱਸਦਾ ਹੈ। ਪਰ ਇਹ ਟਰਪੱਲੀ ਹੀ ਮਾਰੀ ਲਗਦੀ ਹੈ।

ਏਥੇ ਇਹ ਵੀ ਜ਼ਿਕਰਯੋਗ ਹੈ ਕਿ ਹੌਬਸਨ ਜੌਬਸਨ ਵਿਚ ਦਰਜ ਕੁਝ ਲੇਖਕਾਂ ਨੇ ਭਾਰਤ ਵਿਚਲੇ ਇਨ੍ਹਾਂ ਜਲਕੁੰਡਾਂ ਜਾਂ ਤਲਾਬਾਂ ਲਈ **tanque** ਸ਼ਬਦ ਵੀ ਵਰਤਿਆ ਹੈ ਜੋ ਕਿ ਪੁਰਤਗਾਲੀ ਭਾਸ਼ਾ ਦਾ ਹੈ ਤੇ ਜਿਸ ਦਾ ਅਰਥ ਵੀ ਉਨ੍ਹਾ ਦੀ ਭਾਸ਼ਾ ਵਿਚ ਹੋਜ ਜਾਂ ਕੁੰਡ ਹੈ। ਇਹ



ਸ਼ਬਦ ਬੋਲਚਾਲ ਦੇ ਲਾਤੀਨੀ ਸ਼ਬਦ estancer ਤੋਂ ਬਣਿਆ ਜਿਸ ਵਿਚ ਪਾਣੀ ਦੇ ਵਹਾਅ ਨੂੰ ਡੱਕਣ ਦਾ ਭਾਵ ਹੈ। ਸਤ੍ਹਾਰਵੀਂ ਸਦੀ ਦੇ ਅਖੀਰ ਜਿਹੇ ਵਿਚ ਪੁਰਤਗਾਲੀਆਂ ਨੇ ਇਸ ਸ਼ਬਦ ਦੇ ਮਾਅਨਿਆਂ ਨੂੰ ਕੁਝ ਵਿਸਤਾਰ ਦੇ ਕੇ ਇਸ ਨੂੰ ਪਾਣੀ ਭੰਡਾਰਨ ਵਾਲੇ ਵੱਡੇ ਪਾਤਰ ਅਤੇ ਤਲਾਬ ਦੇ ਤੌਰ 'ਤੇ ਅਪਣਾ ਲਿਆ। ਇਸ ਤਰ੍ਹਾਂ ਦੇਸੀ ਅਤੇ ਪੁਰਤਗਾਲੀ ਭਾਸ਼ਾਵਾਂ ਦੇ ਮੇਲ ਨਾਲ ਇਸ ਸ਼ਬਦ ਦੇ ਅਰਥਾਂ ਵਿਚ ਵਿਸਤਾਰ ਹੋਇਆ। ਏਹੀ ਸ਼ਬਦ ਫਿਰ ਕਰੀਬ ਇਨ੍ਹਾਂ ਹੀ ਅਰਥਾਂ ਵਿਚ ਅੰਗਰੇਜ਼ੀ ਨੇ ਪੁਰਤਗਾਲੀ ਤੋਂ ਉਧਾਰ ਲੈ ਲਿਆ।

ਇਹ ਕਿੱਸਾ ਵੀ ਦਿਲਚਸਪ ਹੈ ਕਿ ਲੜਾਈ ਵਿਚ ਵਰਤਣ ਵਾਲੀ ਹਥਿਆਰਬੰਦ ਗੱਡੀ ਦਾ ਟੈਂਕ ਨਾਂ ਕਿਵੇਂ ਪਿਆ। ਇਨ੍ਹਾਂ ਅਰਥਾਂ ਵਿਚ ਅੰਗਰੇਜ਼ੀ ਦਾ ਟੈਂਕ ਸ਼ਬਦ ਪੰਜਾਬੀ ਸਮੇਤ ਦੁਨੀਆਂ ਦੀਆਂ ਅਨੇਕਾਂ ਭਾਸ਼ਾਵਾਂ ਵਿਚ ਵਰਤਿਆ ਜਾਂਦਾ ਹੈ। ਕਈ ਸ਼ਾਇਦ ਇਹ ਸੋਚਦੇ ਹੋਣਗੇ ਕਿ ਇਸ ਵਾਹਨ ਦੀ ਸ਼ਕਲ ਇੱਕ ਵੱਡੇ ਸਾਰੇ ਪਾਣੀ ਆਦਿ ਵਾਲੇ ਟੈਂਕ ਨਾਲ ਮਿਲਦੀ ਹੋਣ ਕਰਕੇ ਇਹ ਨਾਮ ਮਿਲਿਆ ਹੋਵੇਗਾ। ਦਰਅਸਲ ਇਹ ਗੱਲ ਨਹੀਂ ਹੈ। ਪਹਿਲੀ ਵੱਡੀ ਜੰਗ ਸਮੇਂ 1915 ਦੀ ਗੱਲ ਹੈ, ਬਰਤਾਨੀਆ ਦੀ ਸੈਨਾ ਨੂੰ ਪੱਛਮੀ ਮੁਹਾਜ਼ 'ਤੇ ਕੋਈ ਜ਼ਬਰਦਸਤ ਵਾਹਨ ਬਣਾਉਣ ਦੀ ਲੋੜ ਮਹਿਸੂਸ ਹੋਈ ਜੋ ਉਚੇ-ਨੀਵੇਂ ਥਾਵਾਂ 'ਤੇ ਚੱਲ ਸਕੇ, ਸੈਨਿਕਾਂ ਨੂੰ ਵਰ੍ਹਦੇ ਗੋਲਿਆਂ ਤੋਂ ਬਚਾ ਸਕੇ ਅਤੇ ਹਥਿਆਰਾਂ ਨਾਲ ਲੈਸ ਹੋ ਕੇ ਦੁਸ਼ਮਣ ਦੀ ਭਿਆਨਕ ਤਬਾਹੀ ਵੀ ਕਰ ਸਕੇ। ਇਸ ਕੰਮ ਲਈ ਬਰਤਾਨੀਆ ਦੀ ਖੇਤੀ-ਬਾੜੀ ਦੀ ਮਸ਼ੀਨਰੀ ਬਣਾਉਣ ਵਾਲੀ ਇੱਕ ਫਰਮ ਨੂੰ ਚੁਣਿਆ ਗਿਆ। ਫਰਮ ਦੇ ਡਾਇਰੈਕਟਰ ਵਿਲੀਅਮ ਟਰਿਟਨ ਨੇ ਦੱਸਿਆ ਕਿ ਇਸ ਪਰਾਜੈਕਟ ਨੂੰ ਖੁਫੀਆ ਰੱਖਣ ਦੀ ਲੋੜ ਮਹਿਸੂਸ ਹੋਈ। ਇਸ ਲਈ ਇਸ ਪਰਾਜੈਕਟ 'ਤੇ ਕੰਮ ਦੌਰਾਨ ਹੋ ਰਹੀ ਕਾਗਜ਼ੀ ਕਾਰਵਾਈ ਵਿਚ ਇਸ ਨੂੰ ਵਾਟਰ ਕੈਰੀਅਰ (water carrier) ਅਰਥਾਤ ਜਲ-ਵਾਹਕ ਕਰਕੇ ਲਿਖਿਆ ਜਾਂਦਾ ਸੀ ਤਾਂ ਜੋ ਕਿਸੇ ਤਰ੍ਹਾਂ ਦੁਸ਼ਮਣ ਨੂੰ ਪਤਾ ਵੀ ਲੱਗ ਜਾਵੇ ਤਾਂ ਉਸ ਨੂੰ ਏਹੀ ਪ੍ਰਭਾਵ ਮਿਲੇ ਕਿ ਇਹ ਕੋਈ ਲੜਾਈ ਲੜ ਰਹੇ ਸੈਨਿਕਾਂ ਨੂੰ ਪਾਣੀ ਭੇਜਣ ਲਈ ਅੰਦਰੋਂ ਖੋਖਲਾ ਵਾਹਨ ਬਣਾਇਆ ਜਾ ਰਿਹਾ ਹੈ। ਇਸ ਨੂੰ ਬਣਾਉਣ ਸਮੇਂ ਕੰਮ ਕਰ ਰਹੇ ਮਜ਼ਦੂਰ ਆਪਸੀ ਗੱਲਬਾਤ ਦੌਰਾਨ ਇਸ ਦਾ ਜ਼ਿਕਰ ਵਾਟਰ ਟੈਂਕ ਜਾਂ ਸਿਰਫ ਟੈਂਕ ਵਜੋਂ ਹੀ ਕਰਦੇ ਸਨ ਕਿਉਂਕਿ ਟੈਂਕ ਵਿਚ ਹੀ ਪਾਣੀ ਪਾਈਦਾ ਹੈ। ਜਦ ਕਮੇਟੀ ਨੂੰ ਇਸ ਨਵੇਂ ਵਾਹਨ ਦਾ ਪੱਕਾ ਨਾਂ ਰੱਖਣ ਦੀ ਲੋੜ ਪਈ ਤਾਂ ਉਨ੍ਹਾਂ ਮਹਿਸੂਸ ਕੀਤਾ ਕਿ ਨਾਂ ਅਜਿਹਾ ਹੋਵੇ ਜਿਸ ਤੋਂ ਸੁਰੱਖਿਆ ਦੇ ਲਿਹਾਜ ਨਾਲ ਇਸ ਦੇ ਮੰਤਵ ਦਾ ਪਤਾ ਨਾ ਲੱਗੇ। ਕਮੇਟੀ ਦੇ ਇਕ ਮੈਂਬਰ ਨੇ 'ਟੈਂਕ' ਨਾਂ ਦਾ ਹੀ ਸੁਝਾਅ ਦੇ ਦਿੱਤਾ ਤੇ ਜੋ ਮੰਨ ਲਿਆ ਗਿਆ। ਇਸ ਪਿੱਛੋਂ ਕਾਗਜ਼ਾਂ 'ਤੇ ਬੋਲਚਾਲ ਵਿਚ ਏਹੀ ਨਾਂ ਵਰਤਿਆ ਜਾਣ ਲੱਗਾ। ਬਲਕਿ ਕਮੇਟੀ ਦਾ ਨਾਂ ਵੀ ਟੈਂਕ ਸਪਲਾਈ ਕਮੇਟੀ ਰੱਖ ਦਿੱਤਾ ਗਿਆ। ਇਸ ਤਰ੍ਹਾਂ ਟੈਂਕ ਹੁਣ ਤਰਲ ਜਾਂ ਗੈਸ ਰੱਖਣ ਵਾਲੀ ਚੀਜ਼ ਹੀ ਨਹੀਂ ਬੰਦੇ ਅਤੇ ਹਥਿਆਰ ਰੱਖਣ ਵਾਲੀ ਚੀਜ਼ ਵੀ ਬਣ ਗਈ।

# ਅਨੁਵਾਦ ਤੇ ਮੇਰਾ ਅਨੁਭਵ

ਅਮਰਜੀਤ ਕਾਉਂਕੇ

ਮੈਂ ਆਪਣੀ ਮੁਢਲੀ ਉਮਰ ਵਿਚ ਹੀ ਪੰਜਾਬੀ ਤੋਂ ਬਿਨਾ ਹੋਰਨਾ ਭਾਸ਼ਾਵਾਂ ਦਾ ਸਾਹਿਤ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਦਿਨਾਂ ਵਿਚ ਮੈਂ ਸਾਰਿਕਾ, ਹੰਸ ਜਿਹੇ ਮੈਗਜ਼ੀਨਾਂ ਦਾ ਨਿਰੰਤਰ ਪਾਠਕ ਸਾਂ, ਜਿਨ੍ਹਾਂ ਵਿਚ ਭਾਰਤੀ ਅਤੇ ਬਾਹਰਲੀਆਂ ਭਾਸ਼ਾਵਾਂ ਦੇ ਸਾਹਿਤ ਦਾ ਮਿਆਰੀ ਅਨੁਵਾਦ ਪੜ੍ਹਨ ਨੂੰ ਮਿਲਦਾ ਸੀ। ਮੈਂ ਡਿਪਲੋਮਾ ਕਰ ਕੇ ਪ੍ਰਾਈਵੇਟ ਫੈਕਟਰੀਆਂ ਵਿਚ ਥੋੜ੍ਹੀ-ਥੋੜ੍ਹੀ ਤਨਖਾਹ 'ਤੇ ਕੰਮ ਕਰਦਾ ਸਾਂ। ਇੱਕ ਦਿਨ ਹਰਭਜਨ ਹਲਵਾਰਵੀ ਜੋ ਉਨ੍ਹਾਂ ਦਿਨਾਂ ਵਿਚ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਸਨ, ਉਨ੍ਹਾਂ ਮੈਨੂੰ ਅਖਬਾਰ ਵਿਚ ਛਪਦੇ ਕਥਾ-ਕਹਾਣੀ ਅੰਕ ਲਈ ਕਹਾਣੀਆਂ ਅਨੁਵਾਦ ਕਰ ਦੇ ਦੇਣ ਲਈ ਕਿਹਾ। ਉਨ੍ਹਾਂ ਦੇ ਕਹਿਣ 'ਤੇ ਮੈਂ ਹਿੰਦੀ ਤੇ ਹੋਰ ਭਾਸ਼ਾਵਾਂ ਦੀਆਂ ਕਹਾਣੀਆਂ ਨੂੰ ਪੰਜਾਬੀ ਵਿਚ ਅਨੁਵਾਦ ਕੀਤਾ ਜੋ 'ਪੰਜਾਬੀ ਟ੍ਰਿਬਿਊਨ' ਵਿਚ ਪ੍ਰਕਾਸ਼ਿਤ ਹੋਈਆਂ। ਹੌਲੀ-ਹੌਲੀ ਮੈਨੂੰ ਇਸ ਕੰਮ ਵਿਚੋਂ ਸੁਹਜ ਸਵਾਦ ਵੀ ਆਉਣ ਲਗਿਆ ਤੇ ਕੁਝ ਪੈਸੇ ਵੀ ਮਿਲਣ ਲੱਗੇ। ਬਾਅਦ ਵਿਚ ਪ੍ਰਸਿੱਧ ਲੇਖਿਕਾ ਅੰਮ੍ਰਿਤਾ ਪ੍ਰੀਤਮ ਦੇ ਸੰਪਰਕ ਵਿਚ ਆਉਣ 'ਤੇ ਉਨ੍ਹਾਂ ਮੈਨੂੰ ਸਾਹਿਤ ਅਕਾਡਮੀ ਨਾਲ ਜੋੜਿਆ। ਉਦੋਂ ਉਹ ਅਕਾਡਮੀ ਵਿਚ ਪੰਜਾਬੀ ਭਾਸ਼ਾ ਦੇ ਕਨਵੀਨਰ ਸਨ। ਉਨ੍ਹਾਂ ਦੇ ਕਹਿਣ 'ਤੇ ਮੈਂ ਪੁਸਤਕ ਦੇ ਰੂਪ ਵਿਚ ਪਹਿਲੀ ਵਾਰ ਹਿੰਦੀ ਦੇ ਨਾਮਵਰ ਕਵੀ ਡਾ. ਕੇਦਾਰਨਾਥ ਸਿੰਘ ਦੀ ਪੁਸਤਕ 'ਅਕਾਲ ਮੈ ਸਾਰਸ' ਦਾ ਅਨੁਵਾਦ ਕੀਤਾ ਜੋ 1992 ਵਿਚ ਪ੍ਰਕਾਸ਼ਿਤ ਹੋਇਆ। ਉਸ ਤੋਂ ਬਾਅਦ ਮੈਂ ਹੁਣ ਤਕ 40 ਦੇ ਕਰੀਬ ਪੁਸਤਕਾਂ ਦਾ ਹਿੰਦੀ ਤੋਂ ਪੰਜਾਬੀ ਤੇ ਪੰਜਾਬੀ ਤੋਂ ਹਿੰਦੀ ਅਨੁਵਾਦ ਕਰ ਚੁੱਕਿਆ ਹਾਂ, ਜਿਨ੍ਹਾਂ ਵਿਚ ਸ਼੍ਰੀ ਨਰੇਸ਼ ਮਹਿਤਾ ਦੀ 'ਅਰਣਿਆ', ਕੁੰਵਰ ਨਾਰਾਇਣ ਦੀ 'ਕੋਈ ਦੂਸਰਾ ਨਹੀਂ' ਅਰੁਣ ਕਮਲ ਦੀ 'ਨਏ ਇਲਾਕੇ ਮੇਂ', ਹਿਮਾਂਸ਼ੂ ਜੋਸ਼ੀ ਦੀ ਛਾਯਾ ਮਤ ਛੂਨਾ ਮਨ', ਊਸ਼ਾ ਯਾਦਵ ਦੀ 'ਸੰਕਲਿਤ ਕਹਾਣੀਆਂ' ਵਿਪਿਨ ਚੰਦਰਾ ਦੀ 'ਸੰਪਰਦਾਇਕਤਾ', ਬਲਭੱਦਰ ਠਾਕੁਰ ਦੀ 'ਰਾਧਾ ਔਰ ਰਾਜਨ', ਰਾਜੇਸ਼ ਜੋਸ਼ੀ ਦੀ 'ਦੋ ਪੰਕਤੀਓਂ ਕੇ ਬੀਚ' ਸਮੇਤ ਮਨੀ ਮੋਹਨ, ਆਤਮਾ ਰੰਜਨ, ਡਾ. ਹੰਸਾ ਦੀਪ, ਸੁਧਾ ਓਮ ਢੀਂਗਰਾ ਜਿਹੇ ਲੇਖਕ




ਲੇਖਕਾਵਾਂ ਦੀਆਂ ਪੁਸਤਕਾਂ ਸ਼ਾਮਿਲ ਹਨ। ਇਹ ਸਾਰੀਆਂ ਪੁਸਤਕਾਂ ਮੈਂ ਸਾਹਿਤ ਅਕਾਡਮੀ, ਨੈਸ਼ਨਲ ਬੁਕ ਟਰੱਸਟ ਆਫ ਇੰਡੀਆ', ਭਾਸ਼ਾ ਵਿਭਾਗ ਪੰਜਾਬ, ਜਿਹੇ ਅਦਾਰਿਆਂ ਲਈ ਕੀਤੀਆਂ। ਇਨ੍ਹਾਂ ਤੋਂ ਇਲਾਵਾ ਸੱਤ ਦੇ ਕਰੀਬ ਪੁਸਤਕਾਂ ਦਾ ਪੰਜਾਬੀ ਤੋਂ ਹਿੰਦੀ ਵਿਚ ਅਨੁਵਾਦ ਕੀਤਾ। ਪਵਨ ਕਰਨ ਦੀ ਪੁਸਤਕ 'ਇਸਤਰੀ ਮੇਰੇ ਭੀਤਰ' ਦੇ ਅਨੁਵਾਦ ਲਈ ਮੈਨੂੰ ਸਾਹਿਤ ਅਕਾਡਮੀ ਪੁਰਸਕਾਰ ਪ੍ਰਾਪਤ ਹੋਇਆ। ਇਨ੍ਹਾਂ ਕਵਿਤਾਵਾਂ ਵਿਚ ਔਰਤ ਦੇ ਜਿਸ ਰੂਪ ਤੇ ਦਸ਼ਾ ਨੂੰ ਪੇਸ਼ ਕੀਤਾ ਗਿਆ ਹੈ ਉਹ ਆਮ ਤੌਰ 'ਤੇ ਬੰਦ ਸਮਾਜਾਂ ਵਿਚ ਦੇਖਣ ਨੂੰ ਨਹੀਂ ਮਿਲਦਾ। ਸਾਡੇ ਬੰਦ ਸਮਾਜਾਂ ਵਿਚ ਅਜੇ ਵੀ ਔਰਤ ਨੂੰ ਇਕ ਜਾਇਦਾਦ ਦੇ ਤੌਰ 'ਤੇ ਮੰਨਿਆ ਜਾਂਦਾ ਤੇ ਪ੍ਰਚਾਰਿਆ ਜਾਂਦਾ ਹੈ ਪਰ ਪਵਨ ਕਰਨ ਦੀਆਂ ਕਵਿਤਾਵਾਂ ਵਿਚ ਔਰਤ ਨੂੰ ਇੱਕ ਐਸੀ ਸਪੇਸ ਮਿਲਦੀ ਹੈ ਜਿਥੇ ਉਸ ਦੀਆਂ ਆਪਣੀਆਂ ਇੱਛਾਵਾਂ ਸਾਹ ਲੈਂਦੀਆਂ ਪ੍ਰਤੀਤ ਹੁੰਦੀਆਂ ਹਨ। ਇਨ੍ਹਾਂ ਕਵਿਤਾਵਾਂ ਦਾ ਵੱਖਰੀ ਤਰ੍ਹਾਂ ਦਾ ਹੋਣ ਕਾਰਨ ਪੰਜਾਬੀ ਸਾਹਿਤ ਵਿਚ ਵੀ ਭਰਪੂਰ ਸਵਾਗਤ ਹੋਇਆ।

ਕਿਸੇ ਵੀ ਰਚਨਾ ਨੂੰ ਅਨੁਵਾਦ ਕਰਨ ਤੋਂ ਪਹਿਲਾਂ ਉਸ ਰਚਨਾ ਨੂੰ ਅਨੇਕ ਵਾਰ ਪੜ੍ਹਨਾ ਉਸ ਦੇ ਅੰਦਰੂਨੀ ਜਗਤ ਵਿਚ ਪ੍ਰਵੇਸ਼ ਕਰਨ ਦਾ ਰਸਤਾ ਲੱਭਣਾ ਉਸ ਨਾਲ ਇੱਕ ਮਿੱਕ ਹੋਣਾ ਮੈਨੂੰ ਬਹੁਤ ਚੰਗਾ ਲੱਗਦਾ ਹੈ। ਕਿਸੇ ਰਚਨਾ ਨਾਲ ਭਾਵੁਕ ਪੱਧਰ 'ਤੇ ਜੁੜੇ ਬਿਨਾ ਉਸਦਾ ਅਨੁਵਾਦ ਸਿਰਫ ਸ਼ਾਬਦਿਕ ਅਨੁਵਾਦ ਤਾਂ ਹੋ ਸਕਦਾ ਹੈ ਪਰ ਉਸਦੇ ਭਾਵ ਅਨੁਵਾਦ ਦੇ ਆਹਤ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਅਨੁਵਾਦ ਕਰਦੇ ਸਮੇਂ ਤੁਸੀਂ ਮੂਲ ਲੇਖਕ ਦੀਆਂ ਭਾਵਨਾਵਾਂ, ਉਸ ਦੀ ਰਚਨਾ ਦੇ ਪਾਤਰਾਂ ਦੇ ਨਾਲ ਜਿਉਣਾ ਸ਼ੁਰੂ ਕਰ ਦਿੰਦੇ ਹੋ। ਉਨ੍ਹਾਂ ਨੂੰ ਸ਼ਬਦਾਂ ਵਿਚ ਅਨੁਵਾਦ ਕਰਦੇ ਕਈ ਵਾਰ ਤੁਸੀਂ ਸ਼ਬਦਾਂ ਤੋਂ ਵੀ ਅੱਗੇ ਨਿਕਲ ਜਾਂਦੇ ਹੋ। ਅਨੁਵਾਦ ਕਰਦੇ ਸਮੇਂ ਮੈਂ ਕਿਸੇ ਰਚਨਾ ਦੇ ਪਾਤਰਾਂ ਦੇ ਮੋਹ ਜਾਲ ਵਿਚ ਡੁੱਬ ਜਾਂਦਾ ਹਾਂ। ਉਨ੍ਹਾਂ ਦੇ ਨਾਲ ਰੋਂਦਾ ਹਾਂ ਤੇ ਉਨ੍ਹਾਂ ਦੇ ਨਾਲ ਹੱਸਦਾ ਹਾਂ। ਉਨ੍ਹਾਂ ਦੇ ਦੁੱਖ ਸੁਖ ਮੈਨੂੰ ਮੇਰੇ ਆਪਣੇ ਲੱਗਣ ਲੱਗਦੇ ਹਨ। ਮੇਰਾ ਆਪਣਾ ਅਨੁਭਵ ਹੈ ਕਿ ਵਧੀਆ ਅਨੁਵਾਦ ਸ਼ਬਦਾਂ ਦੇ ਪਾਰ ਜਾ ਕੇ ਭਾਵਨਾਵਾਂ ਨਾਲ ਸੰਬੰਧ ਰੱਖਦਾ ਹੈ। ਚੰਗਾ ਅਨੁਵਾਦ ਇਕ ਕਿਸਮ ਦੀ ਪੁਨਰ ਸਿਰਜਣਾ ਹੈ। ਮੇਰਾ ਮੰਨਣਾ ਹੈ ਕਿ ਉਸੇ ਰਚਨਾ ਦਾ ਸਾਰਥਕ ਅਨੁਵਾਦ ਸੰਭਵ ਹੈ ਜਿਹੜੀ ਤੁਹਾਡੀ ਰੂਹ ਵਿਚ ਰਚ ਮਿਚ ਜਾਵੇ ਅਤੇ ਜਿਹੜੀ ਤੁਹਾਨੂੰ ਆਪਣਾ ਅਨੁਵਾਦ ਕਰਨ ਲਈ ਮਜਬੂਰ ਕਰ ਦੇਵੇ।

# ਅੰਮ੍ਰਿਤਪਾਲ ਵੀ ਕਿਸੇ ਵੱਖਰੇ ਸਾਜ਼ ਦੀ ਤਾਰ ਹੈ!

ਆਪਣੀ ਕੌਮ ਨਾਲ ਕੁਝ ਗਿਲੇ, ਕੁਝ ਰੋਸ, ਕੁਝ ਉਲਾਂਭੇ ਮੇਰੇ ਨਾਲ ਹੀ ਚਲੇ ਜਾਣਗੇ। ਵੱਡੇ ਬੰਦਿਆਂ ਨੂੰ ਮਿਲਣ ਲੱਗਿਆਂ ਉਨ੍ਹਾਂ ਦੀਆਂ 'ਅਣਕਹੀਆਂ' ਗੱਲਾਂ ਨੂੰ 'ਕਹੀਆਂ' ਗੱਲਾਂ ਵਿਚ ਪਲਟਾ ਕੇ ਪੇਸ਼ ਕਰਨਾ ਮੇਰਾ ਸ਼ੌਕ ਹੈ, ਮੇਰੀ ਪਿਆਸ ਹੈ, ਮੇਰੀ ਜੁਸਤਜੂ ਹੈ, ਮੇਰੀ ਲਗਨ ਹੈ ਅਤੇ ਮੰਜ਼ਿਲ ਵੀ ਹੈ। ਕਿਸੇ ਘਟਨਾ ਜਾਂ ਦ੍ਰਿਸ਼ ਨੂੰ ਸ਼ਬਦਾਂ ਦਾ ਰੰਗ ਦੇਣ ਵਿਚ ਵੀ ਮੇਰੀ ਡੂੰਘੀ ਦਿਲਚਸਪੀ ਹੁੰਦੀ ਹੈ। ਜਿਸ ਰਹੱਸ ਨੇ ਉਹ ਅਨੋਖਾ ਦ੍ਰਿਸ਼ ਪੈਦਾ ਕੀਤਾ ਹੁੰਦਾ ਹੈ, ਉਸ ਰਹੱਸ ਦਾ



**ਕਰਮਜੀਤ ਸਿੰਘ ਚੰਡੀਗੜ੍ਹ**
**ਸੀਨੀਅਰ ਪੱਤਰਕਾਰ**
**ਫੋਨ:+91-99150-91063**

ਅਹਿਸਾਨ ਵੀ ਤਾਂ ਮੋੜਨਾ ਹੁੰਦਾ ਹੈ।

ਜੁਝਾਰੂ ਲਹਿਰ ਨੂੰ ਵੀ ਮੈਂ ਉਸ ਤਰ੍ਹਾਂ ਵੇਖਦਾ ਸੀ ਜਿਵੇਂ ਹੋਰ ਕੋਈ ਨਹੀਂ ਸੀ ਦੇਖਦਾ, ਕੋਈ ਨਹੀਂ ਦੇਖ ਸਕਿਆ। ਇਹ ਮੇਰਾ ਗਿਲਾ ਹੈ ਆਪਣੀ ਕੌਮ ਦੀਆਂ ਕਲਮਾਂ ਨਾਲ ਕਿ ਉਹ ਲਹਿਰ ਨੂੰ ਵੱਖਰੀ ਤਰ੍ਹਾਂ ਕਿਉਂ ਨਹੀਂ ਵੇਖ ਸਕੇ?

ਬੁੱਧ ਸਿੰਘ ਵਾਲਾ ਦੇ ਗੁਰਜੰਟ ਨੂੰ ਸਿਲੀਆਂ ਅੱਖਾਂ ਨਾਲ ਹੀ ਵੇਖਿਆ, ਸੁਣਿਆ, ਮਾਣਿਆ, ਸਮਝਿਆ ਅਤੇ ਮਹਿਸੂਸ ਕੀਤਾ ਜਾ ਸਕਦਾ ਸੀ। ਇੱਕ ਵਾਰ ਲੁਧਿਆਣੇ ਸ਼ਹਿਰ ਦੇ ਕਿਸੇ ਪੁਰਾਣੇ ਘਰ ਦੀ ਸਭ ਤੋਂ ਉੱਪਰਲੀ ਮੰਜ਼ਿਲ ਦੇ ਇੱਕ ਕਮਰੇ ਵਿਚ ਅਸੀਂ ਦੋਵੇਂ ਕਿੰਨਾ ਚਿਰ ਗੱਲਾਂ ਕਰਦੇ ਰਹੇ। ਜਦੋਂ ਵਿਛੜਨ ਲੱਗਿਆ ਤਾਂ ਗੁਰਜੰਟ ਨੇ ਕਿਹਾ 'ਭਾਅ ਜੀ, ਮੈਂ ਮੋਹਨ ਸਿੰਘ ਮੇਲੇ 'ਤੇ ਕੁਲਦੀਪ ਮਾਣਕ ਦੀਆਂ ਕਲੀਆਂ ਸੁਣਨ ਲਈ ਚਲੇ ਜਾਵਾਂ?' ਮੈਂ ਕੀ ਜਵਾਬ ਦਿੱਤਾ, ਉਹ ਜਵਾਬ ਏਥੇ ਕੋਈ ਅਰਥ ਨਹੀਂ ਰੱਖਦਾ। ਗੱਲ ਇਹ ਕਰਨ ਵਾਲੀ ਹੈ ਕਿ ਲਹਿਰਾਂ ਦੇ ਕਲਚਰ ਨਾਲ ਕਿੰਨੇ ਡੂੰਘੇ ਰਿਸ਼ਤੇ ਹੁੰਦੇ ਹਨ? ਕੀ ਕੋਈ ਜਣਾ ਜੁਝਾਰੂ ਲਹਿਰ ਨੂੰ ਗੁਰਜੰਟ ਦੀ ਰੌਸ਼ਨੀ ਵਿਚ ਇਸ ਤਰ੍ਹਾਂ ਵੇਖ ਸਕਿਆ ਸੀ?

ਜਦੋਂ ਚੱਬੇ ਦੇ ਸਰਬੱਤ ਖਾਲਸੇ ਦੇ ਸਮਾਗਮ ਵਿਚ ਭਾਈ ਜਗਤਾਰ ਸਿੰਘ ਹਵਾਰਾ ਨੂੰ ਸਰਬੱਤ ਖਾਲਸਾ ਦਾ ਜਥੇਦਾਰ ਥਾਪਣ ਦਾ ਐਲਾਨ ਕੀਤਾ ਗਿਆ ਤਾਂ ਅਸਮਾਨ ਵੱਲ ਉਲਰੇ ਹੱਥਾਂ ਦੀ ਅਥਾਹ ਅਤੇ ਅਤੋਲ ਖੁਸ਼ੀ ਨੂੰ ਕੋਈ ਨਹੀਂ ਸੀ ਵੇਖ ਸਕਿਆ ਅਤੇ ਨਾ ਹੀ ਉਨ੍ਹਾਂ ਪਲਾਂ ਵਿਚ ਹਜ਼ਾਰਾਂ ਅੱਖੀਆਂ ਵਿਚ ਆਏ ਹੰਝੂਆਂ ਨਾਲ ਕਿਸੇ ਕਲਮ ਨੇ ਸ਼ਬਦਾਂ ਦੀ ਸਾਂਝ ਪਾਈ ਸੀ। ਪਰ ਤੁਹਾਡੇ ਇਸ ਪੱਤਰਕਾਰ ਨੇ ਉਸ ਦ੍ਰਿਸ਼ ਦੀ ਯਾਦ ਨੂੰ ਸਾਂਭਣ ਦੀ ਕੋਸ਼ਿਸ਼ ਕੀਤੀ ਸੀ।

ਦਿਲਚਸਪ ਹਕੀਕਤ ਇਹੋ ਸੀ ਕਿ ਉਸ ਸਮੇਂ ਹੋਏ ਹੋਰ ਐਲਾਨਾਂ ਨਾਲ ਖਾਲਸਾ ਪੰਥ ਦੀ ਜਿਵੇਂ ਕੋਈ ਸਾਂਝ ਨਹੀਂ ਸੀ। ਬਸ ਮਰੀਅਲ ਜਿਹੇ ਹੁੰਗਾਰੇ ਸਨ।

ਦਰਬਾਰ ਸਾਹਿਬ ਦੇ ਸਾਕੇ ਪਿੱਛੋਂ ਉਸ ਸਮੇਂ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਮਿਲਣ ਦਾ ਸ਼ੌਕ ਜਾਗਿਆ ਤਾਂ ਜੋ ਮੈਂ ਇਹ ਵੇਖ ਸਕਾਂ ਕਿ ਇਸ ਧਰਤੀ ਉੱਤੇ ਵਸੇ ਸੱਚਖੰਡ ਉੱਤੇ ਹੋਏ ਫੌਜ ਦੇ ਹਮਲੇ ਦੀ ਅੰਤਰੀਵ ਤੜਪ ਉਸ ਨੂੰ ਬੇਚੈਨ ਕਰਦੀ ਹੈ ਜਾਂ ਰਾਤਾਂ ਦੀਆਂ ਨੀਂਦਰਾਂ ਵਿਚ ਵਿਘਨ ਪਾਉਂਦੀ ਹੈ ਕਿ ਨਹੀਂ? ਜਦੋਂ ਮੈਂ ਰਾਸ਼ਟਰਪਤੀ ਬਾਗ ਵਿਚ ਹੁੰਦਾ ਹੋਇਆ ਉਨ੍ਹਾਂ ਦੇ ਦਫਤਰ ਵੱਲ ਜਾ ਰਿਹਾ ਸੀ ਤਾਂ ਮੈਂ ਹੈਰਾਨ ਹੋ ਗਿਆ ਕਿ ਉਹ ਦਫਤਰ ਤੋਂ ਬਾਹਰ ਆ ਗਏ-ਮੈਨੂੰ ਉਚੇਚੇ ਰੂਪ ਵਿਚ ਮਿਲਣ ਲਈ ਨਹੀਂ ਜਾਂ ਮੇਰਾ ਸਵਾਗਤ ਕਰਨ ਲਈ ਨਹੀਂ ਸਗੋਂ ਮੈਨੂੰ ਇਹ ਦੱਸਣ ਲਈ ਕਿ ਕਾਕਾ, ਮੇਰੇ ਕਮਰੇ ਦੀ ਬਗਿੰਗ ਹੁੰਦੀ ਹੈ। ਬਗਿੰਗ ਦਾ ਮਤਲਬ ਹੈ ਕਿ ਸਰਕਾਰ ਇਹ ਵੇਖ ਰਹੀ ਸੀ ਕਿ ਗਿਆਨੀ ਜ਼ੈਲ ਸਿੰਘ ਕਿਸ ਕਿਸ ਨੂੰ ਮਿਲਦਾ ਹੈ ਤੇ ਉਨ੍ਹਾਂ ਨਾਲ ਕਿਹੋ ਜਿਹੀਆਂ ਗੱਲਾਂ ਕਰਦਾ ਹੈ। ਉਨ੍ਹਾਂ ਪਲਾਂ ਵਿਚ ਮੈਨੂੰ ਇਹੋ ਮਹਿਸੂਸ ਹੋਇਆ ਕਿ ਉੱਚੇ ਮਰਤਬੇ 'ਤੇ ਬੈਠੇ ਵਫਾਦਾਰ ਤੋਂ ਵਫਾਦਾਰ ਸਿੱਖ ਵੀ ਇਸ ਦੇਸ਼ ਦੀਆਂ ਨਜ਼ਰਾਂ ਵਿਚ ਸ਼ੱਕੀ ਸਮਝੇ ਜਾਂਦੇ ਹਨ ਅਤੇ ਸ਼ੱਕੀ ਹੀ ਸਮਝੇ ਜਾਂਦੇ ਰਹਿਣਗੇ।

ਦਿਲਜੀਤ, ਚੰਨੀ, ਜਟਾਣਾ, ਸੇਖੋਂ, ਸੁਖਦੇਵ ਬੱਬਰ ਅਤੇ ਹੋਰ ਕਈ ਜੁਝਾਰੂਆਂ ਵਿਚ ਹੋਰਨਾਂ ਨਾਲੋਂ ਵੱਖਰੀਆਂ ਗੱਲਾਂ ਸਨ ਜੋ ਮੈਂ ਕਈ ਵਾਰ ਦੱਸੀਆਂ ਵੀ ਹਨ। ਜੇ ਦਿਲਜੀਤ ਨੇ ਲਹਿਰ ਨੂੰ ਇਖਲਾਕ ਤੇ ਸਦਾਚਾਰਕ ਬੁਲੰਦੀ ਦਾ ਰੰਗ ਦਿੱਤਾ ਤਾਂ ਚੰਨੀ ਦਾ ਇਹ ਸ਼ੌਕ ਸੀ ਕਿ ਲਹਿਰ ਨੂੰ ਰਾਜਨੀਤਕ ਰੰਗ ਕਿਵੇਂ ਦੇਣੇ ਹਨ। ਜੇ ਜਟਾਣਾ ਆਪਣਾ ਲਹੂ ਡੋਲ ਕੇ ਪੰਜ ਦਰਿਆਵਾਂ ਦੇ ਪਾਣੀਆਂ ਦਾ ਰਾਖਾ ਬਣਿਆ ਤਾਂ ਸੇਖੋਂ ਨੇ ਫਿਲਾਸਫੀ ਦੇ ਵਿਸ਼ੇ ਨਾਲ ਪਿਆਰ ਪਾ ਰੱਖਿਆ ਸੀ ਅਤੇ ਸੁਖਦੇਵ ਬੱਬਰ ਨੇ ਸ਼ਬਦ-ਗੁਰੂ ਉੱਤੇ ਹੋਏ ਹਮਲਿਆਂ ਦਾ ਬਦਲਾ ਲੈਣ ਦੀ ਇੱਕ ਲਹਿਰ ਸਿਰਜ ਦਿੱਤੀ ਸੀ। ਕਿਸੇ ਨੇ ਵੀ ਕਦੇ ਇਨ੍ਹਾਂ ਨੂੰ ਇਸ ਤਰ੍ਹਾਂ ਨਾਲ ਕਿਉਂ ਨਹੀਂ ਵੇਖਿਆ? ਇਹ ਮੇਰਾ ਗਿਲਾ ਹੈ।

ਦੀਪ ਸਿੱਧੂ ਦੇ ਦਰਦ ਦੀਆਂ ਉਹ ਪਰਤਾਂ ਸਾਡੀ ਕੌਮ ਕਿਉਂ ਨਹੀਂ ਵੇਖ ਸਕੀ, ਜਿਨ੍ਹਾਂ ਪਰਤਾਂ ਵਿਚ ਉਹ ਸਿਰਫ ਤੇ ਸਿਰਫ ਪੰਜਾਬ-ਪੰਜਾਬ-ਪੰਜਾਬ ਲਈ ਹੀ ਜਿਉਂਦਾ ਸੀ, ਪੰਜਾਬ ਲਈ ਹੀ ਜਗਦਾ ਸੀ, ਪੰਜਾਬ ਨੂੰ ਹੀ ਜਗਾਉਂਦਾ ਸੀ। ਕੀ ਕਦੇ ਕਿਸੇ ਨੂੰ ਇਉਂ ਵੀ ਮਹਿਸੂਸ ਹੋਇਆ ਕਿ ਪ੍ਰੋਫੈਸਰ ਪੂਰਨ ਸਿੰਘ ਦਾ ਗਵਾਚ ਚੁੱਕਿਆ ਪੰਜਾਬ ਦੀਪ ਸਿੱਧੂ ਵਿਚ ਪ੍ਰਗਟ ਹੋ ਗਿਆ ਸੀ। ਮੈਂ ਸਿਰਫ ਦੋ ਵਾਰ ਉਸਨੂੰ ਮਿਲ ਸਕਿਆ, ਇੱਕ ਵਾਰ ਪ੍ਰੈਸ ਕਲੱਬ ਚੰਡੀਗੜ੍ਹ ਵਿਚ ਜਦੋਂ 'ਵਾਰਸ ਪੰਜਾਬ ਦੇ' ਜਥੇਬੰਦੀ ਕਾਇਮ ਹੋਈ ਸੀ ਅਤੇ ਦੂਜੀ ਵਾਰ ਫਤਿਹਗੜ੍ਹ ਸਾਹਿਬ ਵਿਚ। ਕਾਸ਼! ਮੈਂ ਉਸ ਮੌਤ ਨੂੰ ਵੇਖ ਸਕਦਾ ਜੋ ਹਰ ਸਮੇਂ ਇਹੋ ਜਿਹੇ ਬੰਦਿਆਂ ਦੇ ਨਜ਼ਦੀਕ ਵਸਦੀ ਹੈ। ਜੇ ਕਿਤੇ ਇਹ ਪਤਾ ਲੱਗ ਜਾਂਦਾ ਤਾਂ ਮੈਂ ਉਸਦੇ ਅੰਦਰ ਸਾਰੇ ਲੁਕੇ-ਛਿਪੇ ਦਰਦ ਬਾਹਰ ਲੈ ਆਉਂਦਾ-ਕੁਝ ਉਸੇ ਤਰ੍ਹਾਂ ਜਿਵੇਂ ਸ਼ੇਕਸਪੀਅਰ ਮਨੁੱਖੀ ਜਜ਼ਬਿਆਂ ਦੀ ਆਖਰੀ ਪਰਤ ਨੂੰ ਬਾਹਰ ਕੱਢ ਲਿਆਉਂਦਾ ਸੀ ਜਾਂ ਕੋਈ ਦਾਸਤੋਵਸਕੀ ਹਨੇਰਿਆਂ ਵਿਚੋਂ ਵੀ ਚਾਨਣ ਨੂੰ ਵੇਖ ਸਕਦਾ ਸੀ। ਪਰ ਕਿਸੇ ਵੀ ਕਲਮ ਨੇ ਇਨ੍ਹਾਂ ਰਾਹਾਂ ਵੱਲ ਜਾਣ ਲਈ ਕਦਮ ਕਿਉਂ ਨਾ ਪੁੱਟੇ? ਉਸ ਦੀ ਅੰਤਿਮ ਅਰਦਾਸ ਦੇ ਮੌਕੇ ਉੱਥੇ ਇਕੱਠੇ ਹੋਏ ਲੋਕਾਂ ਦੇ 'ਸਮੁੰਦਰ' ਨੂੰ ਵੀ ਕੋਈ ਕਿਉਂ ਨਹੀਂ 'ਰਿੜਕ' ਸਕਿਆ? ਇਹ ਮੇਰੀ ਕੌਮ ਦੀਆਂ ਕਲਮਾਂ ਨਾਲ ਗਿਲਾ ਹੈ।





ਅੰਮ੍ਰਿਤਪਾਲ ਸਿੰਘ ਦੀਪ ਸਿੱਧੂ

ਤੇ ਹੁਣ ਕਿਸੇ ਵੀ ਕਲਮ ਨੇ ਓਧਰ ਵੱਲ ਮੁਹਾਰਾਂ ਨਹੀਂ ਮੋੜੀਆਂ ਜਿੱਥੇ ਅੰਮ੍ਰਿਤਪਾਲ ਸਿੰਘ ਰਹਿੰਦਾ ਹੈ। ਅੱਜ 21 ਅਕਤੂਬਰ 2022 ਦੀ ਉਹ ਸ਼ਾਮ ਯਾਦ ਆ ਗਈ ਹੈ ਜਿਸ ਯਾਦ ਨੂੰ ਤੁਹਾਡੇ ਨਾਲ ਸਾਂਝੀ ਕਰਨ ਨੂੰ ਦਿਲ ਕਰ ਆਇਆ ਹੈ ਅਤੇ ਜਦੋਂ ਪੰਜਾਬ ਵਿਚ ਉਤਰੇ ਇਸ ਗਭਰੂ ਨਾਲ ਮੇਰੀ ਪਹਿਲੀ ਮੁਲਾਕਾਤ ਸੀ।

ਸਵਾਲ: ਆਉਣ ਸਾਰ ਹੀ ਤੱਤੀਆਂ ਗੱਲਾਂ ਹੀ ਕਿਉਂ ਕਰਨ ਲੱਗ ਪਿਐਂ? ਜਵਾਬ: ਚੜ੍ਹ ਕੇ ਬੋਲਣਾ ਸਮੇਂ ਦੀ ਲੋੜ ਸੀ। ਕੌਮ ਨੂੰ ਡਰ ਤੋਂ ਵੀ ਤਾਂ ਮੁਕਤ ਕਰਨਾ ਸੀ। ਜੇ ਮੈਂ ਡਿਫੈਂਸਿਵ ਹੋ ਕੇ ਚੱਲਦਾ ਤਾਂ ਸਰਕਾਰ ਨੇ ਆਪਣੇ ਬੇਅੰਤ ਸਾਧਨਾਂ ਤੇ ਸੋਮਿਆਂ ਨਾਲ ਸਾਨੂੰ ਕੁਚਲ ਦੇਣਾ ਸੀ।

ਸਵਾਲ: ਪਰ 'ਉਨ੍ਹਾਂ' ਕੋਲ ਤਾਂ ਵੱਡੀ ਤਾਕਤ ਹੈ? ਕਿਵੇਂ ਮੁਕਾਬਲਾ ਹੋਵੇਗਾ?

ਜਵਾਬ: ਤਾਕਤ ਨੂੰ ਨੀਤੀ ਨਾਲ ਵੀ ਹਰਾਉਣਾ ਪੈਂਦਾ ਹੈ ਅਤੇ ਲੋੜ ਪੈਣ ਉੱਤੇ ਤਾਕਤ ਦਾ ਮੁਕਾਬਲਾ ਤਾਕਤ ਨਾਲ ਵੀ ਕਰਨਾ ਪੈਂਦਾ ਹੈ। (ਕਿਰਪਾਨ ਵੱਲ ਇਸ਼ਾਰਾ ਕਰਕੇ) ਆਖਰ ਇਹ ਗੰਢੇ ਚੀਰਨ ਲਈ ਤਾਂ ਨਹੀਂ ਰੱਖੀ ਗਈ। ਨੀਤੀ ਤੇ ਤਾਕਤ ਨਾਲੋਂ ਨਾਲ ਚਲਦੇ ਰਹਿਣੇ ਚਾਹੀਦੇ ਹਨ।

ਸਵਾਲ: ਪੰਜਾਬ ਨੂੰ ਜਗਾਉਣ ਲਈ ਕੋਈ ਯੋਜਨਾ ਬਣਾ ਰੱਖੀ ਹੈ?

ਜਵਾਬ: ਹਾਂ, ਖਾਲਸਾ ਵਹੀਰ ਦੀ ਪੁਰਾਤਨ ਰਾਜਨੀਤੀ ਤੇ ਰਣਨੀਤੀ ਨੂੰ ਮੁੜ ਇੱਕ ਵਾਰ ਬਹਾਲ ਕਰਨਾ ਹੈ। ਹੰਨੇ ਹੰਨੇ ਪੀਰੀ ਤੇ ਹੰਨੇ ਹੰਨੇ ਮੀਰੀ ਦਾ ਅਹਿਸਾਸ ਜਗਾਉਣ ਲਈ ਕਾਫਲੇ ਅਗਲੇ ਕੁਝ ਦਿਨਾਂ ਲਈ ਪੰਜਾਬ ਦੀ ਧਰਤੀ 'ਤੇ ਮਾਰਚ ਕਰਨਗੇ। ਮਾਰਚ ਪੈਦਲ ਵੀ ਹੋਵੇਗਾ, ਘੋੜਿਆਂ 'ਤੇ ਵੀ ਹੋਵੇਗਾ। ਪਿੰਡ ਪਿੰਡ ਪੜਾਅ ਕਰਾਂਗੇ।

ਸਵਾਲ: ਤੁਹਾਨੂੰ ਪਤੈ ਕਿ ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਤੁਹਾਡੇ ਬਾਰੇ ਕਰ ਰਹੇ ਹਨ?

ਜਵਾਬ: ਸਭ ਪਤਾ, ਮੇਰੇ ਵਿਰੁੱਧ ਕਈ ਤਰ੍ਹਾਂ ਦੀ ਅਤੇ ਕਈ ਪਾਸਿਆਂ ਤੋਂ ਘੁਸਰ-ਮੁਸਰ ਹੋ ਰਹੀ ਹੈ। ਉਂਝ ਮੈਂ ਕੰਨਾਂ ਦਾ ਕੱਚਾ ਨਹੀਂ ਤੇ ਨਾ ਹੀ ਸਿੱਧ-ਪਧਰਾ ਬੰਦਾ ਹਾਂ ਜੋ ਘਟਨਾਵਾਂ ਤੋਂ ਅਣਜਾਣ ਹੋਵੇ।

ਸਵਾਲ: ਕਾਲਜਾਂ, ਯੂਨੀਵਰਸਿਟੀਆਂ ਤੱਕ ਵੀ ਪਹੁੰਚ ਕਰੋਗੇ?

ਜਵਾਬ: ਹਾਂ, ਓਧਰ ਵੱਲ ਵੀ ਗੇੜਾ ਮਾਰਨ ਦਾ ਪ੍ਰੋਗਰਾਮ ਹੈ, ਜਿੱਥੇ ਵਿਦਿਆਰਥੀਆਂ ਤੇ ਪ੍ਰੋਫੈਸਰਾਂ ਦੇ ਸਵਾਲਾਂ ਦਾ ਸਾਹਮਣਾ ਕਰਾਂਗੇ। ਮਾਲਵਾ ਇਲਾਕੇ ਵੱਲ ਵੀ ਜਾਣ ਦਾ ਪ੍ਰੋਗਰਾਮ ਹੈ। ਨਸ਼ਿਆਂ ਦੇ ਦਰਿਆ ਨੂੰ ਵੀ ਠੱਲ੍ਹ ਪਾਉਣੀ ਹੈ। ਕੋਠੇ ਜਿੱਡੇ ਸਾਡੇ ਗੱਭਰੂ ਹਰ ਰੋਜ਼ ਮਾਵਾਂ ਤੋਂ ਵਿਛੜ ਰਹੇ ਹਨ।

ਕਈ ਘੰਟੇ ਲੰਮੀ ਚਲੀ ਇਸ ਇੰਟਰਵਿਊ ਤੋਂ ਪਿੱਛੋਂ ਮੈਂ ਘਰ ਆ ਕੇ ਅੰਮ੍ਰਿਤਪਾਲ ਸਿੰਘ ਨੂੰ ਜਿਵੇਂ ਸਮਝਿਆ, ਜਿਵੇਂ ਸੋਚਿਆ ਉਸ ਸੋਚ ਨੂੰ ਇਹ ਸ਼ਬਦ ਦਿੱਤੇ ਜੋ ਛਪ ਵੀ ਚੁੱਕੇ ਹਨ:

ਅੰਮ੍ਰਿਤਪਾਲ ਉਨ੍ਹਾਂ ਰਾਹਾਂ 'ਤੇ ਚੱਲ ਪਿਆ ਹੈ, ਜਿੱਥੇ ਕਿਸ਼ਤੀ ਕਿਨਾਰੇ 'ਤੇ ਬਹਿ ਕੇ ਨਹੀਂ ਚਲਾਈ ਜਾ ਸਕਦੀ। ਇਹੋ ਖਾਲਸਾ ਯੁਗ ਦੇ ਪੈਂਡੇ ਹਨ ਜਿੱਥੇ ਕਦੇ ਸੰਤ ਜਰਨੈਲ ਸਿੰਘ ਚਲੇ, ਕਦੇ ਜੁਝਾਰੂ ਲਹਿਰ ਚੱਲੀ, ਕਦੇ ਦੀਪ ਸਿੱਧੂ ਤੁਰਿਆ ਤੇ ਹੁਣ ਗੁਰਜ ਜਾਪਦਾ ਹੈ ਅੰਮ੍ਰਿਤਪਾਲ ਸਿੰਘ ਦੇ ਹੱਥ ਵਿਚ ਹੈ।

ਅੰਮ੍ਰਿਤਪਾਲ ਉਸ ਪੜਾਅ 'ਤੇ ਖੜ੍ਹਾ ਹੈ ਜਿੱਥੇ ਅਹਿਸਾਸ ਦੇ ਰੰਗ ਹਰੇ ਹੁੰਦੇ ਹਨ, ਜਿਨ੍ਹਾਂ ਨੂੰ ਇਲਮਾਂ ਦੇ ਝੱਖੜਾਂ ਨਾਲ ਨਹੀਂ ਸਮਝਿਆ ਜਾ ਸਕਦਾ। ਜਿੱਥੇ ਸੋਚ ਦੇ ਖੰਭ ਝੜ ਜਾਂਦੇ ਹਨ। ਉਹ ਕਿਸੇ ਹੋਰ ਸਾਜ਼ ਦੀ ਤਾਰ ਹੈ।

ਖਾਲਿਸਤਾਨ ਵੀ ਤਾਂ ਹੁਣ ਇੱਕ ਨਾਅਰਾ ਹੀ ਬਣ ਗਿਆ ਹੈ। ਖਾਲਿਸਤਾਨ ਦੀ ਰੂਹ ਤੋਂ ਅਸੀਂ ਕਿਨਾਰਾ ਕਰ ਲਿਆ ਹੈ ਅਤੇ 'ਜਿਸਮ' ਹੀ ਚੁੱਕੀ ਫਿਰਦੇ ਹਾਂ।

ਖਿਲਾਅ ਰਾਜਨੀਤਕ ਨਹੀਂ, ਸਗੋਂ ਧਾਰਮਿਕ ਹੈ। ਇਸੇ ਖਿਲਾਅ ਨੂੰ ਅੰਮ੍ਰਿਤ ਸੰਚਾਰ ਹੀ ਭਰ ਸਕੇਗਾ। ਇਹੋ ਇਕ ਦਿਨ ਵੱਡੀ ਰਾਜਨੀਤਕ ਲਹਿਰ ਬਣ ਜਾਵੇਗਾ।

ਅੰਮ੍ਰਿਤਪਾਲ ਇਹ ਮਹਿਸੂਸ ਕਰ ਰਿਹਾ ਕਿ ਕੌਮ ਇੱਕ ਗਿਲਟ ਯਾਨੀ ਦੋਸ਼ ਦੀ ਭਾਵਨਾ ਵਿਚ ਪ੍ਰਵੇਸ਼ ਕਰ ਗਈ ਹੈ। ਸਾਡੀ ਕੌਮ ਇੱਕ ਅਜੀਬ ਭੈਅ ਵਿਚ ਕੰਮ ਕਰ ਰਹੀ ਹੈ। ਇਸ ਭੈਅ ਨੂੰ ਦੂਰ ਕਰਨਾ ਪੈਣਾ ਹੈ। ਅਸੀਂ ਆਪਣੀ ਹੀ ਧਰਤੀ 'ਤੇ ਹਰ ਰੋਜ਼ ਛਿੱਤਰ ਖਾ ਰਹੇ ਹਾਂ।

ਹਿੰਦੂਆਂ ਨਾਲ ਸਾਡਾ ਕੋਈ ਟਕਰਾਅ ਨਹੀਂ। ਬਹੁਤ ਸਾਰੇ ਹਿੰਦੂ ਮੈਨੂੰ ਮਿਲ ਵੀ ਰਹੇ ਹਨ। ਕਈ ਅੰਮ੍ਰਿਤ ਛਕਣ ਲਈ ਵੀ ਤਿਆਰ ਹੋ ਰਹੇ ਹਨ।

ਇਹੋ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਹੁਣ ਇਸ ਸਰਕਾਰ ਨੇ ਪੰਜਾਬ ਤੋਂ ਸੈਂਕੜੇ ਮੀਲ ਦੂਰ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਕੀਤਾ ਹੋਇਆ ਹੈ। ਆਓ ਉਨ੍ਹਾਂ ਦੀ ਰਿਹਾਈ ਲਈ ਆਵਾਜ਼ ਬੁਲੰਦ ਕਰੀਏ ਅਤੇ ਚੁੱਪ ਨੂੰ ਤੋੜੀਏ। ਅਸਾਂ ਚੁੱਪ ਨੂੰ ਇਕ ਲਹਿਰ ਕਿਉਂ ਬਣਾ ਲਿਆ ਹੈ? ਹੋਰ ਕਿੰਨਾ ਚਿਰ ਅਸੀਂ ਇਸ ਚੁੱਪ ਦਾ ਭਾਰ ਢੋਂਦੇ ਰਹਿਣਾ ਹੈ?

# ਹਵਾ ਪ੍ਰਦੂਸ਼ਣ ਲਈ ਕੌਣ ਜ਼ਿੰਮੇਵਾਰ ਹੈ?

ਹਵਾ ਦਾ ਪ੍ਰਦੂਸ਼ਣ ਪਿਛਲੇ ਕੁਝ ਦਹਾਕਿਆਂ ਵਿਚ ਇਕ ਗੰਭੀਰ ਗਲੋਬਲ ਸਮੱਸਿਆ ਬਣ ਚੁੱਕੀ ਹੈ। ਇਹ ਸਿਰਫ ਵਾਤਾਵਰਣ ਲਈ ਹੀ ਨਹੀਂ, ਸਗੋਂ ਮਨੁੱਖੀ ਸਿਹਤ ਅਤੇ ਜੀਵ ਜੰਤੂਆਂ ਲਈ ਵੀ ਵੱਡਾ ਖ਼ਤਰਾ ਹੈ। ਹਵਾ ਪ੍ਰਦੂਸ਼ਣ ਦੇ ਅਨੇਕਾਂ ਸਬੱਬ ਹਨ, ਜਿਨ੍ਹਾਂ ਵਿਚ ਆਵਾਜਾਈ ਸਾਧਨ, ਉਦਯੋਗ, ਪਰਾਲੀ ਸਾੜਨਾ, ਅਤੇ ਹੋਰ ਪ੍ਰਦੂਸ਼ਣਕਾਰੀ ਸਰਗਰਮੀਆਂ ਸ਼ਾਮਲ ਹਨ। ਇਹ ਸਾਰੇ ਕਾਰਕ ਹਵਾ ਵਿਚ ਜ਼ਹਿਰੀਲੇ ਪਦਾਰਥ ਛੱਡਦੇ ਹਨ, ਜੋ ਸਾਡੇ ਸਰੀਰ ਅਤੇ ਵਾਤਾਵਰਣ ਨੂੰ



**ਬਚਨਦੀਪ ਸਿੰਘ ਭੱਠਲ**
**ਫੋਨ: 98030-00623**

ਨੁਕਸਾਨ ਪਹੁੰਚਾਉਂਦੇ ਹਨ। ਸਵਾਲ ਇਹ ਹੈ ਕਿ ਅਸਲ ਵਿਚ ਕੌਣ ਹਵਾ ਪ੍ਰਦੂਸ਼ਣ ਲਈ ਜ਼ਿੰਮੇਵਾਰ ਹੈ? ਅਤੇ ਕਿਹੜੀਆਂ ਜ਼ਹਿਰੀਲੀਆਂ ਗੈਸਾਂ ਮਨੁੱਖੀ ਸਿਹਤ 'ਤੇ ਖਤਰਨਾਕ ਪ੍ਰਭਾਵ ਪਾਉਂਦੀਆਂ ਹਨ?

ਪਿਛਲੇ ਕੁਝ ਸਾਲਾਂ ਵਿਚ, ਵਿਸ਼ਵ ਸਿਹਤ ਸੰਸਥਾ ਦੇ ਅਧਿਐਨ ਦੱਸਦੇ ਹਨ ਕਿ ਦੁਨੀਆ ਵਿਚ ਲਗਭਗ 90% ਲੋਕ ਗੰਦੀ ਹਵਾ ਵਿਚ ਸਾਹ ਲੈ ਰਹੇ ਹਨ। ਇਹ ਗੰਦੀ ਹਵਾ ਵੱਖ ਵੱਖ ਸ੍ਰੋਤਾਂ ਤੋਂ ਪ੍ਰਦੂਸ਼ਣਕਾਰੀ ਗੈਸਾਂ ਹਵਾ ਦੇ ਵਿਚ ਮਿਲ ਜਾਣ ਕਾਰਨ ਬਣਦੀ ਹੈ। ਟ੍ਰੈਫਿਕ, ਉਦਯੋਗ, ਇਲੈਕਟ੍ਰਾਨਿਕ ਅਤੇ ਇਲੈਕਟ੍ਰਿਕ ਸਾਮਾਨ ਦੇ ਗਲਤ ਨਿਪਟਾਰੇ ਅਤੇ ਕਿਸਾਨਾਂ ਦੁਆਰਾ ਪਰਾਲੀ ਸਾੜਨ ਦੇ ਕਾਰਨ ਹਵਾ ਵਿਚ ਜ਼ਹਿਰੀਲੇ ਪਦਾਰਥ ਛੱਡੇ ਜਾਂਦੇ ਹਨ। ਇਨ੍ਹਾਂ ਸਾਰੇ ਸਬੱਬਾਂ ਦਾ ਆਪਣੇ-ਆਪਣੇ ਹਿੱਸੇ ਦਾ ਯੋਗਦਾਨ ਹੈ, ਜਿਸ ਨਾਲ ਹਵਾ ਦੀ ਗੁਣਵੱਤਾ ਖਰਾਬ ਹੋ ਰਹੀ ਹੈ। ਪਰ ਇਹ ਗੈਸਾਂ ਸਿਰਫ ਹਵਾ ਨੂੰ ਹੀ ਪ੍ਰਦੂਸ਼ਿਤ ਨਹੀਂ ਕਰਦੀਆਂ, ਸਗੋਂ ਮਨੁੱਖੀ ਸਿਹਤ 'ਤੇ ਵੀ ਮਾੜਾ ਅਸਰ ਪਾਉਂਦੀਆਂ ਹਨ।

ਕਾਰਬਨ ਡਾਈਆਕਸਾਈਡ ਹਵਾ ਵਿਚ ਵੱਧ ਮਾਤਰਾ ਵਿਚ ਪਾਈ ਜਾਣ ਵਾਲੀ ਗੈਸ ਹੈ, ਜੋ ਵਾਹਨਾਂ ਅਤੇ ਉਦਯੋਗਾਂ ਦੇ ਈਂਧਨ ਦੇ ਸੜਨ ਨਾਲ ਬਣਦੀ ਹੈ। ਇਹ ਗੈਸ ਹਵਾ ਵਿਚ ਮੌਜੂਦ ਹੋਣ ਨਾਲ ਗਲੋਬਲ ਵਾਰਮਿੰਗ ਨੂੰ ਵਧਾਉਂਦੀ ਹੈ ਅਤੇ ਸਰੀਰ ਦੇ ਸਵਾਸ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਉਂਦੀ ਹੈ। ਇਸਦੇ ਨਾਲ ਹੀ ਕਾਰਬਨ ਮੋਨੋਕਸਾਈਡ ਵੀ ਵੱਡੀ ਮੁੱਹਿਮੀ ਹਿੱਸਾ ਹੈ।

ਇਹ ਗੈਸ ਅਧੂਰੇ ਸੜਨ ਨਾਲ ਹਵਾ ਵਿਚ



ਮਿਲ ਜਾਂਦੀ ਹੈ, ਅਤੇ ਸਰੀਰ ਵਿਚ ਆਕਸੀਜਨ ਦੀ ਘਾਟ ਪੈਦਾ ਕਰਦੀ ਹੈ, ਜਿਸ ਨਾਲ ਦਿਮਾਗ ਅਤੇ ਦਿਲ ਨੂੰ ਨੁਕਸਾਨ ਪਹੁੰਚਦਾ ਹੈ। ਹਵਾ ਵਿਚ ਨਾਈਟਰੋਜਨ ਡਾਈਆਕਸਾਈਡ ਦੀ ਮੌਜੂਦਗੀ ਵੀ ਵੱਡਾ ਖਤਰਾ ਹੈ, ਜੋ ਟ੍ਰੈਫਿਕ ਅਤੇ ਉਦਯੋਗਾਂ ਤੋਂ ਨਿਕਲਦੀ ਹੈ। ਇਸ ਨਾਲ ਅਸਥਮਾ, ਫੇਫੜਿਆਂ ਦੀਆਂ ਸਮੱਸਿਆਵਾਂ ਅਤੇ ਦਿਲ ਦੀਆਂ ਬਿਮਾਰੀਆਂ ਵੱਧਦੀਆਂ ਹਨ। ਮਿਥੇਨ ਗੈਸ ਵੀ ਗ੍ਰੀਨਹਾਊਸ ਪ੍ਰਭਾਵ ਦਾ ਇੱਕ ਵੱਡਾ ਸਬਬ ਹੈ, ਜਿਸ ਨਾਲ ਗਲੋਬਲ ਵਾਰਮਿੰਗ ਵਧਦੀ ਹੈ।

ਸਲਫਰ ਡਾਈਆਕਸਾਈਡ ਜਿਵੇਂ ਪ੍ਰਦੂਸ਼ਣਕਾਰੀ ਤੱਤ ਮੁੱਖ ਤੌਰ 'ਤੇ ਉਦਯੋਗਾਂ ਅਤੇ ਇਲੈਕਟ੍ਰਾਨਿਕ ਸਾਮਾਨ ਦੇ ਫੁਕਣ ਜਾਂ ਸਾੜਨ ਤੋਂ ਹਵਾ ਵਿਚ ਮਿਲਦੇ ਹਨ। ਇਹ ਗੈਸ ਤੇਜ਼ਾਬੀ ਮੀਂਹ ਦਾ ਕਾਰਨ ਬਣਦੀਆਂ ਹਨ, ਜੋ ਜ਼ਮੀਨ ਅਤੇ ਪਾਣੀ ਦੇ ਸਰੋਤਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਇਨ੍ਹਾਂ ਗੈਸਾਂ ਦਾ ਪ੍ਰਭਾਵ ਸਿਰਫ ਹਵਾ ਵਿਚ ਹੀ ਨਹੀਂ ਰੁਕਦਾ, ਸਗੋਂ ਇਹ ਸਰੀਰ ਦੇ ਫੇਫੜਿਆਂ, ਦਿਮਾਗ ਅਤੇ ਦਿਲ 'ਤੇ ਵੀ ਭਿਆਨਕ ਪ੍ਰਭਾਵ ਪਾਉਂਦੀਆਂ ਹਨ।

ਟ੍ਰੈਫਿਕ ਪ੍ਰਦੂਸ਼ਣ ਹਵਾ ਪ੍ਰਦੂਸ਼ਣ ਦਾ ਸਭ ਤੋਂ ਵੱਡਾ ਸਬੱਬ ਹੈ। ਵਾਹਨਾਂ ਦੇ ਈਂਧਨ ਦੇ ਸੜਨ ਤੋਂ ਨਿਕਲਣ ਵਾਲੀਆਂ ਗੈਸਾਂ, ਜਿਵੇਂ ਕਿ ਕਾਰਬਨ ਡਾਈਆਕਸਾਈਡ, ਨਾਈਟਰੋਜਨ ਡਾਈਆਕਸਾਈਡ, ਅਤੇ ਕਾਰਬਨ ਮੋਨੋਕਸਾਈਡ, ਹਵਾ ਨੂੰ ਜ਼ਹਿਰੀਲਾ ਬਣਾਉਂਦੀਆਂ ਹਨ। ਵਾਹਨਾਂ ਦੀ ਬਹੁਤਾਤ ਨਾਲ ਹਵਾ ਦੀ ਗੁਣਵੱਤਾ ਘਟ ਰਹੀ ਹੈ, ਜਿਸ ਨਾਲ ਫੇਫੜਿਆਂ ਦੀਆਂ ਬਿਮਾਰੀਆਂ ਵਧ ਰਹੀਆਂ ਹਨ। ਟ੍ਰੈਫਿਕ ਦੇ ਇਲਾਵਾ, ਉਦਯੋਗ ਵੀ

***(ਬਾਕੀ ਅਗਲੇ ਸਫੇ 'ਤੇ)***

# ਹਰਪ੍ਰੀਤ ਕੌਰ ਧੂਤ ਦੀ ਕਥਾਕਾਰੀ

**ਪੁਸਤਕ ਚਰਚਾ**

ਹੱਥਲੇ ਲੇਖ ਵਿਚ ਮੈਂ ਹਰਪ੍ਰੀਤ ਕੌਰ ਧੂਤ ਦੇ ਨਵ-ਪ੍ਰਕਾਸ਼ਿਤ ਕਹਾਣੀ-ਸੰਗ੍ਰਹਿ 'ਸੂਰਜ ਹਾਰ ਗਿਆ ਹੈ' ਦੀਆਂ ਕੁਝ ਕਹਾਣੀਆਂ ਦੇ ਆਧਾਰ 'ਤੇ ਉਸ ਦੀ ਕਥਾ ਕਾਰੀ ਅਤੇ ਪ੍ਰਵਚਨ ਬਾਰੇ ਆਪਣੇ ਵਿਚਾਰ ਪੇਸ਼ ਕਰ ਰਿਹਾ ਹਾਂ। ਉਸ ਦੀ ਕਹਾਣੀ 'ਘਰ' ਬਹੁਤ ਹੀ ਮਹੱਤਵਪੂਰਨ ਹੈ ਕਿਉਂਕਿ ਘਰ ਦੀ ਹੋਂਦ ਬਾਰੇ ਜੋ ਭਾਰਤੀ ਪਰੰਪਰਾ ਵਿਚ ਇੱਕ ਸੰਕਲਪ ਬਣਿਆ ਹੋਇਆ ਹੈ ਇਹ ਉਸ ਪਰੰਪਰਾਗਤ ਸੰਕਲਪ ਨੂੰ ਤੋੜ ਕੇ ਨਵੇਂ ਅਰਥਾਂ ਵਿਚ ਢਾਲਣ ਦੀ, ਰੂਪਾਂਤਰਨ ਕਰਨ ਦੀ ਕੋਸ਼ਿਸ਼ ਕਰ



**ਸੁਹਿੰਦਰ ਬੀਰ**

ਰਹੀ ਹੈ। ਜਿੱਥੋਂ ਤੱਕ ਹਰਪ੍ਰੀਤ ਦੀ ਸਿਰਜਣ ਪ੍ਰਕਿਰਿਆ ਦਾ ਤਾਅਲੁਕ ਹੈ ਉਹ ਉਸ ਦੇ ਪਰਵਾਸ ਨਾਲ ਆਰੰਭ ਹੁੰਦਾ ਹੈ। ਹਰਪ੍ਰੀਤ ਨੇ 1997 ਵਿਚ ਅਮਰੀਕਾ ਵਿਖੇ ਪਰਵਾਸ ਧਾਰਨ ਕੀਤਾ ਅਤੇ ਉਸ ਤੋਂ ਬਾਅਦ ਕਵਿਤਾ ਤੇ ਕਹਾਣੀ ਉਸਦੀ ਸਿਰਜਣ ਪ੍ਰਕਿਰਿਆ ਵਿਚ ਸਮਵਿਥ ਚਲਦੀਆਂ ਰਹੀਆਂ। ਉਹ ਹੁਣ ਤੱਕ ਕਵਿਤਾ ਦੇ ਤਿੰਨ ਸੰਗ੍ਰਹਿ ਵੀ ਪ੍ਰਕਾਸ਼ਿਤ ਕਰਵਾ ਚੁੱਕੀ ਹੈ ਅਤੇ ਹੁਣ ਉਸਨੇ 2024 ਵਿਚ 'ਸੂਰਜ ਹਾਰ ਗਿਆ ਹੈ' ਕਹਾਣੀ ਸੰਗ੍ਰਹਿ ਦੀ ਪ੍ਰਕਾਸ਼ਨਾ ਕੀਤੀ ਹੈ।

ਇਸ ਕਹਾਣੀ-ਸੰਗ੍ਰਹਿ ਵਿਚ ਪ੍ਰਤਿਭਾ ਇੱਕ ਅਜਿਹਾ ਕਿਰਦਾਰ ਹੈ ਜੋ ਭਾਰਤੀ ਅਤੇ ਪਰੰਪਰਾਗਤ ਜੀਵਨ ਦਾ ਅਨੁਸਾਰੀ ਹੈ ਅਤੇ ਲਗਭਗ ਆਪਣੀ ਸਾਰੀ ਜ਼ਿੰਦਗੀ ਇਸੇ ਹੀ ਸਮਾਜਕ-ਸਭਿਆਚਾਰਕ ਵਿਧੀ ਵਿਧਾਨ ਅਨੁਸਾਰ ਉਸ ਨੇ ਬਸਰ ਕੀਤੀ ਹੈ। ਉਸ ਦਾ ਆਪਣਾ ਜੀਵਨ ਪਤੀ ਦੇ ਨਾਲ ਬਹੁਤ ਸੁਖਾਵਾਂ ਬਤੀਤ ਹੋਇਆ ਹੈ। ਉਸ ਦੀਆਂ ਤਿੰਨ ਧੀਆਂ ਸ਼ਾਲਿਨੀ, ਰੀਮਾ ਅਤੇ ਰਮਾ ਹਨ। ਕੁਝ ਅਰਸਾ ਪਹਿਲਾਂ ਉਸਦਾ ਪਤੀ ਉਸ ਨੂੰ ਵਿਛੋੜਾ ਦੇ ਜਾਂਦਾ ਹੈ ਅਤੇ ਹੁਣ ਘਰ ਪਰਿਵਾਰ ਅਤੇ ਧੀਆਂ ਦੀ ਜ਼ਿੰਮੇਵਾਰੀ ਉਸਦੇ ਸਿਰ ਆ ਪੈਂਦੀ ਹੈ। ਉਹ ਲੋੜ ਤੋਂ ਵੱਧ ਆਪਣੇ ਆਪ ਨੂੰ ਦੁਖੀ ਮਹਿਸੂਸ ਕਰਦੀ ਹੈ, ਉਸਦੇ ਦੁੱਖ ਨੂੰ ਪਤੀ ਦਾ ਵਿਯੋਗ ਵਧੇਰੇ ਦੁਖਾਂਤਕ ਬਣਾਉਂਦਾ ਹੈ। ਉਸਦੀ ਦਿਲੀ ਇੱਛਾ ਹੈ ਕਿ ਜਿਵੇਂ ਉਸ ਨੇ ਆਦਰਸ਼ਕ ਪਤਨੀ ਵਾਂਗ ਸਾਰੀ ਜ਼ਿੰਦਗੀ ਬਤੀਤ ਕੀਤੀ ਹੈ, ਉਸ ਦੀਆਂ ਧੀਆਂ ਵੀ ਆਪਣੇ ਪਤੀਆਂ ਨਾਲ ਉਸੇ ਤਰ੍ਹਾਂ ਦਰ-ਗੁਜ਼ਰ ਕਰ ਕੇ ਆਪਣੀ ਜ਼ਿੰਦਗੀ ਬਤੀਤ ਕਰਨ। ਉਹ ਹਰ ਹੀਲੇ ਆਪਣੀਆਂ ਧੀਆਂ ਦੇ ਘਰ ਨੂੰ ਵਸਦਾ-ਰਸਦਾ ਅਤੇ ਸੰਗਠਿਤ ਕਰਨ ਦੀ ਸਲਾਹ ਦਿੰਦੀ ਹੈ। ਉਹ ਜਾਣਦੀ ਹੈ ਕਿ ਵਿਗਠਤ ਹੋਇਆ ਜਾਂ ਟੁੱਟਾ ਹੋਇਆ ਘਰ ਪਰਿਵਾਰ ਲਈ ਆਉਣ ਵਾਲੇ ਸਮੇਂ ਵਿਚ ਬਿਪਤਾਵਾਂ ਦੇ ਪਹਾੜ ਵਾਂਗ ਟੁੱਟਦਾ ਹੈ। ਇਸ ਦਾ ਕਾਰਨ ਇਹ ਵੀ ਪ੍ਰਤੀਤ ਹੁੰਦਾ ਹੈ ਕਿ ਭਾਰਤ ਦੀ ਪਰੰਪਰਾਗਤ ਨਾਰੀ ਆਰਥਿਕ ਤੌਰ 'ਤੇ ਆਪਣੇ ਪਤੀ 'ਤੇ ਹੀ ਨਿਰਭਰ ਕਰਦੀ ਹੈ ਤੇ ਜ਼ਿੰਦਗੀ ਜਿਉਣ ਲਈ ਆਰਥਿਕ ਸਹਾਰੇ ਦੀ ਸਭ ਤੋਂ ਵਧੀਕ ਲੋੜ ਹੁੰਦੀ ਹੈ। ਕਹਾਣੀਕਾਰਾ ਨੇ ਇਸ ਕਹਾਣੀ ਦੇ ਨਾਲ ਨਾਲ ਟੈਲੀਵਿਜ਼ਨ 'ਤੇ ਹੋ ਰਹੀ ਨਾਰੀਵਾਦ ਬਾਰੇ ਨਾਰੀ ਦੀ ਬਹਿਸ ਨੂੰ ਵੀ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ ਪਰ ਇਨ੍ਹਾਂ ਨਾਰੀਵਾਦੀ ਵਿਚਾਰਾਂ ਨਾਲ ਸੰਬੰਧਿਤ ਔਰਤਾਂ ਦੀ ਬਹਿਸ ਉਸਨੂੰ ਕੋਈ ਵਧੇਰੇ ਸਾਰਥਕ ਨਹੀਂ ਪ੍ਰਤੀਤ ਹੁੰਦੀ।

ਕਥਾਕਾਰਾ ਦਾ ਕਹਿਣਾ ਹੈ ਕਿ ਕੁੜੀਆਂ ਨੂੰ ਆਪਣਾ ਘਰ ਆਪ ਬਣਾਉਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਨੂੰ ਸਾਰੀ ਉਮਰ ਇਸ ਗੱਲ ਦਾ ਮਿਹਣਾ ਨਾ ਸਹਿਣਾ ਪਵੇ ਕਿ ਇਹ ਘਰ ਮੁੰਡੇ ਦਾ ਹੈ ਜਾਂ ਮੁੰਡਾ ਇਹ ਨਹੀਂ ਕਹੇਗਾ ਕਿ ਇਹ ਘਰ ਮੇਰਾ ਹੈ ਤੇ ਤੂੰ ਮੇਰੇ ਘਰੋਂ ਨਿਕਲ ਜਾ। ਪੱਛਮੀ ਦੇਸ਼ਾਂ ਵਿਚ ਜਦੋਂ ਵੀ ਲੜਕੇ ਤੇ ਲੜਕੀ ਦਾ ਵਿਆਹ ਹੁੰਦਾ ਹੈ ਤਾਂ ਉਹ ਦੋਵੇਂ ਰਲ ਕੇ ਆਪਣਾ ਘਰ ਬਣਾਉਂਦੇ ਹਨ ਅਤੇ ਜੇ ਰੱਬ ਨਾ ਕਰੇ ਦੋਹਾਂ ਦਾ ਤੋੜ-ਵਿਛੋੜ ਹੋ ਵੀ ਜਾਂਦਾ ਹੈ, ਤਲਾਕ ਤੱਕ ਨੌਬਤ ਆ ਜਾਂਦੀ ਹੈ ਤਾਂ ਉਨ੍ਹਾਂ ਦੁਆਰਾ ਬਣਾਇਆ ਘਰ ਦੋ ਹਿੱਸਿਆਂ ਵਿਚ ਪਤੀ-ਪਤਨੀ ਵਿਚਕਾਰ ਵੰਡ ਲਿਆ ਜਾਂਦਾ ਹੈ। ਇਹ ਨਵਾਂ ਵਿਚਾਰ ਹਰਪ੍ਰੀਤ ਕੌਰ ਧੂਤ ਨੇ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਹੈ। ਇਸ ਕਹਾਣੀ ਵਿਚ ਇਕ ਵਿਚਾਰ ਵਧੇਰੇ ਕਰਕੇ ਉਭਰ ਕੇ ਸਾਹਮਣੇ ਆਇਆ ਹੈ ਕਿ ਜੇ ਲੜਕੀ ਵਿਆਹ ਤੋਂ ਪਹਿਲਾਂ ਆਪਣਾ ਘਰ ਬਣਾ ਲਵੇਗੀ ਤੇ ਫਿਰ ਉਸ ਦਾ ਆਉਣ ਵਾਲਾ ਜੀਵਨ ਵਧੇਰੇ ਸੁਖਮਈ ਹੋ ਸਕਦਾ ਹੈ, ਉਸ ਨੂੰ ਮਾਨਸਿਕ ਤੌਰ 'ਤੇ ਘਰ ਦੇ ਮਿਹਣੇ ਦਾ ਸ਼ਿਕਾਰ ਨਹੀਂ ਹੋਣਾ ਪਵੇਗਾ ਅਤੇ ਇਕ ਵਿਲੱਖਣ ਭਾਂਤ ਦਾ ਸਕੂਨ ਹਾਸਲ ਹੋਣ ਦੀ ਵੀ ਸੰਭਾਵਨਾ ਬਣੀ ਰਹਿੰਦੀ ਹੈ। ਇਹ ਵਿਚਾਰ ਸਮਾਜਕ-ਸਭਿਆਚਾਰਕ ਅਤੇ ਮਨੋਵਿਗਿਆਨਕ ਪੱਖ ਤੋਂ ਨਵੀਨ ਮਹਿਸੂਸ ਹੁੰਦਾ ਹੈ।

ਮੈਂ ਸਮਝਦਾ ਹਾਂ ਕਿ ਹਰਪ੍ਰੀਤ ਕੌਰ ਧੂਤ ਦਾ ਔਰਤ ਲਈ ਸਵੈ-ਨਿਰਭਰਤਾ ਅਤੇ ਘਰ ਬਣਾਉਣ ਦਾ ਸੰਕਲਪ ਸਮਾਜ ਸ਼ਾਸਤਰ ਦੇ ਪੱਖ ਤੋਂ ਬਹੁਤ ਹੀ ਮਹੱਤਵਪੂਰਨ ਅਤੇ ਆਉਣ ਵਾਲੇ ਸਮਾਜ ਨੂੰ ਸਾਰਥਕ ਸੇਧ ਦੇਣ ਵਾਲਾ ਹੈ। ਇਹ ਅਜੋਕੇ ਸਮੇਂ ਵਿਚ ਬਹੁਤ ਹੀ ਉਸਾਰੂ ਨਜ਼ਰੀਆ ਹੈ ਜਿਸ ਦੀ ਮੈਂ ਭਰਪੂਰ ਪ੍ਰਸ਼ੰਸਾ ਕਰਦਾ ਹਾਂ।

ਕਹਾਣੀ 'ਖਾਲੀਪਨ' ਸਿੰਮੀ ਅਤੇ ਕਮਲ ਦੇ ਵਿਆਹੁਤਾ ਜੀਵਨ ਨੂੰ ਪੇਸ਼ ਕਰਦੀ ਹੈ, ਭਾਵੇਂ ਇਸ ਕਹਾਣੀ ਵਿਚ ਹੋਰ ਵੀ ਬਹੁਤ ਸਾਰੇ ਬਿਰਤਾਂਤ ਹਨ ਜੋ ਸਿੱਧੇ ਅਸਿੱਧੇ ਤਰੀਕੇ ਨਾਲ ਵਿਆਹੁਤਾ ਜ਼ਿੰਦਗੀ ਦੀ ਅਸਲੀਅਤ ਨੂੰ ਯਥਾਰਥਕ ਰੂਪ ਵਿਚ ਪੇਸ਼ ਕਰਨ ਨਾਲ ਜੁੜੇ ਹੋਏ ਹਨ। ਅਜਿਹਾ ਇੱਕ ਵੇਰਵਾ ਦਲੀਪ ਅਤੇ ਅਮਨ ਦਾ ਵੀ ਹੈ।

ਦਲੀਪ ਅਤੇ ਅਮਨ ਦਾ ਜਦੋਂ ਵਿਆਹ ਹੁੰਦਾ ਹੈ ਤਾਂ ਦਲੀਪ ਅਮਨ ਨੂੰ ਆਪਣੇ ਪਿੰਡ ਛੱਡ ਕੇ ਬਾਹਰਲੇ ਦੇਸ਼ ਚਲਾ ਜਾਂਦਾ ਹੈ। ਕੁਝ ਸਾਲਾਂ ਬਾਅਦ ਜਦੋਂ ਉਹ ਅਮਨ ਨੂੰ ਲੈ ਕੇ ਬਾਹਰ ਆਇਆ ਤਾਂ ਉਸ ਨੂੰ ਸ਼ੱਕਾ ਰਹਿੰਦਾ ਹੈ ਕਿ ਉਸ ਦਾ ਉਸਦੇ ਪਿੰਡ ਰਹਿੰਦੇ ਭਾਣਜੇ ਨਾਲ ਜਿਨਸੀ ਸੰਬੰਧ ਸੀ। ਇਹ ਸ਼ੰਕਾ ਉਸਦੀ ਮਾਨਸਿਕਤਾ 'ਤੇ ਏਨਾ ਭਾਰੂ ਹੋ ਜਾਂਦਾ ਹੈ ਕਿ ਉਹ ਉਹ ਨੂੰ ਘਰ ਤੋਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਦਿੰਦਾ। ਉਸਦੇ ਬੱਚੇ ਹੋਇਆਂ ਨੂੰ ਵੀ ਕਾਫ਼ੀ ਸਮਾਂ ਬੀਤ ਚੁੱਕਾ ਹੈ ਪਰ ਉਹ ਅਮਨ ਨਾਲ ਲੜਦਾ ਰਹਿੰਦਾ ਹੈ ਤੇ ਕਦੇ-ਕਦੇ ਉਹਨੂੰ ਘਰੋਂ ਬਾਹਰ ਵੀ ਕੱਢ ਦਿੰਦਾ ਹੈ। ਅਸਲ ਵਿਚ ਇਹ ਮੁੱਦਾ ਪਰਵਾਸੀਆਂ ਦੇ ਵਿਆਹੁਤਾ-ਜੀਵਨ ਦਾ ਇੱਕ ਵਿਲੱਖਣ ਸੱਚ ਹੈ। ਪਰਵਾਸੀ ਆਪਣੀ ਵਡੇਰੀ ਉਮਰ ਵਿਚ ਛੋਟੀ ਉਮਰ ਦੀਆਂ ਕੁੜੀਆਂ ਨਾਲ ਵਿਆਹ ਕਰ ਲੈਂਦੇ ਹਨ ਅਤੇ ਫਿਰ ਉਨ੍ਹਾਂ ਦੀਆਂ ਪਤਨੀਆਂ ਨਿਰਾਸ਼ ਹੋ ਕੇ ਸਾਥ ਤੋੜ ਦਿੰਦੀਆਂ ਹਨ, ਜਿਸ ਨਾਲ ਵਿਆਹੁਤਾ ਜ਼ਿੰਦਗੀ ਸਮੱਸਿਆ ਪੂਰਕ ਹੋ ਜਾਂਦੀ ਹੈ। ਇਸੇ ਤਰ੍ਹਾਂ ਅਮਨ ਵੀ ਕੁਝ ਸਾਲਾਂ ਬਾਅਦ ਦੇਸ਼ ਜਾ ਕੇ ਆਪਣੇ ਤੋਂ ਛੋਟੀ ਉਮਰ ਦੇ ਮੁੰਡੇ ਨਾਲ ਵਿਆਹ ਕਰ ਲੈਂਦੀ ਹੈ। ਪਹਿਲਾਂ ਉਸਦੇ ਪਤੀ ਨੇ ਇਹ ਕਾਰਜ ਕੀਤਾ, ਹੁਣ ਉਹੀ ਕਾਰਜ ਉਸ ਨੇ ਆਪਣੇ ਨਵੇਂ ਪਤੀ ਨਾਲ ਕੀਤਾ। ਸਕੂਨ ਦੋਹਾਂ ਪਾਸੋਂ ਨਹੀਂ ਮਿਲਿਆ। ਦੂਸਰਾ ਤਾਂ ਅਮਨ ਦੀ ਕੁੱਟ-ਮਾਰ ਵੀ ਕਰਦਾ ਸੀ।

ਇਸ ਵੇਰਵੇ ਤੋਂ ਬਾਅਦ ਇਹ ਕਹਾਣੀ ਆਪਣੇ ਮੂਲ ਮੁੱਦੇ ਵੱਲ ਆਉਂਦੀ ਹੈ ਸਿੰਮੀ ਅਤੇ ਕਮਲ ਦੀ ਵਿਆਹੁਤਾ ਜ਼ਿੰਦਗੀ ਆਰਥਿਕ ਪੱਖ ਤੋਂ ਭਾਵੇਂ ਸੁਖਾਵੀਂ ਹੈ ਪਰ ਉਨ੍ਹਾਂ ਦੀ ਜ਼ਿੰਦਗੀ ਦਾ ਅੰਦਰਲਾ ਸੁਖਾਵਾਂਪਨ ਗ਼ਾਇਬ ਹੈ, ਜਿਸ ਨਾਲ ਮਨਾਂ ਵਿਚ ਖਾਲੀਪਨ ਆ ਗਿਆ ਹੈ। ਇਸ ਖਾਲੀਪਨ ਦਾ ਆਧਾਰ ਇਸ ਕਹਾਣੀ ਦੇ ਸਿੰਮੀ ਅਤੇ ਜੱਸੀ ਨਾਲ ਹੋਏ ਵਿਹਾਰ ਵਿਚੋਂ ਪ੍ਰਾਪਤ ਹੁੰਦਾ ਹੈ। ਇਹ ਵੇਰਵੇ ਵਿਆਹੁਤਾ ਜੀਵਨ ਦੇ ਜਿਨਸੀ ਅਤੇ ਆਤਮਿਕ ਰਿਸ਼ਤੇ ਨਾਲ ਜੁੜੇ ਹੋਏ ਹਨ। ਜਿਵੇਂ ਜੱਸੀ ਜਦੋਂ ਸਿੰਮੀ ਦੇ ਘਰ ਉਸਨੂੰ ਮਿਲਣ ਆਉਂਦੀ ਹੈ ਤਾਂ ਉਹ ਹੈਰਾਨ -ਪਰੇਸ਼ਾਨ ਰਹਿ ਜਾਂਦੀ ਹੈ ਕਿ ਜੱਸੀ ਤਾਂ ਸੱਚ ਮੁੱਚ ਇੱਕ ਵੱਡੇ ਮਹਿਲ ਵਿਚ ਰਾਣੀਆਂ ਵਾਂਗੂ ਰਹਿ ਰਹੀ ਹੈ। ਉਹ ਸਿੰਮੀ ਨੂੰ ਇਹ ਅਹਿਸਾਸ ਕਰਾਉਣਾ ਚਾਹੁੰਦੀ ਹੈ ਕਿ ਉਹ ਤਾਂ ਬਹੁਤ ਕਿਸਮਤ ਵਾਲੀ ਏ।

ਇਸਦੇ ਜਵਾਬ ਵਿਚ ਸਿੰਮੀ ਕਹਿੰਦੀ ਹੈ ਕਿ ਮੈਨੂੰ ਮੇਰੇ ਪਤੀ ਨੇ ਵਸਤੂ ਹੀ ਸਮਝ ਰੱਖਿਆ ਹੈ। ਉਸ ਨੇ ਮੈਨੂੰ ਆਪਣਾ ਕਰੈਡਿਟ ਕਾਰਡ ਦਿੱਤਾ ਹੈ ਪਰ ਕਰੈਡਿਟ ਕਾਰਡ ਦੀ ਪ੍ਰਾਪਤੀ ਨਾਲ ਜਾਂ ਵਸਤਾਂ ਖਰੀਦਣ ਨਾਲ ਰੂਹਾਂ ਨੂੰ ਸਕੂਨ ਨਹੀਂ ਮਿਲਦਾ। ਸਕੂਨ ਤਾਂ ਤਦ ਮਿਲਦਾ ਹੈ ਜੇ ਜਿਨਸੀ ਸਾਂਝ ਦੇ ਨਾਲ ਨਾਲ ਆਤਮਕ ਸਾਂਝ ਵੀ ਕਾਇਮ ਹੋਵੇ। ਇਸ ਕਹਾਣੀ ਵਿਚ ਕਥਾਕਾਰਾ ਨੇ ਆਪਣੇ ਪਿੰਡ ਦੇ ਤਾਏ ਬਘੇਲ ਸਿੰਘ ਦਾ ਵੇਰਵਾ ਵੀ ਦਿੱਤਾ ਹੈ, ਜੋ ਇਸ ਥੀਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਵਿਚ ਆਪਣਾ ਅਹਿਮ ਰੋਲ ਅਦਾ ਕਰਦਾ ਹੈ। ਤਾਇਆ ਬਘੇਲ ਸਿੰਘ ਤਾਈ ਦੇ ਵਿਛੜ ਜਾਣ ਤੋਂ ਬਾਅਦ ਆਪਣੇ ਸ਼ਰੀਕੇ-ਭਾਈਚਾਰੇ ਵਿਚ ਕਹਿੰਦਾ ਹੈ ਕਿ ਮੇਰੀ ਰੂਹ ਮੇਰੇ ਤੋਂ ਅਲਹਿਦਾ ਹੋ ਗਈ ਹੈ। ਕਥਾਕਾਰਾ ਇਹ ਦਲੀਲ ਦਿੰਦੀ ਹੈ ਕਿ ਤਾਈ ਨੇ ਆਪਣੇ ਸਾਰੇ ਗਹਿਣੇ-ਗੱਟੇ ਆਪਣੀ ਸਾਰੀ ਜ਼ਿੰਦਗੀ ਪਤੀ ਦੇ ਭਰਾਵਾਂ ਆਪਣੇ ਧੀਆਂ-ਪੁੱਤਰਾਂ ਦੇ ਜੀਵਨ ਨਿਰਬਾਹ ਲਈ ਅਰਪਣ ਕਰ ਦਿੱਤੀ ਸੀ ਪਰ ਤਾਇਆ ਹਮੇਸ਼ਾ ਉਹਦੇ ਨਾਲ ਲੜਦਾ-ਝਗੜਦਾ ਰਹਿੰਦਾ ਸੀ। ਤਾਏ ਨੇ ਤਾਈ ਦੇ ਸਮਰਪਣ ਦਾ ਸੁਹਿਰਦਤਾ ਨਾਲ ਮੁੱਲ ਨਹੀਂ ਪਾਇਆ। ਹੁਣ ਉਸਦੇ ਜਾਣ ਤੋਂ ਬਾਅਦ ਦਿਖਾਵੇ ਦੇ ਤੌਰ 'ਤੇ ਰੂਹ ਦੇ ਚਲੇ ਜਾਣ ਦਾ ਇਜ਼ਹਾਰ ਕਰਦਾ ਹੈ ਜੋ ਸਹੀ ਨਹੀਂ।


ਹਰਪ੍ਰੀਤ ਕੌਰ ਧੂਤ ਸੂਖਮ ਕਿਸਮ ਦੀ ਕਥਾਕਾਰਾ ਹੈ। ਉਹ ਕਵਿਤਾ ਵੀ ਲਿਖਦੀ ਹੈ ਅਤੇ ਕਹਾਣੀ ਵੀ। ਉਸਦੀ ਸ਼ਖ਼ਸੀਅਤ ਵਿਚ ਕਵੀ ਵਾਲੀ ਸੰਵੇਦਨਾ ਵੀ ਹੈ ਅਤੇ ਕਥਾਕਾਰਾਂ ਵਾਲੀ ਗਹਿਰਾਈ ਵੀ। ਉਹ ਆਪਣੇ ਸਮਾਜ ਅਤੇ ਸਭਿਆਚਾਰ ਵਿਚ ਮਰਦ-ਔਰਤ ਦਰਮਿਆਨ ਸੁਮੇਲ-ਸੰਗਮ ਵੇਖਣਾ ਚਾਹੁੰਦੀ ਹੈ। ਉਸ ਕੋਲ ਇਕ ਆਦਰਸ਼ ਹੈ, ਕਲਪਨਾ ਹੈ, ਖਾਬ -ਖਿਆਲ ਹੈ, ਜੰਨਤ ਦਾ ਇੱਕ ਸੁਪਨਾ ਹੈ, ਜਿੱਥੇ ਪਤੀ-ਪਤਨੀ ਰੂਹਾਂ ਦੀ ਸਾਂਝ ਵਾਲਾ ਸਕੂਨ ਭਰਿਆ ਜੀਵਨ ਬਤੀਤ ਕਰਨ। ਇਹ ਇੱਕ ਆਦਰਸ਼ ਹੈ, ਪਰ ਜ਼ਿੰਦਗੀ ਦਾ ਯਥਾਰਥ ਆਦਰਸ਼ ਵੱਲ ਤੁਰਦਾ ਹੈ। ਨਿੱਕੇ-ਨਿੱਕੇ ਵਿਅਕਤੀਗਤ-ਹਿਤਾਂ ਕਰਕੇ ਇਹ ਆਪਣੇ ਪੂਰਨ ਆਦਰਸ਼ ਤੱਕ ਨਹੀਂ ਪੁੱਜਦਾ। ਇਸ ਕਹਾਣੀ ਵਿਚ ਜ਼ਿੰਦਗੀ ਦਾ ਯਥਾਰਥ ਪੇਸ਼ ਹੋਇਆ ਹੈ ਪਰ ਜੋ ਉਸਨੇ ਉਸ ਆਦਰਸ਼ ਦੀ ਕਾਮਨਾ ਕੀਤੀ ਹੈ ਉਹ ਕਿਸੇ ਵਿਰਲੇ-ਵਾਂਝੇ ਦੇ ਹੱਥ ਹੀ ਆਉਂਦਾ ਹੈ। ਇਹ ਕਹਾਣੀ ਸਾਡੇ ਸਮਾਜ ਦੀ ਯਥਾਰਥਕ ਰੰਗਣ ਨੂੰ ਆਦਰਸ਼ ਰੂਪ ਵਿਚ ਰੂਪਾਂਤਰਨ ਕਰਨ ਵਿਚ ਜ਼ਰੂਰ ਸਹਾਇਕ ਹੋਵੇਗੀ, ਇਹ ਮੇਰੀ ਆਸ ਹੈ।

ਇੱਕ ਹੋਰ ਕਹਾਣੀ ਪਿੰਡ-ਸ਼ਹਿਰ ਅਤੇ ਮਨੋਵਿਗਿਆਨਕ-ਪੱਖ ਤੋਂ ਸਾਰਥਕ ਸੇਧ ਦੇਣ ਵਾਲੀ ਹੈ। ਇਸ ਕਹਾਣੀ ਵਿਚ ਸਿਮਰ ਦੀ ਜੀਵਨ-ਕਥਾ ਨੂੰ ਬਿਆਨ ਕੀਤਾ ਗਿਆ ਹੈ, ਜੋ ਹੁਣ ਭਾਵੇਂ ਪਾਗਲਖ਼ਾਨੇ ਦੇ ਇੱਕ ਕਮਰੇ ਵਿਚ ਆਪਣੇ ਹੋਸ਼-ਹਵਾਸ ਗਵਾ ਕੇ ਬੈਠੀ ਹੋਈ ਹੈ ਪਰ ਬੁਨਿਆਦੀ ਤੌਰ 'ਤੇ ਉਹ ਹੋਣਹਾਰ ਕਲਾਕਾਰ ਸੀ। ਉਸ ਨੂੰ ਡਾਂਸ ਦਾ ਸ਼ੌਂਕ ਸੀ ਅਤੇ ਉਸਨੇ ਕੁਝ ਖ਼ੂਬਸੂਰਤ ਪੇਂਟਿੰਗਜ਼ ਵੀ ਬਣਾਈਆਂ ਸਨ, ਉਸ ਦੀਆਂ ਕੁਝ ਪੇਂਟਿੰਗਾਂ ਨੂੰ ਅਮਰੀਕਾ ਦੇ ਸ਼ਹਿਰ ਨਿਊਯਾਰਕ ਦੇ ਵੱਖ-ਵੱਖ ਅਦਾਰਿਆਂ ਵੱਲੋਂ ਮਾਣ-ਸਨਮਾਨ ਵੀ ਹਾਸਿਲ ਹੋ ਚੁੱਕੇ ਸਨ।

ਕਥਾਕਾਰਾ ਨੇ ਇਸ ਕਹਾਣੀ ਵਿਚ ਇਹ ਪ੍ਰਵਚਨ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਇੱਕ ਧੀ ਜਦੋਂ ਪੇਕੇ ਘਰ ਤੋਂ ਸਹੁਰੇ ਘਰ ਜਾਂਦੀ ਹੈ ਤਾਂ ਸਹੁਰੇ ਪਰਿਵਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਨਵੀਂ ਆਈ ਧੀ ਰਾਣੀ ਨੂੰ, ਉਸਦੇ ਜਜ਼ਬਿਆਂ ਨੂੰ, ਉਸ ਦੀਆਂ ਰੁਚੀਆਂ ਨੂੰ, ਉਸਦੇ ਸੁਭਾਅ ਨੂੰ ਲਾਜ਼ਮੀ ਤੌਰ 'ਤੇ ਸਮਝਣ ਦਾ ਯਤਨ ਕਰਨ। ਜੇ ਭਾਵਨਾਵਾਂ ਨੂੰ ਨਹੀਂ ਸਮਝਿਆ ਜਾਂਦਾ ਤਾਂ ਉਹ ਬਹੁਤ ਸਾਰੀਆਂ ਚੀਜ਼ਾਂ ਨੂੰ ਸਮਾਜਕ-ਸਭਿਆਚਾਰਕ ਦਬਾਵਾਂ ਕਰਕੇ ਆਪਣੇ ਮਾਨਸਿਕਤਾ ਦੇ ਖੂੰਜੇ ਵਿਚ ਲੁਕਾਈ ਰੱਖਦੀ ਹੈ ਤਾਂ ਮਾਨਸਿਕਤਾ ਵਿਚ ਦਬਾਈਆਂ ਹੋਈਆਂ ਭਾਵਨਾਵਾਂ ਉਸ ਨੂੰ ਹੌਲੀ-ਹੌਲੀ ਪਾਗਲਪਨ ਵੱਲ ਲੈ ਜਾਂਦੀਆਂ ਹਨ, ਜਿੱਥੋਂ ਮੁੜਨਾ ਕਿਸੇ ਲਈ ਵੀ ਸੰਭਵ ਨਹੀਂ ਹੁੰਦਾ।

ਜ਼ਿੰਦਗੀ ਵਿਚ ਛੋਟੀਆਂ-ਛੋਟੀਆਂ ਗੱਲਾਂ, ਘਟਨਾਵਾਂ, ਨਿੱਕੇ-ਨਿੱਕੇ ਅਹਿਸਾਸ, ਜਿਨ੍ਹਾਂ ਦੀ ਜਦੋਂ ਪੂਰਤੀ ਨਹੀਂ ਹੁੰਦੀ ਤਾਂ ਉਹ ਮਨੁੱਖੀ ਅਵਚੇਤਨ ਵਿਚ ਜਾ ਕੇ ਬੈਠ ਜਾਂਦੇ ਹਨ ਤੇ ਜਿੱਥੇ ਆਪਣਾ ਨਿਖੇਧ ਆਤਮਕ ਰੋਲ ਅਦਾ ਕਰਕੇ ਚੇਤਨ ਮਨ ਨੂੰ ਆਪਣੇ ਕਾਬੂ ਵਿਚ ਕਰ ਲੈਂਦੇ ਹਨ। ਕਥਾਕਾਰਾ ਇਹ ਸਵਾਲ ਵੀ ਕਰਦੀ ਹੈ ਕਿ ਕੀ ਜੇ ਉਹ ਪਾਗਲਖ਼ਾਨੇ ਵਿਚ ਰਹਿ ਰਹੀ ਹੈ ਜਾਂ ਉਹ ਆਪਣੇ ਘਰ ਵਿਚ ਰਹਿੰਦੀ ਤਾਂ ਦੋਹਾਂ ਵਿਚ ਕੋਈ ਫਰਕ ਹੋਣਾ ਸੀ? ਜੁਆਬ ਇਹ ਪ੍ਰਾਪਤ ਹੁੰਦਾ ਹੈ ਕਿ ਉਸ ਲਈ ਪਾਗਲਖ਼ਾਨਾ ਬਿਹਤਰ






*ਲੇਖਿਕਾ ਹਰਪ੍ਰੀਤ ਕੌਰ ਧੂਤ ਅਤੇ ਉਸ ਦੇ ਨਵ-ਪ੍ਰਕਾਸ਼ਿਤ ਕਹਾਣੀ-ਸੰਗ੍ਰਹਿ 'ਸੂਰਜ ਹਾਰ ਗਿਆ ਹੈ' ਦਾ ਸਰਵਰਕ।*

ਹੈ। ਇਸ ਦਾ ਭਾਵ ਇਹ ਹੈ ਕਿ ਜੇ ਕਿਸੇ ਮਨੁੱਖ ਨੂੰ ਉਸ ਦੀਆਂ ਰੁਚੀਆਂ ਮੁਤਾਬਿਕ ਜੀਵਨ ਬਸਰ ਕਰਨ ਦਾ ਮੌਕਾ ਪ੍ਰਾਪਤ ਨਹੀਂ ਹੁੰਦਾ ਉਸ ਦੀਆਂ ਰੁਚੀਆਂ ਦੇ ਖ਼ਿਲਾਫ਼ ਉਸ ਨੂੰ ਜੀਣ ਵਾਸਤੇ ਮਜਬੂਰ ਕੀਤਾ ਜਾਂਦਾ ਹੈ ਤਾਂ ਉਸਦੀ ਚੰਗੀ ਭਲੀ ਜ਼ਿੰਦਗੀ, ਸਾਵੀਂ ਜਾਂ ਸਮਤੋਲ ਚਲਦੀ ਹੋਈ ਜ਼ਿੰਦਗੀ, ਆਪਣਾ ਸੰਤੁਲਨ ਗਵਾ ਬੈਠਦੀ ਹੈ। ਇੱਕ ਹੋਰ ਨੁਕਤਾ ਜੋ ਇਸ ਕਹਾਣੀ ਵਿਚ ਸਾਹਮਣੇ ਆਉਂਦਾ ਹੈ ਕਿ ਕੋਈ ਵੀ ਮਨੁੱਖ ਆਪਣੇ ਅਤੀਤ ਤੋਂ ਬੇਲਾਗ ਨਹੀਂ ਹੋ ਸਕਦਾ। ਅਤੀਤ ਦਾ ਤਿਆਗ ਕਦੇ ਵੀ ਸੰਭਵ ਨਹੀਂ। ਸੰਵੇਦਨਸ਼ੀਲ ਮਨ ਨੂੰ ਨਿੱਕੀਆਂ-ਨਿੱਕੀਆਂ ਚੋਟਾਂ ਬਹੁਤ ਪ੍ਰਭਾਵਿਤ ਕਰਦੀਆਂ ਹਨ। ਸੰਵੇਦਨਸ਼ੀਲ ਮਨੁੱਖ ਜ਼ਿੰਦਗੀ ਦੀਆਂ ਹਕੀਕਤਾਂ ਨੂੰ ਸਮਝਦਾ ਜ਼ਿੰਦਗੀ ਦੀਆਂ ਗਹਿਰੀਆਂ ਸੋਚਾਂ ਨਾਲ ਬਰ ਮੇਚਦਾ ਹੈ ਪਰ ਜਦੋਂ ਬਰ ਮੇਚਣ ਤੋਂ ਅਸਮਰੱਥ ਰਹਿੰਦਾ ਹੈ, ਕੋਈ ਠੇਸ ਲੱਗਦੀ ਹੈ ਤਾਂ ਸਭ ਤੋਂ ਪਹਿਲਾਂ ਅਜਿਹੇ ਸੰਵੇਦਨਸ਼ੀਲ ਮਨ ਨੂੰ ਹੀ ਲਗਦੀ ਹੈ।

ਇਹ ਕਹਾਣੀ ਇਹ ਸੰਦੇਸ਼ ਦਿੰਦੀ ਹੈ ਕਿ ਆਪਣੀ ਜ਼ਿੰਦਗੀ ਦੇ ਨਾਲ ਨਾਲ ਦੂਜਿਆਂ ਦੀਆਂ ਭਾਵਨਾਵਾਂ ਦਾ ਵੀ ਖ਼ਿਆਲ ਰੱਖਿਆ ਜਾਣਾ ਚਾਹੀਦਾ ਹੈ, ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜ਼ਿੰਦਗੀ ਦੀ ਚਾਲ ਵਿਅਕਤੀਗਤ ਨਹੀਂ ਸਮੂਹਗਤ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਹਰਪ੍ਰੀਤ ਕੌਰ ਧੂਤ ਅਜਿਹੀ ਕਹਾਣੀਕਾਰਾ ਹੈ ਜਿਸ ਨੇ ਲੰਮਾ ਸਮਾਂ ਅਮਰੀਕੀ ਜ਼ਿੰਦਗੀ ਵਿਚ ਬਤੀਤ ਕੀਤਾ ਹੈ, ਉਸ ਨੇ ਇੱਥੇ ਰਹਿੰਦਿਆਂ ਨਾਰੀ ਦੀ ਮਾਨਸਿਕ ਅਵਸਥਾ ਨੂੰ ਬਹੁਤ ਗਹਿਰਾਈ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਉਸਨੇ ਇਸ ਅਨੁਭਵ ਨਾਲ ਜੋ ਨਵੇਂ ਸੰਕਲਪ ਪੇਸ਼ ਕੀਤੇ ਹਨ ਉਹ ਉਸਦੇ ਮੌਲਿਕ ਅਤੇ ਨਵੀਨ ਹਨ। ਆਸ ਹੈ ਕਿ ਉਹ ਆਪਣੀਆਂ ਆਉਣ ਵਾਲੀਆਂ ਕਿਰਤਾਂ ਵਿਚ ਜ਼ਿੰਦਗੀ ਦੇ ਅਨੁਭਵ ਨੂੰ ਹੋਰ ਵਧੇਰੇ ਸੂਖਮ ਅਤੇ ਸਾਰਥਕਤਾ ਨਾਲ ਸਮਝਣ ਦੇ ਯੋਗ ਹੋਵੇਗੀ।

---

**(ਪਿਛਲੇ ਸਫੇ ਦੀ ਬਾਕੀ)**

ਹਵਾ ਪ੍ਰਦੂਸ਼ਣ ਦਾ ਮਹੱਤਵਪੂਰਨ ਸਬੱਬ ਹਨ। ਉਦਯੋਗਾਂ ਤੋਂ ਨਿਕਲਣ ਵਾਲੇ ਪ੍ਰਦੂਸ਼ਣਕਾਰੀ ਤੱਤ ਹਵਾ ਵਿਚ ਪ੍ਰਵਾਨਸ਼ੀਲ ਗੈਸਾਂ ਦੀ ਮਾਤਰਾ ਵਧਾਉਂਦੇ ਹਨ, ਜਿਸ ਨਾਲ ਮੌਸਮੀ ਤਬਦੀਲੀਆਂ ਆ ਰਹੀਆਂ ਹਨ।

ਇਲੈਕਟ੍ਰਾਨਿਕ ਅਤੇ ਇਲੈਕਟ੍ਰਿਕ ਸਾਮਾਨ ਦਾ ਗਲਤ ਨਿਪਟਾਰਾ ਵੀ ਹਵਾ ਪ੍ਰਦੂਸ਼ਣ ਨੂੰ ਵਧਾਉਂਦਾ ਹੈ। ਜਦੋਂ ਇਹ ਸਾਮਾਨ ਖਰਾਬ ਹੋ ਜਾਂਦਾ ਹੈ ਅਤੇ ਇਸਨੂੰ ਗਲਤ ਤਰੀਕੇ ਨਾਲ ਸਾੜਿਆ ਜਾਂਦਾ ਹੈ, ਤਾਂ ਇਹ ਜ਼ਹਿਰੀਲੀਆਂ ਗੈਸਾਂ ਹਵਾ ਵਿਚ ਮਿਲ ਜਾਂਦੀਆਂ ਹਨ। ਇਹ ਗੈਸਾਂ ਸਿਰਫ ਹਵਾ ਨੂੰ ਹੀ ਨਹੀਂ, ਸਗੋਂ ਧਰਤੀ ਅਤੇ ਪਾਣੀ ਨੂੰ ਵੀ ਪ੍ਰਦੂਸ਼ਿਤ ਕਰਦੀਆਂ ਹਨ। ਇਸੇ ਤਰ੍ਹਾਂ, ਕਿਸਾਨਾਂ ਦੁਆਰਾ ਪਰਾਲੀ ਸਾੜਨਾ ਵੀ ਹਵਾ ਪ੍ਰਦੂਸ਼ਣ ਵਿਚ ਵੱਡਾ ਯੋਗਦਾਨ ਪਾਉਂਦੀ ਹੈ। ਖੇਤੀਬਾੜੀ ਦੇ ਬਾਅਦ ਪਰਾਲ਼ੀ ਸਾੜਨ ਨਾਲ ਜ਼ਹਿਰੀਲੀਆਂ ਗੈਸਾਂ ਹਵਾ ਵਿਚ ਮਿਲਦੀਆਂ ਹਨ, ਜੋ ਪ੍ਰਦੂਸ਼ਣ ਦਾ ਵੱਡਾ ਕਾਰਨ ਹਨ।

ਹਵਾ ਪ੍ਰਦੂਸ਼ਣ ਨੂੰ ਘਟਾਉਣ ਲਈ ਕੁਝ ਤਦਬੀਰਾਂ ਲਾਗੂ ਕਰਨੀਆਂ ਜ਼ਰੂਰੀ ਹਨ। ਸਭ ਤੋਂ ਪਹਿਲਾਂ, ਜ਼ਿਆਦਾ ਰੁੱਖ ਲਗਾਉਣ ਦੀ ਲੋੜ ਹੈ। ਰੁੱਖ ਹਵਾ ਵਿਚ ਕਾਰਬਨ ਡਾਈਆਕਸਾਈਡ ਨੂੰ ਘਟਾ ਕੇ ਹਵਾ ਨੂੰ ਸਾਫ਼ ਕਰਦੇ ਹਨ। ਇਸ ਦੇ ਨਾਲ ਹੀ, ਪ੍ਰਾਈਵੇਟ ਵਾਹਨਾਂ ਦੀ ਵਰਤੋਂ ਘਟਾ ਕੇ ਪਬਲਿਕ ਟ੍ਰਾਂਸਪੋਰਟ ਨੂੰ ਪ੍ਰਚਲਿਤ ਕੀਤਾ ਜਾਣਾ ਚਾਹੀਦਾ ਹੈ। ਇਲੈਕਟ੍ਰਿਕ ਵਾਹਨਾਂ ਦੀ ਵਰਤੋਂ ਵੀ ਹਵਾ ਪ੍ਰਦੂਸ਼ਣ ਨੂੰ ਘਟਾਉਣ ਵਿਚ ਸਹਾਇਕ ਹੋ ਸਕਦੀ ਹੈ। ਪਰਾਲੀ ਸਾੜਨ ਦੀ ਬਜਾਏ ਕਿਸਾਨਾਂ ਨੂੰ ਨਵੇਂ ਤਰੀਕੇ ਸਿੱਖਾਏ ਜਾਣ, ਜਿਵੇਂ ਕਿ ਖੇਤਾਂ ਵਿਚ ਹੀ ਪਰਾਲੀ ਨੂੰ ਜੋਤਣਾ, ਤਾਂ ਜੋ ਪ੍ਰਦੂਸ਼ਣ ਨਾ ਵਧੇ।


ਇਸ ਤੋਂ ਇਲਾਵਾ, ਉਦਯੋਗੀ ਪ੍ਰਦੂਸ਼ਣ ਨੂੰ ਘਟਾਉਣ ਲਈ ਕਾਨੂੰਨੀ ਕੰਟਰੋਲ ਸਖ਼ਤ ਕਰਨ ਦੀ ਲੋੜ ਹੈ। ਉਦਯੋਗਾਂ ਤੋਂ ਨਿਕਲਣ ਵਾਲੀਆਂ ਜ਼ਹਿਰੀਲੀਆਂ ਗੈਸਾਂ ਨੂੰ ਕੰਟਰੋਲ ਕਰਨ ਲਈ ਸਰਕਾਰ ਨੂੰ ਸਖ਼ਤ ਨਿਯਮ ਬਣਾਉਣੇ ਚਾਹੀਦੇ ਹਨ। ਉਦਯੋਗਾਂ ਵਿਚ ਪ੍ਰਦੂਸ਼ਣ ਕੰਟਰੋਲ ਟੈਕਨਾਲੋਜੀ ਦੀ ਵਰਤੋਂ ਨਾਲ ਹਵਾ ਜ਼ਹਿਰੀਲੇ ਪਦਾਰਥਾਂ ਦੀ ਮਾਤਰਾ ਨੂੰ ਘਟਾਇਆ ਜਾ ਸਕਦਾ ਹੈ। ਸਰਕਾਰ ਨੂੰ ਕਾਰਬਨ ਉਤਸਰਜਨ ਨੂੰ ਘਟਾਉਣ ਲਈ ਉਦਯੋਗਾਂ 'ਤੇ ਟੈਕਸ ਲਗਾਉਣਾ ਚਾਹੀਦਾ ਹੈ, ਜਿਹੜੀਆਂ ਕੰਪਨੀਆਂ ਦੇ ਕਾਰਬਨ ਦਿਖਾਈ ਦੇਵੇ ਅਤੇ ਉਨ੍ਹਾਂ ਨੂੰ ਪ੍ਰਦੂਸ਼ਣ ਘਟਾਉਣ ਲਈ ਪ੍ਰੇਰਿਤ ਕਰੋ।

ਹਰੇਕ ਵਿਅਕਤੀ ਨੂੰ ਇਹ ਸਮਝਣ ਦੀ ਲੋੜ ਹੈ ਕਿ ਉਨ੍ਹਾਂ ਦਾ ਵਾਤਾਵਰਣ 'ਤੇ ਕੀ ਪ੍ਰਭਾਵ ਹੈ। ਘਰ ਵਿਚ ਵੀ ਪ੍ਰਦੂਸ਼ਣ ਘਟਾਉਣ ਲਈ ਕੁਝ ਤਦਬੀਰਾਂ ਵਰਤੀਆਂ ਜਾ ਸਕਦੀਆਂ ਹਨ, ਜਿਵੇਂ ਕਿ ਘੱਟ ਇਲੈਕਟ੍ਰਿਸਿਟੀ ਦੀ ਵਰਤੋਂ ਕਰਨਾ, ਬਿਜਲੀ ਦੇ ਸਾਮਾਨ ਨੂੰ ਸਹੀ ਤਰੀਕੇ ਨਾਲ ਨਿਪਟਾਰਾ ਕਰਨਾ ਅਤੇ ਘੱਟ ਇੰਧਨ ਦੀ ਵਰਤੋਂ ਵਾਲੀਆਂ ਚੀਜ਼ਾਂ ਦੀ ਵਰਤੋਂ ਕਰਨਾ। ਪਲਾਸਟਿਕ ਦੀ ਵਰਤੋਂ ਘਟਾ ਕੇ ਅਤੇ ਰੀਸਾਈਕਲ ਕੀਤੀਆਂ ਚੀਜ਼ਾਂ ਨੂੰ ਪ੍ਰੈਫਰੈਂਸ ਦੇ ਕੇ ਵੀ ਹਵਾ ਪ੍ਰਦੂਸ਼ਣ ਵਿਚ ਕਮੀ ਕੀਤੀ ਜਾ ਸਕਦੀ ਹੈ। ਹਵਾ ਪ੍ਰਦੂਸ਼ਣ ਨਾਲ ਨਜਿੱਠਣਾ ਕੋਈ ਇੱਕ ਵਿਅਕਤੀ ਜਾਂ ਸੰਸਥਾ ਦਾ ਕੰਮ ਨਹੀਂ ਹੈ। ਇਹ ਸਮੂਹ ਵਾਤਾਵਰਣ ਅਤੇ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਸਰਕਾਰਾਂ, ਉਦਯੋਗਾਂ, ਅਤੇ ਆਮ ਲੋਕਾਂ ਨੂੰ ਮਿਲ ਕੇ ਇਸ ਮੁੱਦੇ ਨਾਲ ਨਜਿੱਠਣਾ ਚਾਹੀਦਾ ਹੈ। ਜੇਕਰ ਅਸੀਂ ਸਮੇਂ 'ਤੇ ਸਹੀ ਕਦਮ ਨਹੀਂ ਚੁੱਕਦੇ, ਤਾਂ ਇਸਦਾ ਪ੍ਰਭਾਵ ਸਿਰਫ ਸਾਡੀ ਸਿਹਤ ਅਤੇ ਵਾਤਾਵਰਣ 'ਤੇ ਹੀ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਦੇ ਜੀਵਨ 'ਤੇ ਵੀ ਵੱਧ ਨਕਾਰਾਤਮਕ ਹੋਵੇਗਾ।

ਅਖੀਰ ਵਿਚ ਮੈਂ ਇਹੀ ਕਹਿਣਾ ਚਾਹਾਂਗਾ ਕਿ, ਹਵਾ ਪ੍ਰਦੂਸ਼ਣ ਦੇ ਕਈ ਕਾਰਨ ਹਨ ਜਿਵੇਂ ਕਿ ਟ੍ਰੈਫਿਕ, ਉਦਯੋਗ, ਖੇਤੀਬਾੜੀ, ਅਤੇ ਹੋਰ ਸਰਗਰਮੀਆਂ। ਕਿਸੇ ਇੱਕ ਵਿਅਕਤੀ ਜਾਂ ਸੰਸਥਾ ਨੂੰ ਦੋਸ਼ ਦੇਣਾ ਠੀਕ ਨਹੀਂ ਹੈ। ਮੈਂ ਆਪਣੀ ਰਿਸਰਚ ਦੌਰਾਨ ਕਾਫੀ ਡਾਟਾ ਇਕੱਠਾ ਕੀਤਾ ਜਿਸ ਕਰਕੇ ਮੈਨੂੰ ਇਹ ਆਰਟੀਕਲ ਲਿਖਣ ਵਿਚ ਮਦਦ ਮਿਲੀ ਅਤੇ ਜ਼ਰੂਰਤ ਮਹਿਸੂਸ ਹੋਈ। ਇਨ੍ਹਾਂ ਨੂੰ ਘਟਾਉਣ ਲਈ ਪ੍ਰਦੂਸ਼ਣ ਕੰਟਰੋਲ ਨੀਤੀਆਂ ਦੀ ਲੋੜ ਹੈ, ਅਤੇ ਹਰ ਵਿਅਕਤੀ ਨੂੰ ਆਪਣੇ ਨੇੜੇ ਪ੍ਰਦੂਸ਼ਣ ਨੂੰ ਘਟਾਉਣ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ। ਸਿਰਫ ਮਿਲ ਕੇ ਹੀ ਅਸੀਂ ਹਵਾ ਨੂੰ ਸਾਫ਼ ਅਤੇ ਸਿਹਤਮੰਦ ਬਣਾ ਸਕਦੇ ਹਾਂ।

# ਬਾਬਾ ਫਰੀਦ ਦੀ ਬਾਣੀ ਅਤੇ ਵਰਤਮਾਨ

**ਲੋਕ ਕਲਿਆਣ ਦਾ ਧਿਆਨ ਰੱਖ ਕੇ ਸਾਹਿਤ ਰਚਣ ਵਾਲਿਆਂ ਦਾ ਸਾਹਿਤ, ਲੋਕ ਸਾਹਿਤ ਦਾ ਦਰਜਾ ਹਾਸਲ ਕਰ ਜਾਂਦਾ ਹੈ ਅਤੇ ਇਸ ਦੀ ਪ੍ਰਸੰਗਿਕਤਾ ਰਚੇ ਜਾਣ ਦੇ ਸਮੇਂ ਵੀ ਬਹੁਤ ਹੁੰਦੀ ਹੈ।**



ਕਲਾ ਪਰਿਕਰਮਾ

ਕਿਸੇ ਵੀ ਕ੍ਰਿਤ ਦਾ ਅਧਿਐਨ ਸਮੇਂ ਦੇ ਸਮਕਾਲੀ ਹਾਲਾਤ ਦੇ ਪ੍ਰਸੰਗ ਵਿਚ ਕੀਤਿਆਂ ਹੀ ਸਿੱਟੇ ਪ੍ਰਾਪਤ ਹੁੰਦੇ ਹਨ। ਥੋੜ੍ਹ-ਚਿਰੇ ਜਾਂ ਕਹੀਏ ਕੇਵਲ ਤਤਕਾਲੀਨ ਹਾਲਾਤ ਅਨੁਸਾਰੀ ਰਚਨਾਵਾਂ ਚਿਰ ਸਥਾਈ ਨਹੀਂ ਹੁੰਦੀਆਂ। ਹਾਲਾਤ ਬਿਆਨ ਕਰਦੀਆਂ ਰਚਨਾਵਾਂ ਚਿਰ ਸਥਾਈ ਹੀ ਨਹੀਂ ਸਗੋਂ ਆਪਣਾ ਪ੍ਰਭਾਵ ਹਮੇਸ਼ਾ ਛੱਡਦੀਆਂ ਰਹਿੰਦੀਆਂ ਹਨ। ਜੇ ਅਸੀਂ ਆਪਣੇ ਮੱਧਕਾਲੀ ਸਾਹਿਤ ਨੂੰ ਅਧਿਐਨ ਦਾ ਵਿਸ਼ਾ ਬਣਾਉਂਦੇ ਹਾਂ ਤਾਂ ਸੂਫ਼ੀ ਕਾਵਿ, ਕਿੱਸਾ ਕਾਵਿ, ਗੁਰਬਾਣੀ ਆਦਿ ਸਾਡੇ ਵਾਸਤੇ ਅੱਜ ਵੀ ਪੂਰਾ ਪ੍ਰਸੰਗਿਕ ਸਾਹਿਤ ਹੈ। ਗੁਰਬਾਣੀ ਸਾਡੇ ਵਾਸਤੇ ਅੱਜ ਵੀ ਓਨੀ ਹੀ ਸਿੱਖਿਆ ਦੇਣ ਵਾਲੀ ਹੈ ਜਿੰਨੀ ਇਹ ਆਪਣੇ ਰਚਨਾਕਾਲ ਸਮੇਂ ਸੀ। ਜਦੋਂ ਅਸੀਂ ਬਾਬਾ ਫ਼ਰੀਦ ਬਾਣੀ ਦਾ ਅਧਿਐਨ ਕਰਦੇ ਹਾਂ ਤਾਂ ਵੀ ਇਸ ਦਾ ਸਹੀ ਮੁੱਲ ਵਰਤਮਾਨ ਹਾਲਾਤ ਵਿਚ ਪੂਰੀ ਉਤਰਦੀ ਹੋਣ ਕਰਕੇ ਹੀ ਪੈਂਦਾ ਹੈ। ਲੋਕ ਭਾਸ਼ਾ ਵਿਚ ਰਚੀ ਬਾਣੀ ਸਾਨੂੰ ਸਾਡੇ ਸਮਿਆਂ ਦੀ ਲਿਖੀ ਹੋਈ ਬਾਣੀ ਹੀ ਪ੍ਰਤੀਤ ਹੁੰਦੀ ਹੈ। ਬਾਬਾ ਫ਼ਰੀਦ ਦਾ ਜਨਮ 1173 ਈਸਵੀ ਵਿਚ ਹੋਇਆ ਸੀ ਅਤੇ ਉਹ 1265 ਈਸਵੀ ਨੂੰ ਇਸ ਸੰਸਾਰ ਤੋਂ ਰੁਖ਼ਸਤ ਹੁੰਦੇ ਹਨ। ਉਸ ਵੇਲੇ ਬੜਾ ਅਫ਼ਰਾ-ਤਫ਼ਰੀ ਵਾਲਾ ਮਾਹੌਲ ਸੀ। ਜਿਵੇਂ ਕੋਈ ਵੀ ਸਾਹਿਤ, ਸਮਾਜਿਕ ਤੌਰ ਤੋਂ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕਦਾ ਤਿਵੇਂ ਹੀ ਮੋੜਵੇਂ ਰੂਪ ਵਿਚ ਸਾਹਿਤ ਵੀ ਸਮਾਜਿਕ ਵਰਤਾਰਿਆਂ 'ਤੇ ਆਪਣਾ ਅਸਰ ਪਾਉਂਦਾ ਹੈ। ਬਾਬਾ ਫ਼ਰੀਦ ਜੀ ਦਾ ਸਮਾਂ ਸਾਮੰਤਵਾਦ ਦਾ ਸਮਾਂ ਸੀ ਅਤੇ ਸਾਮੰਤਵਾਦੀ ਸਮਾਜਕ ਵਿਵਸਥਾ ਦੌਰਾਨ ਮਨੁੱਖ ਦੀਆਂ ਸਮਾਜਿਕ ਖਾਹਿਸ਼ਾਂ ਅਤੇ ਨਿੱਜੀ ਆਜ਼ਾਦੀ ਦਾ ਹਮੇਸ਼ਾ ਦਮਨ ਹੁੰਦਾ ਹੈ। ਬਾਹੂ ਬਲੀ ਦਾ ਬੋਲਬਾਲਾ, ਮਾਨਵੀ ਜੀਵਨ ਦਾ ਘਾਣ ਕਰਦਾ ਹੈ। ਉਹ ਮਨੁੱਖ ਦੀ ਆਜ਼ਾਦੀ ਨੂੰ ਪ੍ਰਵਾਨ ਕਰਦਾ ਹੀ ਨਹੀਂ ਹੈ। ਜਦੋਂ ਬਾਬਾ ਫ਼ਰੀਦ ਜੀ:

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥

ਆਖਦੇ ਹਨ ਤਾਂ ਉਹ ਪਹਿਲੀ ਤੁਕ ਵਿਚ ਆਪਣੇ ਸਮੇਂ ਦੀ ਤਸਵੀਰਕਸ਼ੀ ਕਰਦੇ ਪ੍ਰਤੀਤ ਹੁੰਦੇ ਹਨ। ਇਹ ਇਕ ਸਮਾਜਿਕ ਤੇ ਆਰਥਿਕ ਪਾੜਾ ਹੈ। ਕਦੇ ਇਸੇ ਨੂੰ ਵਰਤਮਾਨ ਕਾਵਿਧਾਰਾ ਦੇ ਮੋਢੀ ਕਵੀਆਂ 'ਚੋਂ ਪ੍ਰੋਫ਼ੈਸਰ ਮੋਹਨ ਸਿੰਘ ਨੇ 'ਦੋ ਧੜਿਆਂ ਵਿਚ ਦੁਨੀਆਂ ਵੰਡੀ ਇਕ ਮਹਿਲਾਂ ਦਾ ਇਕ ਢੋਕਾਂ ਦਾ, ਦੋ ਧੜਿਆਂ ਵਿਚ ਖ਼ਲਕਤ ਵੰਡੀ ਇਕ ਲੋਕਾਂ ਦਾ ਇਕ ਜੋਕਾਂ' ਦਾ ਆਖਿਆ ਸੀ। ਅੱਜ ਵੀ ਇਸ ਤਰ੍ਹਾਂ ਦੇ ਲੋਕ ਹਨ ਜਿਨ੍ਹਾਂ ਕੋਲ ਸਿਰ ਢਕਣ ਲਈ ਛੱਤ ਨਹੀਂ ਹੈ, ਦੋ ਡੰਗ ਦੀ ਰੋਟੀ ਨਸੀਬ ਨਹੀਂ ਹੁੰਦੀ ਹੈ ਅਤੇ ਉਹ ਇਸ ਦੁਨੀਆ ਦੇ ਲੋਕਾਂ ਵਿਚ ਕਿਤੇ ਵੀ ਨਾ ਗਿਣੇ ਜਾਣ ਵਾਲੇ ਲੋਕਾਂ 'ਚੋਂ ਹਨ। ਦੂਸਰੇ ਪਾਸੇ ਲੋਕਾਂ ਦਾ ਖ਼ੂਨ ਚੂਸਣ ਵਾਲਿਆਂ ਦੀ ਆਮਦਨੀ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਹੋਈ ਜਾਂਦੀ ਹੈ। ਬਾਬਾ ਫ਼ਰੀਦ ਜੀ ਆਪਣੇ ਸਲੋਕ ਦੀ ਦੂਸਰੀ ਤੁਕ ਵਿਚ ਇਸ ਤਰ੍ਹਾਂ ਦੀ ਸਮਾਜਕ ਵਿਵਸਥਾ ਦਾ ਜ਼ੋਰਦਾਰ ਵਿਰੋਧ ਕਰਦੇ ਹੋਏ ਰੱਬ ਨੂੰ ਨਿਹੋਰਾ ਮਾਰਦੇ ਹਨ ਕਿ ਜੇ ਉਸ ਨੇ ਇਹੋ ਜਿਹੀ ਹਾਲਤ ਵਿਚ ਹੀ ਰੱਖਣਾ ਹੈ ਤਾਂ ਉਸ ਨੂੰ ਜਿਊਂਦੇ ਰਹਿਣ ਦੀ ਕੋਈ ਚਾਹ ਨਹੀਂ ਹੈ। 'ਬਾਰਿ ਪਰਾਇਐ ਬੈਸਣਾ' ਮਨੁੱਖ ਦੀ ਅੰਤਾਂ ਦੀ ਤ੍ਰਾਸਦਿਕ ਸਥਿਤੀ ਹੈ। ਜਾਂ ਫਿਰ:

ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ॥

ਆਖਦੇ ਹੋਏ ਆਰਥਿਕਤਾ ਦੀ ਕਾਣੀ ਵੰਡ ਪ੍ਰਤੀ ਆਪਣੇ ਗਿਲੇ ਨੂੰ ਸਿਖ਼ਰ ਤੱਕ ਲੈ ਕੇ ਜਾਂਦੇ ਹਨ। ਬੇਸ਼ੱਕ ਉਹ ਆਪਣੇ ਨਿਮਨ ਸਲੋਕ:

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

ਵਿਚ ਸਭ ਕੁੱਝ ਵੇਖਦੇ ਹੋਏ ਸਬਰ ਕਰਨ ਦੀ ਨਸੀਹਤ ਦਿੰਦੇ ਪ੍ਰਤੀਤ ਹੁੰਦੇ ਹਨ ਪਰ 'ਰੁਖੀ ਸੁਖੀ' (ਰੋਟੀ) ਅਤੇ ਚੋਪੜੀ (ਘਿਓ ਨਾਲ ਚੋਪੜੀ ਹੋਈ ਰੋਟੀ) ਵਿਚਲਾ ਅੰਤਰ ਵੀ ਤਾਂ ਸਪਸ਼ਟ ਕਰਦੇ ਹਨ। ਅਸਲ ਵਿਚ ਰੋਟੀ ਸਿਰਫ ਉਦਰ ਪੂਰਤੀ ਵਾਸਤੇ ਇਕ ਪਦਾਰਥ ਦਾ ਨਾਮ ਨਹੀਂ ਹੈ, ਇਹ ਤਾਂ ਇਕ ਸਮਾਜਿਕ ਤੇ ਆਰਥਿਕ ਪਾੜੇ ਦਾ ਪ੍ਰਤੀਕ ਹੈ। ਅੱਜ ਵੀ ਇਹ ਪਾੜਾ ਬਹੁਤ ਹੀ ਉਭਰਵੇਂ ਰੂਪ ਵਿਚ ਸਨਮੁਖ ਹੋ ਰਿਹਾ ਹੈ ਅਤੇ ਇਸ ਪਾੜੇ ਦਾ ਜਿਵੇਂ ਬਾਬਾ ਫ਼ਰੀਦ ਜੀ ਨੇ ਡਟਵਾਂ ਵਿਰੋਧ ਕੀਤਾ ਸੀ ਤਿਵੇਂ ਹੀ ਬਾਬਾ ਜੀ ਤੋਂ ਸੇਧ ਲੈ ਕੇ ਇਸ ਪਾੜੇ ਦਾ ਵਿਰੋਧ ਕਰਨ ਵਾਲੇ ਉਭਰਵੇਂ ਰੂਪ ਵਿਚ ਸੰਘਰਸ਼ ਕਰਦੇ ਵੇਖੇ ਜਾ ਸਕਦੇ ਹਨ।

ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਸ੍ਰਿਸ਼ਟੀ ਦੀ ਰਚਨਾ ਵਿਚ ਸਾਰੇ ਹੀ ਮਨੁੱਖ ਸਮਾਨ ਹਨ ਅਤੇ ਉਨ੍ਹਾਂ ਵਿਚ ਕੋਈ ਭਿੰਨ-ਭੇਦ ਕਿਤੇ ਵੀ ਵੇਖਣ ਨੂੰ ਨਹੀਂ ਮਿਲਦਾ ਪਰ ਇਹ ਭਿੰਨ-ਭੇਦ ਬਾਰ੍ਹਵੀਂ ਸਦੀ ਵਿਚ ਵੀ ਸੀ ਅਤੇ ਇਹ ਇੱਕੀਵੀਂ ਸਦੀ ਵਿਚ ਵੀ ਬਰਕਰਾਰ ਹੈ। ਸਾਡੇ ਵਰਗੇ ਮੁਲਕ ਵਿਚ ਤਾਂ ਇਸ ਤਰ੍ਹਾਂ ਭਾਸਦਾ ਹੈ ਜਿਵੇਂ ਇਹ ਸਗੋਂ ਹੋਰ ਵੀ ਵਿਕਰਾਲ ਰੂਪ ਵਿਚ ਸਾਹਮਣੇ ਆ ਰਿਹਾ ਹੈ। ਦੇਸ਼ ਨੂੰ ਅਜ਼ਾਦੀ ਮਿਲੀ, ਸੰਵਿਧਾਨ ਲਾਗੂ ਹੋਇਆ ਅਤੇ ਸੰਵਿਧਾਨਕ ਧਾਰਾਵਾਂ ਵਿਚ ਬੜਾ ਸਪਸ਼ਟ ਸੰਕੇਤ ਦਿੱਤਾ ਗਿਆ ਹੈ ਕਿ ਦੇਸ਼ ਦੇ ਸਾਰੇ ਨਾਗਰਿਕ ਬਰਾਬਰ ਹਨ ਪਰ ਹੈਰਾਨੀ ਅਤੇ ਦੁੱਖ ਵਾਲੀ ਗੱਲ ਹੈ ਕਿ ਸਾਡੇ ਵਰਗੇ ਵੱਡੇ ਲੋਕਤੰਤਰੀ ਦੇਸ਼ ਅਖਵਾਏ ਜਾਣ ਵਾਲੇ ਦੇਸ਼ ਵਿਚ ਬੰਦੇ, ਬੰਦੇ ਵਿਚ ਪਾੜਾ ਸਾਡੇ ਸਾਹਮਣੇ ਆ ਰਿਹਾ ਹੈ। ਮਨੁੱਖਾਂ ਨਾਲ ਕੀਤਾ ਜਾਣ ਵਾਲਾ ਵਿਹਾਰ ਬੜੇ ਵੱਡੇ ਅੰਤਰ ਵਾਲਾ ਹੁੰਦਾ ਹੈ। ਕਈਆਂ ਵਾਸਤੇ ਅੱਖ ਦੇ ਫ਼ੋਰ ਵਿਚ ਸਹੂਲਤਾਂ ਪ੍ਰਦਾਨ ਕਰਨ ਦਾ ਸਮਾਂ ਆ ਜਾਂਦਾ ਹੈ ਜਦੋਂ ਕਿ ਦੂਸਰਿਆਂ ਵਾਸਤੇ ਇਹ ਦੀਵਾ ਲੈ ਕੇ ਲਭਣੀਆਂ ਪੈਂਦੀਆਂ ਹਨ। ਬਾਬਾ ਫ਼ਰੀਦ ਜੀ ਆਪਣੇ ਸਲੋਕ ਵਿਚ ਵਾਸਤਾ ਪਾਉਂਦੇ ਹਨ:

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥

ਪਰ ਜਿਵੇਂ ਅਸੀਂ ਅੱਜ ਵੀ ਇਹ ਆਸ ਲਾਈ ਬੈਠੇ ਹਾਂ ਕਿ ਇਕ ਦਿਨ ਆਵੇਗਾ ਜਦੋਂ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਜਾਵੇਗਾ। ਜਿਹੜੇ ਲੋਕ ਆਮ ਲੋਕਾਂ ਤੋਂ ਵਖਰੇਵਾਂ ਰੱਖਣ ਵਾਲੇ ਹਨ, ਇਕ ਦਿਨ ਉਨ੍ਹਾਂ ਨੂੰ ਜਨਤਕ ਕਚਹਿਰੀ ਵਿਚ ਪੇਸ਼ ਹੋਣਾ ਪੈਣਾ ਹੈ ਅਤੇ ਉਨ੍ਹਾਂ ਨੂੰ ਸਜ਼ਾਵਾਂ ਵੀ ਮਿਲਣੀਆਂ ਹਨ। ਸ਼ਾਇਦ ਇਸ ਇੱਛਾ ਦਾ ਅਭਾਸ ਸਾਨੂੰ ਬਾਬਾ ਫ਼ਰੀਦ ਜੀ ਦੀ ਬਾਣੀ ਤੋਂ ਹੀ ਹੋਇਆ ਹੋਵੇਗਾ। ਬਾਬਾ ਫ਼ਰੀਦ ਜੀ ਆਖਦੇ ਹਨ:

ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ॥
ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ।

ਕਿਹਾ ਜਾਂਦਾ ਹੈ ਕਿ ਕੱਫ਼ਣ ਦੀ ਕੋਈ ਜੇਬ ਨਹੀਂ ਹੁੰਦੀ। ਭਾਵ ਜਿੰਨਾ ਮਰਜ਼ੀ ਧਨ ਦੌਲਤ ਇਕੱਤਰ ਕਰ ਲਿਆ ਜਾਵੇ ਮਨੁੱਖ ਦੀ ਜਦੋਂ ਮੌਤ ਹੁੰਦੀ ਹੈ ਤਾਂ ਚੰਗੇ ਕਰਮਾਂ ਤੋਂ ਬਿਨਾ ਉਸ ਨਾਲ ਕੁੱਝ ਨਹੀਂ ਜਾਂਦਾ। ਝੂਠ ਬੋਲਣ, ਭ੍ਰਿਸ਼ਟਾਚਾਰ ਕਰਕੇ ਧਨ ਦੌਲਤ ਦੇ ਅੰਬਾਰ ਲਾਉਣ, ਕੋਠੀਆਂ ਬੰਗਲੇ ਉਸਾਰਨ ਵਾਲਿਆਂ ਨੂੰ ਵੀ ਇਕ ਦਿਨ ਅੰਤਲੇ ਸਥਾਨ ਵਿਚ ਜਾਣਾ ਪੈਣਾ ਹੈ ਅਤੇ ਉਸ ਸਮੇਂ ਕਿਸੇ ਵੀ ਭੌਤਿਕ ਪਦਾਰਥ ਨੇ ਨਾਲ ਨਹੀਂ ਜਾਣਾ।

ਮਨੁੱਖ ਦੇ ਮਾੜੇ ਕਰਮਾਂ ਸਦਕਾ ਇਸ ਸੰਸਾਰ ਵਿਚ ਉਸ ਲਈ ਸ਼ਰਮਿੰਦਾ ਹੋਣ ਵਾਲੀ ਸਥਿਤੀ ਹੀ ਬਣਨੀ ਹੈ ਜਦੋਂ ਕਿ ਚੰਗੇ ਕਾਰਜ ਕਰਨ ਨਾਲ ਉਸ ਦੀ ਉਸਤਤ ਹੋਣੀ ਹੈ। ਇਸੇ ਕਰਕੇ ਬਾਬਾ ਫ਼ਰੀਦ ਜੀ ਆਖਦੇ ਹਨ:

ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥

ਲੋਕ ਕਲਿਆਣ ਅਤੇ ਲੋਕ ਰੁਚੀਆਂ ਦਾ ਧਿਆਨ ਰੱਖ ਕੇ ਸਾਹਿਤ ਰਚਣ ਵਾਲਿਆਂ ਦਾ ਸਾਹਿਤ, ਲੋਕ ਸਾਹਿਤ ਦਾ ਦਰਜਾ ਹਾਸਲ ਕਰ ਜਾਂਦਾ ਹੈ ਅਤੇ ਇਸ ਦੀ ਪ੍ਰਸੰਗਿਕਤਾ ਰਚੇ ਜਾਣ ਦੇ ਸਮੇਂ ਵੀ ਬਹੁਤ ਹੁੰਦੀ ਹੈ ਅਤੇ ਸਮਾਂ ਵਿਹਾਅ ਜਾਣ 'ਤੇ ਵੀ ਇਸ ਦੇ ਮੁੱਲ ਵਿਚ ਕੋਈ ਫ਼ਰਕ ਨਹੀਂ ਪੈਂਦਾ। ਲੋਕ ਭਾਸ਼ਾ ਵਿਚ ਰਚੀ ਗਈ ਬਾਬਾ ਫ਼ਰੀਦ ਜੀ ਦੀ ਬਾਣੀ ਦਾ ਅਧਿਐਨ ਕਰਦਿਆਂ ਸਾਨੂੰ ਕਿਤੇ ਵੀ ਅਹਿਸਾਸ ਨਹੀਂ ਹੁੰਦਾ ਕਿ ਇਹ ਬਾਣੀ ਬਾਰ੍ਹਵੀਂ-ਤੇਰ੍ਹਵੀਂ ਸਦੀ ਵਿਚ ਰਚੀ ਗਈ ਹੈ। ਸਗੋਂ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਇਹ ਅੱਜ ਦੇ ਮਨੁੱਖ ਨੂੰ ਨਸੀਹਤਾਂ ਦਿੰਦੀ ਹੋਈ ਬਾਣੀ ਹੀ ਹੈ।

**ਗੁਰਦੀਪ ਢੁੱਡੀ**
**ਫੋਨ: +91-95010-20731**

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 19 ਅਕਤੂਬਰ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-660



*ਦੇਖੋ ਕੀ ਕੀ ਕਰਨਾ ਪੈਂਦਾ, ਪੜ੍ਹਨ ਲਿਖਣ ਦੀ ਰੁੱਤੇ,*
*ਆ ਨੀਂਦ ਨੇ ਘੇਰਾ ਪਾ ਕੇ, ਢਾ ਲਿਆ ਪਟੜੀ ਉੱਤੇ।*
*ਧੜ੍ਹ ਪਿਆ ਫੁੱਟ ਪਾਥ 'ਤੇ, ਸਿਰ ਨਾ਼ਲੀ 'ਚ ਲਮਕੇ,*
*ਮਿੱਠੇ ਮਿੱਠੇ ਸੁਫ਼ਨੇ ਸਿਰਜੇ, ਸੂਰਜ ਮੱਥੇ 'ਤੇ ਚਮਕੇ।*

### ਕੈਪਸ਼ਨ ਮੁਕਾਬਲਾ-658



ਕੀ ਬਾਲ ਦੇ ਬਾਪ ਤੇ ਮਾਈ ਨਹੀਂ?
ਜਾਂ ਹੋਰ ਭੈਣ ਕੋਈ ਭਾਈ ਨਹੀਂ?
ਕਿਹੜੀ ਮਾਪਿਆਂ ਦੀ ਮਜਬੂਰੀ ਸੀ?
ਬਾਲ ਛੱਡਣਾ ਜੁ ਪਿੱਛੇ ਜ਼ਰੂਰੀ ਸੀ।
ਕੀ ਹੋਇਆ ਤੂੰ ਇਨਸਾਨ ਨਹੀਂ,
ਜੀਅ ਘਰ ਦਾ ਏਂ ਮਹਿਮਾਨ ਨਹੀਂ।
ਤੇਰਾ, ਮਾਲਕ ਆਸਰਾ ਭਾਲਿਆ ਏ।
ਤੂੰ ਕੌਲ ਵਫ਼ਾ ਦਾ ਪਾਲਿਆ ਏ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਨਾਂ ਇਸੇ ਦੇ ਉੱਪਰ ਆਪਾਂ
ਗਾ਼ਲਾਂ ਵੀ ਬਣਾਈ ਜਾਈਏ।
'ਹਾਏ ਤੇਰੀ' ਕਹਿ ਉੱਚੀ ਦੇਣੇ
ਵਗਵਾਂ ਡੰਡਾ ਵੀ ਚਲਾਈਏ।
ਵਫ਼ਾਦਾਰੀ ਨੂੰ ਭੁੱਲ ਭੁਲਾ ਕੇ
ਪੁੱਠੇ ਸਿੱਧੇ ਲਕਬ ਲਗਾਈਏ।
ਭਰੋਸਾ ਵੀ ਫਿਰ ਇਸੇ 'ਤੇ ਕਰੀਏ
ਬੇਸ਼ਕੀਮਤੀ ਚੀਜ਼ ਸੰਭਾਈਏ।
***-ਜਗਮੀਤ ਸਿੰਘ ਪੰਧੇਰ***

---

ਪਹਿਲੀ ਨਜ਼ਰੇ ਫੋਟੋ ਅਜੀਬ ਲੱਗਦੀ
ਮਾਸ ਖੋਰਾ ਜਾਨਵਰ
ਛੋਟੀ ਬੱਚੀ ਨੂੰ ਖਿਡਾਵੇ।
ਭਾਵੇਂ ਪਾਲਤੂ ਕੁੱਤੀ
ਮਾਂ ਦਾ ਫਰਜ਼ ਅਦਾ ਕਰੇ।
ਕੋਈ ਪਤਾ ਨ੍ਹੀਂ ਕਦੋਂ ਦਾਅ ਲਾ ਜਾਵੇ।
ਬੱਚੀ ਦੀ ਮਾਂ ਨੇ ਵੀ
ਇੰਜ ਸੁੱਟ ਦਿੱਤੀ ਕਿਵੇਂ ਨਾ ਕਿਵੇਂ
ਇਸ ਦਾ ਫਸਤਾ ਵੱਢ ਦਿੱਤਾ ਜਾਵੇ।
ਧੀਆਂ ਤੋਂ ਛੁਡਾਉਣ ਖਹਿੜਾ
ਪੱਥਰ ਜੰਮ ਪਿਆ
ਘਰ ਵਿਚ ਬਿਨਾਂ ਬੁਲਾਵੇ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਜਜ਼ਬਾਤਾਂ ਦੀ ਇਹ ਪਾਵੇ ਸਾਂਝ,
ਬੈਠਾ ਹੈ ਨਵਜਾਤ ਸੰਭਾ਼ਲ,
ਜਾਪੇ ਜਿਉਂ ਉਹ ਮਾਂ ਬਣ ਬੈਠ,
ਵਫ਼ਾਦਾਰ ਵੇਖੋ ਲਾਮਿਸਾਲ।
ਕਹਿਣ ਨੂੰ ਤਾਂ ਮਾਣਸ ਨਹੀਂ ਹੈ,
ਪਰ ਉਸ ਦਾ ਪਾਤਰ ਲੱਗੇ,
ਦੋ ਬੁਰਕੀ ਦੀ ਖ਼ਾਤਿਰ ਕਰਦਾ,
ਕਿਧਰੇ ਤੱਤੀ 'ਵਾ ਨਾ ਲੱਗੇ।
***-ਸੇਵਾ ਸਿੰਘ "ਨੂਰਪੁਰੀ "***

---

ਕੁੱਤੇ ਦੇ ਗਲ ਪਟਾ ਹੋਵੇ
ਜੇ ਵੱਟਾ ਕੋਈ ਨਾ ਮਾਰੇ।
ਲੋੜ ਨਹੀਂ ਘਰ ਨੂੰ ਜਿੰਦਰੇ ਦੀ
ਹੋਣ ਕੁਆੜ ਖੁੱਲ੍ਹੇ ਭਾਵੇਂ।
ਬੱਚਾ ਅਣਭੋਲ ਪਰ ਜਾਨਵਰ ਪਾਰਖੂ
ਬੱਚਾ ਤਾਂ ਨਹੀਂ ਜਾਣਦਾ
ਮਾਂ ਬਾਪ ਹੀ ਚਾਹੀਦਾ।
ਜਿਸ ਨੇ ਵਰਾਇਆ, ਹਸਾਇਆ
ਉਸੇ ਨਾਲ ਗੋਦੀ ਵਿਚ ਬੈਠ ਗਿਆ।
ਭਾਵੇਂ ਕੁੱਤੇ ਦਾ ਮੁਖੌਟਾ
ਹੀ ਪਾਇਆ ਹੋਵੇ।
ਕਲਾ ਪੇਸ਼ ਕਰਨ ਵਾਲੇ ਨੇ ਵੀ
ਅੱਤ ਹੀ ਕਰ ਦਿੱਤੀ।
ਮਾਂ ਬਾਪ ਵੀ ਸੁਰਖ਼ਰੂ
ਜ਼ਿੰਮੇਵਾਰੀ ਤੋਂ
ਦਰਵੇਸ਼ ਵਫ਼ਾਦਾਰੀ ਦਾ ਨਾਂ ਹੈ ਦੂਜਾ।
***-ਦਰਸ਼ਨ ਪਾਲ ਦੋਸਾਂਝ***

# ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਸਿਰਜਣਾ

***ਅਸੀਂ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਯੁੱਗ ਵਿਚ ਦਾਖ਼ਲ ਹੋ ਚੁੱਕੇ ਹਾਂ। ਜਿਹੜੀ ਭਾਸ਼ਾ ਇਸ ਦੇ ਪਲੈਟਫਾਰਮ 'ਤੇ ਨਹੀਂ ਹੋਵੇਗੀ, ਉਸ ਲਈ ਆਪਣੀ ਹੋਂਦ ਬਣਾਈ ਰੱਖਣਾ ਮੁਸ਼ਕਿਲ ਹੀ ਨਹੀਂ, ਅਸੰਭਵ ਹੋ ਜਾਵੇਗਾ। ਪਹਿਲੀ ਫਰਵਰੀ 2024 ਨੂੰ ਗੂਗਲ ਨੇ ਆਪਣਾ ਆਰਟੀਫੀਸ਼ੀਅਲ ਇੰਟੈਲੀਜੈਂਸ ਪਲੇਟਫਾਰਮ ਜੈਮਨਾਈ ਪਰੋ ਰਿਲੀਜ਼ ਕੀਤਾ ਜਿਸ ਵਿਚ ਅੱਠ ਭਾਰਤੀ ਭਾਸ਼ਾਵਾਂ ਜਿਵੇਂ ਹਿੰਦੀ, ਬੰਗਾਲੀ, ਮਰਾਠੀ, ਤੇਲਗੂ, ਕੰਨੜ ਨੂੰ ਸ਼ਾਮਿਲ ਕੀਤਾ ਗਿਆ ਪਰ ਪੰਜਾਬੀ ਨੂੰ ਸ਼ਾਮਿਲ ਨਹੀਂ ਕੀਤਾ ਗਿਆ। ਇਹ ਸਾਰੇ ਪੰਜਾਬੀਆਂ ਲਈ ਚਿੰਤਾ ਦਾ ਵਿਸ਼ਾ ਹੈ। ਪੰਜਾਬੀ ਭਾਸ਼ਾ ਦੇ ਇਸ ਪਲੈਟਫਾਰਮ ਤੋਂ ਬਾਹਰ ਰਹਿ ਜਾਣ ਦੇ ਕਈ ਨੁਕਸਾਨ ਹਨ। ਕਿਸੇ ਭਾਸ਼ਾ ਦਾ ਭਵਿੱਖ 'ਚ ਆਪਣੀ ਹੋਂਦ ਬਣਾਈ ਰੱਖਣ ਤੇ ਸੁਰੱਖਿਅਤ ਰਹਿਣ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਪਲੈਟਫਾਰਾਮ 'ਤੇ ਜ਼ਿੰਦਾ ਰਹਿਣਾ ਜ਼ਰੂਰੀ ਹੋ ਗਿਆ ਹੈ।***

ਮਨੁੱਖੀ ਸਮਰੱਥਾ ਦੀ ਸੰਕਲਪਨਾ ਬਾਰੇ ਪੱਛਮ ਵਿਚ ਅਫ਼ਲਾਤੂਨ, ਸੁਕਰਾਤ ਅਤੇ ਅਰਸਤੂ ਤੋਂ ਲੈ ਕੇ ਪੁਨਰ-ਜਾਗਰਤੀ ਅਤੇ ਪ੍ਰਬੁੱਧਤਾ ਕਾਲ ਤੱਕ ਆਉਂਦੇ ਆਉਂਦੇ ਆਧੁਨਿਕਤਾ, ਉਤਰ ਆਧੁਨਿਕਤਾ ਦੇ ਪਿੜ ਵਿਚ ਬੜੇ ਵਿਸਤਾਰ ਨਾਲ ਸੋਚ ਵਿਚਾਰ ਹੋਇਆ ਮਿਲਦਾ ਹੈ। ਹੁਣ ਉਤਰ ਅਤੇ ਪਾਰ-ਮਾਨਵਵਾਦੀ ਚਿੰਤਨ ਵਿਚ ਵੀ ਇਸ ਸਮਰੱਥਾ ਨੂੰ ਸਮਝਣ ਦਾ ਸਿਲਸਿਲਾ ਜਾਰੀ ਹੈ। ਪੱਛਮੀ ਦਾਰਸ਼ਨਿਕ ਰੈਨੇ ਦੇਕਾਰਤੇ ਕਹਿੰਦਾ ਹੈ ਕਿ ਮੈਂ ਹਾਂ, ਕਿਉਂਕਿ ਮੈਂ ਸੋਚਦਾ ਹਾਂ ਜਾਂ ਮੈਂ ਸੋਚਦਾ ਹਾਂ, ਇਸ ਲਈ ਹਾਂ। ਮਨੁੱਖੀ ਸਮਰੱਥਾ ਦੇ ਵਧਦੇ ਜਾਣ ਦਾ ਕਾਰਨ ਹੈ ਕਿ ਮਨੁੱਖ ਲਗਾਤਾਰ ਸੋਚਦਾ ਹੈ। ਸੋਚਾਂ ਨੂੰ ਸਿਧਾਂਤਬੱਧ ਕਰਦਾ ਹੈ। ਸਿਧਾਤਾਂ 'ਚੋਂ ਹੀ ਉਹ ਮੁੜ ਆਪਣੀਆਂ ਸਮਰੱਥਾਵਾਂ ਨੂੰ ਵਧਾਉਣ ਹਿੱਤ ਲਗਾਤਾਰ ਖੋਜਾਂ 'ਚ ਲੱਗਿਆ ਰਹਿੰਦਾ ਹੈ।

**ਮਨਮੋਹਨ**
**ਫੋਨ: +91-82839-48811**

ਮਾਨਵੀ ਸਮਰੱਥਾ ਦੀ ਆਪਣੇ ਢੰਗ ਨਾਲ ਵਿਆਖਿਆ ਕਰਦਿਆਂ ਯੁਵਾਲ ਨੋਹ ਹਰਾਰੀ ਆਪਣੀ ਕਿਤਾਬ 'ਸੇਪੀਅਨਜ਼' ਵਿਚ ਲਿਖਦਾ ਹੈ ਕਿ ਮਨੁੱਖ ਹੋਮੋ ਸੇਪੀਅਨਜ਼ ਤੋਂ ਹੀ ਵਿਕਸਤ ਹੋਇਆ ਹੈ। ਇਸ ਦੀ ਭਾਸ਼ਾਈ ਅਤੇ ਸੰਚਾਰੀ ਸਮਰੱਥਾ ਭਾਵ ਅਤੇ ਬਿਰਤਾਂਤ, ਕਥਾ-ਕਹਾਣੀਆਂ ਸਿਰਜਣ ਦੀ ਸਮਰੱਥਾ ਨੇ ਇਸ ਨੂੰ ਹੋਰ ਪ੍ਰਾਣੀਆਂ ਅਤੇ ਪਸ਼ੂਆਂ ਦੇ ਜਗਤ 'ਤੇ ਆਪਣਾ ਅਧਿਕਾਰ ਅਤੇ ਚੌਧਰ ਸਥਾਪਿਤ ਕਰਨ ਦੀ ਸਮਰੱਥਾ ਅਤੇ ਸ਼ਕਤੀ ਦਿੱਤੀ। ਹੋਮੋ ਸੇਪੀਅਨਜ਼ ਕੋਲ ਹਰ ਵਰਤਾਰੇ ਦੇ ਗਲਪੀਕਰਨ ਦੀ ਸਮਰੱਥਾ ਸੀ। ਭਾਸ਼ਾ ਸੰਚਾਰ ਨੇ ਉਸ ਨੂੰ ਵਰਤਾਰਿਆਂ, ਵਿਸ਼ਵਾਸਾਂ ਅਤੇ ਮਿੱਥਾਂ ਘੜਨ ਦੀ ਯੋਗਤਾ ਦਿੱਤੀ। ਭਾਸ਼ਾ ਰਾਹੀਂ ਉਹ ਉਨ੍ਹਾਂ ਵਰਤਾਰਿਆਂ ਅਤੇ ਵਿਸ਼ਵਾਸਾਂ ਬਾਰੇ ਵੀ ਸੰਚਾਰ ਕਰ ਲੈਂਦਾ ਹੈ ਜੋ ਦਰਅਸਲ ਹੁੰਦੇ ਹੀ ਨਹੀਂ। ਉਸ ਨੇ ਆਪਣੀ ਕਾਲਪਨਿਕ ਸੂਝ ਬੂਝ ਕਾਰਨ ਹੀ ਆਪਣੇ ਆਪ ਨੂੰ ਚਿਰਸਥਾਈ ਰੂਪ ਵਿਚ ਬਣਾਈ ਰੱਖਿਆ ਹੈ ਅਤੇ ਅੱਜ ਤੱਕ ਕਾਇਮ ਰੱਖੀ ਆ ਰਿਹਾ ਹੈ। ਸੇਪੀਅਨਜ਼ ਕੋਲ ਭਾਸ਼ਾਈ ਸਮਰੱਥਾ ਸੀ ਜਿਸ ਕਾਰਨ ਉਹ ਆਪਸ ਵਿਚ ਸੰਚਾਰ ਕਰ ਸਕਦੇ ਸਨ। ਸੰਗਿਆਨਕ ਕ੍ਰਾਂਤੀ ਨਾਲ ਉਸ ਨੇ ਕਹਾਣੀਆਂ, ਮਿੱਥਾਂ, ਦੇਵੀ ਦੇਵਤਿਆਂ ਅਤੇ ਧਰਮ ਨੂੰ ਘੜ ਕੇ ਆਪਸ ਵਿਚ ਸਹਿਕਾਰਤਾ ਪੈਦਾ ਕੀਤੀ ਅਤੇ ਜਗਤ ਦੇ ਹੋਰਾਂ ਪ੍ਰਾਣੀਆਂ ਉੱਪਰ ਆਪਣਾ ਗ਼ਲਬਾ ਅਤੇ ਦਾਬਾ ਪੈਦਾ ਕੀਤਾ।

ਪੱਛਮ 'ਚ ਪ੍ਰਬੁੱਧਤਾ ਦੌਰ ਤੋਂ ਲੈ ਕੇ ਗਿਆਨ ਵਿਗਿਆਨ ਦੇ ਖੇਤਰ 'ਚ ਨਵੀਆਂ ਤਕਨੀਕਾਂ ਦੀ ਪੱਧਰ 'ਤੇ ਕਈ ਇਨਕਲਾਬ ਵਾਪਰ ਚੁੱਕੇ ਹਨ। ਪਹਿਲਾ ਉਦਯੋਗਿਕ ਇਨਕਲਾਬ ਭਾਫ਼ ਦੇ ਇੰਜਣ ਦੀ ਖੋਜ ਨਾਲ ਆਇਆ। ਦੂਜਾ ਉਦਯੋਗਿਕ ਇਨਕਲਾਬ ਬਿਜਲਈ ਊਰਜਾ ਦੀ ਖੋਜ ਨਾਲ ਆਇਆ। ਤੀਜਾ ਉਦਯੋਗਿਕ ਇਨਕਲਾਬ ਕੰਪਿਊਟਰ ਦੀ ਆਮਦ ਨਾਲ ਵਾਪਰਿਆ। ਚੌਥਾ ਉਦਯੋਗਿਕ ਇਨਕਲਾਬ ਵਰਚੁਅਲ ਅਤੇ ਫਿਜ਼ੀਕਲ ਉਤਪਾਦਨੀ ਪ੍ਰਣਾਲੀਆਂ ਦੀ ਆਪਸੀ ਸਹਿਕਾਰਤਾ ਨੂੰ ਆਲਮੀ ਪੱਧਰ 'ਤੇ ਲਚਕੀਲਾ ਬਣਾਉਣ ਨਾਲ ਹੋਇਆ ਹੈ ਜਿਸ 'ਚ ਸਮਾਰਟ ਮਸ਼ੀਨਾਂ ਨੂੰ ਜੋੜ ਕੇ ਜ਼ਿਆਦਾ ਸਟੀਕ ਤੇ ਸਮਰੱਥ ਬਣਾਇਆ ਜਾ ਰਿਹਾ ਹੈ। ਪੰਜਵਾਂ ਉਦਯੋਗਿਕ ਇਨਕਲਾਬ ਨਿਰੰਤਰ ਮਾਨਵ ਕੇਂਦਰੀਅਤਾ ਅਤੇ ਵਾਤਾਵਰਣੀ ਸਰੋਕਾਰਾਂ ਦੇ ਨਾਲ ਨਾਲ ਉਦਯੋਗਿਕ ਸੰਰਚਨਾਵਾਂ ਰਾਹੀਂ ਮਸਨੂਈ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ), ਇੰਟਰਨੈੱਟ ਆਫ ਥਿੰਗਜ਼, ਇੰਟਰਨੈੱਟ ਆਫ ਐਵਰੀਥਿੰਗ, ਇੰਡਸਟਰੀਅਲ ਇੰਟਰਨੈੱਟ ਆਫ ਥਿੰਗਜ਼, ਬਿੱਗ ਡੇਟਾ, ਐਲਗੋਰਿਦਮਜ਼, ਰੋਬੋਟਿਕਸ ਅਤੇ ਐਨਾਲਿਟਿਕਸ ਦਾ ਪ੍ਰਯੋਗ ਕਰਕੇ ਮਾਨਵੀ ਸਮਰੱਥਾਵਾਂ 'ਚ ਵਾਧੇ ਰਾਹੀਂ ਉਦਯੋਗਿਕ ਉਤਪਾਦਨ ਨੂੰ ਵਧਾਉਣਾ ਹੈ। ਹੁਣ ਤਾਂ ਛੇਵੇਂ ਉਦਯੋਗਿਕ ਇਨਕਲਾਬ ਦੀ ਵੀ ਗੱਲ ਹੋਣ ਲੱਗ ਪਈ ਹੈ ਜਿਸ ਵਿਚ ਐਡਵਾਂਸਡ ਤਕਨੀਕਾਂ ਜਿਵੇਂ ਕੁਆਂਟਮ ਕੰਪਿਊਟਿੰਗ ਅਤੇ ਨੈਨੋ ਤਕਨੀਕਾਂ ਨੂੰ ਪੂਰਵ ਉਸਾਰੀਆਂ ਉਦਯੋਗਿਕ ਸੰਰਚਨਾਵਾਂ ਦੇ ਆਧਾਰ 'ਤੇ ਵਿਕਸਤ ਕੀਤਾ ਜਾਵੇਗਾ।

ਪੱਛਮ, ਖ਼ਾਸਕਰ ਯੂਰਪ ਵਿਚ ਪ੍ਰਬੁੱਧਤਾ ਦੇ ਦੌਰ ਨੇ ਆਧੁਨਿਕਤਾ ਦੇ ਪ੍ਰਾਜੈਕਟ ਵਿਚ ਮਸ਼ੀਨ ਦੀ ਮਨੁੱਖੀ ਜੀਵਨ ਵਿਚ ਪੂਰੀ ਦਖ਼ਲਅੰਦਾਜ਼ੀ ਰੱਖੀ। ਇਸ ਦੌਰ ਵਿਚ ਮਸ਼ੀਨ ਨੇ ਸਵੈ ਅਤੇ ਸੰਚਾਰ ਦੇ ਪੈਰਾਡਾਈਮਜ਼ ਵਿਚ ਵੱਡੇ ਪਰਿਵਰਤਨ ਲਿਆਂਦੇ। ਇਨ੍ਹਾਂ ਵਿਚ ਮਨੁੱਖ ਕੇਂਦਰ ਵਿਚ ਰਿਹਾ। ਆਧੁਨਿਕਤਾ ਪ੍ਰਤੀ ਇਸ ਸੋਚ ਦਾ ਹੁੰਗਾਰਾ ਹਾਂ-ਮੁਖੀ ਸੀ। ਇਸ ਦੇ ਉਲਟ ਇਸ ਵਿਚੋਂ ਹੀ ਵਿਗਸੇ ਉਤਰ-ਆਧੁਨਿਕਤਾਵਾਦ ਨੇ ਮਾਨਵ ਕੇਂਦ੍ਰਿਤ ਸਾਰੇ ਮਹਾਬਿਰਤਾਂਤਾਂ ਨੂੰ ਰੱਦ ਕਰ ਦਿੱਤਾ। ਇਸ ਦਾ ਕਹਿਣਾ ਹੈ ਕਿ ਇਸ ਨਾਲ ਮਨੁੱਖੀ ਸਵੈ ਭਾਵ ਮਾਨਵੀ ਸਥਿਤੀ ਵਿਚ ਕੁਝ ਬਦਲਾਅ ਨਹੀਂ ਆਉਂਦਾ। ਇਸ ਦੇ ਮੁਕਾਬਲੇ ਉਤਰ-ਮਾਨਵਵਾਦ ਮਨੁੱਖੀ ਸਵੈ ਦੀਆਂ ਸਥਿਤੀਆਂ ਨੂੰ ਸਮਝਣ ਵਿਚ ਬਦਲਾਅ ਲਿਆਉਂਦਾ ਹੈ। ਹੁਣ ਤੱਕ ਸਵੈ ਦੀ ਸਮਝ ਮਾਨਵ ਕੇਂਦਰਿਤ ਰਹੀ। ਇਹ ਮਨੁੱਖ ਕੇਂਦਰਿਤ ਦ੍ਰਿਸ਼ਟੀਕੋਣ ਸਦੀਆਂ ਤੋਂ ਮਨੁੱਖੀ ਸੋਚ ਤੇ ਸਮਝ 'ਤੇ ਭਾਰੂ ਰਿਹਾ। ਇਹ ਗ਼ੈਰ ਮਾਨਵੀ ਜੀਵਨ ਰੂਪਾਂ ਅਤੇ ਕੁਦਰਤੀ ਯੂਨਿਟਾਂ ਨੂੰ ਮਾਨਵੀ ਹਿੱਤਾਂ ਦੇ ਦ੍ਰਿਸ਼ਟੀਕੋਣ ਤੋਂ ਦੇਖਦਾ ਹੈ। ਇਸ ਦੇ ਬਰਅਕਸ ਮਨੁੱਖੀ ਸਵੈ ਦੀ ਸਮਰੱਥਾ ਨੂੰ ਸਮਝਣ ਲਈ ਪੋਸਟ ਹਿਊਮਨਿਜ਼ਮ ਇੱਕ ਦਾਰਸ਼ਨਿਕ ਅਤੇ ਸਭਿਆਚਾਰਕ ਦ੍ਰਿਸ਼ਟੀਕੋਣ ਹੈ ਜੋ ਮਾਨਵੀ ਵਿਸਤਾਰਵਾਦ ਨੂੰ ਰੱਦ ਕਰਕੇ ਮਨੁੱਖ, ਮਸ਼ੀਨ, ਕੁਦਰਤੀ ਵਰਤਾਰਿਆਂ ਅਤੇ ਇਕਾਈਆਂ ਵਿਚਕਾਰ ਸੀਮਾਵਾਂ ਨੂੰ ਧੁੰਦਲਾ ਕਰਦਾ ਹੈ।



ਮਾਨਵ ਕੇਂਦਰੀਵਾਦ ਸੰਸਾਰ ਨੂੰ ਪ੍ਰਮੁੱਖ ਤੌਰ 'ਤੇ ਮਾਨਵੀ ਇੱਛਾਵਾਂ ਅਤੇ ਕਦਰਾਂ ਕੀਮਤਾਂ ਦੇ ਪੱਖ ਤੋਂ ਦੇਖਦਾ ਹੈ ਭਾਵ ਮਨੁੱਖ ਨੂੰ ਬ੍ਰਹਿਮੰਡ ਦੇ ਕੇਂਦਰ ਵਿਚ ਰੱਖਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਵਾਤਾਵਰਣ ਦੇ ਵਿਨਾਸ਼, ਜੀਵਾਂ ਦੇ ਅਲੋਪ ਹੋਣ ਅਤੇ ਸਮਾਜਿਕ ਅਸਮਾਨਤਾਵਾਂ 'ਚ ਵਾਧਾ ਹੁੰਦਾ ਹੈ। ਇਸ ਲਈ ਮਾਨਵ ਕੇਂਦਰਵਾਦ ਨੂੰ ਰੱਦ ਕਰਦੇ ਪੋਸਟ ਹਿਊਮਨਿਸਟਿਕ ਦ੍ਰਿਸ਼ਟੀਕੋਣ ਤੋਂ ਮਾਨਵ ਵਿਸਤਾਰਵਾਦ ਨੂੰ ਕਾਟੇ ਹੇਠ ਰੱਖਿਆ ਜਾ ਰਿਹਾ ਹੈ। ਮਸਨੂਈ ਬੁੱਧੀ ਭਾਵ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਭਵਿੱਖਮੁਖੀ ਦ੍ਰਿਸ਼ਟੀਕੋਣ ਵਿਚ ਇਸ ਕਾਰਨ ਇੱਕ ਵਧੇਰੇ ਇਨਕਲਿਊਸਿਵ-ਇੰਟਰਕੁਨੈਕਟਿਡ ਵਿਸ਼ਵ ਦ੍ਰਿਸ਼ਟੀਕੋਣ ਉਭਰ ਰਿਹਾ ਹੈ। ਇਸ ਦੇ ਅੰਤਰਗਤ ਪਾਰ-ਮਾਨਵਵਾਦ ਤੇ ਉੱਤਰ ਮਾਨਵਵਾਦ ਦੇ ਵਰਗ ਦ੍ਰਿਸ਼ਟੀਕੋਣ ਰਾਹੀਂ ਮਸਨੂਈ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ), ਐਲਗੋਰਿਦਮਜ਼, ਡੇਟਾ-ਬਿੱਗ ਡੇਟਾ ਆਦਿ ਸ਼ਾਮਿਲ ਹੋ ਕੇ 'ਮਾਈਂਡ ਮਸ਼ੀਨ', ਜਨੈਟਿਕਿਸ ਅਤੇ ਸਾਈਬੋਰਜੀਨੇਸ਼ਨ ਆਦਿ ਰਾਹੀਂ ਸਵੈ ਪਛਾਣ ਅਤੇ ਮਨੁੱਖੀ ਸੰਚਾਰ ਦੀ ਸੰਭਾਵਨਾਵਾਂ ਨੂੰ ਸੋਚਿਆ ਅਤੇ ਉਲੀਕਿਆ ਜਾ ਰਿਹਾ ਹੈ। ਇੰਟਰਨੈੱਟ ਆਫ ਥਿੰਗਜ਼ ਅਤੇ ਇੰਟਰਨੈੱਟ ਆਫ ਐਵਰੀਥਿੰਗ ਅਤੇ ਬਿੱਗ ਡੇਟਾ ਅਤੇ ਮੈਟਾ ਡੇਟਾ ਨੂੰ ਸਮਝਣ ਸੁਲਝਾਉਣ ਵਾਲੀਆਂ ਵੱਡੀਆਂ ਐਲਗੋਰਿਦਮਜ਼ ਦਾ ਅਧਿਕਾਰ ਇੱਕ ਤਰ੍ਹਾਂ ਦਾ ਨਵਾਂ ਪੂੰਜੀਵਾਦ ਹੈ ਜੋ ਸਦਾ ਆਪਣੀ ਹੀ ਗਤੀ ਅਤੇ ਹੋਂਦ ਵਿਰੁੱਧ ਸੰਘਰਸ਼ 'ਚ ਰਹੇਗਾ ਅਤੇ ਇਸ 'ਚ ਚਿੰਤਾ ਸੋਸ਼ਣ ਦੀ ਥਾਂ ਅਪ੍ਰਸੰਗਿਕ ਹੋਣ ਦੀ ਹੋਵੇਗੀ।

ਮਸਨੂਈ ਬੁੱਧੀ ਬਾਰੇ ਇੱਕ ਵਿਚਾਰ ਇਹ ਵੀ ਹੈ ਕਿ ਇਹ ਮਨੁੱਖ ਦੀ ਭਾਸ਼ਾ ਅਤੇ ਗਿਆਨ ਸਮੱਰਥਾ 'ਚ ਹੋਰ ਇਜ਼ਾਫ਼ਾ/ਵਾਧਾ ਅਤੇ ਵਿਸਤਾਰ ਕਰੇਗੀ ਪਰ ਇਸ ਦਾ ਬਦਲ ਨਹੀਂ ਬਣ ਸਕਦੀ। ਇਹ ਮਨੁੱਖ ਨੂੰ ਹੋਰ ਚੇਤਨ ਅਤੇ ਚੌਕੰਨਾ ਕਰੇਗੀ ਤੇ ਚੈਨ ਨਾਲ ਨਹੀਂ ਬੈਠਣ ਦੇਵੇਗੀ ਕਿਉਂਕਿ ਉਹ ਮਨੁੱਖ ਦੇ ਬਹੁਤ ਸਾਰੇ ਪ੍ਰਸ਼ਨਾਂ ਦਾ ਜਵਾਬ ਦੇਣ 'ਚ ਸਮਰੱਥ ਹੋਵੇਗੀ। ਮਨੁੱਖ ਬਚੀ ਹੋਈ ਊਰਜਾ ਨੂੰ ਹੋਰ ਵੱਡੀਆਂ ਜਿਗਿਆਸਾਵਾਂ 'ਚ ਲਾ ਸਕੇਗਾ ਪਰ ਇਸ ਦੀ ਇੱਕ ਉਲਟ ਸਥਿਤੀ ਇਹ ਵੀ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖ ਨੂੰ ਪ੍ਰਸ਼ਨ ਨਹੀਂ ਕਰ ਸਕਦੀ। ਉਸ ਕੋਲ ਜਿਗਿਆਸਾ ਦਾ ਮਾਦਾ ਨਹੀਂ। ਉਹ ਤਾਂ ਸਵਾਲਾਂ ਦਾ ਜਵਾਬ ਦੇਣ ਵਾਸਤੇ ਬਣੀ ਹੈ। ਜਿਗਿਆਸਾ 'ਤੇ ਸਦਾ ਮਨੁੱਖ ਦਾ ਅਧਿਕਾਰ ਰਹੇਗਾ। ਆਰਟੀਫੀਸ਼ੀਅਲ ਇੰਟੈਲੀਜੈਂਸ ਜਦੋਂ ਮਾਨਵੀ ਸਮਰੱਥਾਵਾਂ ਨੂੰ ਬੜੀ ਵੱਡੀ ਪੱਧਰ 'ਤੇ ਹੋਰ ਸ਼ਕਤੀਸ਼ਾਲੀ ਅਤੇ ਵਿਆਪਕ ਕਰ ਰਹੀ ਹੋਵੇਗੀ ਤਾਂ ਇਸ ਸਾਰੇ ਵਰਤਾਰੇ 'ਚ ਮਨੁੱਖੀ ਹਮਦਰਦੀ ਅਤੇ ਸੁਹਿਰਦਤਾ ਦਾ ਸਥਾਨ ਬੜਾ ਸਰਵੋਤਮ ਰਹੇਗਾ। ਇਸ ਨੂੰ ਗੁਰੂ ਨਾਨਕ ਸਾਹਿਬ ਨੇ "ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥" ਕਿਹਾ ਹੈ। ਡਾਰਕ ਵਰਲਡ, ਡੀਪ ਫੇਕ ਅਤੇ ਪੋਸਟ ਟਰੁੱਥ ਦੇ ਸਮਿਆਂ 'ਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਇਸ ਸਾਰੀ ਗਿਆਨਾਤਮਕਤਾ 'ਚ ਸਦਾਚਾਰਕਤਾ ਦੇ ਨਾਲ ਨਾਲ ਨੈਤਿਕਤਾ ਦਾ ਪਾਰਾਵਾਰ ਸਭ ਤੋਂ ਹਰਮਨ ਪਿਆਰਾ ਹੋਵੇਗਾ।

ਅਸੀਂ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਯੁੱਗ ਵਿਚ ਦਾਖ਼ਲ ਹੋ ਚੁੱਕੇ ਹਾਂ। ਜਿਹੜੀ ਭਾਸ਼ਾ ਇਸ ਦੇ ਪਲੇਟਫਾਰਮ 'ਤੇ ਨਹੀਂ ਹੋਵੇਗੀ, ਉਸ ਲਈ ਆਪਣੀ ਹੋਂਦ ਬਣਾਈ ਰੱਖਣਾ ਮੁਸ਼ਕਿਲ ਹੀ ਨਹੀਂ, ਅਸੰਭਵ ਹੋ ਜਾਵੇਗਾ। ਪਹਿਲੀ ਫਰਵਰੀ 2024 ਨੂੰ ਗੂਗਲ ਨੇ ਆਪਣਾ ਆਰਟੀਫੀਸ਼ੀਅਲ ਇੰਟੈਲੀਜੈਂਸ ਪਲੇਟਫਾਰਮ ਜੈਮਨਾਈ ਪਰੋ ਰਿਲੀਜ਼ ਕੀਤਾ ਜਿਸ ਵਿਚ ਅੱਠ ਭਾਰਤੀ ਭਾਸ਼ਾਵਾਂ ਜਿਵੇਂ ਹਿੰਦੀ (60 ਕਰੋੜ ਭਾਸ਼ਾਹਾਰੀ), ਬੰਗਾਲੀ (27 ਕਰੋੜ ਭਾਸ਼ਾਹਾਰੀ), ਮਰਾਠੀ (9 ਕਰੋੜ ਭਾਸ਼ਾਹਾਰੀ), ਤੇਲਗੂ (8 ਕਰੋੜ ਭਾਸ਼ਾਹਾਰੀ), ਕੰਨੜ (5 ਕਰੋੜ ਭਾਸ਼ਾਹਾਰੀ) ਨੂੰ ਸ਼ਾਮਿਲ ਕੀਤਾ ਗਿਆ ਪਰ ਪੂਰੀ ਦੁਨੀਆ 'ਚ 15 ਕਰੋੜ ਲੋਕਾਂ ਦੀ ਭਾਸ਼ਾ ਪੰਜਾਬੀ ਨੂੰ ਸ਼ਾਮਿਲ ਨਹੀਂ ਕੀਤਾ ਗਿਆ। ਅਜਿਹਾ ਕਿਉਂ ਨਹੀਂ ਕੀਤਾ ਗਿਆ? ਇਹ ਸਾਰੇ ਪੰਜਾਬੀਆਂ ਲਈ ਚਿੰਤਾ ਦਾ ਵਿਸ਼ਾ ਹੈ। ਪੰਜਾਬੀ ਭਾਸ਼ਾ ਦੇ ਇਸ ਪਲੈਟਫਾਰਮ ਤੋਂ ਬਾਹਰ ਰਹਿ ਜਾਣ ਦੇ ਕਈ ਨੁਕਸਾਨ ਹਨ। ਕਿਸੇ ਭਾਸ਼ਾ ਦਾ ਭਵਿੱਖ 'ਚ ਆਪਣੀ ਹੋਂਦ ਬਣਾਈ ਰੱਖਣ ਤੇ ਸੁਰੱਖਿਅਤ ਰਹਿਣ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਪਲੈਟਫਾਰਾਮ 'ਤੇ ਜ਼ਿੰਦਾ ਰਹਿਣਾ ਜ਼ਰੂਰੀ ਹੋ ਗਿਆ ਹੈ। ਭਾਵੇਂ ਪੰਜਾਬੀ ਭਾਸ਼ਾ ਦੇ ਭਵਿੱਖ ਦਾ ਵੀ ਸਵਾਲ ਹੈ ਪਰ ਇਸ ਨੂੰ ਬਹੁਤਾ ਵਧਾ-ਚੜ੍ਹਾਅ ਕੇ ਨਹੀਂ ਦੇਖਿਆ ਜਾਣਾ ਚਾਹੀਦਾ।

ਜੇਕਰ ਗੂਗਲ ਨੇ ਆਪਣੇ ਪਲੈਟਫਾਰਮ 'ਜੈਮਨਾਈ ਪਰੋ' 'ਤੇ ਪੰਜਾਬੀ ਨੂੰ ਨਹੀਂ ਪਾਇਆ ਤਾਂ ਕੋਈ ਗੱਲ ਨਹੀਂ ਕਿਉਂਕਿ ਬਹੁਤ ਸਾਰੀਆਂ ਆਰਟੀਫੀਸ਼ੀਅਲ ਇੰਟੈਲੀਜੈਂਸ ਆਧਾਰਿਤ ਐਪਸ ਨੇ ਪੰਜਾਬੀ ਨੂੰ ਸ਼ਾਮਿਲ ਕੀਤਾ ਹੈ ਅਤੇ ਕਰ ਵੀ ਰਹੀਆਂ ਹਨ। ਇਸ ਵੇਲੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਸਭ ਤੋਂ ਵੱਧ ਸਫ਼ਲ ਅਤੇ ਪ੍ਰਚੱਲਿਤ ਸੰਦ ਚੈਟਜੀਪੀਟੀ ਨੇ ਪੰਜਾਬੀ ਨੂੰ ਕਲਾਵੇ ਵਿਚ ਲਿਆ ਹੈ। ਕਲੌਡ 3.5 ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਸਭ ਤੋਂ ਵੱਧ ਸ਼ਕਤੀਸ਼ਾਲੀ ਪਲੈਟਫਾਰਮ ਹੈ ਜਿਸ ਨੇ ਆਪਣੇ 3.5 ਮਾਡਲ ਵਿਚ ਸ਼ੁਰੂ ਤੋਂ ਹੀ ਪੰਜਾਬੀ ਨੂੰ ਸ਼ਾਮਿਲ ਕੀਤਾ ਹੈ। ਫੇਸਬੁੱਕ ਅਤੇ ਵਟਸਐਪ ਦੀ ਕਲਾਊਡ ਕੰਪਨੀ 'ਮੈਟਾ ਏ ਆਈ' ਵਿਚ ਪੰਜਾਬੀ ਨੂੰ ਸ਼ਾਮਿਲ ਕਰਨ 'ਤੇ ਕੰਮ ਚੱਲ ਰਿਹਾ ਹੈ। ਆਉਣ ਵਾਲੇ ਸਮਿਆਂ 'ਚ ਗੂਗਲ ਦੀ ਜੈਮਨਾਈ ਪਰੋ ਵੀ ਪੰਜਾਬੀ ਨੂੰ ਸ਼ਾਮਿਲ ਕਰੇਗੀ ਹੀ। ਇਸ ਦਾ ਕਾਰਨ ਹੈ ਕਿ ਕਿਸੇ ਵੀ ਮਾਡਲ ਪਲੈਟਫਾਰਮ ਨੂੰ ਕਿਸੇ ਵੀ ਭਾਸ਼ਾ 'ਚ ਮੁਹਾਰਤ ਹਾਸਿਲ ਕਰਨ ਲਈ ਆਪਣਾ ਡੇਟਾਬੇਸ ਬੜਾ ਵਿਸ਼ਾਲ ਅਤੇ ਸਮ੍ਰਿਧ ਕਰਨਾ ਪੈਂਦਾ ਹੈ ਤਾਂ ਜੋ ਉਸ ਭਾਸ਼ਾ ਦੀ ਸਮੱਗਰੀ ਦੀ ਗੁਣਵੱਤਾ, ਵਿਭਿੰਨਤਾ ਅਤੇ ਬਹੁਰੂਪਤਾ 'ਤੇ ਨਿਰਭਰ ਕਰਦਾ ਹੈ। ਇਸੇ ਕਰਕੇ ਤੁਸੀਂ ਦੇਖਿਆ ਹੋਣਾ ਕਿ ਚੈਟਜੀਪੀਟੀ ਸਭ ਤੋਂ ਪੁਰਾਣਾ ਸੰਦ ਹੈ ਪਰ ਕਈ ਵਾਰ ਪੰਜਾਬੀ ਦੇ ਪ੍ਰਸੰਗ 'ਚ ਉਹ ਜਦ ਕੁਝ ਜੈਨਰੇਟ ਜਾਂ ਪ੍ਰੋਡਿਊਸ ਕਰਦੀ ਹੈ ਤਾਂ ਚੌਥੀ ਪੰਜਵੀਂ ਕਮਾਂਡ ਤੋਂ ਬਾਅਦ ਉਹ ਹਫਣ ਤੇ ਥੱਕਣ ਲੱਗ ਜਾਂਦੀ ਹੈ। ਇਸਦਾ ਕਾਰਨ ਇਹ ਹੈ ਕਿ ਉਸ ਦਾ ਡੇਟਾਬੇਸ ਏਨਾ ਵਿਸ਼ਾਲ ਨਹੀਂ ਪਰ ਜਦੋਂ ਤੁਸੀਂ ਉਹੀ ਕੰਮ ਕਲੌਡ 3.5 ਤੋਂ ਲੈਂਦੇ ਹੋ ਤਾਂ ਉਸ ਵੱਲੋਂ ਜੈਨਰੇਟ ਕੀਤੀ ਸਮੱਗਰੀ ਜ਼ਿਆਦਾ ਅਮੀਰ ਤੇ ਭਰਪੂਰ ਹੁੰਦੀ ਹੈ। ਇੰਝ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ 'ਚ ਏ ਆਈ ਵਿਚ ਵੱਖ ਵੱਖ ਪਲੈਟਫਾਰਮਾਂ ਦਾ ਉਤਪਾਦਨ ਮਿਆਰ ਅਤੇ ਗੁਣਵੱਤਾ ਭਿੰਨ-ਭਿੰਨ ਹੈ। ਪੰਜਾਬੀ ਭਾਸ਼ਾ ਵਿਚ ਜੇਕਰ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਮਿਆਰ ਵਧਾਉਣਾ ਹੈ ਤਾਂ ਸਾਨੂੰ ਪੰਜਾਬੀ ਭਾਸ਼ਾਹਾਰੀਆਂ ਨੂੰ ਵੱਧ ਤੋਂ ਵੱਧ ਇੰਟਰਨੈੱਟ ਮੁਖੀ ਬਣ ਕੇ ਬਹੁਤ ਵਿਸ਼ਾਲ ਅਤੇ ਸ਼ਕਤੀਸ਼ਾਲੀ ਡੇਟਾਬੇਸ ਬਣਾਉਣਾ ਪਵੇਗਾ ਤਾਂ ਹੀ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਪੈਦਾ ਹੋਈ ਸਾਹਿਤਕ ਕਿਰਤ ਜਾਂ ਕਲਾ ਆਪਣੀ ਵਿਵਿਧਤਾ ਅਤੇ ਵਿਭਿੰਨਤਾ ਨਾਲ ਹਾਜ਼ਰੀ ਲਵਾ ਸਕੇਗੀ।

ਇੱਕ ਗੱਲ ਧਿਆਨਯੋਗ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ 'ਤੇ ਆਧਾਰਿਤ ਸਾਰੀਆਂ ਐਪਸ ਅਤੇ ਪਲੈਟਫਾਰਮਾਂ ਅਤੇ ਟੂਲਜ਼ ਦਾ ਸਾਰਾ ਵਰਤਾਰਾ ਬਾਜ਼ਾਰ ਆਧਾਰਿਤ ਹੈ। ਇਸ ਦੇ ਕਮਰਸ਼ੀਅਲ ਪੱਖ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸਾਰੀਆਂ ਇਨਫਰਮੇਸ਼ਨ ਟੈਕਨਾਲੋਜੀ ਕੰਪਨੀਆਂ, ਜੋ ਇਨ੍ਹਾਂ ਤਕਨੀਕਾਂ 'ਤੇ ਬੇਇੰਤਹਾ ਪੈਸਾ ਨਿਵੇਸ਼ ਕਰ ਰਹੀਆਂ ਹਨ, ਦਾ ਮਕਸਦ ਮੁਨਾਫ਼ਾ ਕਮਾਉਣਾ ਹੈ। ਪਹਿਲਾਂ ਉਹ ਸਾਰੇ ਪਲੈਟਫਾਰਮ ਮੁਫ਼ਤ ਮੁਹੱਈਆ ਕਰਵਾਉਣਗੀਆਂ ਜਦੋਂ ਖਪਤਕਾਰ ਆਦੀ ਹੋ ਜਾਣਗੇ ਤਾਂ ਉਹ ਉਨ੍ਹਾਂ ਦੀਆਂ ਲੋੜਾਂ 'ਚੋਂ ਪੈਸਾ ਕਮਾਉਣਗੀਆਂ। ਭਵਿੱਖ ਦਾ ਬਾਜ਼ਾਰ ਆਰਟੀਫੀਸ਼ੀਅਲ ਇੰਟੈਲੀਜੈਂਸ ਆਧਾਰਿਤ ਹੋਵੇਗਾ।

ਯੁਵਾਲ ਨੋਹ ਹਰਾਰੀ ਆਪਣੀ ਕਿਤਾਬ 'ਹੋਮੋ ਡਿਊਸ' 'ਚ ਕਹਿੰਦਾ ਹੈ ਕਿ ਆਉਣ ਵਾਲੇ ਮਨੁੱਖੀ ਦੇਵਤੇ ਉਹੀ ਹੋਣਗੇ ਜਿਨ੍ਹਾਂ ਕੋਲ ਸਭ ਤੋਂ ਵੱਡਾ ਡੇਟਾਬੇਸ ਅਤੇ ਉਸ ਨਾਲ ਸਿੱਝਣ ਲਈ ਬਹੁਤ ਸ਼ਕਤੀਸ਼ਾਲੀ ਐਲਗੋਰਿਦਮਜ਼ ਹੋਣਗੇ, ਜੋ ਬਹੁਤ ਤੇਜ਼ੀ ਨਾਲ ਹਰ ਰੋਜ਼ ਆਪਣੇ ਨਵੇਂ ਰੂਪਾਂ 'ਚ ਬਾਜ਼ਾਰ ਵਿਚ ਹਾਜ਼ਰੀ ਲਵਾਉਣਗੇ ਕਿਉਂਕਿ ਭਵਿੱਖ ਦਾ ਡਰ ਹੁਣ ਸੋਸ਼ਣ ਦਾ ਨਹੀਂ, ਅਸੰਗਤ ਅਤੇ ਅਪ੍ਰਸੰਗਿਕ ਹੋ ਜਾਣ ਦਾ ਹੈ। ਸਭ ਐਪਸ ਤੇ ਟੂਲਜ਼ ਲੋੜ 'ਤੇ ਨਿਰਭਰ ਹੋਣਗੇ ਕਿਉਂਕਿ ਇਨ੍ਹਾਂ ਨੂੰ ਸਭਨਾਂ ਨੂੰ ਵਰਤਣਾ ਪੈਣਾ ਹੈ। ਲੋੜ ਮੁਤਾਬਿਕ ਵਰਤੋਂ ਅਤੇ ਵਰਤੋਂ ਮੁਤਾਬਕ ਖ਼ਰੀਦੋ। ਭਵਿੱਖ ਲਈ ਮਾਨਸਿਕ ਤੌਰ 'ਤੇ ਆਪਣੇ ਆਪ ਨੂੰ ਜਿੰਨੀ ਜਲਦੀ ਤਿਆਰ ਕਰ ਲਈਏ ਓਨਾ ਚੰਗਾ ਹੈ।

ਚਿੱਤਰਕਲਾ-ਪੇਂਟਿੰਗਜ਼ ਦੀ ਦੁਨੀਆ ਵਿਚ ਵੀ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਦਖ਼ਲ ਦਿਨੋ ਦਿਨ ਵਿਆਪਕ ਹੁੰਦਾ ਜਾ ਰਿਹਾ ਹੈ। 'ਮਿੱਡ ਜਰਨੀ' ਜਿਹੇ ਕਈ ਸੌਫਟਵੇਅਰ ਪ੍ਰੋਗਰਾਮ ਹਨ ਜਿਹੜੇ ਖਪਤਕਾਰ ਦੀ ਮੰਗ ਅਤੇ ਨਿਰਦੇਸ਼ਨਾ ਨੂੰ ਕਲਾ-ਪੇਂਟਿੰਗ 'ਚ ਬਦਲ ਦਿੰਦੇ ਹਨ। ਉਦਾਹਰਣ ਵਜੋਂ ਜਿਵੇਂ ਤੁਸੀਂ 'ਮਿੱਡ ਜਰਨੀ' ਨੂੰ ਕਹੋ ਕਿ ਮੈਨੂੰ ਇਸ ਤਰ੍ਹਾਂ ਦਾ ਚਿੱਤਰ ਚਾਹੀਦਾ ਹੈ ਜਿਸ ਵਿਚ ਦੋ ਪ੍ਰੇਮੀ ਸਮੁੰਦਰ ਕਿਨਾਰੇ ਬੈਠੇ ਹੋਣ... ਸ਼ਾਮ ਦਾ ਸਮਾਂ ਹੋਵੇ... ਪੰਛੀ ਘਰਾਂ ਨੂੰ ਪਰਤ ਰਹੇ ਹੋਣ... ਇਸਦੀ ਸ਼ੈਲੀ ਕਿਊਬਿਜ਼ਮ ਦੀ... ਜਾਂ ਦਾਦਾਇਜ਼ਮ ਦੀ... ਰਿਅਲਇਜ਼ਮ ਦੀ ਹੋਵੇ... ਕਲਾ ਦਾ ਸਮਾਂ ਰੈਨੇਸਾਂ ਦਾ ਹੋਵੇ ਜਾਂ ਪ੍ਰਬੁੱਧਤਾ ਦਾ... ਆਦਿ। ਕੁਝ ਮਿੰਟਾਂ ਬਾਅਦ ਹੀ 'ਮਿੱਡ ਜਰਨੀ' ਤੁਹਾਡੇ ਨਿਰਦੇਸ਼ਾਂ ਨੂੰ ਕਲਾ ਵਿਚ ਬਦਲ ਦੇਵੇਗੀ। ਇਸ 'ਚ ਕੋਈ ਕਮੀ ਨਹੀਂ ਹੋਵੇਗੀ। ਲਾਈਟ ਅਤੇ ਸ਼ੇਡਜ਼ ਦਾ ਬੜਾ ਵਧੀਆ ਪ੍ਰਯੋਗ ਹੋਵੇਗਾ ਪਰ ਇਸ ਵਿਚ ਕਲਾ ਸਿਰਜਣਾ ਦੀਆਂ ਪਾਬਲੋ ਪਿਕਾਸੋ, ਵਾਨਗੌਗ ਜਾਂ ਪਾਲ ਗੋਗਾਂ ਆਦਿ ਦੇ ਹੱਥਾਂ ਜਿਹੀਆਂ ਮਨੁੱਖੀ ਛੋਹਾਂ ਦੀ ਕਮੀ ਮਹਿਸੂਸ ਹੋਵੇਗੀ। ਇਹੋ ਹਾਲ ਸੰਗੀਤ ਦੀ ਦੁਨੀਆ ਦਾ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਪੁਰਾਣੇ ਗਾਣਿਆਂ ਨੂੰ ਪੁਰਾਣੇ ਗਾਇਕਾਂ ਦੀ ਆਵਾਜ਼ 'ਚ ਮੁੜ ਗਾਇਆ ਜਾ ਸਕਦਾ ਹੈ।

ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਆਉਣ ਨਾਲ ਸਾਹਿਤ 'ਚ ਬੜੇ ਬਦਲਾਅ ਆਉਣ ਦਾ ਖ਼ਦਸ਼ਾ ਹੈ। ਬਹੁਤ ਸਾਰੇ ਪੰਜਾਬੀਆਂ ਦੇ ਮਨਾਂ 'ਚ ਇਹ ਤੌਖ਼ਲਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਕਵਿਤਾ ਬੜੀ ਆਸਾਨੀ ਨਾਲ ਲਿਖੀ ਜਾ ਸਕਦੀ ਹੈ। ਪਿੱਛੇ ਜਿਹੇ ਕਵੀ ਗੁਰਪ੍ਰੀਤ (ਫੇਸਬੁੱਕ ਵਾਲ ਤੋਂ ਲਈ ਸਮੱਗਰੀ ਲਈ ਧੰਨਵਾਦ ਸਹਿਤ) ਨੇ 'ਕਲੌਡ ਏ ਆਈ 3.5' ਨੂੰ ਬੇਨਤੀ ਕੀਤੀ ਤੇ ਇੱਕ ਕਵਿਤਾ ਲਿਖ ਦਿੱਤੀ ਗਈ। ਕਵੀ ਦਾ ਕਹਿਣਾ ਸੀ ਕਿ ਠੀਕ ਹੈ ਕਿ ਮੈਂ ਨਾਜ਼ਿਮ ਹਿਕਮਤ ਦੀ ਸ਼ੈਲੀ 'ਚ ਕਵਿਤਾ ਲਿਖਣ ਦੀ ਕੋਸ਼ਿਸ਼ ਕਰਦਾ ਹਾਂ। ਉਨ੍ਹਾਂ ਦੀ ਕਵਿਤਾ ਅਕਸਰ ਸਮਾਜਿਕ ਅਤੇ ਰਾਜਨੀਤਕ ਵਿਸ਼ਿਆਂ 'ਤੇ ਕੇਂਦ੍ਰਿਤ ਹੁੰਦੀ ਸੀ, ਨਾਲ ਹੀ ਪ੍ਰੇਮ ਅਤੇ ਮਾਨਵਤਾ ਦੇ ਵਿਸ਼ਿਆਂ 'ਤੇ ਵੀ।

ਆਰਟੀਫੀਸ਼ੀਅਲ ਇੰਟੈਲੀਜੈਂਸ ਆਪਣੇ ਪ੍ਰਾਪਤ ਡੇਟਾ ਦੇ ਆਧਾਰ 'ਤੇ ਕਵਿਤਾ ਪੈਦਾ-ਉਤਪੰਨ ਕਰ ਸਕਦੀ ਹੈ ਪਰ ਕਵਿਤਾ ਸਿਰਜ ਨਹੀਂ ਸਕਦੀ, ਇਸੇ ਲਈ ਮਸ਼ੀਨੀ ਸਿਮਰਤੀ ਦੇ ਆਧਾਰ ਵਾਲੀ ਕਵਿਤਾ ਰੇਚਕੀ ਜਾਂ ਵਿਰੇਚਨੀ ਨਹੀਂ ਹੁੰਦੀ ਕਿਉਂਕਿ ਉਹ ਉਸ ਤਣਾਅ 'ਚੋਂ ਨਹੀਂ ਨਿਕਲੀ ਹੁੰਦੀ ਜੋ ਕਵੀ ਕਵਿਤਾ ਦੀ ਸਿਰਜਣਾ ਕਰਦਾ ਹੋਇਆ ਆਪਣੇ ਮਨ-ਬੁੱਧੀ ਅਤੇ ਆਤਮਾ 'ਤੇ ਝੱਲ ਰਿਹਾ ਹੁੰਦਾ ਹੈ। ਮਸ਼ੀਨੀ ਸਿਮਰਤੀ ਦੁਆਰਾ ਲਿਖੀ ਕਵਿਤਾ ਦਾ ਮਾਨਸਿਕ ਧਰਵਾਸ ਨਹੀਂ ਹੋਵੇਗਾ ਕਿਉਂਕਿ ਹਰ ਵੇਲੇ ਅਵਿਸ਼ਵਾਸ ਦੀ ਭਾਵਨਾ ਮਨੁੱਖੀ ਮਨ ਨੂੰ ਘੇਰੀ ਰੱਖੇਗੀ ਕਿ ਇਹ ਕਵਿਤਾ ਮਸ਼ੀਨ ਨੇ ਪੈਦਾ ਕੀਤੀ ਹੈ ਮਨੁੱਖੀ ਮਨ ਨੇ ਨਹੀਂ। 'ਨਿਦ-ਉਚਹਨਇ' ਦੇ ਇੰਟਰਫੇਸ ਨੂੰ ਪੜ੍ਹਨ-ਸਮਝਣ, ਜਿਉਣ-ਰਹਿਣ ਵਿਚੋਂ ਹੀ ਮਨੁੱਖੀ ਸਰੋਕਾਰਾਂ, ਸਿਰਜਣਾ ਅਤੇ ਸੰਵਾਦ/ਸੰਚਾਰ ਦੇ ਗਿਆਨ ਰਾਹੀਂ ਮੁਕਤੀ ਦਾ ਪ੍ਰਵਚਨ ਬਣ ਉਭਰੇਗਾ। ਸਾਨੂੰ ਆਪਣੀ ਨੈਤਿਕਤਾ 'ਤੇ ਟੇਕ ਰੱਖਣੀ ਚਾਹੀਦੀ ਹੈ। ਗੁਰਬਾਣੀ 'ਚ ਗੁਰੂ ਗ੍ਰੰਥ ਸਾਹਿਬ ਵਿਚ ਅੰਗ 662 'ਤੇ ਗੁਰੂ ਨਾਨਕ ਦੇਵ ਜੀ ਵੱਲੋਂ ਰਾਗ ਧਨਾਸਰੀ 'ਚ ਕਿਹਾ ਇੱਥੇ ਬੜਾ ਪ੍ਰਸੰਗਿਕ ਪ੍ਰਤੀਤ ਹੁੰਦਾ ਹੈ: ਪੜਿਆ ਬੂਝੈ ਸੋ ਪਰਵਾਣੁ॥ ਜਿਸੁ ਸਿਰਿ ਦਰਗਹ ਕਾ ਨੀਸਾਣੁ॥

# ਪੰਜਾਬ 'ਚ ਪੰਚਾਇਤੀ ਚੋਣਾਂ, ਪੰਚਾਇਤੀ ਢਾਂਚਾ - ਉੱਠਦੇ ਸਵਾਲ

ਪੰਜਾਬ ਵਿਚ ਪੰਚਾਇਤੀ ਚੋਣਾਂ ਨੂੰ ਲੈ ਕੇ ਪੂਰੀ ਗਰਮੋ-ਗਰਮੀ ਅਤੇ ਸਰਗਰਮੀ ਹੈ। ਕਿਹਾ ਜਾ ਰਿਹਾ ਹੈ ਕਿ ਇਹ ਚੋਣਾਂ ਅਸਲ ਅਰਥਾਂ 'ਚ ਲੋਕਤੰਤਰ ਦੀ ਨੁਮਾਇਸ਼ ਹਨ। ਉਪਰੋਂ-ਉਪਰੋਂ ਇਹ ਇੰਵ ਹੀ ਜਾਪਦਾ ਹੈ, ਪਰ ਜਿਸ ਕਿਸਮ ਦਾ ਜਲੂਸ ਇਨ੍ਹਾਂ ਚੋਣਾਂ 'ਚ ਲੋਕਤੰਤਰ ਦਾ ਕੱਢਿਆ ਜਾਂਦਾ ਹੈ, ਉਹ ਵੀ ਆਪਣੇ ਆਪ ਵਿਚ ਇੱਕ ਉਦਾਹਰਣ ਹੈ। ਕੀ ਪੰਚਾਇਤਾਂ ਨੂੰ ਸਰਕਾਰਾਂ ਸੰਜੀਦਗੀ ਨਾਲ ਲੈਂਦੀਆਂ ਹਨ? ਕੀ ਚੁਣੀਆਂ ਹੋਈਆਂ ਪੰਚਾਇਤਾਂ ਦੇ ਅਧਿਕਾਰ ਉਨ੍ਹਾਂ ਪੱਲੇ ਸਿਆਸਤਦਾਨਾਂ, ਅਫ਼ਸਰਸ਼ਾਹੀ ਨੇ ਰਹਿਣ ਦਿੱਤੇ ਹਨ? ਕੀ ਪੰਚਾਇਤਾਂ ਨੂੰ ਪੰਗੂ ਨਹੀਂ ਬਣਾ ਦਿੱਤਾ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਗਿਆ? ਕੀ ਪਿੰਡਾਂ ਦੇ ਮੋਹਤਬਰਾਂ ਨੇ ਪੰਚਾਇਤਾਂ ਹਥਿਆ ਨਹੀਂ ਲਈਆਂ ਹੋਈਆਂ? ਸਵਾਲ ਇਹ ਵੀ ਉੱਠਦਾ ਹੈ ਕਿ ਪੰਚੀ, ਸਰਪੰਚੀ ਧੜੇਬੰਦੀ ਅਤੇ ਧੌਂਸ ਤੋਂ ਬਿਨਾਂ ਕਿਸ ਕੰਮ ਆਉਂਦੀ ਹੈ? ਕੀ ਸਰਕਾਰਾਂ ਪੰਚਾਇਤਾਂ ਨੂੰ ਸਥਾਨਕ ਸਰਕਾਰਾਂ ਦਾ ਦਰਜਾ ਦਿੰਦੀਆਂ ਹਨ, ਜਿਸ ਦੇ ਅਧਿਕਾਰ ਉਨ੍ਹਾਂ ਨੂੰ ਸੰਵਿਧਾਨ ਦੀ 73ਵੀਂ ਸੋਧ ਅਧੀਨ 1992 'ਚ ਪਾਰਲੀਮੈਂਟ 'ਚ ਇੱਕ ਕਾਨੂੰਨ ਪਾਸ ਕਰ ਕੇ ਮਿਲੇ ਸਨ?

ਬਾਵਜੂਦ ਇਨ੍ਹਾਂ ਉੱਠਦੇ ਸਵਾਲਾਂ ਦੇ ਵਿਚਕਾਰ ਪਿੰਡਾਂ ਦੇ ਲੋਕਾਂ ਦੀ ਉਡੀਕ ਮੁੱਕੀ ਹੈ। ਪੰਜਾਬ 'ਚ ਪੰਚਾਇਤੀ ਚੋਣਾਂ 15 ਅਕਤੂਬਰ ਨੂੰ ਹੋਣ ਜਾ ਰਹੀਆਂ ਹਨ। ਪੰਜਾਬ ਦੀਆਂ 13241 ਪੰਚਾਇਤਾਂ ਦੀ ਚੋਣ ਪਿੰਡਾਂ ਦੇ ਲੋਕ ਕਰਨਗੇ। ਸਰਪੰਚਾਂ, ਪੰਚਾਂ ਨੂੰ ਚੋਣ ਨਿਸ਼ਾਨ ਅਲਾਟ ਹੋ ਗਏ ਹਨ। ਧੜਿਆਂ, ਗਰੁੱਪਾਂ 'ਚ ਵੰਡੇ ਸਰਪੰਚਾਂ-ਪੰਚਾਂ 'ਚ ਖਲਬਲੀ ਮਚੀ ਹੋਈ ਹੈ। ਆਪਸੀ ਸ਼ੰਕਾ, ਨਫ਼ਰਤੀ ਵਰਤਾਰਾ ਇਸ ਵੇਲੇ ਸਿਖਰਾਂ 'ਤੇ ਪਿੰਡਾਂ 'ਚ ਵੇਖਣ ਨੂੰ ਮਿਲ ਰਿਹਾ ਹੈ। ਲੋਕ ਸਭਾ, ਵਿਧਾਨ ਸਭਾ ਦੀਆਂ ਚੋਣਾਂ ਵਾਂਗਰ ਸਿਆਸੀ ਧੜਿਆਂ, ਗਰੁੱਪਾਂ ਵੱਲੋਂ ਲੋਕਾਂ ਨੂੰ ਲੁਭਾਉਣ, ਡਰਾਉਣ, ਧਮਕਾਉਣ ਦੇ ਯਤਨ ਆਰੰਭ ਹੋ ਗਏ ਹਨ। ਕੁਝ ਥਾਵਾਂ ਉੱਤੇ ਪੈਸਿਆਂ ਦੇ ਜ਼ੋਰ ਨਾਲ ਸਰਪੰਚੀ ਬੋਲੀ ਲਾ ਕੇ ਖਰੀਦਣ ਦੀਆਂ ਖ਼ਬਰਾਂ ਹਨ। ਪਰ ਕੁਝ ਥਾਵਾਂ ਉੱਤੇ ਸਰਬ-ਸੰਮਤੀ ਨਾਲ ਚੰਗੇ ਪਿਛੋਕੜ ਵਾਲੇ ਪਿੰਡ ਹਿਤੈਸ਼ੀ ਲੋਕ ਅੱਗੇ ਆ ਰਹੇ ਹਨ।

ਇਹ ਮੰਨਦਿਆਂ ਕਿ ਉਨ੍ਹਾਂ ਦਾ ਅਧਾਰ ਪਿੰਡਾਂ 'ਚ ਹੈ, ਸਿਆਸੀ ਪਾਰਟੀਆਂ ਦੇ ਆਗੂ ਸਿੱਧੇ, ਅਸਿੱਧੇ ਤੌਰ 'ਤੇ ਸਰਗਰਮ ਹਨ ਅਤੇ ਆਪਣੇ ਹਮਾਇਤੀਆਂ ਨੂੰ ਸਰਪੰਚੀ, ਪੰਚੀ ਦੀਆਂ ਚੋਣਾਂ ਲੜਾ ਰਹੇ ਹਨ। ਭਾਵੇਂ ਕਿ ਇੱਕ ਕਾਨੂੰਨ ਪਾਸ ਕਰ ਕੇ ਮੌਜੂਦਾ ਸਰਕਾਰ ਨੇ ਪੰਚਾਇਤੀ ਚੋਣਾਂ ਸਿਆਸੀ ਚੋਣ ਨਿਸ਼ਾਨ 'ਤੇ ਨਾ ਲੜਨ ਦਾ ਕਾਨੂੰਨ ਪਾਸ ਕੀਤਾ ਹੈ, ਪਰ ਇਹ ਖੁੱਲ੍ਹ ਦਿੱਤੀ ਹੈ ਕਿ ਉਮੀਦਵਾਰ ਆਪੋ-ਆਪਣੀ ਸਿਆਸੀ ਪਾਰਟੀ ਦੇ ਨੇਤਾ ਦੀ ਫੋਟੋ ਆਪਣੀ ਚੋਣ ਸਮੱਗਰੀ ਵਿਚ ਪ੍ਰਕਾਸ਼ਤ ਕਰ ਸਕਦਾ ਹੈ। ਅਸਲ ਵਿਚ ਵਿੰਗੇ ਢੰਗ ਨਾਲ ਇਹ ਪਿੰਡ ਪੰਚਾਇਤਾਂ 'ਚ ਆਪਣਾ ਸਿਆਸੀ ਅਧਾਰ ਵਿਖਾਉਣ ਜਾਂ ਵਧਾਉਣ ਦਾ ਯਤਨ ਹੈ।

ਸੰਵਿਧਾਨ ਦੀ 73ਵੀਂ ਤੇ 74ਵੀਂ ਸੋਧ ਅਨੁਸਾਰ ਪੰਚਾਇਤਾਂ ਨੂੰ ਸਥਾਨਕ ਸਰਕਾਰ ਦਾ ਦਰਜਾ ਮਿਲਿਆ ਹੋਇਆ ਹੈ। ਇਸ ਦਾ ਮੰਤਵ ਭਾਰਤ ਵਿਚ ਲੋਕਤੰਤਰ ਦੀ ਸਫ਼ਲਤਾ ਲਈ ਲੋਕਾਂ ਵਿਚ ਜਾਗ੍ਰਿਤੀ ਲਿਆਉਣਾ ਸੀ। ਸਥਾਨਕ ਸ਼ਾਸਨ ਨੂੰ ਇਸੇ ਕਰਕੇ ਸੰਵਿਧਾਨਕ ਮਾਨਤਾ ਦਿੱਤੀ ਗਈ ਅਤੇ ਉਨ੍ਹਾਂ ਨੂੰ ਹੋਰ ਜ਼ਿਆਦਾ ਪ੍ਰਸ਼ਾਸਨਿਕ ਅਤੇ ਵਿੱਤੀ ਜ਼ਿੰਮੇਵਾਰੀ ਸੌਂਪੀ ਗਈ। ਇਸ ਪਿੱਛੇ ਸੋਚ ਇਹ ਸੀ ਕਿ ਭਾਰਤ ਦਾ ਲੋਕਤੰਤਰੀ ਢਾਂਚਾ ਸਥਾਈ ਬਣਿਆ ਰਹੇ। ਲੋਕਾਂ ਨੂੰ ਸਥਾਨਕ ਸਮੱਸਿਆਵਾਂ ਦੇ ਹੱਲ ਕਰਨ ਅਤੇ ਦੇਸ਼ ਦੇ ਸਮਾਜਿਕ ਤੇ ਆਰਥਿਕ ਵਿਕਾਸ ਅਤੇ ਕਲਿਆਣਕਾਰੀ ਰਾਜ ਦੀ ਸਥਾਪਨਾ ਕਰਨ ਦਾ ਸਥਾਨਕ ਸ਼ਾਸਨ ਰਾਹੀਂ ਮੌਕਾ ਮਿਲੇ। ਇਹ ਸਮਝਦਿਆਂ ਕਿ ਇਹ ਪੰਚਾਇਤੀ ਜਾਂ ਸ਼ਹਿਰੀ ਸੰਸਥਾਵਾਂ ਲੋਕਾਂ ਦੇ ਬਹੁਤ ਨੇੜੇ ਹੁੰਦੀਆਂ ਹਨ, ਇਨ੍ਹਾਂ ਨੂੰ ਸਥਾਨਕ ਲੋੜਾਂ ਨਾਲ ਅਤੇ ਵਿਕਾਸ ਕਾਰਜਾਂ ਨਾਲ ਜੋੜਿਆ ਜਾਵੇ। ਭਾਵੇਂ ਕਿ ਇਹ ਮੰਨਿਆ ਗਿਆ ਕਿ ਇਹ ਸੰਸਥਾਵਾਂ ਕਾਨੂੰਨ ਘਾੜਨੀ ਸੰਸਥਾਵਾਂ ਨਹੀਂ ਹਨ।

ਪੰਚਾਇਤੀ ਰਾਜ ਸੰਸਥਾਵਾਂ ਕਿਉਂਕਿ ਭਾਰਤ ਵਿਚ ਲੰਮੇ ਸਮੇਂ ਤੋਂ ਕੰਮ ਕਰ ਰਹੀਆਂ ਸਨ। ਕਿਸੇ ਸਮੇਂ ਸਥਾਨਕ ਪੰਚਾਇਤਾਂ ਕੋਲ ਕਾਨੂੰਨੀ ਅਧਿਕਾਰ ਵੀ ਸਨ। ਪਰ ਸੰਵਿਧਾਨਕ ਸੋਧ ਅਨੁਸਾਰ ਪੰਚਾਇਤੀ ਸੰਸਥਾਵਾਂ ਨੂੰ ਚਾਰ ਹਿੱਸਿਆਂ 'ਚ ਵੰਡਿਆ ਗਿਆ। ਮੁੱਢਲੀ ਇਕਾਈ ਗ੍ਰਾਮ ਸਭਾ ਮਿੱਥੀ ਗਈ। ਜਿਸ ਵਿਚ ਪਿੰਡ ਦੇ ਸਾਰੇ ਵੋਟਰ ਮੈਂਬਰ ਮਿੱਥੇ ਗਏ। ਇਸੇ ਗ੍ਰਾਮ ਸਭਾ ਨੇ ਗ੍ਰਾਮ ਪੰਚਾਇਤ ਦੀ ਚੋਣ ਕਰਨੀ ਹੈ। ਇਸੇ ਗ੍ਰਾਮ ਸਭਾ ਨੇ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦਾਂ ਦੀ ਚੋਣ ਕਰਨੀ ਹੈ। ਗ੍ਰਾਮ ਸਭਾ ਨੂੰ ਪੰਚਾਇਤ ਖੇਤਰ ਦੇ ਵਿਕਾਸ ਲਈ ਸਾਲਾਨਾ ਯੋਜਨਾਵਾਂ ਬਣਾਉਣ, ਬਜਟ ਤਿਆਰ ਕਰਨ, ਜਨਤਕ ਜਾਇਦਾਦਾਂ ਤੋਂ ਨਾਜਾਇਜ਼ ਕਬਜ਼ੇ ਹਟਾਉਣ ਅਤੇ ਸਮਾਜ ਦੇ ਸਾਰੇ ਤਬਕਿਆਂ ਵਿਚ ਏਕਤਾ ਅਤੇ ਸਦਭਾਵਨਾ ਨੂੰ ਬੜਾਵਾ ਦੇਣਾ ਮਿਥਿਆ ਗਿਆ। ਗ੍ਰਾਮ ਸਭਾ ਦੀਆਂ ਹਾੜੀ ਤੇ ਸਾਉਣੀ ਦੋ ਸਭਾਵਾਂ ਮਿੱਥੀਆਂ ਗਈਆਂ। ਪੰਚਾਇਤਾਂ ਨੂੰ ਪਿੰਡਾਂ ਦੇ ਵਿਕਾਸ ਦੇ ਮੁੱਖ ਕੰਮ ਤੋਂ ਬਿਨਾਂ ਕੁਝ ਦੀਵਾਨੀ, ਮਾਲੀਆ ਅਤੇ ਨਿਆਂਇਕ ਅਧਿਕਾਰ ਵੀ ਮਿਲੇ। ਬਲਾਕ ਸੰਮਤੀਆਂ ਬਲਾਕ ਲਈ ਅਤੇ ਜ਼ਿਲ੍ਹਾ ਪਰਿਸ਼ਦਾਂ ਜ਼ਿਲ੍ਹੇ ਦੇ ਵਿਕਾਸ ਲਈ ਜ਼ਿੰਮੇਵਾਰ ਮਿੱਥੀਆਂ ਗਈਆਂ।

ਪਰ ਅਫ਼ਸੋਸ ਦੀ ਗੱਲ ਹੈ ਕਿ ਪੰਚਾਇਤਾਂ ਨੂੰ ਮਿਲੇ ਹੱਕ, ਸਿਆਸਤਦਾਨਾਂ, ਹਾਕਮਾਂ ਨੇ ਤਹਿਸ-ਨਹਿਸ ਕਰ ਦਿੱਤੇ। 73ਵੀਂ ਸੰਵਿਧਾਨਕ ਸੋਧ ਦੀਆਂ ਧੱਜੀਆਂ ਉਡਾਉਂਦਿਆਂ ਮੌਜੂਦਾ ਸਰਕਾਰ ਨੇ ਪੰਜ ਸਾਲ ਦੀ ਮਿਆਦ ਤੋਂ ਪਹਿਲਾਂ ਹੀ ਪੰਚਾਇਤਾਂ ਭੰਗ ਕਰ ਦਿੱਤੀਆਂ ਅਤੇ ਬਾਅਦ 'ਚ ਦਸੰਬਰ 23 ਜਾਂ ਜਨਵਰੀ 2024 'ਚ ਪੰਜ ਸਾਲਾ ਮਿਆਦ ਖ਼ਤਮ ਹੋਣ ਤੋਂ ਲਗਭਗ 10 ਮਹੀਨੇ ਬਾਅਦ ਮਸਾਂ ਚੋਣਾਂ ਕਰਵਾਈਆਂ। ਕੀ ਇਹ ਪੰਚਾਇਤਾਂ ਅਤੇ ਪਿੰਡ ਦੇ ਲੋਕਾਂ ਨਾਲ ਮਜ਼ਾਕ ਨਹੀਂ ਸੀ?

ਇਹੋ-ਜਿਹੀ ਕਾਰਵਾਈ ਸਿਰਫ਼ ਮੌਜੂਦਾ ਸਰਕਾਰ ਨੇ ਹੀ ਨਹੀਂ ਕੀਤੀ, ਸਗੋਂ ਅਕਾਲੀ, ਕਾਂਗਰਸ ਸਰਕਾਰਾਂ ਵੱਲੋਂ ਵੀ ਪੰਚਾਇਤੀ ਚੋਣਾਂ ਨੂੰ ਲੈ ਕੇ ਲਾਪਰਵਾਹੀ, ਬੇਪਰਵਾਹੀ ਵਰਤੀ ਜਾਂਦੀ ਰਹੀ ਅਤੇ ਪੰਚਾਇਤਾਂ ਦੇ ਅਧਿਕਾਰ ਅਫ਼ਸਰਸ਼ਾਹੀ, ਬਾਬੂਸ਼ਾਹੀ ਰਾਹੀਂ ਹਥਿਆਏ ਜਾਂਦੇ ਰਹੇ।

ਇਹ ਰੁਝਾਨ ਹੁਣ ਵੀ ਲਗਾਤਾਰ ਵਧਿਆ ਹੈ। ਪਿਛਲੇ 10 ਮਹੀਨੇ ਪੰਚਾਇਤਾਂ ਦੇ ਪ੍ਰਬੰਧਕ ਲਗਾ ਕੇ ਸਥਾਨਕ ਸਰਕਾਰਾਂ ਦਾ ਸਾਰਾ ਕੰਮ-ਕਾਜ ਠੱਪ ਕਰ ਦਿੱਤਾ ਗਿਆ। ਵਿਕਾਸ ਕਾਰਜ ਰੁਕ ਗਏ, ਲੋਕ ਆਪਣੇ ਲਈ ਮਿਲੇ ਛੋਟੇ-ਮੋਟੇ ਹੱਕਾਂ ਤੋਂ ਵੀ ਵਿਰਵੇ ਹੋ ਗਏ, ਕਿਉਂਕਿ ਪੰਚਾਇਤ ਪ੍ਰਬੰਧਕਾਂ ਵੱਲੋਂ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਕੋਈ ਹੱਲ ਨਾ ਲੱਭਿਆ ਗਿਆ। ਇਨ੍ਹਾਂ ਦਸ ਮਹੀਨਿਆਂ 'ਚ ਪਿੰਡਾਂ 'ਚ ਸਫ਼ਾਈ ਦਾ ਕੰਮ ਠੱਪ ਹੋਇਆ, ਪਿੰਡਾਂ 'ਚ ਕੰਮ ਕਰਦੇ ਪਾਰਟ ਟਾਈਮ ਸਫ਼ਾਈ ਕਾਮਿਆਂ ਨੂੰ ਤਨਖਾਹਾਂ ਨਾ ਮਿਲੀਆਂ, ਮਗਨਰੇਗਾ ਦੇ ਕਾਮੇ ਕੰਮ ਤੋਂ ਵਾਂਝੇ ਹੋ ਗਏ। ਉਪਰੋਂ ਹੁਣ ਜਦੋਂ ਪੰਚਾਇਤੀ ਚੋਣਾਂ ਕਦੋਂ ਹੋਣਗੀਆਂ, ਬਾਰੇ ਅਨਿਸ਼ਚਿਤਤਾ ਬਣੀ ਹੋਈ ਸੀ, ਇੱਕ ਸਸਪੈਂਸ ਬਣਿਆ ਹੋਇਆ ਸੀ, ਅਚਾਨਕ ਚੋਣਾਂ ਦਾ ਐਲਾਨ ਝੋਨੇ ਦੇ ਸੀਜ਼ਨ 'ਚ ਕਰ ਦਿੱਤਾ ਗਿਆ। ਪਿੰਡਾਂ 'ਚ ਜਿਵੇਂ ਤਹਿਲਕਾ ਮਚ ਗਿਆ।

ਕਾਗਜ਼ ਭਰਨ ਲਈ ਪੰਚੀ, ਸਰਪੰਚੀ ਉਮੀਦਵਾਰ ਸ਼ਹਿਰਾਂ ਵੱਲ ਦੌੜੇ। ਕੋਈ ਇਤਰਾਜ਼ ਨਹੀਂ ਸਰਟੀਫਿਕੇਟ, ਚੁੱਲ੍ਹਾ ਟੈਕਸ, ਬੈਂਕਾਂ ਦੇ ਬੈਲੇਂਸ, ਹਲਫੀਆ ਬਿਆਨ ਦੇਣ-ਲੈਣ ਦੀ ਹੋੜ ਲੱਗ ਗਈ। ਇੰਨੇ ਗੁੰਝਲਦਾਰ ਢੰਗ-ਤਰੀਕੇ ਨੇ ਪੇਂਡੂਆਂ ਨੂੰ ਪਰੇਸ਼ਾਨ ਕਰ ਦਿੱਤਾ। ਕਚਹਿਰੀਆਂ 'ਚ ਭੀੜਾਂ ਲੱਗੀਆਂ। ਲੋੜੋਂ ਵੱਧ ਐਫੀਡੈਵਿਟ ਬਣਾਉਣ, ਅਟੈਸਟ ਕਰਾਉਣ 'ਤੇ ਮੂੰਹੋਂ ਮੰਗੀਆਂ ਫੀਸਾਂ ਲੱਗੀਆਂ। ਉਮੀਦਵਾਰਾਂ ਦੇ ਪੂਰੇ ਪੰਜਾਬ ਵਿਚ ਕਰੋੜਾਂ ਰੁਪਏ ਇਨ੍ਹਾਂ ਕਾਗਜ਼ਾਂ ਨੂੰ ਤਿਆਰ ਕਰਨ ਅਤੇ ਭਰਨ ਉੱਤੇ ਲੱਗੇ।

ਭਲਾ ਦੱਸੋ, ਕੋਈ ਸਧਾਰਨ ਬੰਦਾ, ਜਿਹੜਾ ਪੰਚੀ ਦੀ ਚੋਣ ਲੜਨ ਦਾ ਚਾਹਵਾਨ ਸੀ, ਇਸ ਖਰਚ ਦੀ ਝਾਲ ਝੱਲ ਸਕਿਆ ਹੋਏਗਾ? ਵੋਟਰ ਲਿਸਟਾਂ ਦੇ ਪੈਸੇ, ਟਾਈਪਿੰਗ ਦੇ ਪੈਸੇ ਅਤੇ ਆਉਣ-ਜਾਣ ਦੇ ਖਰਚੇ।

ਕਦੇ ਸਮਾਂ ਸੀ ਪੰਚਾਇਤਾਂ ਦੀਆਂ ਵੋਟਾਂ ਲਈ ਪੋਲਿੰਗ ਪਾਰਟੀਆਂ ਇੱਕ ਦਿਨ ਪਹਿਲਾਂ ਆਉਂਦੀਆਂ, ਕਾਗਜ਼ ਭਰੇ ਜਾਂਦੇ, ਕਾਗਜ਼ਾਂ ਦੀ ਪੜਤਾਲ ਹੁੰਦੀ, ਚੋਣ ਨਿਸ਼ਾਨ ਅਲਾਟ ਹੁੰਦੇ ਤੇ ਫਿਰ ਦੂਜੇ ਦਿਨ ਚੋਣ ਹੁੰਦੀ। ਜਿਸ ਵੀ ਬੰਦੇ ਨੇ ਕਾਗਜ਼ ਭਰਨੇ ਹੁੰਦੇ, ਤਜਵੀਜ਼ ਅਤੇ ਤਾਈਦ ਕਰਨ ਵਾਲੇ ਦੀ ਉਸਨੂੰ ਲੋੜ ਹੁੰਦੀ ਤੇ ਚੋਣ ਲੜੀ ਜਾਂਦੀ। ਪਰ ਇਹ ਖਰਚੀਲਾ ਢਾਂਚਾ ਕਿਸ ਲੋਕਤੰਤਰ ਦੀ ਗੱਲ ਕਰਦਾ ਹੈ? ਚੋਣਾਂ ਦੀ ਨਾਮਜ਼ਦਗੀ ਦੇ ਅੰਤਿਮ ਦਿਨ 4 ਅਕਤੂਬਰ 2024 ਨੂੰ ਚੋਣ ਲੜਨ ਵਾਲਿਆਂ ਦੀ ਭੀੜ ਆਪਣੇ ਸਮਰਥਕਾਂ ਸਮੇਤ ਸ਼ਹਿਰਾਂ 'ਚ ਅਫ਼ਸਰਾਂ ਦੇ ਦਫ਼ਤਰੀ ਢੁਕੀ ਵੇਖੀ।

ਬਿਨਾਂ ਸ਼ੱਕ ਪੰਚੀ-ਸਰਪੰਚੀ ਦੀਆਂ ਇਨ੍ਹਾਂ ਚੋਣਾਂ 'ਚ ਪੋਲਿੰਗ ਵੱਧ ਤੋਂ ਵੱਧ ਹੋਏਗੀ। ਵੋਟਰ ਸਪੋਰਟਰ ਇਕੱਠੇ ਹੋਣਗੇ। ਧੜੇਬੰਦੀ ਵਧੇਗੀ। ਵੈਰ ਵਧੇਗਾ। ਇੱਕ ਦੂਜੇ ਪ੍ਰਤੀ ਮਨ-ਮੁਟਾਅ ਹੋਏਗਾ। ਚੋਣਾਂ 'ਚ ਝਗੜੇ ਵੀ ਹੋਣਗੇ, ਜਿਵੇਂ ਨਾਮਜ਼ਦਗੀ ਭਰਨ ਵੇਲੇ ਹੋਏ ਸਨ। ਪਰ ਕੀ ਇਹ ਚੋਣਾਂ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨਗੀਆਂ? ਕੀ ਲੋਕ ਇਹ ਜਾਣ ਸਕਣਗੇ ਕਿ ਉਨ੍ਹਾਂ ਵੱਲੋਂ ਚੁਣੀ ਪੰਚਾਇਤ ਆਖ਼ਰ ਕਰਦੀ ਕੀ ਹੈ? ਕਿ ਉਨ੍ਹਾਂ ਵੱਲੋਂ ਚੁਣੀ ਪੰਚਾਇਤ ਨੂੰ ਨੇਤਾ ਲੋਕ ਕਿਸੇ ਬਾਗ਼ ਦੀ ਮੂਲੀ ਸਮਝਦੇ ਵੀ ਹਨ?

ਪਿੰਡ ਦੀ ਤਾਮੀਰ ਤੇ ਤਾਸੀਰ ਸਦਾ ਮਿੱਠੀ ਰਹੀ ਹੈ। ਆਪਸੀ ਭਾਈਚਾਰਾ ਡੂੰਘਾ ਰਿਹਾ ਹੈ। ਸੱਥਾਂ 'ਚ ਪੰਚਾਇਤਾਂ ਉਹ ਫ਼ੈਸਲੇ ਨਿਬੇੜਦੀਆਂ ਰਹੀਆਂ ਹਨ, ਜਿਹੜੇ ਅਦਾਲਤਾਂ 'ਚ ਹੱਲ ਨਹੀਂ ਸਨ ਹੁੰਦੇ। ਪੰਚਾਇਤਾਂ ਆਮ ਲੋਕਾਂ ਦੇ ਭਲੇ ਲਈ ਪਾਬੰਦ ਸਨ। ਉਹ ਵਿਰਵੇ ਜਾਂ ਥੋੜ੍ਹੇ ਸਾਧਨਾਂ ਵਾਲੇ ਲੋਕਾਂ ਦੇ ਹੱਕ 'ਚ ਖੜ੍ਹਨ ਵਾਲੀਆਂ ਰਹਿੰਦੀਆਂ ਸਨ। ਪਰ ਕੀ ਹੁਣ ਇਹ ਪੰਚਾਇਤਾਂ ਉਹ ਪੰਚਾਇਤਾਂ ਰਹੀਆਂ ਹਨ ਜਾਂ ਨੇਤਾਵਾਂ ਦੀ ਭੇਟ ਚੜ੍ਹ ਗਈਆਂ ਹਨ?

ਪਿੰਡਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਰਕਾਰੀ ਗ੍ਰਾਂਟਾਂ ਦੀ ਕਾਣੀ ਵੰਡ ਅਤੇ ਹਲਕਾ ਇੰਚਾਰਜਾਂ ਜਾਂ ਵਿਧਾਇਕਾਂ ਵੱਲੋਂ ਆਪਣੇ ਖ਼ਾਸ ਕਾਰਕੁਨਾਂ ਰਾਹੀਂ ਚੁਣੀਆਂ ਪੰਚਾਇਤਾਂ ਦੇ ਕੰਮਾਂ 'ਚ ਦਖ਼ਲ ਨੇ, ਚੰਗੇ ਪੰਚਾਇਤੀ ਪ੍ਰਬੰਧਨ ਦਾ ਲੱਕ ਤੋੜ ਦਿੱਤਾ। ਪਿੰਡ ਦੇ ਲੋਕਾਂ ਨੂੰ ਥਾਣੇ-ਕਚਹਿਰੀਆਂ ਦੇ ਚੱਕਰ 'ਚ ਪਾ ਕੇ ਪਿੰਡਾਂ ਦਾ ਭਾਈਚਾਰਾ ਨਸ਼ਟ ਕਰਨ ਦਾ ਯਤਨ ਵੀ ਸਿਆਸੀ ਲੋਕਾਂ ਦਾ ਆਪਣੇ ਹਿੱਤ ਪੂਰਨ ਲਈ ਵੱਡਾ ਕਾਰਾ ਹੈ।

ਅੱਜ ਵੀ ਕਈ ਵੱਡੇ ਮੋਹਤਬਰਾਂ ਵੱਲੋਂ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਹਨ। ਅੱਜ ਵੀ ਪਿੰਡ ਪੰਚਾਇਤਾਂ ਦੀ ਵਾਹੀ ਯੋਗ ਜ਼ਮੀਨ ਮਾਲੀਏ ਉੱਤੇ ਦਿੱਤੀ ਜਾਂਦੀ ਹੈ ਤਾਂ ਤਕੜਿਆਂ ਦਾ ਸੱਤੀ ਵੀਹੀਂ ਸੌ ਰਹਿੰਦਾ ਹੈ, ਜੋ ਤਕੜੀ ਬੋਲੀ ਲਾ ਕੇ ਵਰ੍ਹਿਆਂ ਤੋਂ ਜ਼ਮੀਨ ਹਥਿਆਈ ਬੈਠੇ ਹਨ। ਪਿੰਡਾਂ ਦੇ ਉਨ੍ਹਾਂ ਸਰਪੰਚਾਂ ਦੀ ਸਰਕਾਰੇ-ਦਰਬਾਰੇ ਕਦਰ ਨਹੀਂ ਰਹਿੰਦੀ, ਜਦੋਂ ਉਨ੍ਹਾਂ ਨੂੰ ਬਲਾਕ ਵਿਕਾਸ ਦਫ਼ਤਰਾਂ ਦੇ ਚੱਕਰ ਆਪਣੇ ਪਿੰਡ ਦੇ ਵਿਕਾਸ ਕਾਰਜ ਕਰਵਾਉਣ ਲਈ ਪੰਚਾਇਤ ਸਕੱਤਰਾਂ ਕੋਲ ਲਾਉਣੇ ਪੈਂਦੇ ਹਨ, ਜਿਹੜੇ ਬਹੁਤੀ ਵੇਰ ਸਰਪੰਚਾਂ ਦੀ ਪਰਵਾਹ ਨਹੀਂ ਕਰਦੇ।

ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਸਰਪੰਚਾਂ ਜਾਂ ਪੰਚਾਇਤਾਂ ਨੂੰ ਆਪਣੇ ਪਿੰਡ ਦੀ ਆਮਦਨ ਆਪ ਖਰਚਣ ਦਾ ਅਧਿਕਾਰ ਨਹੀਂ, ਉਹ ਵੀ ਸਕੱਤਰ, ਬਲਾਕ ਪੰਚਾਇਤ ਅਫ਼ਸਰਾਂ ਦੀ ਮਨਜ਼ੂਰੀ ਅਤੇ ਦਸਤਖ਼ਤਾਂ ਬਿਨਾਂ ਖਰਚੀ ਨਹੀਂ ਜਾ ਸਕਦੀ, ਤਾਂ ਫਿਰ ਇਹੋ-ਜਿਹੀਆਂ ਪੰਚਾਇਤਾਂ, ਜਿਨ੍ਹਾਂ ਨੂੰ ਭਾਰਤੀ ਲੋਕਤੰਤਰ ਦਾ ਅਸੀਂ ਥੰਮ੍ਹ ਗਰਦਾਨਦੇ ਹਾਂ, ਉੱਪਰ ਉਸ ਦੀ ਅਸਲ ਸਥਿਤੀ ਵੇਖ ਕੇ ਕਈ ਸਵਾਲ ਜਾਂ ਸ਼ੰਕੇ ਤਾਂ ਖੜ੍ਹੇ ਹੋਣਗੇ ਹੀ।

ਪਿਛਲੇ ਦਿਨੀਂ ਪਿੰਡਾਂ ਦੇ ਲੋਕਾਂ ਨੂੰ ਪੰਚਾਇਤਾਂ ਦੇ ਹੱਕਾਂ, ਗ੍ਰਾਮ ਸਭਾ ਆਦਿ ਬਾਰੇ ਜਾਗਰੂਕ ਕਰਨ ਦਾ ਇੱਕ "ਪੰਜਾਬ ਬਚਾਓ ਕਾਫ਼ਲਾ" ਪਿੰਡਾਂ 'ਚ ਘੁੰਮ ਰਿਹਾ ਹੈ। ਉਸ ਵੱਲੋਂ ਅਸਲ ਵਿਚ ਸਰਬ-ਸੰਮਤ ਪੰਚਾਇਤਾਂ ਦੀ ਚੋਣ ਦਾ ਸੱਦਾ ਵੀ ਦਿੱਤਾ ਜਾ ਰਿਹਾ ਹੈ। ਮੌਜੂਦਾ ਸਰਕਾਰ ਵੀ ਸਰਬ-ਸੰਮਤੀ ਦੀ ਗੱਲ ਕਰਦੀ ਹੈ। ਪਰ ਵੇਖਣਾ ਇਹ ਹੋਵੇਗਾ ਕਿ ਅਸੀਂ ਪਿੰਡ ਦੀ ਰੂਹ "ਭਾਈਚਾਰੇ" ਤੋਂ ਬੇਮੁਖ ਤਾਂ ਨਹੀਂ ਹੋ ਗਏ? ਕੀ ਅਸੀਂ ਆਪਣੇ ਪਿੰਡ ਨਾਲ ਗ਼ੱਦਾਰੀ ਤਾਂ ਨਹੀਂ ਕਰ ਰਹੇ? ਉਂਵ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੈ, ਬਾਵਜੂਦ ਉੱਠ ਰਹੇ ਵੱਡੇ ਸਵਾਲਾਂ ਦੇ ਪਿੰਡ ਅੱਜ ਵੀ ਜਿਊਂਦਾ ਹੈ ਅਤੇ ਜਿਊਂਦਾ ਵੀ ਰਹੇਗਾ!

# ਰੱਬ ਦਾ ਵਾਸਤਾ, ਇੱਕ ਵਾਰ ਬਣਾ ਦਿਓ ਸਰਪੰਚ!

ਪੰਜਾਬ ਵਿਚ ਇਸ ਵਾਰ ਦੀਆਂ ਪੰਚਾਇਤੀ ਚੋਣਾਂ 15 ਅਕਤੂਬਰ ਨੂੰ ਹੋਣੀਆਂ ਹਨ ਜਿਸ ਕਾਰਨ ਸਾਰੇ ਪਾਸੇ ਮਾਰੋ-ਮਾਰ ਮੱਚੀ ਹੋਈ ਹੈ। ਸਿਆਸੀ ਪਾਰਟੀਆਂ ਦੇ ਵਰਕਰਾਂ ਵਿਚ ਜੰਮ ਕੇ ਲੜਾਈਆਂ ਹੋ ਰਹੀਆਂ ਹਨ ਤੇ ਹੁਣ ਤੱਕ ਤਿੰਨ-ਚਾਰ ਕਤਲ ਵੀ ਹੋ ਚੁੱਕੇ ਹਨ। ਕੁਝ ਦਿਨ ਪਹਿਲਾਂ ਹੀ ਅਜਿਹੀ ਇੱਕ ਲੜਾਈ ਵਿਚ ਜ਼ੀਰੇ ਦਾ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਜ਼ਖ਼ਮੀ ਹੋ ਗਿਆ ਹੈ। ਇਸ ਤੋਂ ਇਲਾਵਾ ਚੋਣਾਂ ਸਬੰਧੀ ਕਿਸੇ ਮੁੱਦੇ 'ਤੇ ਗੁਰਦਾਸਪੁਰ ਕਾਂਗਰਸ ਦੇ ਕੁਝ ਲੀਡਰਾਂ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਫੋਨ: 95011-00062

ਦਾ ਉਥੋਂ ਦੇ ਡਿਪਟੀ ਕਮਿਸ਼ਨਰ ਨਾਲ ਬੋਲ-ਬੁਲਾਰਾ ਵੀ ਹੋ ਚੁੱਕਾ ਹੈ। ਆਗਾਜ਼ ਐਸਾ ਹੈ ਤੋ ਅੰਜਾਮ ਕਿਆ ਹੋਗਾ, ਸ਼ੇਅਰ ਦੇ ਮੁਤਾਬਕ ਅਜੇ ਤਾਂ ਸਿਰਫ ਕਾਗਜ਼ਾਤ ਦਾਖ਼ਲ ਕੀਤੇ ਜਾ ਰਹੇ ਹਨ। ਬਣ ਰਹੇ ਮਾਹੌਲ ਤੋਂ ਲੱਗਦਾ ਹੈ ਕਿ ਜਿਉਂ-ਜਿਉਂ ਸਮਾਂ ਬੀਤਦਾ ਜਾਵੇਗਾ, ਲੜਾਈ ਝਗੜੇ ਹੋਰ ਵਧ ਜਾਣਗੇ। ਅਖ਼ਬਾਰਾਂ ਵਿਚ ਇਸ ਸਬੰਧੀ ਕਈ ਦਿਲਚਸਪ ਖ਼ਬਰਾਂ ਪੜ੍ਹਨ ਨੂੰ ਮਿਲ ਰਹੀਆਂ ਹਨ। ਸਰਪੰਚੀ ਵੋਟਾਂ ਰਾਹੀਂ ਜਿੱਤਣ ਦੀ ਬਜਾਏ ਬੋਲੀ ਲਗਾਈ ਜਾ ਰਹੀ ਹੈ। 50-60 ਲੱਖ ਨੂੰ ਹੁਣ ਕੌਣ ਗੌਲਦਾ, ਬਟਾਲਾ ਨੇੜਲੇ ਇੱਕ ਪਿੰਡ ਵਿਚ ਦੋ ਕਰੋੜ ਦੇਣ ਦੀ ਗੱਲ ਸਾਹਮਣੇ ਆ ਚੁੱਕੀ ਹੈ। ਪਿਛਲੀਆਂ ਚੋਣਾਂ ਵਿਚ ਜ਼ਿਲ੍ਹਾ ਬਠਿੰਡਾ ਦੇ ਇੱਕ ਪਿੰਡ ਵਿਚ ਇੱਕ ਵਿਅਕਤੀ ਨੇ ਸਰਪੰਚੀ ਖਾਤਰ ਗੁਰਦੁਆਰੇ ਦੇ ਨਾਮ ਪੰਜ ਏਕੜ ਜ਼ਮੀਨ ਲਗਾਉਣ ਦੀ ਪੇਸ਼ਕਸ਼ ਕੀਤੀ ਸੀ।

ਮਾਲਵੇ ਤੋਂ ਸ਼ੁਰੂ ਹੋਈ ਵੋਟਾਂ ਖਰੀਦਣ ਦੀ ਬਿਮਾਰੀ ਹੁਣ ਸਾਰੇ ਪੰਜਾਬ ਵਿਚ ਫੈਲ ਚੁੱਕੀ ਹੈ। ਪ੍ਰਤੀ ਵਿਅਕਤੀ ਘੱਟੋ-ਘੱਟ ਰੇਟ 500 ਰੁਪਏ ਹੈ, ਵੱਧ ਕੋਈ ਜਿੰਨਾ ਮਰਜ਼ੀ ਦੇ ਦੇਵੇ। ਪਰਿਵਾਰ ਦੇ ਮੈਂਬਰਾਂ ਦੀ ਗਿਣਤੀ ਅਨੁਸਾਰ ਬਿਜਲੀ ਦੇ ਪੱਖੇ, ਫਰਿੱਜਾਂ ਅਤੇ ਮੋਟਰਸਾਈਕਲ ਆਦਿ ਤੱਕ ਦਿੱਤੇ ਜਾਂਦੇ ਹਨ। ਪੰਜਾਬ ਵਿਚ ਸਭ ਨਾਲੋਂ ਵੱਧ ਜੋਸ਼-ਖਰੋਸ਼ ਨਾਲ ਪੰਚਾਇਤੀ ਚੋਣਾਂ ਲੜੀਆਂ ਜਾਂਦੀਆਂ ਹਨ, ਦੂਸਰੇ ਨੰਬਰ 'ਤੇ ਵਿਧਾਨ ਸਭਾ, ਤੀਸਰੇ ਨੰਬਰ 'ਤੇ ਪਾਰਲੀਮੈਂਟ ਤੇ ਸਭ ਤੋਂ ਘੱਟ ਦਿਲਚਸਪੀ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵੇਲੇ ਦਿਖਦੀ ਹੈ। ਇਸ ਦਾ ਕਾਰਨ ਇਹ ਹੈ ਕਿ ਪਿੰਡ ਦੀ ਚੌਧਰ ਸਰਪੰਚ ਕੋਲ ਹੁੰਦੀ ਹੈ ਤੇ ਉਸ ਨੂੰ ਸਰਕਾਰੇ ਦਰਬਾਰੇ ਕੁਰਸੀ ਮਿਲਦੀ ਹੈ। ਉਸ ਕੋਲ ਪਿੰਡ ਦੀਆਂ ਬਹੁਗਿਣਤੀ ਵੋਟਾਂ ਹੋਣ ਕਾਰਨ ਇਲਾਕੇ ਦੇ ਵਿਧਾਇਕ ਅਤੇ ਐਮ.ਪੀ. ਵੀ ਉਸ ਨੂੰ ਅਹਿਮੀਅਤ ਦਿੰਦੇ ਹਨ। ਪਿੰਡ ਦਾ ਸਾਰਾ ਸਰਕਾਰੀ ਕੰਮ ਉਸ ਦੇ ਹੱਥ ਵਿਚ ਹੁੰਦਾ ਹੈ। ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਸ਼ਗਨ ਸਕੀਮ, ਆਟਾ ਦਾਲ ਸਕੀਮ, ਮਨਰੇਗਾ ਵਿਚ ਕੰਮ ਦੇਣਾ, ਗਲੀਆਂ-ਨਾਲੀਆਂ ਬਣਾਉਣੀਆਂ ਤੇ ਛੱਪੜ ਸਾਫ ਕਰਾਉਣੇ ਆਦਿ ਕੰਮ ਉਸ ਦੇ ਹੱਥ ਵਿਚ ਹੁੰਦੇ ਹਨ।

ਕਈ ਸਰਪੰਚ ਐਨੇ ਚੰਦਰੇ ਤੇ ਧੜੇਬਾਜ਼ ਹੁੰਦੇ ਹਨ ਕਿ ਵਿਰੋਧੀ ਪਾਰਟੀ ਦੇ ਬੰਦਿਆਂ ਦੇ ਘਰਾਂ ਸਾਹਮਣੇ ਗਲੀਆਂ ਤੇ ਨਾਲੀਆਂ ਤੱਕ ਨਹੀਂ ਬਣਨ ਦਿੰਦੇ। ਪੂਰਾ ਨਰਕ ਬਣਾ ਕੇ ਰੱਖਦੇ ਹਨ ਤੇ ਉਲਟਾ ਉਨ੍ਹਾਂ ਨੂੰ ਕਿਸੇ ਨਾ ਕਿਸੇ ਪੁਲਿਸ ਕੇਸ ਵਿਚ ਫਸਾਈ ਰੱਖਦੇ ਹਨ। ਪੰਚਾਇਤੀ ਚੋਣਾਂ ਪੰਜਾਬ ਦੀਆਂ ਸਭ ਤੋਂ ਖਰਚੀਲੀਆਂ ਚੋਣਾਂ ਮੰਨੀਆਂ ਜਾਂਦੀਆਂ ਹਨ। ਵੋਟਾਂ ਪੈਣ ਤੋਂ ਛੇ ਕੁ ਮਹੀਨੇ ਪਹਿਲਾਂ ਹੀ ਖਰਚਾ ਸ਼ੁਰੂ ਹੋ ਜਾਂਦਾ ਹੈ ਤੇ ਅਮੀਰ ਬੰਦਾ ਮਾੜੇ ਨੂੰ ਪੈਸੇ ਨਾਲ ਹੀ ਢਾਹ ਲੈਂਦਾ ਹੈ। ਦਿਨ ਵੇਲੇ ਪਕੌੜੇ ਜਲੇਬੀਆਂ ਦਾ ਲੰਗਰ ਚੱਲਦਾ ਹੈ ਤੇ ਰਾਤ ਨੂੰ ਮੀਟ ਤੇ ਸ਼ਰਾਬ ਦਾ। ਕਈ ਵੋਟਰ ਤਾਂ ਐਨੇ ਬੇਸ਼ਰਮ ਹੁੰਦੇ ਹਨ ਕਿ ਘਰ ਵਿਚ ਰਿਸ਼ਤੇਦਾਰ ਵੀ ਆ ਜਾਵੇ ਤਾਂ ਉਸ ਲਈ ਮੀਟ ਅਤੇ ਸ਼ਰਾਬ ਉਮੀਦਵਾਰ ਤੋਂ ਲੈ ਕੇ ਆਉਂਦੇ ਹਨ। ਹਰ ਕੋਈ ਇਹੀ ਸੋਚਦਾ ਹੈ ਕਿ ਚਾਰ ਦਿਨਾਂ ਦਾ ਮੇਲਾ ਹੈ, ਰੱਜ ਕੇ ਨਜ਼ਾਰੇ ਲੁੱਟੋ। ਪਰ ਇਸ ਤਰ੍ਹਾਂ ਦੀ ਚੁਣੀ ਹੋਈ ਪੰਚਾਇਤ ਤੋਂ ਫਿਰ ਕੀ ਉਮੀਦ ਰੱਖੀ ਜਾ ਸਕਦੀ ਹੈ? ਜਿਹੜਾ ਬੰਦਾ ਘਰ ਫੂਕ ਕੇ ਜਿੱਤਿਆ ਹੈ, ਉਹ ਤਾਂ ਫਿਰ ਸਰਕਾਰੀ ਫੰਡ ਹੜੱਪ ਕਰਨ ਦਾ ਪੂਰਾ ਪੂਰਾ ਹੱਕਦਾਰ ਹੈ ਹੀ।

ਸਰਪੰਚ ਬਣਨ ਦੀ ਸਭ ਤੋਂ ਵੱਡੀ ਖਿੱਚ ਹੁੰਦੀ ਹੈ ਸਰਕਾਰੀ ਗਰਾਂਟਾਂ ਦਾ ਪੈਸਾ। ਆਜ਼ਾਦੀ ਤੋਂ ਬਾਅਦ ਪਿੰਡਾਂ ਦੇ ਵਿਕਾਸ ਲਈ ਅਰਬਾਂ-ਖਰਬਾਂ ਰੁਪਿਆ ਸਰਕਾਰ ਵੱਲੋਂ ਅਲਾਟ ਕੀਤਾ ਜਾ ਚੁੱਕਿਆ ਹੈ। ਪਰ ਹੁਣ ਵੀ ਚੰਦ ਕੁ ਪਿੰਡਾਂ ਨੂੰ ਛੱਡ ਕੇ ਬਾਕੀਆਂ ਦੀ ਹਾਲਤ ਝੌਂਪੜ ਪੱਟੀਆਂ ਵਰਗੀ ਹੈ। ਨਾਲੀਆਂ ਤੇ ਛੱਪੜ ਗੰਦੇ ਪਾਣੀ ਨਾਲ ਭਰੇ ਮੁਸ਼ਕ ਮਾਰ ਰਹੇ ਹਨ, ਗਲੀਆਂ ਟੁੱਟੀਆਂ ਪਈਆਂ ਹਨ, ਸਕੂਲਾਂ-ਹਸਪਤਾਲਾਂ ਦੀਆਂ ਇਮਾਰਤਾਂ ਡਿੱਗੂੰ-ਡਿੱਗੂੰ ਕਰ ਰਹੀਆਂ ਹਨ, ਸ਼ਾਮਲਾਟ ਜ਼ਮੀਨਾਂ ਅਤੇ ਛੱਪੜਾਂ 'ਤੇ ਨਾਜਾਇਜ਼ ਕਬਜ਼ੇ ਹੋ ਗਏ ਹਨ ਤੇ ਲਿੰਕ ਸੜਕਾਂ ਟੋਇਆਂ ਨਾਲ ਭਰੀਆਂ ਪਈਆਂ ਹਨ। ਜੇ ਪੰਜਾਬ ਸਰਕਾਰ ਇਮਾਨਦਾਰੀ ਨਾਲ ਕਿਸੇ ਰਾਸ਼ਟਰੀ ਪੱਧਰ ਦੀ ਕੰਪਨੀ ਕੋਲੋਂ ਆਡਿਟ ਕਰਵਾਏ ਤਾਂ ਹੈਰਾਨੀਜਨਕ ਤੱਥ ਸਾਹਮਣੇ ਆਉਣਗੇ। ਪੰਜਾਬ ਦੇ ਲੰਬੀ ਵਰਗੇ ਕਈ ਵੀ.ਆਈ.ਪੀ. ਹਲਕੇ ਅਜਿਹੇ ਹਨ ਜਿੱਥੇ ਪਿਛਲੇ ਸਮਿਆਂ ਵਿਚ ਕਰੋੜਾਂ ਰੁਪਏ ਗਰਾਂਟ ਆਈ ਸੀ। ਐਨਾ ਪੈਸਾ ਵਰ੍ਹਿਆ ਸੀ ਕਿ ਸਾਰਾ ਪਿੰਡ ਢਾਹ ਕੇ ਚੰਡੀਗੜ੍ਹ ਦੇ ਕਿਸੇ ਪੌਸ਼ ਸੈਕਟਰ ਵਰਗਾ ਬਣਾਇਆ ਜਾ ਸਕਦਾ ਸੀ। ਪਰ ਉਨ੍ਹਾਂ ਦੇ ਹਾਲਾਤ ਵੀ ਪੰਜਾਬ ਦੇ ਬਾਕੀ ਪਿੰਡਾਂ ਵਰਗੇ ਹੀ ਹਨ ਪਰ ਪੈਸਾ ਪੂਰੀ ਇਮਾਨਦਾਰੀ ਨਾਲ ਕਾਗਜ਼ਾਂ ਵਿਚ ਵਰਤਿਆ ਜਾ ਚੁੱਕਿਆ ਹੈ।

ਜਿਹੜਾ ਵਿਅਕਤੀ ਸਕੂਲ ਦੀ ਇਮਾਰਤ ਜਾਂ ਖੇਡ ਟੂਰਨਾਮੈਂਟ ਲਈ 100 ਰੁਪਏ ਦੇਣ ਲੱਗਿਆ ਰੋਣ ਲੱਗ ਪੈਂਦਾ ਹੈ, ਉਹ ਸਰਪੰਚੀ ਲਈ 50-60 ਰੁਪਏ ਖਰਚਣ ਲਈ ਤਿਆਰ ਹੋ ਜਾਂਦਾ ਹੈ। ਪੰਜਾਬ ਵਿਚ ਇਸ ਵੇਲੇ ਕਰੀਬ 13028 ਪੰਚਾਇਤਾਂ ਹਨ। ਜੇ ਇੱਕ ਪਿੰਡ ਦੇ ਉਮੀਦਵਾਰ 5 ਲੱਖ ਵੀ ਚੋਣਾਂ ਵਿਚ ਖਰਚਣ (ਅਸਲ ਵਿਚ ਇਸ ਤੋਂ ਕਈ ਗੁਣਾ ਵੱਧ ਪੈਸੇ ਖਰਚੇ ਜਾਂਦੇ ਹਨ) ਤਾਂ ਕਰੀਬ 651 ਕਰੋੜ ਰੁਪਏ ਬਣਦੇ ਹਨ। ਐਨਾ ਪੈਸਾ ਜੇ ਪਿੰਡ ਦੇ ਭਲੇ ਵਾਸਤੇ ਖਰਚ ਦਿੱਤਾ ਜਾਵੇ ਤਾਂ ਸਰਕਾਰੀ ਗਰਾਂਟਾਂ ਦੀ ਜ਼ਰੂਰਤ ਹੀ ਨਹੀਂ ਪਵੇਗੀ। ਪਰ ਇਹ ਪੈਸਾ ਲੋਕ ਭਲਾਈ ਨਹੀਂ, ਬਲਕਿ ਚੌਧਰ ਦੀ ਭੁੱਖ ਅਤੇ ਜਿੱਤ ਕੇ ਗਰਾਂਟਾਂ ਛਕਣ ਲਈ ਖਰਚ ਕੀਤਾ ਜਾਂਦਾ ਹੈ। ਜੇ ਕਿਸੇ ਸੰਭਾਵੀ ਸਰਪੰਚ ਨੂੰ ਉਸ ਦੇ ਏਜੰਡੇ ਬਾਰੇ ਪੁੱਛਿਆ ਜਾਵੇ ਤਾਂ ਪਤਾ ਲੱਗੇਗਾ ਕਿ 90% ਬੰਦੇ ਜਿੱਤ ਕੇ ਵਿਰੋਧੀ ਦੀ ਧੌਣ 'ਤੇ ਗੋਡਾ ਰੱਖਣ ਦੀ ਤਿਆਰੀ ਕਰੀ ਬੈਠੇ ਹਨ, ਜਾਂ ਕਹਿਣਗੇ, "ਇਨ੍ਹਾਂ ਨੀਲਿਆਂ ਚਿੱਟਿਆਂ ਨੇ ਸਾਡੇ 'ਤੇ ਬੜੇ ਨਾਜਾਇਜ਼ ਪਰਚੇ ਦਰਜ ਕਰਵਾਏ ਸਨ, ਪਹਿਲਾਂ ਤਾਂ ਉਹ ਭਾਂਗਾ ਲਾਹਵਾਂਗੇ।"

ਪੰਚਾਇਤੀ ਚੋਣਾਂ ਨੇ ਪਿੰਡਾਂ ਦੀ ਭਾਈਚਾਰਕ ਸਾਂਝ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਇਆ ਹੈ। ਕਈ ਪਿੰਡਾਂ ਵਿਚ ਤਾਂ ਫੋਕੀ ਚੌਧਰ ਹਾਸਲ ਕਰਨ ਲਈ ਸਕੇ ਭਰਾ ਇੱਕ ਦੂਸਰੇ ਦੇ ਮੁਕਾਬਲੇ ਚੋਣ ਲੜ ਰਹੇ ਹਨ। ਪਿੰਡਾਂ ਵਿਚ ਪੱਕੇ ਧੜੇ ਬਣਨ ਕਾਰਨ ਲੜਾਈਆਂ ਝਗੜੇ ਵਧ ਗਏ ਹਨ। ਇਸ ਵਾਰ ਕਈ ਪਿੰਡਾਂ ਵਿਚ ਚੰਗੀ ਭਲੀ ਸਰਬਸੰਮਤੀ ਹੋ ਰਹੀ ਸੀ ਪਰ ਭਾਨੀਮਾਰਾਂ ਨੇ ਸ਼ਰਾਬ ਮੀਟ ਦੇ ਲਾਲਚ ਵਿਚ ਨਹੀਂ ਹੋਣ ਦਿੱਤੀ। ਲੀਡਰ ਆਪੋ ਆਪਣੀ ਪਾਰਟੀ ਦੇ ਉਮੀਦਵਾਰਾਂ ਨੂੰ "ਕਰੋ ਜਾਂ ਮਰੋ" ਲਈ ਉਤਸ਼ਾਹਿਤ ਕਰ ਰਹੇ ਹਨ। ਪਰ ਇਨ੍ਹਾਂ ਦਾ ਕੁਝ ਨਹੀਂ ਜਾਣਾ, ਭੁਗਤਣਾ ਆਮ ਲੋਕਾਂ ਨੂੰ ਪੈਣਾ ਹੈ। ਜੇ ਕਿਤੇ ਲੜਾਈ ਵਿਚ ਕੋਈ ਬੰਦਾ ਮਰ ਜਾਵੇ ਤਾਂ ਦੋਵੇਂ ਧਿਰਾਂ ਬਰਬਾਦ ਹੋ ਜਾਂਦੀਆਂ ਹਨ। ਇੱਕ ਦਾ ਕਮਾਊ ਪੁੱਤ ਗਿਆ ਤੇ ਦੂਸਰਾ ਥਾਣਿਆਂ ਕਚਹਿਰੀਆਂ ਵਿਚ ਹੁੰਦੀ ਲੁੱਟ ਕਾਰਨ ਨੰਗ ਹੋ ਜਾਂਦਾ ਹੈ, ਜੇਲ੍ਹ ਦੀ ਸਜ਼ਾ ਜੋ ਮਿਲਦੀ ਹੈ ਉਹ ਅਲੱਗ। ਲੀਡਰ ਤਾਂ ਅਜਿਹੇ ਸਵਾਰਥੀ ਜੀਵ ਹਨ ਜੋ ਮਰੇ ਵਰਕਰ ਦੇ ਭੋਗ 'ਤੇ ਵੀ ਨਹੀਂ ਜਾਂਦੇ।

ਪੰਚਾਇਤਾਂ ਲੋਕ ਰਾਜ ਦਾ ਮੁੱਢਲਾ ਥੰਮ੍ਹ ਹਨ ਤੇ ਇਨ੍ਹਾਂ ਵਿਚ ਹਿੱਸਾ ਜ਼ਰੂਰ ਲੈਣਾ ਚਾਹੀਦਾ ਹੈ। ਪਿੰਡ ਦੀ ਭਲਾਈ ਨੂੰ ਮੁੱਖ ਰੱਖ ਕੇ ਬਿਨਾਂ ਕਿਸੇ ਲੋਭ ਲਾਲਚ ਦੇ ਅਜਿਹੇ ਪੜ੍ਹੇ-ਲਿਖੇ ਤੇ ਸੂਝਵਾਨ ਉਮੀਦਵਾਰ ਨੂੰ ਵੋਟ ਪਾਉਣੀ ਚਾਹੀਦੀ ਹੈ ਜੋ ਦਿਲੋਂ ਪਿੰਡ ਦਾ ਵਿਕਾਸ ਕਰਨਾ ਚਾਹੁੰਦਾ ਹੋਵੇ। ਹਜ਼ਾਰ ਦੋ ਹਜ਼ਾਰ ਦੀ ਸ਼ਰਾਬ ਪੀ ਕੇ ਜਾਂ ਵੋਟਾਂ ਦਾ ਮੁੱਲ ਲੈ ਕੇ ਬਾਅਦ ਵਿਚ ਆਪਾਂ ਕਿਵੇਂ ਕਹਿ ਸਕਦੇ ਹਾਂ ਪੰਚਾਇਤ ਵਿਕਾਸ ਨਹੀਂ ਕਰਦੀ? ਫਿਰ ਤਾਂ ਜਿਵੇਂ ਪਿਛਲੇ ਪੰਜ ਸਾਲ ਵਾਲੇ ਸਰਪੰਚ ਨੇ ਗੁਲ ਖਿਲਾਏ ਸਨ, ਉਸੇ ਤਰ੍ਹਾਂ ਅਗਲੇ ਪੰਜਾਂ ਸਾਲਾਂ ਵਾਲਾ ਖਿਲਾਵੇਗਾ। ਵੈਸੇ ਵੀ ਚੋਣ ਲੜਨ ਵਾਲੇ ਉਮੀਦਵਾਰ ਇਹ ਖਿਆਲ ਰੱਖਣ ਕੇ ਪਿਛਲੀਆਂ ਸਰਕਾਰਾਂ ਵਰਗੇ ਗਰਾਂਟਾਂ ਦੇ ਗੱਫੇ ਇਸ ਵਾਰ ਨਹੀਂ ਲੱਭਣੇ। ਕੇਂਦਰ ਨਾਲ ਖਟਪਟੀ ਹੋਣ ਕਾਰਨ ਫਿਲਹਾਲ ਇਸ ਸਰਕਾਰ ਦਾ ਹੱਥ ਪੈਸੇ ਵੱਲੋਂ ਤੰਗ ਹੀ ਹੈ।

# ਭਾਰਤ ਦੇ ਰੁਜ਼ਗਾਰ ਵਿਹੂਣੇ ਵਿਕਾਸ ਦੀ ਹਕੀਕਤ

ਪਾਵੇਲ ਕੁੱਸਾ

ਭਾਰਤ ਅੰਦਰ ਰੁਜ਼ਗਾਰ ਦਾ ਸੰਕਟ ਬਹੁਤ ਤਿੱਖਾ ਹੋ ਚੁੱਕਿਆ ਹੈ ਤੇ ਬੇਰੁਜ਼ਗਾਰੀ ਦੀ ਦਰ ਦੇ ਅੰਕੜੇ ਪਿਛਲੇ ਸਭ ਰਿਕਾਰਡ ਤੋੜ ਰਹੇ ਹਨ। ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਰੁਜ਼ਗਾਰ ਦਾ ਸੰਕਟ ਅਹਿਮ ਮੁੱਦੇ ਵਜੋਂ ਉੱਭਰਿਆ ਸੀ ਤੇ ਇਸ ਦਾ ਸੇਕ ਨੌਜਵਾਨਾਂ ਦੇ ਗੁੱਸੇ ਦੇ ਰੂਪ 'ਚ ਭਾਜਪਾ ਨੂੰ ਝੱਲਣਾ ਪਿਆ ਸੀ। ਇਹ ਭਾਵੇਂ ਭਾਜਪਾ ਹਕੂਮਤ ਸੀ ਤੇ ਭਾਵੇਂ ਉਸ ਤੋਂ ਪਹਿਲਾਂ ਦੀਆਂ ਹਕੂਮਤਾਂ ਸਨ, ਸਭਨਾਂ ਨੇ ਨਵ-ਉਦਾਰਵਾਦੀ ਨੀਤੀਆਂ ਦਾ ਮਾਡਲ ਲਾਗੂ ਕਰ ਕੇ ਜਿਸ ਤਰ੍ਹਾਂ ਦੇ ਰੁਜ਼ਗਾਰ ਦੇ ਮੌਕੇ ਪੈਦਾ ਹੋਣ ਦੇ ਦਾਅਵੇ ਕੀਤੇ ਸਨ, ਉਹਨਾਂ ਦੀ ਹਕੀਕਤ ਹੁਣ ਮੁਲਕ ਹੰਢਾ ਚੁੱਕਿਆ ਹੈ। ਜੀ.ਡੀ.ਪੀ. ਦੀ ਵਿਕਾਸ ਦਰ ਦੇ ਦਾਅਵਿਆਂ ਦਰਮਿਆਨ ਬੇਰੁਜ਼ਗਾਰੀ ਦਾ ਸੰਕਟ ਹੱਲ ਨਹੀਂ ਹੋਇਆ ਸਗੋਂ ਹੋਰ ਡੂੰਘਾ ਹੋਇਆ ਹੈ ਤੇ ਹੁਣ ਇਹ ਗੱਲ ਹਾਕਮ ਜਮਾਤੀ ਹਲਕਿਆਂ, ਖਾਸ ਕਰ ਕੇ ਹਾਕਮ ਜਮਾਤੀ ਮੀਡੀਆ ਦੇ ਟਿੱਪਣੀਕਾਰਾਂ ਦੀ ਜ਼ੁਬਾਨ 'ਤੇ ਆਉਣੀ ਸ਼ੁਰੂ ਹੋ ਚੁੱਕੀ ਹੈ ਕਿ ਜੀ.ਡੀ.ਪੀ. ਦਾ ਵਾਧਾ ਰੁਜ਼ਗਾਰ ਦੀ ਗਾਰੰਟੀ ਨਹੀਂ ਲੈ ਕੇ ਆਉਂਦਾ ਹੈ। ਇਹ ਹਕੀਕਤ ਹੁਣ ਹੋਰ ਜ਼ਿਆਦਾ ਉੱਘੜ ਕੇ ਦਿਖਾਈ ਦੇ ਰਹੀ ਹੈ ਕਿ ਆਰਥਿਕਤਾ ਦੇ ਹੋਰ ਵੱਡੀ ਹੋ ਜਾਣ 'ਤੇ ਜੀ.ਡੀ.ਪੀ. ਦੇ ਅੰਕੜਿਆਂ ਦੀ ਦਰ ਵਧ ਜਾਣਾ ਵੀ ਰੁਜ਼ਗਾਰ ਨਹੀਂ ਪੈਦਾ ਕਰਦਾ ਸਗੋਂ ਆਮ ਕਰ ਕੇ ਰੁਜ਼ਗਾਰ ਦੇ ਮੌਕੇ ਸੁੰਗੜਦੇ ਹਨ।

ਹੁਣ ਤੱਕ ਭਾਰਤੀ ਹਕੂਮਤਾਂ ਦੀ ਜੋ ਪਹੁੰਚ ਤੁਰੀ ਆ ਰਹੀ ਹੈ, ਉਹ ਕਾਰਪੋਰੇਟ ਘਰਾਣਿਆਂ ਨੂੰ ਵੱਧ ਤੋਂ ਵੱਧ ਰਿਆਇਤਾਂ/ਛੋਟਾਂ ਦੇਣ ਦੀ ਹੈ ਕਿਉਂਕਿ ਇਸ ਸੋਚਣੀ ਅਨੁਸਾਰ ਪੈਦਾਵਾਰ ਦੇ ਵਾਧੇ ਨਾਲ ਕੁੱਲ ਜੀ.ਡੀ.ਪੀ. ਵਧਦੀ ਹੈ ਤੇ ਇਹਦੇ ਨਾਲ ਰੁਜ਼ਗਾਰ ਪੈਦਾ ਹੁੰਦਾ ਹੈ। ਵੱਡੇ ਸਰਮਾਏਦਾਰਾਂ ਤੇ ਬਹੁਕੌਮੀ ਕੰਪਨੀਆਂ ਨੂੰ ਟੈਕਸ ਛੋਟਾਂ ਤੇ ਹੋਰ ਤਰ੍ਹਾਂ-ਤਰ੍ਹਾਂ ਦੀਆਂ ਰਿਆਇਤਾਂ ਐਲਾਨੀਆਂ ਜਾਂਦੀਆਂ ਹਨ ਤਾਂ ਕਿ ਉਹ ਨਿਵੇਸ਼ ਕਰਨ ਜਿਸ ਨਾਲ ਪੈਦਾਵਾਰ ਵਧੇ ਅਤੇ ਇਹਦੇ ਨਾਲ ਆਪਣੇ ਆਪ ਰੁਜ਼ਗਾਰ ਪੈਦਾ ਹੋਵੇਗਾ। ਮੌਜੂਦਾ ਹਕੂਮਤ ਨੇ ਅਜਿਹਾ ਕਈ ਕੁਝ ਕੀਤਾ ਜਿਵੇਂ 2014 'ਚ ਮੇਕ ਇਨ ਇੰਡੀਆ ਦੇ ਨਾਂ ਹੇਠ ਕੰਪਨੀਆਂ ਨੂੰ ਰਿਆਇਤਾਂ ਦਿੱਤੀਆਂ ਗਈਆਂ। 2019 'ਚ ਵੀ ਇਸ ਦਾਅਵੇ ਨਾਲ ਕਾਰਪੋਰੇਟ ਟੈਕਸ 'ਚ ਵੱਡੀਆਂ ਛੋਟਾਂ ਦਿੱਤੀਆਂ ਗਈਆਂ ਕਿ ਪੂੰਜੀ ਨਿਵੇਸ਼ ਵਧੇਗਾ ਤੇ ਇਸ ਦੇ ਸਿੱਟੇ ਵਜੋਂ ਨੌਕਰੀਆਂ ਦੇ ਮੌਕੇ ਵਧਣਗੇ। ਇਉਂ ਹੀ 2020 'ਚ ਪੈਦਾਵਾਰ ਰਿਆਇਤ ਸਕੀਮ ਐਲਾਨੀ ਗਈ ਸੀ ਜਿਸ ਤਹਿਤ ਕੁਝ ਖਾਸ ਪੈਦਾਵਾਰੀ ਟੀਚੇ ਹਾਸਲ ਕਰਨ 'ਤੇ ਕੰਪਨੀਆਂ ਨੂੰ ਵਿੱਤੀ ਲਾਭ ਮੁਹੱਈਆ ਕਰਵਾਇਆ ਜਾਵੇਗਾ ਪਰ ਇਹਨਾਂ ਸਭ ਵਿਉਂਤਾਂ ਦਾ ਸਿੱਟਾ ਕਿਸੇ ਤਰ੍ਹਾਂ ਵੀ ਨੌਕਰੀਆਂ ਦੇ ਵਾਧੇ 'ਚ ਨਹੀਂ ਨਿੱਕਲਿਆ ਸਗੋਂ ਕਾਰਪੋਰੇਟ ਘਰਾਣੇ ਟੈਕਸ ਛੋਟਾਂ ਲੈ ਕੇ ਚਲਦੇ ਬਣੇ ਤੇ ਹਕੂਮਤੀ ਗਰਾਂਟਾਂ ਜੇਬਾਂ 'ਚ ਪਾਈਆਂ ਗਈਆਂ। ਲੋਕ ਨੌਕਰੀਆਂ ਉਡੀਕਦੇ ਰਹੇ।

ਲੋਕ ਪੱਖੀ ਬੁੱਧੀਜੀਵੀ ਤੇ ਅਰਥ ਸ਼ਾਸਤਰੀ ਇਹਨਾਂ ਨਵ-ਉਦਾਰਵਾਦੀ ਨੀਤੀਆਂ ਦੀ ਸ਼ੁਰੂਆਤ ਵੇਲੇ ਤੋਂ ਇਹ ਕਹ ਰਹੇ ਹਨ ਕਿ ਜੀ.ਡੀ.ਪੀ. ਦਾ ਅਜਿਹਾ ਵਿਕਾਸ ਨੌਕਰੀਆਂ ਪੈਦਾ ਕਰਨ ਤੋਂ ਟੁੱਟਿਆ ਹੋਇਆ ਹੈ ਤੇ ਇਹ ਲੋਕਾਂ ਦੀਆਂ ਜ਼ਿੰਦਗੀਆਂ 'ਚ ਰਾਹਤ ਦਾ ਜ਼ਰੀਆ ਨਹੀਂ ਬਣਦਾ ਕਿਉਂਕਿ ਵਿਦੇਸ਼ੀ ਕੰਪਨੀਆਂ ਦਾ ਇਹ ਪੈਦਾਵਾਰ ਅਮਲ ਸਥਾਨਕ ਪੈਦਾਵਾਰੀ ਕੜੀਆਂ ਨਾਲ ਨਹੀਂ ਬੱਝਿਆ ਹੋਇਆ ਤੇ ਨਾ ਹੀ ਇਹ ਘਰੇਲੂ ਮੰਗ ਦੁਆਲੇ ਕੀਤੀ ਜਾਂਦੀ ਪੈਦਾਵਾਰ ਹੈ। ਇਹ ਵਿਦੇਸ਼ੀ ਬਰਾਮਦਾਂ ਲਈ ਉੱਚ ਪੱਧਰੀ ਤਕਨੀਕ ਨਾਲ ਕੀਤੀ ਜਾਂਦੀ ਪੈਦਾਵਾਰ ਹੈ ਅਤੇ ਮਨੁੱਖੀ ਕਿਰਤ ਸ਼ਕਤੀ ਦੀ ਘੱਟ ਤੋਂ ਘੱਟ ਵਰਤੋਂ ਨਾਲ ਕੀਤੀ ਜਾਂਦੀ ਪੈਦਾਵਾਰ ਹੈ।

ਇਸ ਤੋਂ ਵੀ ਅੱਗੇ ਵੱਡੇ ਸਰਮਾਏਦਾਰ ਤੇ ਬਹੁਕੌਮੀ ਕੰਪਨੀਆਂ ਆਮ ਕਰ ਕੇ ਮੈਨੂਫੈਕਚਰਿੰਗ (ਨਿਰਮਾਣ) ਦੇ ਉੱਦਮ ਤੋਂ ਦੂਰ ਹੀ ਰਹਿੰਦੇ ਹਨ ਤੇ ਘੱਟ ਨਿਵੇਸ਼ ਵਾਲੇ ਖੇਤਰਾਂ 'ਚ ਮਲਾਈ ਛਕਣਾ ਪਸੰਦ ਕਰਦੇ ਹਨ। ਜ਼ਿਆਦਾਤਰ ਨਿਵੇਸ਼ ਸ਼ੇਅਰ ਬਾਜ਼ਾਰਾਂ, ਸੱਟਾ ਬਾਜ਼ਾਰਾਂ ਤੇ ਫਿਊਚਰ ਟ੍ਰੇਡਿੰਗ ਵਰਗੇ ਖੇਤਰਾਂ 'ਚ ਕੀਤਾ ਜਾਂਦਾ ਹੈ ਜਦਕਿ ਰੁਜ਼ਗਾਰ ਪੈਦਾ ਕਰਨ ਵਾਲੀ ਘਰੇਲੂ ਤੇ ਛੋਟੀ ਪੂੰਜੀ ਵਾਲੀ ਸਨਅਤ ਸਰਕਾਰੀ ਸਹਾਇਤਾ ਦੀ ਤੋਟ ਹੰਢਾਉਂਦੀ ਰਹਿੰਦੀ ਹੈ। ਘਰੇਲੂ ਮੰਗ ਦੇ ਸੁੰਗੜੇ ਰਹਿਣ ਤੇ ਖੇਤੀ ਖੇਤਰ 'ਚ ਭਾਰੀ ਸੰਕਟ ਬਣੇ ਰਹਿਣ ਨਾਲ ਨੌਕਰੀਆਂ ਦੀ ਪੈਦਾਵਾਰ ਲਈ ਸਾਮਰਾਜੀ ਕੰਪਨੀਆਂ 'ਤੇ ਟੇਕ ਰੱਖਣੀ ਅਸਲ ਵਿਕਾਸ ਤੋਂ ਬੇਮੁਖ ਗ਼ਲਤ ਪਹੁੰਚ ਹੈ ਪਰ ਨਵ-ਉਦਾਰਵਾਦੀ ਨੀਤੀਆਂ ਦੇ ਸਮਰਥਕ ਤੇ ਹਾਕਮ ਜਮਾਤੀ ਅਰਥ ਸ਼ਾਸਤਰੀ ਇਸੇ ਢੰਗ ਨੂੰ ਉਚਿਆਉਂਦੇ ਆ ਰਹੇ ਹਨ ਤੇ ਵਿਦੇਸ਼ੀ ਪੂੰਜੀ ਨਿਵੇਸ਼ ਤੇ ਵੱਡੀਆਂ ਕੰਪਨੀਆਂ ਦੇ ਮੈਗਾ ਪ੍ਰੋਜੈਕਟਾਂ 'ਚ ਹੀ ਰੁਜ਼ਗਾਰ ਦੇ ਮੌਕੇ ਪੈਦਾ ਹੋਣ ਦਾ ਦਾਅਵਾ ਕਰਦੇ ਰਹੇ ਹਨ ਜੋ ਕਦੇ ਵੀ ਹਕੀਕਤ ਨਹੀਂ ਬਣਿਆ।

ਦਿਲਚਸਪ ਪੱਖ ਤਾਂ ਇਹ ਹੈ ਕਿ ਹੁਣ ਮੋਦੀ ਸਰਕਾਰ ਨੂੰ ਵੀ ਚੁੱਪ-ਚੁਪੀਤੇ ਹੀ ਇਹ ਹਕੀਕਤ ਪ੍ਰਵਾਨ ਕਰਨੀ ਪਈ ਹੈ। ਉਸ ਵੱਲੋਂ ਇਸ ਵਾਰ ਦੇ ਬੱਜਟ 'ਚ ਲਿਆਂਦੀ ਗਈ ਰੁਜ਼ਗਾਰ ਨਾਲ ਜੁੜੀਆਂ ਰਿਆਇਤਾਂ ਨਾਮ ਦੀ ਸਕੀਮ ਇਹੀ ਦੱਸਦੀ ਹੈ ਕਿ ਉਸ ਨੂੰ ਇਹ ਪ੍ਰਵਾਨ ਕਰਨਾ ਪਿਆ ਹੈ ਕਿ ਕਾਰਪੋਰੇਟ ਪੂੰਜੀ ਆਪਣੇ ਆਪ 'ਚ ਹੀ ਰੁਜ਼ਗਾਰ ਪੈਦਾ ਨਹੀਂ ਕਰਦੀ। ਇਹ ਸਕੀਮ ਲਿਆਉਣੀ ਇਸ ਹਕੀਕਤ ਨੂੰ ਹੀ ਮੰਨਣਾ ਹੈ ਕਿ ਕਾਰਪੋਰੇਟਾਂ ਦੇ ਮੈਗਾ ਪ੍ਰੋਜੈਕਟ ਆਪਣੇ ਆਪ ਹੀ ਨੌਕਰੀਆਂ ਨਹੀਂ ਲਿਆਉਂਦੇ। ਇਸ ਲਈ ਇਹ ਸਕੀਮ ਸਨਅਤੀ ਘਰਾਣਿਆਂ ਨੂੰ ਨੌਕਰੀਆਂ ਪੈਦਾ ਕਰਨ ਬਦਲੇ ਰਿਆਇਤਾਂ ਦੇਣ ਦੀ ਸਕੀਮ ਹੈ। ਜਿਹੜੇ ਕਾਰਪੋਰੇਟ ਕਾਰੋਬਾਰੀ ਰੁਜ਼ਗਾਰ ਪੈਦਾ ਕਰਨਗੇ, ਉਹਨਾਂ ਨੂੰ ਸਰਕਾਰ ਵਿਸ਼ੇਸ਼ ਰਿਆਇਤਾਂ ਦੇਵੇਗੀ। ਇਹ ਇਸ ਹਕੀਕਤ ਦਾ ਅਣਕਿਹਾ ਇਕਬਾਲ ਹੈ ਕਿ ਇਹ ਟ੍ਰਿਲੀਅਨ ਡਾਲਰਾਂ ਵਾਲੀ ਆਰਥਿਕਤਾ ਲੋਕਾਂ ਦੀ ਜ਼ਿੰਦਗੀ 'ਚ ਸੁਧਾਰ ਲਿਆਉਣ ਜੋਗੀ ਨਹੀਂ ਹੈ। ਇਹ ਵੱਡੀ ਆਰਥਿਕਤਾ ਵੱਡੇ ਘਰਾਣਿਆਂ ਦੀ ਪੂੰਜੀ ਵਧਣ ਤੇ ਕਾਰੋਬਾਰ ਵਧਣ ਦਾ ਸਿੱਟਾ ਹੈ ਨਾ ਕਿ ਆਮ ਲੋਕਾਂ ਦੀ ਜ਼ਿੰਦਗੀ 'ਚ ਕਿਸੇ ਤਰ੍ਹਾਂ ਦੀ ਖੁਸ਼ਹਾਲੀ ਆਉਣ ਦਾ ਸਿੱਟਾ ਹੈ। ਆਮ ਲੋਕਾਂ ਤੇ ਅਰਬਾਂਪਤੀ ਕਾਰੋਬਾਰੀਆਂ 'ਚ ਪਾੜਾ ਕਈ ਗੁਣਾ ਵਧ ਗਿਆ ਹੈ। ਇਸ ਲਈ ਸਰਕਾਰ ਨੇ ਇਸ ਸਕੀਮ 'ਚ ਕਿਹਾ ਹੈ ਕਿ ਅਸੀਂ ਚਾਹੁੰਦੇ ਹਾਂ ਕਿ ਉਦਯੋਗਪਤੀ ਘੱਟ ਤੋਂ ਘੱਟ ਆਟੋਮੈਟਿਕ ਮਸ਼ੀਨਾਂ ਵਰਤਣ ਤੇ ਵੱਧ ਤੋਂ ਵੱਧ ਕਿਰਤੀਆਂ ਤੋਂ ਕੰਮ ਲੈਣ। ਵੱਧ ਤੋਂ ਵੱਧ ਕਿਰਤੀਆਂ ਤੋਂ ਕੰਮ ਲੈਣ ਲਈ ਇੰਡਸਟਰੀ ਨੂੰ ਸਕੀਮਾਂ ਬਣਾਉਣੀਆਂ ਬੇਰੁਜ਼ਗਾਰੀ ਦੇ ਭੂਤ ਦੇ ਡਰ 'ਚੋਂ ਹੀ ਨਿੱਕਲਿਆ ਕਦਮ ਹੈ ਜਿਹੜਾ ਭੂਤ ਮੋਦੀ ਸਰਕਾਰ ਨੂੰ ਲੋਕ ਸਭਾ ਚੋਣਾਂ 'ਚ ਡਰਾ ਚੁੱਕਿਆ ਹੈ ਤੇ ਅੱਗੇ ਹੋਰ ਵੀ ਵੱਡਾ ਹੋ ਕੇ ਡਰਾਉਣ ਜਾ ਰਿਹਾ ਹੈ।



ਇਹ ਸਕੀਮ ਭਾਵੇਂ ਬੇਰੁਜ਼ਗਾਰੀ ਦੇ ਭਾਰੀ ਸੰਕਟ ਤੇ ਇਸ ਰੁਜ਼ਗਾਰ ਵਿਹੂਣੇ ਵਿਕਾਸ ਮਾਡਲ ਦੀ ਅਸਫ਼ਲਤਾ 'ਚੋਂ ਨਿੱਕਲੀ ਹੈ ਪਰ ਅਜੇ ਵੀ ਇਸੇ ਮਾਡਲ ਦੇ ਅੰਦਰ ਹੀ ਬੇਰੁਜ਼ਗਾਰੀ ਨਾਲ ਨਜਿੱਠਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਰੁਜ਼ਗਾਰ ਪੈਦਾ ਕਰਨ ਦੀ ਟੇਕ ਉਹਨਾਂ ਕਾਰਪੋਰੇਟ ਘਰਾਣਿਆਂ 'ਤੇ ਹੀ ਹੈ ਤੇ ਹਰ ਇੱਕ ਨਵਾਂ ਮੁਲਾਜ਼ਮ ਰੱਖਣ ਲਈ ਉਹਨਾਂ ਨੂੰ ਰਿਆਇਤਾਂ ਦੇਣ ਦੀ ਸਕੀਮ ਹੈ ਹਾਲਾਂਕਿ ਕੰਪਨੀਆਂ ਆਪਣੇ ਮੁਨਾਫ਼ਿਆਂ ਦੇ ਹਿਸਾਬ ਸੋਚਦੀਆਂ ਹਨ ਤੇ ਉਹ ਘੱਟ ਤੋਂ ਘੱਟ ਕਾਮਿਆਂ ਨਾਲ ਕੰਮ ਚਲਾਉਂਦੀਆਂ ਹਨ। ਕਿਰਤ ਸ਼ਕਤੀ 'ਤੇ ਖਰਚਾ ਘਟਾਉਣਾ ਉਹਨਾਂ ਦਾ ਪਹਿਲਾ ਟੀਚਾ ਰਹਿੰਦਾ ਹੈ ਤੇ ਉਹਨਾਂ ਤੋਂ ਇਹ ਉਮੀਦ ਕਰਨੀ ਕਿ ਇਹ ਇਸ ਰਾਸ਼ੀ ਲਈ ਕਿਰਤੀਆਂ ਦੀ ਗਿਣਤੀ ਵਧਾਉਣਗੀਆਂ, ਇਹ ਗੈਰ-ਦਿਆਨਦਾਰੀ 'ਚੋਂ ਉਪਜਦੀ ਸੋਚਣੀ ਹੈ। ਹਾਂ, ਕਾਗਜ਼ਾਂ 'ਚ ਜ਼ਰੂਰ ਇਹ ਗਿਣਤੀ ਵਧਾਈ ਜਾ ਸਕਦੀ ਹੈ ਤੇ ਇਸ ਰਿਆਇਤੀ ਰਾਸ਼ੀ ਦਾ ਲਾਹਾ ਲਿਆ ਜਾ ਸਕਦਾ ਹੈ। ਇਸ ਢੰਗ ਨਾਲ ਵੀ ਸਰਕਾਰੀ ਖ਼ਜ਼ਾਨਾ ਕਾਰਪੋਰੇਟ ਘਰਾਣਿਆਂ ਦੀ ਝੋਲੀ ਪੈ ਜਾਣਾ ਹੈ।

ਅਸਲ ਅਰਥਾਂ 'ਚ ਰੁਜ਼ਗਾਰ ਪੈਦਾ ਕਰਨ ਲਈ ਇਸ ਵਿਕਾਸ ਮਾਡਲ ਨੂੰ ਰੱਦ ਕਰਨ ਤੇ ਮੁਲਕ ਦੇ ਸੋਮਿਆਂ ਆਧਾਰਿਤ ਸਵੈ-ਨਿਰਭਰ ਵਿਕਾਸ ਮਾਡਲ ਅਖ਼ਤਿਆਰ ਕਰਨ ਦੀ ਲੋੜ ਹੈ। ਬਰਾਮਦਾਂ ਆਧਾਰਿਤ ਪੈਦਾਵਾਰ ਦੀ ਪਹੁੰਚ ਨੂੰ ਰੱਦ ਕਰ ਕੇ ਘਰੇਲੂ ਮੰਡੀ ਦੀਆਂ ਲੋੜਾਂ ਅਨੁਸਾਰ ਪੈਦਾਵਾਰੀ ਅਮਲ ਵਿਉਂਤਣ ਦੀ ਲੋੜ ਹੈ ਜਿਸ ਵਿੱਚ ਖੇਤੀ ਖੇਤਰ ਨੂੰ ਆਧਾਰ ਬਣਾ ਕੇ ਚੱਲਣ ਤੇ ਮੁਲਕ ਨੂੰ ਰਾਸ ਬੈਠਦੀ ਔਸਤ ਤਕਨੀਕ ਅਨੁਸਾਰ ਸਨਅਤ ਦੀ ਉਸਾਰੀ ਕਰਨ ਦਾ ਰਾਹ ਅਖ਼ਤਿਆਰ ਕਰਨ ਦੀ ਲੋੜ ਹੈ। ਛੇਤੀ ਸੰਕਟ ਦਾ ਹੱਲ ਕਰ ਰਾਹੀਂ ਖੇਤ ਮਜ਼ਦੂਰਾਂ ਤੇ ਗਰੀਬ ਕਿਸਾਨਾਂ ਦੀ ਵਿਸ਼ਾਲ ਬਹੁ ਗਿਣਤੀ ਦੀ ਖਰੀਦ ਸ਼ਕਤੀ ਵਧਾਏ ਜਾਣ ਦੀ ਲੋੜ ਹੈ ਜਿਹੜੀ ਸਥਾਨਕ ਕੜੀਆਂ ਨਾਲ ਬੱਝੀ ਹੋਈ ਸਨਅਤ ਦੀ ਜਾਨਦਾਰ ਮੰਡੀ ਬਣਨ ਦੀ ਸਮਰਥਾ ਰੱਖਦੇ ਹਨ। ਸਮੁੱਚੇ ਤੌਰ 'ਤੇ ਇਹ ਬਦਲਵਾਂ ਮਾਡਲ ਸਾਮਰਾਜੀ ਮੁਲਕਾਂ, ਦੇਸੀ ਕਾਰਪੋਰੇਟ ਘਰਾਣਿਆਂ ਤੇ ਜਗੀਰਦਾਰਾਂ ਦੀ ਸਮੁੱਚੀ ਆਰਥਿਕਤਾ ਤੋਂ ਜਕੜ ਤੋੜ ਕੇ ਅਤੇ ਅਤੇ ਖੇਤੀ ਖੇਤਰ ਤੇ ਛੋਟੀ ਸਨਅਤ ਲਈ ਭਾਰੀ ਸਰਕਾਰੀ ਬਜਟ ਜੁਟਾ ਕੇ ਹੀ ਲਾਗੂ ਹੋ ਸਕਦਾ ਹੈ। ਇਹ ਮਹਿਜ਼ ਆਰਥਿਕ ਮਸਲਾ ਨਹੀਂ, ਇਹ ਸਿਆਸੀ ਪਹੁੰਚ ਦਾ ਸਵਾਲ ਹੈ ਅਤੇ ਰਾਜ ਚਲਾਉਣ ਵਾਲਿਆਂ ਦੀ ਸਿਆਸੀ ਇੱਛਾ ਸ਼ਕਤੀ 'ਤੇ ਨਿਰਭਰ ਕਰਦਾ ਹੈ।

# ਔਰਤਾਂ ਨਾਲ ਹੁੰਦੀ ਵਧੀਕੀ-ਦਰ-ਵਧੀਕੀ

ਸ਼ਮੀਲਾ ਖ਼ਾਨ
ਫੋਨ: +91-99882-08123

ਮੁੰਬਈ ਦੀਆਂ ਕੁੜੀਆਂ ਨੇਹਾ ਠਾਕੁਰ ਅਤੇ ਤਮੰਨਾ ਮਿਸ਼ਰਾ ਨੇ ਅਨੋਖੇ ਪ੍ਰੋਜੈਕਟ 'ਤੇ ਕੰਮ ਸ਼ੁਰੂ ਕੀਤਾ। ਗਾਲ਼ਾਂ 'ਚ ਕਿਵੇਂ ਔਰਤ ਨਿਸ਼ਾਨਾ ਬਣਦੀ ਹੈ, ਇਸ ਭਾਵ ਨੂੰ ਲੈ ਕੇ ਇਨ੍ਹਾਂ ਕੁੜੀਆਂ ਨੇ ਗਾਲ਼ਾਂ ਦਾ ਲੰਮਾ ਚੌੜਾ ਸੰਗ੍ਰਹਿ ਤਿਆਰ ਕੀਤਾ ਹੈ। ਅੱਜ ਦੇ ਦੌਰ 'ਚ ਜਦ ਔਰਤ ਆਪਣੇ ਆਪ ਨੂੰ ਪੁਰਸ਼ ਦੇ ਮੇਚ ਦਾ ਹੀ ਨਹੀਂ ਬਲਕਿ ਸਮਾਜਿਕ ਕੱਦ ਕਾਠ 'ਚ ਰਤਾ ਉੱਚਾ ਹੀ ਸਮਝਦੀ ਹੈ ਤਾਂ ਗਾਲ਼ੀ ਗਲੋਚ ਦੀ ਭਾਸ਼ਾ 'ਚ ਉਸ ਨੂੰ ਬੌਣੇਪਣ ਦਾ ਅਹਿਸਾਸ ਕਰਾਇਆ ਜਾਂਦਾ ਹੈ।

ਮੁੱਢ ਕਦੀਮ ਤੋਂ ਸਮਾਜ 'ਚ ਗਾਲ਼ਾਂ ਦੀ ਮੌਜੂਦਗੀ ਕਿਸੇ ਨਾ ਕਿਸੇ ਰੂਪ ਵਿਚ ਰਹੀ ਹੈ। ਲੋਕ ਸਾਹਿਤ 'ਚ ਪਹਿਲਾਂ ਕਦੇ ਗਾਲ਼ਾਂ ਦੀ ਹੁੱਬ ਨਹੀਂ ਪੈਂਦੀ ਸੀ। ਲੋਕ ਗੀਤਾਂ 'ਚ ਸਿੱਠਣੀਆਂ ਗਾਲ਼ਾਂ ਦਾ ਸੋਧਿਆ ਰੂਪ ਕਿਹਾ ਜਾ ਸਕਦਾ ਹੈ। ਵਿਆਹ ਸਾਹੇ 'ਤੇ ਸਿੱਠਣੀਆਂ ਮਨੋਰੰਜਨ ਵਾਲਾ ਰੰਗ ਭਰਦੀਆਂ ਸਨ ਜਿਨ੍ਹਾਂ 'ਚ ਸਮਾਜਿਕ ਸਦਭਾਵ ਭਾਰੂ ਹੁੰਦਾ ਸੀ। ਕਿਸੇ ਨੂੰ ਦੁੱਖ ਪਹੁੰਚਾਉਣ ਲਈ ਨਹੀਂ, ਅਪਣੱਤ ਦੇ ਭਾਵ 'ਚੋਂ ਹੇਕ ਲੱਗਦੀ ਸੀ। ਅਸਲ ਵਿਚ ਮਨੁੱਖ ਦੀ ਭਾਸ਼ਾ ਹੀ ਉਸ ਦਾ ਦਰਪਣ ਹੁੰਦੀ ਹੈ। ਇਸੇ ਦਰਪਣ 'ਚੋਂ ਮਨੁੱਖ ਦੀ ਮਾਨਸਿਕਤਾ ਦੀ ਅਜ਼ਮਾਇਸ਼ ਹੋ ਸਕਦੀ ਹੈ।

ਇੰਝ ਕਿਉਂ ਹੁੰਦਾ ਹੈ ਕਿ ਜਦੋਂ ਦੋ ਆਦਮੀ ਆਪਸ 'ਚ ਗਾਲ਼ੀ ਗਲੋਚ 'ਤੇ ਉੱਤਰਦੇ ਹਨ ਤਾਂ ਗਾਲ਼ਾਂ ਦੀ ਭਾਸ਼ਾ 'ਚ ਫੱਟ ਔਰਤ ਦੇ ਹੀ ਲੱਗਦੇ ਨੇ? ਨਵਾਂ ਪੋਚ ਤਾਂ ਮਜ਼ੇ ਖ਼ਾਤਿਰ ਹੁਣ ਗਾਲ਼ਾਂ ਕੱਢਣ ਨੂੰ ਸਹਿਜ ਨਾਲ ਲੈਂਦਾ ਹੈ। ਗਾਲ਼ਾਂ 'ਚ ਕਿਸੇ ਦੀ ਮਾਂ, ਭੈਣ ਅਤੇ ਧੀ ਨਿਸ਼ਾਨਾ ਬਣਦੀ ਹੈ, ਉਹ ਵੀ ਬਿਨਾਂ ਕਸੂਰ ਤੋਂ। ਇੱਕ ਦੌਰ ਉਹ ਵੀ ਸੀ ਜਦੋਂ ਗਾਲ਼ਾਂ ਦੀ ਭਾਸ਼ਾ 'ਚ ਸੰਜਮ ਹੁੰਦਾ ਸੀ, ਕੋਈ ਚੋਭ ਨਹੀਂ ਸੀ ਹੁੰਦੀ। ਗਿੱਧੇ 'ਚ ਕੁੜੀਆਂ ਬੋਲੀ ਪਾਉਂਦੀਆਂ ਨੇ: ਜੈਤੋ ਦਾ ਕਿਲਾ ਟਪਾ'ਦੂੰ ਜੇ ਕੱਢੀ ਮਾਂ ਦੀ ਗਾਲ਼। ਅੰਦਾਜ਼ਾ ਲਾ ਲਓ, ਕਿਸੇ ਜ਼ਮਾਨੇ 'ਚ ਔਰਤ ਦੇ ਚਰਿੱਤਰ 'ਤੇ ਉਂਗਲ ਉਠਾਉਣ ਲਈ ਕੱਢੀ ਗਾਲ਼ ਦਾ ਖ਼ਮਿਆਜ਼ਾ ਕੀ ਹੁੰਦਾ ਸੀ। ਗਾਲ਼ਾਂ ਤੋਂ ਦਰਅਸਲ, ਕਿਸੇ ਸਮਾਜ ਦੀ ਮਾਨਸਿਕਤਾ ਦਾ ਪਤਾ ਲੱਗਦਾ ਹੈ। ਦੂਜੇ ਨੂੰ ਨੀਵਾਂ ਦਿਖਾਉਣ ਅਤੇ ਆਪਣੇ ਹੰਕਾਰ ਨੂੰ ਪੱਠੇ ਪਾਉਣ ਲਈ ਗਾਲ਼ਾਂ ਦੀ ਵਰਤੋਂ ਹੁੰਦੀ ਹੈ। ਮਸਲਾ ਇਹ ਹੈ ਕਿ ਗਾਲ਼ ਦੇ ਕੇਂਦਰ ਬਿੰਦੂ 'ਚ ਔਰਤ ਕਿਉਂ?

ਇਹ ਗਾਲ਼ੀ ਗਲੋਚ ਜਿਸ ਦੀਆਂ ਜੜ੍ਹਾਂ ਪਿੱਤਰੀਵਾਦੀ ਸੋਚ ਨਾਲ ਜੁੜੀਆਂ ਹੋਈਆਂ ਹਨ, ਦਾ ਸਬੰਧ ਔਰਤਾਂ ਦੀ ਹੀਣ ਭਾਵਨਾ ਅਤੇ ਜ਼ੁਲਮ ਨਾਲ ਹੈ। ਸਾਡੇ ਸਮਾਜ ਵਿਚ ਔਰਤ ਨੂੰ ਘਰ ਦੀ 'ਇੱਜ਼ਤ' ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਹੋਂਦ ਨੂੰ ਕੁਝ ਸੀਮਤ ਰਿਸ਼ਤਿਆਂ ਵਿਚ ਬੰਨ੍ਹ ਦਿੱਤਾ ਗਿਆ ਹੈ। ਉਹ ਮਨੁੱਖ ਹੋਣ ਦੀ ਥਾਂ ਮਾਂ, ਭੈਣ, ਧੀ, ਪਤਨੀ ਤੱਕ ਸੀਮਤ ਹੈ। ਮਰਦ ਔਰਤਾਂ ਦੇ ਚਰਿੱਤਰ ਅਤੇ ਉਨ੍ਹਾਂ ਦੇ ਸਰੀਰ ਨੂੰ ਆਪਣੀ ਜਾਇਦਾਦ ਸਮਝਦੇ ਹਨ ਜਿਸ ਨੂੰ ਸੰਭਾਲਣ ਅਤੇ ਉਸ ਅਨੁਸਾਰ ਸੁਰੱਖਿਅਤ ਕਰਨ ਦੀ ਲੋੜ ਹੈ। ਫਿਰ ਜੇ ਇਸ ਦੀ ਰਾਖੀ ਕਰਨੀ ਹੈ ਤਾਂ ਔਰਤਾਂ ਨੂੰ ਘਰ ਦੀਆਂ ਦੀਵਾਰਾਂ ਦੇ ਅੰਦਰ ਰੱਖਣ ਦੀ ਪਰੰਪਰਾ ਅਪਣਾਈ ਜਾਂਦੀ ਹੈ। ਇਹ ਸੋਚ ਇਸ ਵਿਚਾਰ ਨੂੰ ਜਨਮ ਦਿੰਦੀ ਹੈ ਕਿ ਜੇ ਤੁਸੀਂ ਕਿਸੇ ਨੂੰ ਬੇਇੱਜ਼ਤ ਜਾਂ ਤੰਗ ਕਰਨਾ ਚਾਹੁੰਦੇ ਹੋ ਤਾਂ ਉਸ ਦੇ ਘਰ ਦੀਆਂ ਔਰਤਾਂ ਨੂੰ ਗਾਲ਼ਾਂ ਕੱਢੋ ਅਤੇ ਉਨ੍ਹਾਂ ਦਾ ਅਪਮਾਨ ਕਰੋ। ਇਸੇ ਕਾਰਨ ਔਰਤਾਂ ਸ਼ੋਸ਼ਣ ਦਾ ਕੇਂਦਰ ਬਣ ਜਾਂਦੀਆਂ ਹਨ।

ਔਰਤਾਂ ਦੇ ਅਧਿਐਨ ਦੀ ਮਾਹਿਰ ਅਤੇ ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼ ਹੈਦਰਾਬਾਦ ਦੀ ਪ੍ਰੋਫੈਸਰ ਡਾ. ਲਕਸ਼ਮੀ ਲਿੰਗਮ ਦੱਸਦੇ ਹਨ- ਇਹ ਗਾਲ਼ਾਂ ਇਹ ਜ਼ਾਹਿਰ ਕਰਦੀਆਂ ਹਨ ਕਿ ਸਾਡਾ ਸਮਾਜ ਔਰਤਾਂ ਨਾਲ ਕਿਵੇਂ ਪੇਸ਼ ਆਉਂਦਾ ਰਿਹਾ ਹੈ। ਇਹ ਗਾਲਾਂ ਸ਼ੋਸ਼ਣ ਕਾਇਮ ਰੱਖਣ ਵਿਚ ਮਦਦ ਕਰਦੀਆਂ ਹਨ ਤੇ ਇਹ ਔਰਤਾਂ ਦੇ ਸਰੀਰ, ਉਨ੍ਹਾਂ ਦੀ ਲਿੰਗਕਤਾ, ਇੱਥੋਂ ਤੱਕ ਕਿ ਉਹਨਾਂ ਦੇ ਪ੍ਰਜਨਨ ਨੂੰ ਵੀ ਕੰਟਰੋਲ ਕਰਨ ਦੀ ਕੋਸ਼ਿਸ਼ ਕਰਦੀਆਂ ਹਨ।

ਮਰਦ ਆਪਣੀ ਹਉਮੈ ਨੂੰ ਦੂਸਰਿਆਂ ਨੂੰ ਗਾਲ਼ਾਂ ਕੱਢ ਕੇ ਸੰਤੁਸ਼ਟ ਕਰਦੇ ਹਨ। ਹੈਰਾਨੀ ਉਦੋਂ ਹੁੰਦੀ ਹੈ ਜਦੋਂ ਔਰਤਾਂ ਵੀ ਬਿਨਾਂ ਝਿਜਕ ਆਪਣੀਆਂ ਮਾਵਾਂ-ਭੈਣਾਂ ਨੂੰ ਗਾਲ਼ਾਂ ਕੱਢਦੀਆਂ ਹਨ। ਆਖ਼ਿਰ ਉਹ ਕਿਸ ਹਉਮੈ ਨੂੰ ਸੰਤੁਸ਼ਟ ਕਰਦੀਆਂ ਹਨ? ਅੱਜ ਦਾ ਸੋਸ਼ਲ ਮੀਡੀਆ ਵੀ ਇਸ ਮਾਮਲੇ ਵਿਚ ਪਿੱਛੇ ਨਹੀਂ ਰਿਹਾ। ਮਾੜੀ ਸ਼ਬਦਾਵਲੀ ਦੀ ਵਰਤੋਂ ਵੈਬ ਸੀਰੀਜ਼ ਵਿਚ ਆਮ ਹੋ ਰਹੀ ਹੈ। ਇਹਨਾਂ ਸੀਰੀਜ਼ ਵਿਚ ਗਾਲ਼ਾਂ ਆਸਾਨੀ ਨਾਲ ਵਰਤਾਈਆਂ ਜਾ ਰਹੀਆਂ ਹਨ। ਕੈਰੀ ਮਿਨਾਤੀ ਵਰਗੇ ਤਾਂ ਜਾਣਬੁੱਝ ਕੇ ਆਪਣੇ ਪ੍ਰੋਗਰਾਮਾਂ ਵਿਚ ਗਾਲ਼ਾਂ ਕੱਢਦੇ ਹਨ। ਫਿਰ ਅਜਿਹੇ ਵੀਡੀਓ ਵਾਇਰਲ ਵੀ ਹੋ ਜਾਂਦੇ ਹਨ। ਕੌਣ ਜਾਣਦਾ ਹੈ ਕਿ ਸੋਸ਼ਲ ਮੀਡੀਆ 'ਤੇ ਕਿੰਨੇ ਹੋਰ ਕੈਰੀ ਮਿਨਾਤੀ ਮੌਜੂਦ ਹਨ। ਸਮਝ ਨਹੀਂ ਆਉਂਦੀ, ਅਜਿਹੀਆਂ ਗਾਲ਼ਾਂ ਸੁਣ ਕੇ ਲੋਕ ਕਿਵੇਂ ਹੱਸ ਸਕਦੇ ਹਨ! ਬਹੁਤ ਸਾਰੇ ਲੋਕ ਇਸ ਨੂੰ ਜਾਇਜ਼ ਠਹਿਰਾਉਂਦੇ ਹਨ ਕਿ ਗਾਲ਼ਾਂ ਵੀ ਪ੍ਰਗਟਾਵੇ ਦਾ ਮਾਧਿਅਮ ਹਨ।


'ਮਰਦ ਨੂੰ ਦਰਦ ਨਹੀਂ' ਅਤੇ 'ਤੂੰ ਕੁੜੀਆਂ ਵਾਂਗ ਕਿਉਂ ਰੋ ਰਹੀ ਹੈਂ' ਵਰਗੀਆਂ ਉਦਾਹਰਨਾਂ ਸਾਡੇ ਵਿਹਾਰ ਦਾ ਹਿੱਸਾ ਹਨ। ਜੇਕਰ ਕੋਈ ਚੀਜ਼ ਕਮਜ਼ੋਰ, ਨਰਮ ਅਤੇ ਛੋਟੀ ਹੈ ਤਾਂ ਉਹ ਇਸਤਰੀ ਲਿੰਗ ਦੀ ਸ਼੍ਰੇਣੀ ਵਿਚ ਆਉਂਦੀ ਹੈ। ਹੁਣ ਤੱਕ ਰਾਸ਼ਟਰਪਤੀ, ਪ੍ਰਧਾਨ ਮੰਤਰੀ ਵਰਗੇ ਸ਼ਬਦਾਂ ਦੇ ਬਰਾਬਰ ਕੋਈ ਇਸਤਰੀ ਜਾਂ ਲਿੰਗ ਨਿਰਪੱਖ ਸ਼ਬਦ ਦੀ ਖੋਜ ਨਹੀਂ ਹੋਈ ਹੈ। ਇਹ ਤਾਂ ਭਲਾ ਹੋਵੇ ਨਾਰੀਵਾਦੀ ਲਹਿਰਾਂ ਦਾ ਜਿਨ੍ਹਾਂ ਕਰ ਕੇ ਭਾਸ਼ਾ ਕੁਝ ਹੱਦ ਤੱਕ ਬਦਲੀ ਹੈ; ਉਦਾਹਰਨ ਵਜੋਂ ਅੰਗਰੇਜ਼ੀ ਵਿਚ ਚੇਅਰਮੈਨ ਦੀ ਥਾਂ ਚੇਅਰਪਰਸਨ ਵਰਗੇ ਸ਼ਬਦ ਪ੍ਰਚਲਿਤ ਹੋਏ ਹਨ। ਜੇਕਰ ਅਸੀਂ ਸਮਾਜ ਵਿਚ ਤਬਦੀਲੀ ਲਿਆਉਣਾ ਚਾਹੁੰਦੇ ਹਾਂ ਤਾਂ ਸਾਨੂੰ ਭਾਸ਼ਾ ਤੋਂ ਸ਼ੁਰੂਆਤ ਕਰਨੀ ਪਵੇਗੀ। ਸਿੱਠਣੀਆਂ ਨਾਲ ਵੀ ਮਨੁੱਖ ਦਾ ਅੰਦਰਲਾ ਹਲੂਣਿਆ ਜਾ ਸਕਦਾ ਹੈ।

ਜਿਵੇਂ ਜਾਤੀਗਤ ਸ਼ਬਦ ਬੋਲਣ 'ਤੇ ਪਾਬੰਦੀ ਹੈ, ਉਸੇ ਤਰ੍ਹਾਂ ਔਰਤਾਂ ਵਿਰੋਧੀ ਗਾਲ਼ਾਂ 'ਤੇ ਵੀ ਸਮਾਜਿਕ ਸੈਂਸਰਸ਼ਿਪ ਹੋਣੀ ਚਾਹੀਦੀ ਹੈ ਅਤੇ ਕਾਨੂੰਨੀ ਸ਼ਿਕੰਜਾ ਵੀ। ਲੋੜ ਹੈ, ਅਸੀਂ ਆਪਣੀ ਭਾਸ਼ਾ ਸੁਧਾਰੀਏ ਅਤੇ ਭਵਿੱਖ ਸੁਧਾਰਨ ਲਈ ਆਪਣੀ ਭੂਮਿਕਾ ਨਿਭਾਈਏ।

# ਆਈ ਬਲਾਅ ਦੁਪਹਿਰ ਕੱਟ ਜਾ

***'ਪੰਜਾਬ ਟਾਈਮਜ਼' ਦੇ ਪੁਰਾਣੇ ਸਾਥੀ ਅਤੇ ਵਿਗਿਆਨ ਪੜ੍ਹਨ-ਪੜ੍ਹਾਉਣ ਨਾਲ ਡੂੰਘੇ ਜੁੜੇ ਰਹੇ ਪ੍ਰਿੰਸੀਪਲ ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ ਨੇ ਆਪਣੇ ਇਸ ਲੇਖ ਵਿਚ 'ਬਲਾਅ' ਦੇ ਬਹਾਨੇ ਜ਼ਿੰਦਗੀ ਦੀਆਂ ਕੁਝ ਕੌੜੀਆਂ ਤੇ ਕੁਸੈਲੀਆਂ ਯਾਦਾਂ ਸਾਂਝੀਆਂ ਕੀਤੀਆਂ ਹਨ। ਅਸਲ ਵਿਚ ਇਹ ਉਨ੍ਹਾਂ ਦਾ ਜ਼ਿੰਦਗੀ ਵੱਲ ਪਹੁੰਚ ਦਾ ਨਜ਼ਰੀਆ ਹੈ। ਇਸ ਨਜ਼ਰੀਏ ਰਾਹੀਂ ਹੀ ਉਹ ਜ਼ਿੰਦਗੀ ਦੀ ਥਾਹ ਪਾਉਣ ਦਾ ਯਤਨ ਕਰਦੇ ਹਨ।***

ਇਹ ਅਖਾਣ ਬਚਪਨ ਤੋਂ ਸੁਣਦੇ ਆਏ ਹਾਂ ਪਰ ਅੱਲ੍ਹੜ ਉਮਰ ਵਿਚ ਪਤਾ ਨਹੀ ਸੀ ਕਿ 'ਬਲਾਅ' ਕਿਸ ਚੀਜ਼ ਨੂੰ ਕਹਿੰਦੇ ਹਨ। ਹੁਣ ਜਦੋਂ ਕੁਝ ਸੋਝੀ ਆਈ ਹੈ ਤਾਂ ਬਲਾਵਾਂ ਦੇ ਤੂਫ਼ਾਨ ਵਿਚ ਘਿਰਿਆ ਮਹਿਸੂਸ ਕਰ ਰਿਹਾ ਹਾਂ। ਕੁਝ ਬਲਾਵਾਂ ਕੁਦਰਤ ਵਲੋਂ ਆ ਜਾਂਦੀਆਂ ਹਨ, ਉਨ੍ਹਾਂ ਨੂੰ ਭਾਣਾ ਮੰਨ ਕੇ ਗੁਜ਼ਾਰਾ ਹੋ ਜਾਂਦਾ ਹੈ। ਵੈਸੇ ਵੀ ਕਈ ਮੁਸੀਬਤਾਂ ਥੋੜ੍ਹੀ ਦੇਰ ਲਈ ਹੁੰਦੀਆਂ ਹਨ, ਜਿਵੇਂ ਵਾ-ਵਰੋਲਾ, ਹਨੇਰੀ, ਮਾਮੂਲੀ ਗੜੇ ਜਾਂ ਥੋੜ੍ਹੀ ਦੇਰ ਲਈ ਅੰਧਾ-ਧੁੰਦ ਬਾਰਸ਼। ਕਹਿ ਸਕਦੇ ਹਾਂ ਕਿ ਇਹ ਬਲਾਅ ਦੁਪਹਿਰ ਕੱਟ ਗਈ ਅਤੇ ਰੁਖ਼ਸਤ ਹੋ ਗਈ। ਮਨੁੱਖ ਇਸ ਦੇ ਕੀਤੇ ਨੁਕਸਾਨ ਨੂੰ ਹਿੰਮਤ ਨਾਲ ਸਹਿ ਜਾਂਦਾ ਹੈ ਅਤੇ ਚੜ੍ਹਦੀ ਕਲਾ ਵਿਚ ਹੋ ਜਾਂਦਾ ਹੈ।



ਬਹੁਤ ਸਾਰੇ ਹਾਦਸੇ ਐਸੇ ਹੁੰਦੇ ਹਨ ਕਿ ਅਚਾਨਕ ਕੁਝ ਸਕਿੰਟਾਂ ਵਿਚ ਹੀ ਕੁਝ ਦਾ ਕੁਝ ਵਾਪਰ ਜਾਂਦਾ ਹੈ, ਦੰਦਾਂ ਵਿਚ ਜੀਭ ਆ ਜਾਂਦੀ ਹੈ। ਇਹੋ ਜਿਹੀ ਤੱਤੜੀ ਬਲਾਅ ਦਾ ਕੀ ਨਾਮ ਰੱਖੀਏ, ਸਾਡੀ ਸਮਝ ਤੋਂ ਬਾਹਰ ਹੈ।

**ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ**
**ਫੋਨ: 925-683-1982**

ਲਹਿ-ਲਹਾਉਂਦੀ ਫ਼ਸਲ ਉਪਰ ਗੜੇ ਪੈ ਜਾਣਾ, ਘਮਟੇ-ਡੇਢ ਘੰਟੇ ਵਿਚ ਹੜ੍ਹ ਨਾਲ ਖੇਤੀ ਤਬਾਹ ਹੋ ਜਾਣਾ, ਬਿਜਲੀ ਦੀਆਂ ਤਾਰਾਂ ਦੇ ਚੰਗਿਆੜਿਆਂ ਨਾਲ ਪੱਕੀ ਕਣਕ ਦਾ ਸੜ ਕੇ ਸੁਆਹ ਹੋ ਜਾਣਾ ਕੁਦਰਤ ਦੀ ਕਰੋਪੀ ਕਿਹਾ ਜਾਂਦਾ ਹੈ। ਇਹੋ ਜਿਹੀ ਬਲਾਅ ਦੁਪਹਿਰ ਕੱਟਣ ਤੋਂ ਪਹਿਲਾਂ ਹੀ ਭਿਆਨਕ ਨਤੀਜੇ ਗਰੀਬ ਕਿਸਾਨਾਂ ਦੇ ਭਵਿੱਖ ਲਈ ਛੱਡ ਜਾਂਦੀ ਹੈ। ਕਿਸਾਨ ਇਹ ਕਹਿਣ ਲਈ ਮਜਬੂਰ ਹੋ ਜਾਂਦਾ ਹੈ- ਖੇਤੀ ਕਰਮਾ ਸੇਤੀ।

ਵਿਆਨਕ ਯੁੱਗ ਵਿਚ ਤਰਕ ਸੂਝ ਵਾਲੇ ਬੰਦੇ ਸਮਝਦੇ ਹਨ ਕਿ ਬਲਾਅ ਕੋਈ ਚੀਜ਼ ਨਹੀਂ ਹੁੰਦੀ, ਸਭ ਅਲਾਮਤਾਂ ਬੰਦਾ ਆਪ ਸਹੇੜਦਾ ਹੈ ਜਿਵੇਂ ਕੋਵਿਡ-19 ਜਿਹੀ ਬਲਾਅ ਵਾਤਾਵਰਨ ਦੇ ਪਲੀਤ ਹੋਣ ਨਾਲ, ਅਣਮਨੁੱਖੀ ਟੈਸਟ ਅਤੇ ਕਈ ਹੋਰ ਵਰਤਾਰੇ ਹੋਂਦ ਵਿਚ ਲਿਆਉਣ ਕਾਰਨ ਵਾਪਰੀ। ਇਹ ਮਾਮਲਾ ਚਰਚਾ ਦਾ ਵਿਸ਼ਾ ਹੈ।

ਲੱਗਭੱਗ ਇਕ ਸੌ ਵੀਹ ਸਾਲ ਪਹਿਲਾਂ ਕੱਤਕ ਦੀ ਬਿਮਾਰੀ (ਪਲੇਗ) ਵਿਚ ਮੇਰੇ ਦਾਦਾ ਦਾਦੀ ਮੇਰੇ ਢਾਈ ਸਾਲ ਦੇ ਪਿਤਾ ਨੂੰ ਯਤੀਮ ਬਣਾ ਗਏ। ਲੱਖਾਂ ਲੋਕ ਮਾਰੇ ਗਏ। ਉਸ ਵੇਲੇ ਤਾਂ ਵਾਤਾਵਰਨ ਸਾਫ਼ ਸੁਥਰਾ ਸੀ। ਰੇਲ ਗੱਡੀਆਂ, ਕਾਰਾਂ, ਹਵਾਈ ਜਹਾਜ਼ਾਂ ਅਤੇ ਕਾਰਖਾਨਿਆਂ ਦਾ ਨਾਮੋ-ਨਿਸ਼ਾਨ ਨਹੀਂ ਸੀ। ਸਾਡੇ ਮਾਲਵੇ ਦੇ ਇਲਾਕੇ ਵਿਚ ਚੌਲਾਂ ਦੀ ਖੇਤੀ ਦਾ ਸੁਫਨਾ ਵੀ ਨਹੀਂ ਸੀ। ਪਰਾਲੀ ਫੂਕਣ ਦੀ ਨੌਬਤ ਨਹੀਂ ਸੀ। ਫਿਰ ਵੀ ਇਹ ਭਾਣਾ ਕਿਉਂ ਵਰਤਿਆ? ਮੈਨੂੰ ਤਾਂ ਇਹ ਕੁਦਰਤ ਦੀ ਖੇਡ ਲਗਦੀ ਹੈ। ਇਸ ਬਲਾਅ ਨੇ ਇਕ ਹੋਰ ਵੱਡੀ ਬਲਾਅ ਤੋਂ ਛੁਟਕਾਰਾ ਬਖ਼ਸ਼ਿਆ। ਉਹ ਅਲਾਮਤ ਹੈ ਵਧ ਰਹੀ ਆਬਾਦੀ। ਅੱਜ ਦੇ ਯੁੱਗ ਵਿਚ ਬਹੁਤੀਆਂ ਕਠਨਾਈਆਂ ਵਧ ਰਹੀ ਆਬਾਦੀ ਦੀ ਦੇਣ ਹਨ। ਬੇਕਿਰਕ ਹਮਲਾਵਰਾਂ ਨੇ ਲੱਖਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ। ਕਬੀਲਿਆਂ ਵਿਚ ਲੜਾਈਆਂ, ਮੁਲਕਾਂ ਵਿਚ ਯੁੱਧ ਅਤੇ ਖਾਨਾਜੰਗੀ ਜਿਹੀਆਂ ਵਾਰਦਾਤਾਂ ਬੇਸ਼ੱਕ ਮਨੁੱਖੀ ਸੁਭਾਅ ਉਪਰ ਕਰਾਰੀ ਚੋਟ ਹਨ, ਫਿਰ ਵੀ ਮਨ ਕਹਿੰਦਾ ਹੈ ਕਿ ਸ਼ਾਇਦ ਸ਼ਕਤੀਸ਼ਾਲੀ ਕੁਦਰਤ ਨੇ ਜਨਸੰਖਿਆ ਦੇ ਤਵਾਜ਼ਨ ਲਈ ਕੁਝ ਬੰਦਿਆਂ ਨੂੰ ਇਹ ਕਾਰਜ ਸੌਂਪਿਆ ਹੋਵੇ ਅਤੇ ਬਲਾਅ ਰਾਹੀਂ ਅਗਲੀ ਬਲਾਅ ਟਾਲ ਦਿੱਤੀ।

ਬਹੁਤ ਸਾਲਾਂ ਤੋਂ ਮੇਰੇ ਚੇਤੇ ਵਿਚ ਸਿੱਧਾ ਸਾਦਾ ਸ਼ੇਅਰ ਘਰ ਬਣਾਈ ਬੈਠਾ ਹੈ:

ਯਹ ਸ਼ਬੇ-ਗਮ ਹਰ ਕਿਸੀ ਕੇ ਘਰ ਤੋ ਨਹੀਂ ਆਤੀ
ਯਹ (ਬਲਾਅ) ਹਮ ਨੇ ਖ਼ੁਦ ਬੁਲਾਈ ਹੈ।

ਪਰਵਾਸੀਆਂ ਦੀਆਂ ਤਕਲੀਫ਼ਾਂ ਦੇਖਦਿਆਂ ਇਸ ਸ਼ੇਅਰ ਦੀ ਮਹੱਤਤਾ ਮਹਿਸੂਸ ਹੋ ਰਹੀ ਹੈ। ਪਿਛਲੇ ਦਹਾਕੇ ਦੌਰਾਨ ਪਰਵਾਸੀ ਲੇਖਕਾਂ ਦੀਆਂ ਕਈ ਕਹਾਣੀਆਂ ਅਤੇ ਨਾਵਲਾਂ ਦੇ ਰਿਵਿਊ ਪੜ੍ਹਨ ਦਾ ਮੌਕਾ ਮਿਲਿਆ ਹੈ। ਇਨ੍ਹਾਂ ਸਭ ਲਿਖਤਾਂ ਵਿਚ ਕੇਂਦਰੀ ਵਿਸ਼ਾ ਪਰਵਾਸੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਧੋਖੇ, ਕਠਨਾਈਆਂ, ਚਲਾਕੀਆਂ ਅਤੇ ਬੇਵਫਾਈਆਂ ਵੱਲ ਹੀ ਘੁੰਮਦਾ ਹੈ। ਇਹ ਮਾਜਰਾ ਬਲਾਅ ਦੇ ਅਣਗਿਣਤ ਨਮੂਨੇ ਪੇਸ਼ ਕਰਦਾ ਹੈ।

ਪਿਛਲੇ ਸਤਾਈ ਸਾਲਾਂ ਤੋਂ ਬਹੁਤਾ ਸਮਾਂ ਅਮਰੀਕਾ ਵਿਚ ਗੁਜ਼ਾਰਿਆ ਹੈ ਪਰ ਹਰ ਸਾਲ ਚੰਡੀਗੜ੍ਹ ਤੇ ਪੰਜਾਬ ਜਾਂਦਾ ਹਾਂ। ਕਈ ਪਰਿਵਾਰਾਂ ਦੇ ਦੁਖੜਿਆਂ ਤੋਂ ਮੈਂ ਜਾਤੀ ਤੌਰ 'ਤੇ ਵਾਕਿਫ਼ ਹਾਂ। ਮੇਰੀ ਸੂਝ ਅਨੁਸਾਰ ਇਨ੍ਹਾਂ ਸਾਰੇ ਮਾਮਲਿਆਂ ਵਿਚ ਬਲਾਅ ਅਸੀਂ ਆਪ ਬੁਲਾਈ ਹੁੰਦੀ ਹੈ। ਹਾਂ, ਇਸ ਅਲਾਮਤ ਨੂੰ ਖ਼ੁਸ਼-ਆਮਦੀਦ ਪੱਤਰ ਕਈ ਵਾਰ ਭੋਲੇਪਣ ਵਿਚ, ਕਈ ਵਾਰ ਚਤੁਰਾਈ ਅਧੀਨ, ਕਈ ਵਾਰ ਗਿਆਨਤਾ ਕਰ ਕੇ ਅਤੇ ਕਈ ਵਾਰ ਅਣਗਹਿਲੀ ਵਿਚ ਭੇਜ ਦਿੱਤਾ ਜਾਂਦਾ ਹੈ।

ਇਕ ਕੇਸ ਮੈਨੂੰ ਸਦਾ ਯਾਦ ਰਹਿੰਦਾ ਹੈ। ਮੇਰਾ ਨਜ਼ਦੀਕੀ 'ਪ੍ਰੀਤ ਲੜੀ' ਦਾ ਪੱਕਾ ਪਾਠਕ ਸੀ। ਸ. ਗੁਰਬਖ਼ਸ਼ ਦਾ ਭਗਤ ਸੀ। ਸੋਚਦਾ ਸੀ ਜਿਹੜੀ ਲੜਕੀ ਉਸ ਦੇ ਘਰ ਵਿਚ ਨੂੰਹ ਬਣਕੇ ਆਵੇਗੀ, ਉਹ ਉਹਦੀ ਜ਼ਿੰਦਗੀ ਉੱਤੇ ਟਾਰਚ ਦੀ ਬੱਝਵੀਂ ਰੋਸ਼ਨੀ ਪਾ ਕੇ ਉਸ ਨੂੰ ਭਖਦੀ ਲਾਟ ਬਣਾ ਦੇਵੇਗਾ। ਉਸ ਨੂੰ ਕਦੀ ਵੀ ਇਹ ਖਿਆਲ ਨਾ ਆਇਆ ਕਿ

ਕਾਲੇ ਕਦੀ ਨਾ ਹੋਵਣ ਬੱਗੇ
ਭਾਵੇਂ ਸੌ ਮਣ ਸਾਬਣ ਲੱਗੇ!

ਭਾਈ ਗੁਰਦਾਸ ਫਰਮਾਉਂਦੇ ਹਨ ਕਿ ਜੇ ਕੋਲੇ ਨੂੰ ਦਹੀਂ ਨਾਲ ਵੀ ਧੋਇਆ ਜਾਵੇ, ਕਾਲਾ ਕੋਲਾ ਕਾਲਾ ਹੀ ਰਹੇਗਾ। ਮੈਨੂੰ ਛੇਵੀਂ ਜਮਾਤ ਵਿਚ ਪੜ੍ਹਿਆ ਫਾਰਸੀ ਦਾ ਸ਼ੇਅਰ ਕਦੀ ਨਹੀਂ ਭੁਲਦਾ:

ਖ਼ਰੇ ਈਸਾਜ ਗਰ ਵੈ ਮੱਕਾ ਰਵੱਦ
ਚੂੰ ਬਿਆਦ ਖਰੇ ਬਾਸ਼ਿਦ

ਭਾਵ, ਜੇ ਈਸਾ ਦਾ ਗਧਾ ਮੱਕੇ ਚਲਿਆ ਜਾਵੇ, ਜਦੋਂ ਵਾਪਸ ਆਏਗਾ, ਗਧਾ ਹੀ ਹੋਵੇਗਾ।

ਮੇਰਾ ਨਜ਼ਦੀਕੀ ਆਪਣੀ ਵਿਦਵਤਾ ਦਾ ਗ਼ਲਤ ਅੰਦਾਜ਼ਾ ਲਾ ਬੈਠਾ ਅਤੇ ਇਹੋ ਜਿਹੇ ਬੰਦਿਆਂ ਨਾਲ ਸਬੰਧ ਬਣਾ ਬੈਠਾ ਜਿਹੜੇ ਪਥਰੀਲੀ ਮਾਨਸਿਕਤਾ ਦੇ ਪੁਜਾਰੀ ਸਨ। ਉਥੇ ਰੋਸ਼ਨੀ ਦਾਖ਼ਲ ਨਹੀਂ ਹੋ ਸਕਦੀ।ਅੱਜ ਉਹ ਵਿਚਾਰਾ ਬਹੁਤ ਪਛਤਾ ਰਿਹਾ ਹੈਪਰ

ਅਬ ਪਛਤਾਏ ਕਿਆ ਹੋਤ
ਜਬ ਚਿੜੀਆ ਚੁਗ ਗਈਂ ਖੇਤ

ਕਈ ਲੋਕ ਭਲੀ ਪ੍ਰਕਾਰ ਜਾਣਦੇ ਹੋਏ ਵੀ ਵਿਦੇਸ਼ ਦੀ ਚਕਾਚੌਂਧ ਵਿਚ ਫਸ ਜਾਂਦੇ ਹਨ। ਉਹ ਸੋਚਦੇ ਹਨ ਕਿ ਸ਼ਾਇਦ ਸਾਡਾ ਦਾਅ ਲੱਗ ਹੀ ਜਾਵੇ। ਖ਼ਬਰੇ ਵਾਹਿਗੁਰੂ ਦੀ ਕਿਰਪਾ ਨਾਲ ਸਾਡੇ ਪਰਿਵਾਰ ਦੇ ਭਾਗ ਚਮਕ ਪੈਣ। ਕੁਝ ਹੱਦ ਤੱਕ ਇਸ ਤਰ੍ਹਾਂ ਸੋਚ ਲੈਣਾ ਇਨਸਾਨੀ ਫਿਤਰਤ ਹੈ।

ਇਕ ਹੋਰ ਹੱਡ ਬੀਤੀ ਲਿਖਣ ਨੂੰ ਦਿਲ ਕਰ ਆਇਆ। ਮੇਰੀ ਹਮਸਫ਼ਰ (ਪਤਨੀ) ਚੰਡੀਗੜ੍ਹ ਦੇ ਇੱਕ ਹਾਈ ਸਕੂਲ ਦੀ ਹੈੱਡਮਿਸਟਰੈੱਸ ਸਨ। ਇਕ ਦਿਨ ਇਕ ਮਿਸਟਰੈੱਸ ਆਪਣਾ ਬਿਨੇ ਪੱਤਰ ਲੈ ਕੇ ਉਨ੍ਹਾਂ ਕੋਲ ਆਈ। ਉਸ ਵਿਚ ਵੇਤਨ ਵਿਚ ਵਾਧਾ ਤੇ ਕੁਝ ਹੋਰ ਸਹੂਲਤਾਂ ਦਾ ਜ਼ਿਕਰ ਸੀ। ਹੈੱਡਮਿਸਟਰੈੱਸ ਨੇ ਸਿਫਾਰਸ਼ ਕਰਕੇ ਅੱਗੇ ਡੀ.ਪੀ.ਆਈ. ਕੋਲ ਭੇਜਣਾ ਸੀ। ਇਹ ਸਭ ਕੁਝ ਰੂਲਜ਼ ਅਨੁਸਾਰ ਨਹੀਂ ਸੀ। ਮੇਰੀ ਪਤਨੀ ਨੇ ਕਿਹਾ,"ਬੀਬੀ, ਇਹ ਤਾਂ ਰੂਲਜ਼ ਮੁਤਾਬਿਕ ਠੀਕ ਨਹੀਂ।" ਉਹ ਹੱਸਦੀ ਕਹਿਣ ਲੱਗੀ,"ਮੈਡਮ ਜੀ, ਮੈਨੂੰ ਸਭ ਕੁਝ ਪਤਾ ਹੈ। ਮੈਂ ਸੋਚਿਆ ਖ਼ਬਰੇ ਦਾਅ ਲੱਗ ਹੀ ਜਾਵੇ।"

ਸੋ ਇਹ ਹੈ ਸਾਡੇ ਲੋਕਾਂ ਦਾ ਰਵੱਈਆ। ਮੈਨੂੰ ਥੋੜ੍ਹੀ ਜਿਹੀ ਹਿਚਕਚਾਹਟ ਇਹ ਕਹਿਣ ਵਿਚ ਮਹਿਸੂਸ ਨਹੀਂ ਹੁੰਦੀ ਕਿ ਕਾਫ਼ੀ ਹੱਦ ਤੱਕ ਇਸ ਬਲਾਅ ਦੇ ਅਸੀਂ ਆਪ ਜ਼ਿੰਮੇਵਾਰ ਹਾਂ। ਭੁੱਖਮਰੀ ਸੰਸਾਰ ਦਾ ਅਹਿਮ ਮਸਲਾ ਹੈ। ਕਰੋੜਾਂ ਬੱਚਿਆਂ ਅਤੇ ਉਨ੍ਹਾਂ ਦੀਆਂ ਮਾਵਾਂ ਨੂੰ ਪੇਟ ਭਰ ਰੋਟੀ ਵੀ ਨਸੀਬ ਨਹੀਂ ਹੁੰਦੀ। ਕਈ ਲੋਕ ਇਸ ਨੂੰ ਵਧ ਰਹੀ ਆਬਾਦੀ ਦੀ ਬਲਾਅ ਕਹਿੰਦੇ ਹਨ ਅਤੇ ਕਈ ਘਟ ਰਹੇ ਅਨਾਜ ਦੇ ਭੰਡਾਰ ਦੀ ਦੇਣ ਸਮਝਦੇ ਹਨ ਪਰ ਇਹ ਸੋਚਣਾ ਠੀਕ ਨਹੀਂ। ਦੁਨੀਆ ਵਿਚ ਅਨਾਜ ਭੰਡਾਰ ਸਾਰੀ ਆਬਾਦੀ ਲਈ ਕਾਫ਼ੀ ਹੈ ਪਰ ਰੱਜੇ ਲੋਕ ਲੋੜਵੰਦ ਤੇ ਗਰੀਬ ਲੋਕਾਂ ਨੂੰ ਦੇਣ ਦੀ ਥਾਂ ਇਸ ਨੂੰ ਸਮੁੰਦਰ ਵਿਚ ਸੁੱਟਣਾ ਜ਼ਿਆਦਾ ਠੀਕ ਸਮਝਦੇ ਹਨ। ਖਤਰਨਾਕ ਬਲਾਅ ਇਹ ਭੈੜੀ ਮਾਨਸਿਕਤਾ ਹੈ। ਗਰੀਬੀ ਅਤੇ ਭੁੱਖਮਰੀ ਜਿਹੀਆਂ ਬਲਾਵਾਂ ਇਸ ਅਨਹੋਣੀ ਮਾਨਸਿਕਤਾ ਦੀਆਂ ਮੁਹਤਾਜ ਹਨ।

ਹਰ ਸਾਲ ਕੇਂਦਰ ਅਤੇ ਸੂਬਿਆਂ ਦਾ ਬਜਟ ਪੇਸ਼ ਹੁੰਦਾ ਹੈ। ਕੁਝ ਦਿਨ ਪਹਿਲਾਂ ਇਸ ਨੂੰ ਤਿਆਰ ਕਰਨ ਲਈ ਬਹੁਤ ਸਾਰੀਆਂ ਸੰਸਥਾਵਾਂ ਤੋਂ ਮਸ਼ਵਰਾ ਵੀ ਲਿਆ ਜਾਂਦਾ ਹੈ। ਹਰ ਵਾਰ ਜਨਤਾ ਲਈ ਸੁਖ ਭਰੇ ਭਵਿੱਖ ਦੀ ਆਸ ਰੱਖੀ ਜਾਂਦੀ ਹੈ।ਹੁੰਦਾ ਕੀ ਹੈ? ਸਰਕਾਰ ਚਲਾ ਰਹੀ ਪਾਰਟੀ ਦੇ ਲੋਕ ਇਸਦੀ ਤਾਰੀਫ਼ ਦੇ ਪੁਲ ਬੰਨ੍ਹ ਦਿੰਦੇ ਹਨ। ਉਹ ਕਹਿਣ ਲੱਗ ਪੈਂਦੇ ਹਨ ਕਿ ਇਹ ਬਜਟ ਤਾਂ ਲੋਕਾਂ ਲਈ ਸਵਰਗ ਦਾ ਝੂਟਾ ਹੈ। ਮੁਖਾਲਿਫ ਪਾਰਟੀ ਇਸ ਨੂੰ ਬੇਅਰਥ ਸਮਝਦੀ ਹੈ। ਉਸ ਪਾਰਟੀ ਦੇ ਬੰਦੇ ਇਸ ਨੂੰ ਲੋਕਾਂ ਨਾਲ ਧੋਖਾ ਸਮਝਦੇ ਹਨ। ਕਹਿੰਦੇ ਹਨ, ਇਸ ਵਿਚ ਸਿਹਤ ਅਤੇ ਵਿਦਿਆ ਵੱਲ ਧਿਆਨ ਹੀ ਨਹੀਂ ਦਿੱਤਾ ਗਿਆ। ਗੱਲ ਕੀ, ਉਨ੍ਹਾਂ ਨੂੰ ਇਸ ਵਿਚ ਕੁਝਵੀ ਚੰਗਾ ਨਜ਼ਰ ਨਹੀਂ ਆਉਂਦਾ। ਮੈਨੂੰ ਤਾਂ ਦੋਹਾਂ ਧਿਰਾਂ ਦੀ ਨਜ਼ਰ ਭੈਂਗੀ ਪ੍ਰਤੀਤ ਹੁੰਦੀ ਹੈ।ਬਜਟ ਲੈਲਾ ਮਜਨੂੰ ਦੀ ਪ੍ਰੀਤ ਦਾ ਚਿੱਠਾ ਤਾਂ ਨਹੀਂ ਜਿਸ ਵਿਚ ਮਜਨੂੰ ਲਈ ਲੈਲਾ ਵਰਗੀ ਦੁਨੀਆ ਵਿਚ ਕੋਈ ਹੋਰ ਸੋਹਣੀ ਕੁੜੀ ਨਹੀਂ ਤੇ ਆਮ ਲੋਕਾਂ ਨੂੰ ਲੈਲਾ ਕਾਲੀ ਕਲੂਟੀ ਨਜ਼ਰ ਆਉਂਦੀ ਹੈ।

ਨਾਗਰਿਕਾਂ ਦਾ ਇਹ ਦੋਗਲਾ ਰਵੱਈਆ ਸਮਾਜ ਲਈ ਮੰਦਭਾਗਾ ਹੈ। ਇਹੋ ਜਿਹੀ ਮਾਨਸਿਕਤਾ ਬਹੁਤ ਬੁਰੀ ਬਲਾਅ ਹੈ। ਇਹ ਦੁਪਹਿਰਾ ਕੱਟ ਕੇ ਰੁਖਸਤ ਹੋ ਜਾਵੇ, ਇਸ ਵਿਚ ਹੀ ਦੇਸ਼ ਦਾ ਭਲਾ ਹੈ।ਜੇ ਇਹ ਪੱਕਾ ਡੇਰਾ ਲਾ ਕੇ ਬੈਠੀ ਰਹੀ ਤਾਂ ਦੇਸ਼ ਦਾ ਰੱਬ ਰਾਖਾ!

ਅਤਿ ਜਜ਼ਬਾਤੀ ਬੰਦਿਆਂ ਦੀ ਸੋਚ ਬਹੁਤ ਦਿਲਚਸਪ ਮਾਜਰਾ ਹੈ। ਨਿੱਕੀਆਂ-ਨਿੱਕੀਆਂ ਘਟਨਾਵਾਂ ਉਨ੍ਹਾਂ ਦੇ ਮਨ ਨੂੰ ਖ਼ੁਸ਼ੀਆਂ ਨਾਲ ਭਰ ਦਿੰਦੀਆਂ ਹਨ ਅਤੇ ਛੋਟੀਆਂ ਜਿਹੀਆਂ ਮੁਸ਼ਕਿਲਾਂ ਬਲਾਅ ਨਜ਼ਰ ਆਉਂਦੀਆਂ ਹਨ। ਮੇਰੇ ਨੇੜੇ ਮੇਜ਼ ਉਪਰ ਆਈ ਪੈਡ ਪਿਆ ਹੈ। ਇਸਵਿਚ ਵਾਇਰਸ ਆ ਗਿਆ ਹੈ। ਮੈਂ ਇਸ ਦਾ ਅੱਲ੍ਹੜ ਖਿਡਾਰੀ ਹਾਂ। ਮੈਨੂੰ ਵਾਇਰਸ ਬੁਰੀ ਬਲਾਅ ਲਗਦੀ ਹੈ ਪਰ ਤਸੱਲੀ ਵਾਲੀ ਗੱਲ ਇਹ ਹੈ ਕਿ ਇਹ ਦੁਪਹਿਰ ਕੱਟ ਕੇ ਆਪ ਹੀ ਫਾਰਗ ਹੋ ਜਾਂਦੀ ਹੈ।

ਵੀਹਵੀਂ ਸਦੀ ਬਹੁਤ ਸਾਰੀਆਂ ਘਟਨਾਵਾਂ ਦੀ ਚਸ਼ਮਦੀਦ ਗਵਾਹ ਹੈ।ਜਿਤਨੀ ਵਿਗਿਆਨ ਵਿਚ ਉਨਤੀ ਅਤੇ ਨਵੀਆਂ ਲੱਭਤਾਂ ਇਸ ਸਦੀ ਵਿਚ ਆਈਆਂ, ਉਤਨੀਆਂ ਉਸ ਤੋਂ ਪਹਿਲਾਂ ਚਾਰ ਸੌ ਸਾਲਾਂ ਵਿਚ ਵੀ ਨਹੀਂ ਆਈਆਂ ਪਰ ਅਫਸੋਸ ਦੀ ਗੱਲ ਹੈ ਕਿ ਸੰਸਾਰ ਦੇ ਦੋ ਯੁੱਧ ਵੀ ਇਸ ਦੇ ਲੇਖੇ ਲੱਗੇ। ਕਰੋੜਾਂ ਬੰਦਿਆਂ ਦੀ ਮੌਤ ਹੋਈ। ਐਟਮ ਬੰਬ ਦੀ ਤਬਾਹੀ ਤੋਂ ਸਬਕ ਲੈਣ ਦੀ ਥਾਂ ਹਾਈਡਰੋਜਨ ਬੰਬ ਦਾ ਰਸਤਾ ਪੱਧਰਾ ਹੋ ਗਿਆ। ਇਸ ਬੰਬ ਦੇ ਫਟਣ ਤੋਂ ਦੋ ਸਾਲ ਪਿਛੋਂ ਭਾਰਤ ਵਿਚ ਵੰਡ ਦਾ ਬੰਬ ਫਟਿਆ। ਲੱਖਾਂ ਲੋਕ ਬੇਘਰ ਹੋਏ। ਔਰਤਾਂ ਨਾਲ ਜੋ ਸਲੂਕ ਕੀਤਾ ਗਿਆ, ਕਲਮ ਲਿਖਣ ਤੋਂ ਅਸਮਰਥ ਹੈ।ਦਿੱਲੀ ਵਿਚ ਆਜ਼ਾਦੀ ਦੇ ਜਸ਼ਨ ਮਨਾਏ ਜਾ ਰਹੇ ਸਨ ਅਤੇ ਪੰਜਾਬ, ਬੰਗਾਲ ਵਿਚ ਸੋਗ ਵਿਚ ਡੁੱਬੇਤੇ ਗੋਲੀਆਂ ਤੋਂ ਸਹਿਮੇ ਲੋਕ, ਕਾਫਲਿਆਂ ਵਿਚ ਘਰ-ਬਾਰ ਛੱਡਕੇ ਖਾਲੀ ਹੱਥ ਅਣਡਿਠ ਅਤੇ ਅਵੱਲੇ ਰਾਹਾਂ 'ਤੇਚੱਲ ਰਹੇ ਸਨ। ਕਿਤਨਾ ਦੁਖਦਾਈ ਮੰਜ਼ਰ ਸੀ।



*ਹਨੇਰੇ ਤੋਂ ਰੌਸ਼ਨੀ ਵੱਲ ਸਫਰ ਨੂੰ ਦਰਸਾਉਂਦਾ ਇਕ ਚਿੱਤਰ।*

ਇਨ੍ਹਾਂ ਘਟਨਾਵਾਂ ਉਪਰ ਮਨੁੱਖਤਾ ਰਹਿੰਦੀ ਦੁਨੀਆ ਤੱਕ ਸ਼ਰਮਸਾਰ ਰਹੇਗੀ।ਇਸਦਰਦਨਾਕ ਵਰਤਾਰੇ ਨੂੰ ਕਿਸ ਬਲਾਅ ਨਾਲ ਪੁਕਾਰੀਏ ਸਮਝ ਨਹੀਂ ਆਉਂਦੀ।ਇਸ ਦਾ ਕੁਝਕੁ ਵਿਸਥਾਰ ਵਿਚ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ।

ਹਿਟਲਰ ਵਲੋਂ ਯਹੂਦੀਆਂ ਦੀ ਨਸਲਕੁਸ਼ੀ ਭਿਆਨਕ ਰੂਪ ਵਿਚ ਜ਼ੋਰਾਂ 'ਤੇ ਸੀ। ਦੂਜੇ ਸੰਸਾਰ ਯੁੱਧ ਨੇ ਉਨ੍ਹਾਂ ਲਈ ਇਜ਼ਰਾਈਲ ਵਿਚ ਵਸਣ ਵਾਸਤੇ ਰਾਹ ਪੱਧਰਾ ਕਰ ਦਿੱਤਾ। ਉਹ ਸੋਚਦੇ ਸਨ ਕਿ ਉਨ੍ਹਾਂ ਲਈ ਇਹ ਪੱਕਾ ਦੇਸ਼ ਬਣ ਗਿਆ। ਫ਼ਲਸਤੀਨੀ ਮਹਿਸੂਸ ਕਰਦੇ ਹਨ ਕਿ ਇਹ ਯਹੂਦੀ ਕੌਣ ਹੁੰਦੇ ਹਨ ਇਥੇ ਆਉਣ ਵਾਲੇ, 'ਕੱਲ੍ਹ ਦੀ ਭੂਤਨੀ ਸਿਵਿਆਂ ਵਿਚ ਅੱਧ' ਮੰਗਣ ਵਾਲੇ। ਇਹ ਹੈ ਇਸ ਵਿਸ਼ੇ ਉਪਰ ਦੋ ਹਰਫੀ ਗੱਲ। ਯਹੂਦੀ ਆਪਣੇ ਮਿਲੇ ਠਿਕਾਣੇ ਦੀਆਂ ਹੱਦਾਂ ਵੱਧ ਤੋਂ ਵੱਧ ਵਧਾਉਣੀਆਂ ਚਾਹੁੰਦੇ ਹਨ। ਫਲਸਤੀਨੀ ਕਿਵੇਂ ਬਰਦਾਸ਼ਤ ਕਰਨ? ਗੋਲਡਾ ਮੇਅਰ ਤੋਂ ਲੈ ਕੇ ਅੱਜ ਤੱਕ ਕਦੀ ਵੀ ਇਸ ਖਿੱਤੇ ਵਿਚ ਸ਼ਾਂਤੀ ਨਹੀਂ ਹੋਈ। ਲੱਖਾਂ ਲੋਕ ਜਾਨ ਗੁਆ ਬੈਠੇ ਹਨ। ਇਸ ਅਣਹੋਣੀ ਜਦੋ-ਜਹਿਦ ਵਿਚ ਮਨੁੱਖਤਾ ਦਾ ਘਾਣ ਹੋ ਰਿਹਾ ਹੈ। ਇਹ ਕੈਸੀ ਬਲਾਅ ਹੈ। ਇਹ ਥੋੜ੍ਹੇ ਸਮੇਂ ਦੀ ਚੰਦਰੀ ਪ੍ਰਾਹੁਣੀ ਨਹੀਂ। ਇਸ ਦੇ ਰੁਖਸਤ ਹੋਣ ਦੇ ਆਸਾਰ ਬਹੁਤ ਘੱਟ ਹਨ।

ਦੂਜੀ ਘਟਨਾ- ਇਹ ਦੁਖਦਾਈ ਬਲਾਅ 1947 ਦੀ ਭਾਰਤ ਦੀ ਵੰਡ ਹੈ। ਜਿਸ ਦਿਨ ਤੋਂ ਪਾਕਿਸਤਾਨ ਹੋਂਦ ਵਿਚ ਆਇਆ ਹੈ, ਦੋਹਾਂ ਦੇਸ਼ਾਂ ਦੇ ਸਬੰਧ ਕਦੀ ਵੀ ਸੁਖਾਵੇਂ ਨਹੀਂ ਰਹੇ। ਦੋ ਭਿਆਨਕ ਜੰਗਾਂ ਨੇ ਦੋਹਾਂ ਦੇਸ਼ਾਂ ਦੀ ਅਰਥ ਵਿਵਸਥਾ ਬੁਰੀ ਤਰ੍ਹਾਂ ਖ਼ਰਾਬ ਕੀਤੀ ਹੈ। ਠੰਢੀ ਅਤੇ ਪ੍ਰੌਕਸੀ (ਅਸਿੱਧੀ) ਜੰਗ ਕਦੀ ਵੀ ਰੁਕੀ ਨਹੀਂ। ਵੰਡ ਦੀ ਬਲਾਅ ਐਸੀ ਚਿੰਬੜੀਹੈ ਕਿ ਆਉਣ ਵਾਲੇ ਸਮੇਂ ਵਿਚ ਕਦੀ ਵੀ ਗਲੋਂ ਨਹੀਂ ਲਹੇਗੀ। ਦੋਹਾਂ ਜੰਗਾਂ ਵਿਚ ਪਾਕਿਸਤਾਨ ਦੀ ਜ਼ਬਰਦਸਤ ਹਾਰ ਉਸ ਅੰਦਰ ਬਦਲੇ ਦੀ ਭਾਵਨਾ ਨੂੰ ਉਤਸ਼ਾਹਤ ਕਰਦੇ ਰਹੇਗੀ। ਕਸ਼ਮੀਰ ਨੂੰ ਆਪਣਾ ਹਿੱਸਾ ਬਣਾਉਣ ਦੀ ਨਾ-ਮੁਮਕਿਨ ਲਾਲਸਾ ਬਦਲੇ ਦੀ ਅੱਗ ਨੂੰ ਸੁਲਘਦਾ ਰੱਖੇਗੀ। ਕਸ਼ਮੀਰ ਭਾਰਤ ਦੀ ਜਿੰਦ-ਜਾਨ ਹੈ, ਇਹ ਕਿਵੇਂ ਪਾਕਿਸਤਾਨ ਦੇ ਹਵਾਲੇ ਕਰ ਦੇਵੇ? ਦੋਹਾਂ ਦੇਸ਼ਾਂ ਵਿਚ ਨਫ਼ਰਤ ਅਤੇ ਅ-ਵਿਸ਼ਵਾਸੀ ਦਾ ਨਾਸੂਰ (ਫੋੜਾ) ਹਮੇਸ਼ਾ ਰਿਸਦਾ ਰਹੇਗਾ। ਵੰਡ ਦੀ ਬਲਾਅ ਦਾ ਅੰਤ ਨਜ਼ਰ ਨਹੀਂ ਆਉਂਦਾ।

ਇੱਕੀਵੀਂ ਸਦੀ ਵਿਚ ਯੂਕਰੇਨਦਾ ਮਾਜਰਾ ਇਕ ਹੋਰ ਮੰਦਭਾਗੀ ਬਲਾਅ ਨਜ਼ਰ ਆ ਰਹੀ ਹੈ:

ਰਾਹ-ਏ-ਦੂਰ-ਏ-ਇਸ਼ਕ ਮੇਂਰੋਤਾ ਹੈ ਕਿਆ
ਆਗੇ ਆਗੇ ਦੇਖੀਏ ਹੋਤਾ ਹੈ ਕਿਆ।

(ਮੀਰ ਤਕੀ ਮੀਰ ਦਾ ਇਹ ਸ਼ੇਅਰ ਇਉਂ ਵਧੇਰੇ ਮਸ਼ਹੂਰ ਹੋ ਗਿਆ ਹੈ: ਇਬਤਦਾ-ਏ-ਇਸ਼ਕ ਹੈ ਰੋਤਾ ਹੈ ਕਿਆ, ਆਗੇ ਆਗੇ ਦੇਖੀਏ ਹੋਤਾ ਹੈ ਕਿਆ। ਕੁਝ ਥਾਈਂ ਦੂਰ ਦੀ ਥਾਂ ਦੌਰ ਵੀ ਲਿਖਿਆ ਮਿਲਦਾ ਹੈ)।

ਜੀਵਨ ਦੇ ਲੰਮੇ ਸਫ਼ਰ ਵਿਚ ਹਰ ਉਮਰ, ਹਰ ਵਰਗ ਅਤੇ ਵੱਖਰੇ-ਵੱਖਰੇ ਸੁਭਾਅ ਵਾਲੇ ਲੋਕਾਂ ਨੂੰ ਮਿਲਣ ਦਾ ਮੌਕਾ ਮਿਲਿਆ। ਕੁਝ ਕੁ ਭਾਗਾਂ ਵਾਲੇ ਬਜ਼ੁਰਗਾਂ ਨੂੰ ਛੱਡਕੇ ਬਹੁਤਿਆਂ ਲਈ ਬੁਢਾਪੇ ਵਾਲੀ ਅਵਸਥਾ ਬੁਰੀ ਬਲਾਅਹੈ।ਬਹੁਤਾ ਸਮਾਂ ਪੰਜਾਬ ਵਿਚ ਚੰਗੀ ਅਤੇ ਸੁਖਾਵੀਂ ਜ਼ਿੰਦਗੀ ਬਸਰ ਕਰਕੇ ਬੱਚਿਆਂ ਦੇ ਮੋਹ ਕਾਰਨ ਅਮਰੀਕਾ ਕੈਨੇਡਾ ਪੁੱਜੇ ਬਜ਼ੁਰਗ ਅਜੀਬ ਹਾਲਤ ਵਿਚ ਹਨ। ਇਥੇ ਰਹਿੰਦੇ ਪੰਜਾਬ ਜਾਣਾ ਲੋਚਦੇ ਹਨ ਅਤੇ ਪੰਜਾਬ ਜਾਂਦਿਆਂ ਹੀ ਬੱਚਿਆਂ ਕੋਲ ਵਾਪਸ ਆਉਣ ਲਈ ਤਰਸ ਜਾਂਦੇ ਹਨ। ਇਹ ਕੈਸੀ ਅਵਸਥਾ ਹੈ? ਮੈਨੂੰ ਤਾਂ ਇਹ ਗੁਮਨਾਮ ਬਲਾਅ ਮਹਿਸੂਸ ਹੁੰਦੀ ਹੈ।

ਸਾਡਾ ਸਰੀਰ ਮਸ਼ੀਨ ਵਾਂਗ ਹੈ। ਸਮੇਂ ਨਾਲ ਇਸ ਦੇ ਪੁਰਜ਼ੇ ਘਸ ਜਾਂਦੇ ਹਨ। ਬਹੁਤਿਆਂ ਲਈ ਵਡੇਰੀ ਉਮਰ ਕਈ ਬਿਮਾਰੀਆਂ ਸਹੇੜ ਲੈਂਦੀ ਹੈ। ਜੇ ਡਾਕਟਰਾਂ ਅਤੇ ਕੁਦਰਤ ਦੀ ਕਿਰਪਾ ਨਾਲ ਇਕ ਅਲਾਮਤ (ਬਲਾਅ) ਤੋਂ ਛੁਟਕਾਰਾ ਮਿਲਦਾ ਹੈ ਤਾਂ ਅਗਲੇ ਦਿਨ ਕਿਸੇ ਹੋਰ ਗੱਲੋਂ ਤਬੀਅਤ ਖਰਾਬ ਹੋ ਜਾਂਦੀ ਹੈ। ਇਹ ਸਿਲਸਲਾ ਜਾਰੀ ਰਹਿੰਦਾ ਹੈ। ਬਲੱਡ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਜਿਹੇ ਰੋਗ ਦੁਪਹਿਰ ਕੱਟਣ ਲਈ ਨਹੀਂ ਆਉਂਦੇ, ਇਹ ਤਾਂ ਪੱਕਾ ਡੇਰਾ ਹੀ ਲਾ ਲੈਂਦੇਹਨ। ਇਨ੍ਹਾਂ ਦਾ ਇਲਾਜ ਮੁਕੰਮਲ ਹੋਣ ਦੀ ਗੁੰਜਾਇਸ਼ ਬਹੁਤ ਘੱਟ ਹੈ ਪਰ ਕੰਟਰੋਲ ਮੁਮਕਿਨ ਹੈ।ਬੁਢਾਪੇ ਦੀ ਬਲਾਅ ਨੂੰ ਨੱਥ ਪਾਉਣ ਦਾ ਇਕ ਹੀ ਤਰੀਕਾ ਹੈ। ਇਸ ਨੂੰ ਖਿੜੇ ਮੱਥੇ ਸਵੀਕਾਰ ਕਰੋ। ਡਾਕਟਰਾਂ ਦੀਆਂ ਦਿੱਤੀਆਂ ਗੋਲੀਆਂ ਕੌੜੀਆਂ ਹੋਣ ਦੇ ਬਾਵਜੂਦ ਨਵੇਂ ਯੁੱਗ ਦੇ ਸੁੱਕੇ ਮੇਵੇ ਸਮਝੋ। ਫਿਰ ਇਹ ਬਲਾਅ ਬਹੁਤੀ ਦੁਖਦਾਈ ਨਹੀਂ ਜਾਪੇਗੀ। ਬਜ਼ੁਰਗੀ ਵਿਚ ਸੂਝਵਾਨ ਨੌਜਵਾਨ ਤਾਂ ਜ਼ਰੂਰ ਦਲਾਸਾ ਦਿੰਦੇ ਹਨ ਪਰ ਕੋਈ ਤਜਰਬੇਕਾਰ ਬਜ਼ੁਰਗ ਘੱਟ ਹੀ ਕਿਸੇ ਹੋਰ ਬਜ਼ੁਰਗ ਨਾਲ ਤਜਰਬੇ ਸਾਂਝੇ ਕਰ ਸਕਦਾ ਹੈ। ਇਕ ਬੈੱਡ-ਰਿਡਨ (ਮੰਜੇ ਨਾਲ ਮੰਜਾ ਹੋਏ) ਨੂੰ ਦੂਜੇ ਬੈੱਡ-ਰਿਡਨ ਨਾਲ ਮਿਲਣ ਦੇ ਬਹੁਤ ਘੱਟ ਮੌਕੇ ਮਿਲਦੇ ਹਨ। ਉੱਚਾ ਸੁਣਨ, ਘੱਟ ਸਮਝ ਆਉਣ ਅਤੇ ਬਹੁਤ ਕਮਜ਼ੋਰ ਨਜ਼ਰ ਰੁਕਾਵਟ ਬਣ ਜਾਂਦੀ ਹੈ। ਸਾਰੇ ਵਾਕਿਆਤ ਆਪਣੇ ਨਾਲ ਲੈ ਕੇ ਬਜ਼ੁਰਗ ਮੌਤ ਦੀ ਆਗੋਸ਼ ਵਿਚ ਬੈਠ ਜਾਂਦਾ ਹੈ। ਸੁਖਾਵੀਂ, ਸੁਧਰੀ, ਸੁਚੱਜੀ ਅਤੇ ਖੁਸ਼ਨੁਮਾ ਮੌਤ ਬੁਢਾਪੇ ਦੀ ਬਲਾਅ ਨੂੰ ਖਤਮ ਹੀ ਨਹੀਂ ਕਰਦੀ ਸਗੋਂ ਸਦਾ ਜੀਵਤ ਰਹਿਣ ਵਾਲੀ ਰੂਹ ਨੂੰ ਬਹੁਤ ਖ਼ੂਬਸੂਰਤ ਪਰਵਾਜ਼ ਬਖਸ਼ਦੀ ਹੈ।ਇਹ ਬਲਾਅ (ਮੌਤ) ਬਰਾਤ ਦੀ ਸ਼ਕਲ ਵਿਚ ਜਿੰਦ ਨਮਾਣੀ ਨੂੰ ਵਹੁਟੀ ਬਣਾ ਕੇ ਲੈ ਜਾਂਦੀ ਹੈ। ਫਿਰ ਇਸ ਨੂੰ ਬੜੇ ਪਿਆਰ ਨਾਲ ਅਗਨੀ ਦੇ ਹਵਾਲੇ ਕਰ ਦਿੰਦੀ ਹੈ। ਰਾਖ ਦਾ ਢੇਰ ਬਣਨ ਨਾਲ ਇਸ ਨਿਮਾਣੀ ਜਿੰਦ ਦੀ ਹਉਮੈ ਮਿਟ ਜਾਂਦੀ ਹੈ। ਇਸ ਮੁਕਾਮ 'ਤੇ ਮੁਹੰਮਦ ਇਕਬਾਲ ਦਾ ਇਹ ਸ਼ੇਅਰ ਬਹੁਤ ਢੁੱਕਵਾਂ ਹੈ:

ਮਿਟਾ ਦੇ ਅਪਨੀ ਹਸਤੀ ਕੋ ਅਗਰ ਕੁਛ ਮਰਤਬਾ ਚਾਹੇ
ਕਿ ਦਾਨਾ ਖਾਕ ਮੇਂ ਮਿਲ ਕਰ ਗੁਲ-ਓ-ਗੁਲਜ਼ਾਰ ਹੋਤਾ ਹੈ।

ਖਾਕ ਦੀ ਢੇਰੀ ਬਣ ਕੇ ਉਸ ਦੀ ਹਸਤੀ ਮਿਟ ਜਾਂਦੀ ਹੈ। ਦਾਣੇ ਵਾਂਗ ਉਸ ਦੀ ਰੂਹ ਗੁਲ-ਓ-ਗੁਲਜ਼ਾਰ ਹੋ ਜਾਂਦੀ ਹੈ।ਇਹ ਬਲਾਅ (ਜੀਵਨ ਦੀਆਂ ਤਕਲੀਫ਼ਾਂ ਵਾਲੀ) ਸਦਾ ਲਈ ਗੂੜ੍ਹੀ ਨੀਂਦ ਵਿਚ ਚਲੀ ਜਾਂਦੀ ਹੈ।

ਜਿਹੜੀਆਂ ਬਲਾਵਾਂ ਦਾ ਜ਼ਿਕਰ ਇਸ ਲੇਖ ਵਿਚ ਕੀਤਾ ਹੈ, ਇਹ ਦੁਪਹਿਰਾ ਕੱਟਣ ਆਈਆਂ,ਫਿਰ ਵੀ ਆਸ ਰੱਖੀਏ ਕਿ ਕੁਝ ਮਰਦ ਅਗੰਮੜੇ ਇਸ ਸਰਜ਼ਮੀਨ 'ਤੇ ਪੈਦਾ ਹੋਣ ਅਤੇ ਆਪਣੇ ਕਾਰਨਾਮਿਆਂ ਰਾਹੀਂ ਇਨ੍ਹਾਂ ਬਲਾਵਾਂ ਦਾ ਖ਼ਾਤਮਾ ਕਰਕੇ ਇਸ ਧਰਤੀ ਨੂੰ ਗੁਲੇ-ਓ-ਗੁਲਜ਼ਾਰ ਕਰ ਦੇਣ। ਆਸ ਤਾਂ ਰੱਖਣੀ ਹੀ ਚਾਹੀਦੀ ਹੈ, ਇਸ ਵਿਚ ਕੋਈ ਹਰਜ ਨਹੀਂ।

ਸਦਾ ਚੜ੍ਹਦੀ ਕਲਾ ਵਿਚ ਰਹਿਣ ਲਈ ਉਤਾਵਲਾ- ਸੇਵਾ ਮੁਕਤ ਪ੍ਰਿੰਸੀਪਲ, ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ।

# ਫਸਲੀ ਵੰਨ-ਸਵੰਨਤਾ ਅਤੇ ਪੰਜਾਬ ਦਾ ਹਾਲ

***ਖੇਤੀ ਨੀਤੀ-2023 ਦੇ ਖਰੜੇ ਦੀ ਬਾਤ ਮੁੜ ਤੋਂ ਫਿਜ਼ਾਵਾਂ 'ਚ ਗੂੰਜ ਰਹੀ ਹੈ। ਇਸ ਵਿਚ ਫਸਲੀ ਵੰਨ-ਸਵੰਨਤਾ ਦੀ ਤਜਵੀਜ਼ ਹੈ, ਨਫ਼ੇ ਦੇ ਫਾਰਮੂਲੇ ਦੀ ਤੁਲਨਾ ਦੇ ਨਾਲ, ਬਦਲਵੀਆਂ ਫਸਲਾਂ ਲਈ ਐੱਮ.ਐੱਸ.ਪੀ. ਤੈਅ ਕਰਨ ਅਤੇ ਐੱਮ.ਐੱਸ.ਪੀ. ਲਈ ਕਾਨੂੰਨੀ ਗਰੰਟੀ ਦੇਣ ਦੀ ਗੱਲ ਕੀਤੀ ਹੈ। ਇਸ ਵਿਚ ਤਜਵੀਜ਼ ਹੈ ਕਿ 15 'ਡਾਰਕ' ਬਲਾਕਾਂ ਵਿਚ ਝੋਨੇ ਦੀ ਬਿਜਾਈ ਬੰਦ ਕਰ ਦਿੱਤੀ ਜਾਵੇ ਅਤੇ ਮਗਰੋਂ ਹੋਰ ਇਸ ਤਰ੍ਹਾਂ ਦੇ ਇਲਾਕਿਆਂ 'ਚ ਅਜਿਹਾ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਪਾਣੀ ਬਚਾਉਣ ਵਾਲੀਆਂ ਹੋਰ ਤਕਨੀਕਾਂ ਜਿਵੇਂ ਬਦਲਵੀਂ ਸਿੰਜਾਈ ਤੇ ਸੁਕਾਈ, ਝੋਨੇ ਦੀ ਸਿੱਧੀ ਬਿਜਾਈ, ਬੈੱਡ-ਪਲਾਂਟਿੰਗ ਤੇ ਮਾਈਕਰੋ-ਸਿੰਜਾਈ ਦੀਆਂ ਵੀ ਸਿਫਾਰਸ਼ਾਂ ਕੀਤੀਆਂ ਹਨ ਪਰ ਇਹ ਹਿੰਮਤੀ ਫੈਸਲੇ ਕਰਨ ਲਈ ਸਿਆਸੀ ਇੱਛਾ ਸ਼ਕਤੀ ਦੀ ਲੋੜ ਪਏਗੀ।***



ਡਾ. ਬਲਵਿੰਦਰ ਸਿੰਘ ਸਿੱਧੂ

ਸਮੁੱਚੀ ਚੁਣਾਵੀ ਰਾਜਨੀਤੀ ਨੂੰ ਸਰਾਪ ਲੱਗਿਆ ਹੋਇਆ ਹੈ: ਨੇਕ ਨੀਅਤਾਂ ਦੀ ਵਾਰ-ਵਾਰ ਦੁਹਾਈ ਦਿੱਤੀ ਜਾਂਦੀ ਹੈ ਕਿ ਨੀਤੀ ਬਣਨ ਤੋਂ ਪਹਿਲਾਂ ਉਹ ਰੂੜੀਆਂ ਬਣ ਕੇ ਰਹਿ ਜਾਂਦੀਆਂ ਹਨ। ਫ਼ਸਲੀ ਵੰਨ-ਸਵੰਨਤਾ ਨਾਲ ਵੀ ਇਹੀ ਕੁਝ ਵਾਪਰਿਆ ਹੈ। ਵਿਹਾਰਕ ਅਰਥਚਾਰਾ ਇਸ ਦੀ ਮੰਗ ਕਰਦਾ ਹੈ ਅਤੇ ਸੂਬੇ ਨੂੰ ਇਹ ਚਾਹੀਦੀ ਹੈ ਪਰ ਸਿਆਸੀ ਤੌਰ 'ਤੇ ਡਾਢੀ ਜ਼ਿਮੀਂਦਾਰ ਜਮਾਤ ਦੇ ਹਿੱਤ ਕਿਤੇ ਹੋਰ ਜੁੜੇ ਹੋਏ ਹਨ ਅਤੇ ਕੇਂਦਰ ਤੋਂ ਕੋਈ ਮਦਦ ਨਹੀਂ ਮਿਲ ਰਹੀ।

ਚਾਲੀ ਸਾਲਾਂ ਤੋਂ ਫ਼ਸਲੀ ਵੰਨ-ਸਵੰਨਤਾ ਦਾ ਸਵਾਲ ਸਾਹਮਣੇ ਪਿਆ ਹੈ ਜਿਸ ਦਾ ਜ਼ਿਕਰ ਪਹਿਲੀ ਵਾਰ 1986 ਵਿਚ ਜੌਹਲ ਕਮੇਟੀ ਦੀ ਰਿਪੋਰਟ ਵਿਚ ਆਇਆ ਸੀ, ਫਿਰ 2002 ਵਿਚ ਅਤੇ ਉਸ ਤੋਂ ਬਾਅਦ 2013, 2018 ਤੇ ਹੁਣ 2023 ਦੀ ਨੀਤੀ ਵਿਚ ਵੀ ਇਸ ਦਾ ਜ਼ਿਕਰ ਹੈ। ਖੇਤੀਬਾੜੀ ਅਜਿਹਾ ਵਿਸ਼ਾ ਹੈ ਜਿਸ ਵਿਚ ਨੀਤੀ ਦੇ ਮਾਮਲੇ ਵਿਚ ਦੇਰੀ ਬਰਦਾਸ਼ਤ ਨਹੀਂ ਹੋ ਸਕਦੀ ਕਿਉਂਕਿ ਮੀਂਹ, ਸੋਕਾ, ਹੜ੍ਹ, ਤੂਫਾਨ, ਕੀਟਾਂ, ਉੱਲੀ ਕਿਰਮਾਂ ਦੇ ਪ੍ਰਭਾਵਾਂ ਅਤੇ ਜਲਵਾਯੂ ਤਬਦੀਲੀ ਦੇ ਰੂਪ ਵਿਚ ਕਾਰਕ ਸ਼ਾਮਲ ਹੁੰਦੇ ਹਨ। ਫਿਰ ਵੀ ਸਾਡੀ ਸਿਆਸੀ ਲੀਡਰਸ਼ਿਪ ਅਤੇ ਨੌਕਰਸ਼ਾਹੀ ਵਲੋਂ ਫੌਰੀ ਧਿਆਨ ਮੰਗਣ ਵਾਲੀਆਂ ਫ਼ਸਲੀ ਵੰਨ-ਸਵੰਨਤਾ ਦੀਆਂ ਫਾਈਲਾਂ 'ਤੇ ਟਰਕਾਓਬਾਜ਼ੀ ਚਲਦੀ ਰਹਿੰਦੀ ਹੈ। ਹੁਣ ਜਦੋਂ ਅਸੀਂ ਕਰੋ ਜਾਂ ਮਰੋ ਦੀ ਸਥਿਤੀ ਵਿਚ ਪਹੁੰਚ ਗਏ ਹਾਂ ਤਾਂ ਇਸ ਨੂੰ ਹੋਰ ਜ਼ਿਆਦਾ ਜ਼ੋਰ ਦੇ ਕੇ ਨਹੀਂ ਸਮਝਾਇਆ ਜਾ ਸਕਦਾ।

ਪੰਜਾਬ ਦੀ ਸਮਝ ਵਿਚ ਇਹ ਗੱਲ ਬਹੁਤ ਪਹਿਲਾਂ ਆ ਗਈ ਸੀ ਕਿ ਕਣਕ-ਝੋਨੇ ਦਾ ਜਿਹੋ ਜਿਹਾ ਚੱਕਰ ਵਿੱਢ ਲਿਆ ਹੈ, ਉਸ ਦੇ ਮਾਰੂ ਅਸਰਾਂ ਤੋਂ ਬਚਣ ਦਾ ਕਾਰਗਰ ਰਾਹ ਫ਼ਸਲੀ ਵੰਨ-ਸਵੰਨਤਾ ਹੈ। ਇਕ ਰੂਪੀ ਫ਼ਸਲੀ ਚੱਕਰ ਪੰਜਾਬ ਨੇ ਆਪਣੀ ਮਰਜ਼ੀ ਨਾਲ ਨਹੀਂ ਚੁਣਿਆ ਸੀ; ਭਾਰਤ ਨੂੰ ਖੁਰਾਕ ਸੁਰੱਖਿਆ ਦੀ ਲੋੜ ਸੀ। ਖਾਦਾਂ ਨੂੰ ਹੁੰਗਾਰਾ ਦੇਣ ਵਾਲੀਆਂ ਮਧਰੇ ਕੱਦ ਵਾਲੀਆਂ ਕਿਸਮਾਂ ਦੇ ਸਹਾਰੇ ਹਰੀ ਕ੍ਰਾਂਤੀ ਦਾ ਰਾਹ ਖੁੱਲ੍ਹ ਗਿਆ ਅਤੇ ਚੱਕਬੰਦੀ ਪੂਰੀ ਹੋਣ ਕਰ ਕੇ ਪੰਜਾਬ ਨੂੰ ਇਸ ਕੰਮ ਲਈ ਟਿੱਕ ਲਿਆ ਗਿਆ। ਇਸ ਮੰਤਵ ਲਈ ਟਿਊਬਵੈੱਲ, ਲਿੰਕ ਸੜਕਾਂ, ਮੰਡੀਆਂ, ਕਰਜ਼ਾ, ਵਰਤੋਂ ਸਮੱਗਰੀ, ਮੰਡੀਕਰਨ ਅਤੇ ਖੋਜ ਤੇ ਵਿਕਾਸ ਲਈ ਸੰਸਥਾਵਾਂ ਮੁਹੱਈਆ ਕਰਵਾ ਦਿੱਤੀਆਂ।

ਪੰਜਾਬ ਦੇ ਕਿਸਾਨਾਂ ਨੇ ਸਖ਼ਤ ਮਿਹਨਤ ਕੀਤੀ। ਭਾਰਤ ਵਿਚ ਚੌਲਾਂ ਦਾ ਉਤਪਾਦਨ 1949-50 ਵਿਚ ਮਹਿਜ਼ 23.54 ਮਿਲੀਅਨ ਟਨ ਸੀ ਜੋ 1985-86 ਵਿਚ 64.15 ਮਿਲੀਅਨ ਟਨ ਹੋ ਗਿਆ; ਇਸੇ ਅਰਸੇ ਦੌਰਾਨ 6.39 ਮਿਲੀਅਨ ਟਨ ਕਣਕ ਦੇ ਉਤਪਾਦਨ ਵਿਚ ਰਿਕਾਰਡ ਸੱਤ ਗੁਣਾ ਵਾਧਾ ਹੋਇਆ। ਦੇਸ਼ ਦਾ ਕੁੱਲ ਅਨਾਜ ਉਤਪਾਦਨ 54.92 ਮਿਲੀਅਨ ਟਨ ਤੋਂ ਵਧ ਕੇ ਤਿੰਨ ਗੁਣਾ ਹੋ ਗਿਆ। 1980ਵਿਆਂ ਦੇ ਸ਼ੁਰੂ ਤੱਕ ਦੇਸ਼ ਖੁਰਾਕ ਦੇ ਮਾਮਲੇ ਵਿਚ ਆਤਮ-ਨਿਰਭਰ ਬਣ ਗਿਆ; 1985 ਵਿਚ ਅਸੀਂ ਪਹਿਲੀ ਵਾਰ ਅਨਾਜ ਦੀ ਬਰਾਮਦ ਸ਼ੁਰੂ ਕੀਤੀ। ਉਂਝ, ਤਦ ਤੱਕ ਐੱਫਸੀਆਈ ਦੀ ਖਰੀਦ ਘਟਣ ਲੱਗ ਪਈ ਅਤੇ ਖੇਤੀ ਤੋਂ



ਹੋਣ ਵਾਲੀ ਕਿਸਾਨਾਂ ਦੀ ਆਮਦਨ ਵਿਚ ਕਮੀ ਆਉਣੀ ਸ਼ੁਰੂ ਹੋ ਗਈ ਤੇ ਲਾਗਤਾਂ ਵਿਚ ਵਾਧਾ ਹੋਣ ਲੱਗ ਪਿਆ। ਕਿਸਾਨਾਂ ਦੇ ਲਗਾਤਾਰ ਰੋਸ ਮੁਜ਼ਾਹਰਿਆਂ ਕਰ ਕੇ ਡਾ. ਐੱਸ.ਐੱਸ. ਜੌਹਲ ਦੀ ਅਗਵਾਈ ਹੇਠ ਕਮੇਟੀ ਬਣਾਈ ਗਈ ਜਿਸ ਦਾ ਜ਼ਿੰਮਾ ਸੀ ਕਿ ਅਨਾਜ ਦੀ ਕੀਮਤ ਅਤੇ ਖਰੀਦ ਨੀਤੀ ਦੀ ਘੋਖ ਕੀਤੀ ਜਾਵੇ। ਜੌਹਲ ਕਮੇਟੀ ਦੀ 1986 ਵਿਚ ਆਈ ਰਿਪੋਰਟ ਵਿਚ ਸਿਫਾਰਸ਼ ਕੀਤੀ ਗਈ ਕਿ ਝੋਨੇ ਤੇ ਕਣਕ ਹੇਠਲਾ 20 ਫ਼ੀਸਦ ਰਕਬਾ ਫ਼ਲਾਂ, ਸਬਜ਼ੀਆਂ, ਦਾਲਾਂ, ਤੇਲ ਬੀਜਾਂ, ਹਰੇ ਚਾਰੇ ਦੀ ਕਾਸ਼ਤ ਹੇਠ ਲਿਆਂਦਾ ਜਾਵੇ ਤਾਂ ਕਿ ਪੰਜਾਬ ਦੇ ਸਰੋਤਾਂ ਨੂੰ ਹੰਢਣਸਾਰ ਬਣਾਇਆ ਜਾ ਸਕੇ।

1987 ਵਿਚ ਮੌਨਸੂਨ ਧੋਖਾ ਦੇ ਗਈ। ਝੋਨੇ ਦੇ ਉਤਪਾਦਨ ਵਿਚ 5.07 ਮਿਲੀਅਨ ਟਨ, ਕਣਕ ਦੇ ਉਤਪਾਦਨ ਵਿਚ 5.9 ਮਿਲੀਅਨ ਟਨ ਦੀ ਕਮੀ ਆ ਗਈ ਜਿਸ ਕਰ ਕੇ ਕੁੱਲ ਅਨਾਜ ਉਤਪਾਦਨ 138.97 ਮਿਲੀਅਨ ਟਨ ਹੀ ਹੋ ਸਕਿਆ; ਟੀਚਾ 154 ਮਿਲੀਅਨ ਟਨ ਦਾ ਸੀ। ਪਹਿਲੀ ਜੁਲਾਈ 1986 ਨੂੰ ਅਨਾਜ ਭੰਡਾਰ ਵਿਚ 28.28 ਮਿਲੀਅਨ ਟਨ ਅਨਾਜ ਸੀ ਜੋ ਪਹਿਲੀ ਜੁਲਾਈ 1988 ਤੱਕ ਘਟ ਕੇ 11.90 ਮਿਲੀਅਨ ਟਨ ਰਹਿ ਗਿਆ। ਸੋਕਾ ਪੈਣ ਕਰ ਕੇ 21 ਸੂਬਿਆਂ ਵਿਚ ਸਾਉਣੀ ਦੀ ਫ਼ਸਲ ਬਰਬਾਦ ਹੋ ਗਈ ਪਰ ਇਸ ਦੇ ਬਾਵਜੂਦ ਭਾਰਤ ਆਪਣੀ ਆਬਾਦੀ ਦਾ ਢਿੱਡ ਭਰਨ ਵਿਚ ਸਫਲ ਰਿਹਾ ਜੋ ਮਾਣ ਵਾਲੀ ਗੱਲ ਸੀ। ਉਂਝ, ਘਟ ਰਹੇ ਅਨਾਜ ਭੰਡਾਰ ਦੇ ਖਦਸ਼ੇ ਮੁੜ ਉਭਰ ਆਏ। ਜੌਹਲ ਕਮੇਟੀ ਦੀ ਲਿਆਕਤ ਦੀ ਕਿਸੇ ਸਿਆਸਤਦਾਨ ਜਾਂ ਨੀਤੀ ਘਾੜੇ ਨੂੰ ਰੱਤੀ ਭਰ ਪ੍ਰਵਾਹ ਨਹੀਂ ਸੀ ਸਗੋਂ ਪੰਜਾਬ ਵਿਚ ਝੋਨੇ ਦੀ ਕਾਸ਼ਤਕਾਰੀ ਉਪਰ ਹੋਰ ਜ਼ਿਆਦਾ ਧਿਆਨ ਕੇਂਦਰਤ ਹੋ ਗਿਆ। ਇਕ ਵਾਰ ਫਿਰ ਇਹ ਪੰਜਾਬ ਦੀ ਮਰਜ਼ੀ ਨਹੀਂ ਸੀ ਸਗੋਂ ਭਾਰਤ ਦੀ ਲੋੜ ਸੀ।

1990ਵਿਆਂ ਵਿਚ ਨਵ-ਉਦਾਰਵਾਦੀ ਖੇਤੀਬਾੜੀ ਨੀਤੀ ਪ੍ਰਬੰਧ ਨੇ ਖੇਤੀ ਵਰਤੋਂ ਸਮੱਗਰੀ ਦੀਆਂ ਕੀਮਤਾਂ ਤੋਂ ਕੰਟਰੋਲ ਹਟਾਉਣਾ ਸ਼ੁਰੂ ਕਰ ਦਿੱਤਾ। ਇਸ ਦੇ ਨਾਲ ਹੀ ਜਨਤਕ ਵੰਡ ਪ੍ਰਣਾਲੀ ਨੂੰ ਵਡੇਰੇ ਢਾਂਚਾਗਤ ਸੁਧਾਰਾਂ ਦੇ ਚੌਖਟੇ ਵਿਚ ਟੀਚਾਬੱਧ ਪ੍ਰੋਗਰਾਮ ਬਣਾ ਦਿੱਤਾ, ਅਨਾਜ ਦੇ ਵਾਧੂ ਭੰਡਾਰਾਂ ਦਾ ਜਿਣਸਾਂ ਦੀ ਖਰੀਦ ਦੇ ਪੱਧਰਾਂ 'ਤੇ ਅਸਰ ਪੈਣ ਲੱਗ ਪਿਆ। ਇਸ ਦੇ ਨਾਲ ਹੀ 2000-01 ਤੋਂ 2005-06 ਤੱਕ ਪੰਜ ਸਾਲਾਂ ਦੌਰਾਨ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਵਿਚ ਵਾਧਾ ਬਿਲਕੁਲ ਰੋਕ ਦਿੱਤਾ। ਕਣਕ ਦਾ ਭਾਅ 610-650 ਰੁਪਏ ਅਤੇ ਝੋਨੇ ਦਾ ਭਾਅ 540 ਤੋਂ 610 ਰੁਪਏ ਫੀ ਕੁਇੰਟਲ ਰਿਹਾ। ਖੇਤੀਬਾੜੀ ਖੇਤਰ ਪੂਰੀ ਤਰ੍ਹਾਂ ਸੰਕਟ ਦੀ ਮਾਰ ਹੇਠ ਆ ਗਿਆ। ਉਤਪਾਦਨ ਲਾਗਤਾਂ ਵਿਚ ਭਾਰੀ ਵਾਧਾ ਹੋਣ ਅਤੇ ਭਾਅ ਵਿਚ ਵਾਧਾ ਰੋਕ ਦੇਣ ਕਰ ਕੇ ਕਿਸਾਨਾਂ ਦੀ ਆਮਦਨ ਡਿੱਗਣ ਨਾਲ ਉਨ੍ਹਾਂ ਸਿਰ ਕਰਜ਼ੇ ਦਾ ਬੋਝ ਵਧਣ ਲੱਗ ਪਿਆ; ਸਿੱਟੇ ਵਜੋਂ ਖੁਦਕੁਸ਼ੀਆਂ ਦਾ ਰੁਝਾਨ ਤੇਜ਼ ਹੋ ਗਿਆ। ਇਕਮਾਤਰ ਸਹਾਰਾ ਐੱਮ.ਐੱਸ.ਪੀ. ਉੱਤੇ ਝੋਨੇ ਤੇ ਕਣਕ ਦੀ ਖੁੱਲ੍ਹੀ ਖਰੀਦ ਹੀ ਸੀ। ਰਾਜਨੀਤੀ ਨੇ ਇਸ ਦੇ ਹੁੰਗਾਰੇ ਵਜੋਂ 1997 ਵਿਚ ਮੁਫ਼ਤ ਬਿਜਲੀ ਦੀ ਪਿਰਤ ਸ਼ੁਰੂ ਕਰ ਦਿੱਤੀ ਜਿਸ ਨਾਲ ਝੋਨੇ ਦੀ ਕਾਸ਼ਤ ਨੂੰ ਹੋਰ ਹੁਲਾਰਾ ਮਿਲਿਆ।

ਇਹ ਉਹ ਸਮਾਂ ਸੀ ਜਦੋਂ ਸੰਕਟ ਦੀ ਘੋਖ ਲਈ ਨਵੀਂ ਕਮੇਟੀ ਬਣਾਈ ਗਈ। 2002 ਵਿਚ ਬਣਾਈ ਇਸ ਕਮੇਟੀ ਦੀ ਅਗਵਾਈ ਇਕ ਵਾਰ ਫਿਰ ਡਾ. ਜੌਹਲ ਨੂੰ ਸੌਂਪੀ ਗਈ। ਕਮੇਟੀ ਨੇ ਆਪਣੀ ਰਿਪੋਰਟ ਵਿਚ ਦਸ ਲੱਖ ਹੈਕਟੇਅਰ ਰਕਬਾ ਝੋਨੇ ਅਤੇ ਕਣਕ ਹੇਠੋਂ ਕੱਢ ਕੇ ਘੱਟ ਪਾਣੀ ਨਾਲ ਪਲਣ ਵਾਲੀਆਂ ਅਤੇ ਜ਼ਮੀਨ ਤੇ ਚੌਗਿਰਦੇ 'ਤੇ ਬੋਝ ਨਾ ਬਣਨ ਵਾਲੀਆਂ ਤੇਲ ਬੀਜਾਂ ਅਤੇ ਦਾਲਾਂ ਜਿਹੀਆਂ ਫ਼ਸਲਾਂ ਦੀ ਕਾਸ਼ਤ ਕਰਨ ਦੀ ਸਿਫ਼ਾਰਸ਼ ਕੀਤੀ। ਇਸ ਮੰਤਵ ਲਈ ਫੰਡ ਚਾਹੀਦੇ ਹਨ। ਵੰਨ-ਸਵੰਨਤਾ ਅਪਣਾਉਣ ਵਾਲੇ ਕਿਸਾਨਾਂ ਨੂੰ 12500 ਰੁਪਏ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਣਾ ਸੀ। 12ਵੇਂ ਵਿੱਤ ਕਮਿਸ਼ਨ ਨੇ ਚਾਰ ਸਾਲਾਂ ਲਈ 96 ਕਰੋੜ ਰੁਪਏ ਰੱਖੇ ਜਿਸ ਵਿਚ ਸ਼ਰਤ ਸੀ ਕਿ 'ਸਿੱਧਾ ਨਗ਼ਦ ਮੁਆਵਜ਼ਾ' ਨਹੀਂ ਦਿੱਤਾ ਜਾਵੇਗਾ। ਕੰਟਰੈਕਟ ਖੇਤੀ ਲਈ ਸ਼ੁਰੂ ਕੀਤਾ ਪਾਇਲਟ ਪ੍ਰੋਗਰਾਮ ਅਢੁੱਕਵੇਂ ਬੀਜਾਂ ਦੀ ਸਪਲਾਈ, ਘੱਟ ਪੈਦਾਵਾਰ ਤੇ ਜਿਣਸ ਨੂੰ ਤੈਅ ਕੀਤੀਆਂ ਕੀਮਤਾਂ 'ਤੇ ਖਰੀਦਣ ਤੋਂ ਦਿਖਾਈ ਝਿਜਕ ਕਾਰਨ ਅਸਫਲ ਹੋ ਗਿਆ। ਕੇਂਦਰ ਦੀ ਬੇਦਿਲੀ ਤੇ ਕਾਇਦੇ ਦੀ ਘਾਟ ਕਾਰਨ ਪਾਇਲਟ ਪ੍ਰੋਗਰਾਮ ਕਦੇ ਵੀ ਉਤਾਂਹ ਨਹੀਂ ਜਾ ਸਕਿਆ। ਜਾਪਦਾ ਹੈ, ਅਸੀਂ ਪਟਕਥਾ ਮੁਤਾਬਕ ਹੀ ਚੱਲ ਰਹੇ ਹਾਂ: ਨੀਤੀ ਬਣਾਓ, ਅਸਫਲ ਹੋਣ 'ਤੇ ਤਬਦੀਲੀ ਕਰੋ, ਇਸ ਨੂੰ ਸਾਧਨਾਂ ਦਾ ਆਸਰਾ ਨਾ ਦਿਓ, ਆਫ਼ਤ ਐਲਾਨੋ, ਦੁਬਾਰਾ ਓਹੀ ਕਰੋ।

ਡਾ. ਜੀ.ਐੱਸ. ਕਾਲਕਟ ਦੀ ਅਗਵਾਈ ਵਿਚ ਬਣੀ ਇਕ ਹੋਰ ਕਮੇਟੀ ਨੇ 2013 ਵਿਚ ਰਾਜ ਖੇਤੀਬਾੜੀ ਨੀਤੀ ਦਾ ਖਰੜਾ ਤਿਆਰ ਕਰ ਕੇ ਫਸਲੀ ਵੰਨ-ਸਵੰਨਤਾ ਦੀ ਸਿਫਾਰਸ਼ ਕੀਤੀ। ਇਸ ਨੇ 8700 ਕਰੋੜ ਰੁਪਏ ਦੀ ਕਾਰਜ ਯੋਜਨਾ ਤਿਆਰ ਕੀਤੀ। 2014 ਵਿਚ ਪੰਜਾਬ ਨੇ ਹਰੀ ਕ੍ਰਾਂਤੀ ਵਾਲੇ ਖੇਤਰਾਂ ਲਈ ਫ਼ਸਲੀ ਵੰਨ-ਸਵੰਨਤਾ ਯੋਜਨਾ (ਸੀ.ਡੀ.ਪੀ.) ਤਿਆਰ ਕੀਤੀ ਜਿਸ ਨੂੰ ਵਿਸ਼ੇਸ਼ ਯੋਜਨਾ ਵਜੋਂ ਆਰ.ਕੇ.ਵੀ.ਵਾਈ. ਤਹਿਤ ਮਨਜ਼ੂਰੀ ਦਿੱਤੀ ਗਈ। ਇਸ ਨੂੰ ਲਾਗੂ ਕਰਨ ਲਈ 500 ਕਰੋੜ ਰੁਪਏ ਰੱਖੇ ਜਿਸ ਵਿਚ ਪੰਜਾਬ ਦਾ ਹਿੱਸਾ 224 ਕਰੋੜ ਰੁਪਏ ਸੀ ਪਰ ਇਸ ਨੂੰ ਸਿਖ਼ਰਲੇ ਪੱਧਰ 'ਤੇ ਕੀਤੇ ਜਾਂਦੇ ਫੈਸਲਿਆਂ ਦੀ ਮਾਰ ਪੈ ਗਈ ਅਤੇ ਰਾਜ ਕੋਲ ਇਸ ਨੂੰ ਸਥਾਨਕ ਲੋੜਾਂ ਮੁਤਾਬਕ ਢਾਲਣ ਲਈ ਜ਼ਿਆਦਾ ਥਾਂ ਨਹੀਂ ਬਚੀ। ਸੀ.ਡੀ.ਪੀ. ਨੂੰ ਅਜੇ ਵੀ ਨਿਗੂਣੀ ਰਾਸ਼ੀ ਹੀ ਮਿਲਦੀ ਹੈ।

2017 ਵਿਚ ਨਵੇਂ ਸਿਰਿਓਂ ਬਣਾਏ ਪੰਜਾਬ ਰਾਜ ਕਿਸਾਨ ਤੇ ਖੇਤੀ ਕਾਮੇ ਕਮਿਸ਼ਨ ਨੇ ਅਜੈ ਵੀਰ ਜਾਖੜ ਦੀ ਅਗਵਾਈ ਹੇਠ ਇਕ ਹੋਰ ਨੀਤੀ ਦਾ ਖਰੜਾ ਤਿਆਰ ਕੀਤਾ। ਇਸ ਦੀ ਰਿਪੋਰਟ ਵਿਚ ਝੋਨੇ ਹੇਠਲਾ ਰਕਬਾ ਘਟਾਉਣ ਤੇ ਮੁਫ਼ਤ ਬਿਜਲੀ ਉਤੇ ਕੁਝ ਰੋਕਾਂ ਲਾਉਣ ਦੀ ਸਿਫਾਰਸ਼ ਕੀਤੀ ਗਈ। ਰਿਪੋਰਟ ਦੀ ਪੜਚੋਲ ਲਈ ਮੰਤਰੀ ਪੱਧਰ ਦੀ ਕਮੇਟੀ ਬਣਾਈ ਗਈ ਪਰ ਮੁਫ਼ਤ ਬਿਜਲੀ ਦਾ ਮੁੱਦਾ ਕਾਰਵਾਈ ਲਈ ਸਿਆਸੀ ਪੱਖ ਤੋਂ ਬਹੁਤ ਸੰਵੇਦਨਸ਼ੀਲ ਸੀ।

ਵਰਤਮਾਨ ਸਮੇਂ 'ਚ ਖੇਤੀ ਨੀਤੀ-2023 ਦੇ ਖਰੜੇ ਦੀ ਬਾਤ ਮੁੜ ਤੋਂ ਫਿਜ਼ਾਵਾਂ 'ਚ ਗੂੰਜ ਰਹੀ ਹੈ। ਇਸ ਵਿਚ ਫਸਲੀ ਵੰਨ-ਸਵੰਨਤਾ ਦੀ ਤਜਵੀਜ਼ ਹੈ, ਨਫ਼ੇ ਦੇ ਫਾਰਮੂਲੇ ਦੀ ਤੁਲਨਾ ਦੇ ਨਾਲ, ਬਦਲਵੀਆਂ ਫਸਲਾਂ ਲਈ ਐੱਮ.ਐੱਸ.ਪੀ. ਤੈਅ ਕਰਨ ਅਤੇ ਐੱਮ.ਐੱਸ.ਪੀ. ਲਈ ਕਾਨੂੰਨੀ ਗਰੰਟੀ ਦੇਣ ਦੀ ਗੱਲ ਕੀਤੀ ਹੈ। ਇਸ ਵਿਚ ਤਜਵੀਜ਼ ਹੈ ਕਿ 15 'ਡਾਰਕ' ਬਲਾਕਾਂ ਵਿਚ ਝੋਨੇ ਦੀ ਬਿਜਾਈ ਬੰਦ ਕਰ ਦਿੱਤੀ ਜਾਵੇ ਅਤੇ ਮਗਰੋਂ ਹੋਰ ਇਸ ਤਰ੍ਹਾਂ ਦੇ ਇਲਾਕਿਆਂ 'ਚ ਅਜਿਹਾ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਪਾਣੀ ਬਚਾਉਣ ਵਾਲੀਆਂ ਹੋਰ ਤਕਨੀਕਾਂ ਜਿਵੇਂ ਬਦਲਵੀਂ ਸਿੰਜਾਈ ਤੇ ਸੁਕਾਈ, ਝੋਨੇ ਦੀ ਸਿੱਧੀ ਬਿਜਾਈ, ਬੈੱਡ-ਪਲਾਂਟਿੰਗ ਤੇ ਮਾਈਕਰੋ-ਸਿੰਜਾਈ ਦੀਆਂ ਵੀ ਸਿਫਾਰਸ਼ਾਂ ਕੀਤੀਆਂ ਹਨ ਪਰ ਇਹ ਹਿੰਮਤੀ ਫੈਸਲੇ ਕਰਨ ਲਈ ਸਿਆਸੀ ਇੱਛਾ ਸ਼ਕਤੀ ਦੀ ਲੋੜ ਪਏਗੀ। ਇੱਥੇ ਮੁਕਾਬਲਾ ਵਿਗਿਆਨ ਤੇ ਚੁਣਾਵੀ ਝਟਕਿਆਂ ਦੇ ਭੈਅ ਵਿਚਾਲੇ ਹੈ।

ਇਸ ਦੇ ਨਾਲ ਹੀ ਪ੍ਰੋਟੀਨ ਭਰਪੂਰ ਖਾਣਾ ਹਰਮਨਪਿਆਰਾ ਹੋ ਰਿਹਾ ਹੈ ਜਿਸ ਨਾਲ ਚੌਲਾਂ ਤੇ ਕਣਕ ਦੀ ਮੰਗ ਘਟ ਰਹੀ ਹੈ। ਦੂਜੇ ਰਾਜਾਂ ਵਿਚ ਵਧੀਆ ਫਸਲੀ ਪੈਦਾਵਾਰ ਹੋ ਰਹੀ ਹੈ। ਮੰਡੀ ਅਤੇ ਕੇਂਦਰ ਸਰਕਾਰ ਜਿਣਸ ਲਈ ਖੇਤੀ ਲਾਗਤਾਂ ਤੇ ਖਰੀਦ ਕੀਮਤਾਂ ਤੈਅ ਕਰਦੇ ਹਨ। ਨੀਤੀ ਨਿਰਧਾਰਨ ਨਾਲ ਸਬੰਧਿਤ ਜ਼ਿਆਦਾਤਰ ਖੇਤਰ ਜਿਨ੍ਹਾਂ ਵਿਚ ਬਰਾਮਦ/ਦਰਾਮਦ ਸ਼ਾਮਲ ਹੈ, ਕੇਂਦਰ ਦੇ ਅਧਿਕਾਰ ਖੇਤਰ ਵਿਚ ਆ ਚੁੱਕੇ ਹਨ, ਇਸ ਵਿਚ ਦਰਾਂ ਤੇ ਕਰ ਅਤੇ ਡਬਲਿਊ.ਟੀ.ਓ. ਅਧੀਨ ਹੋਣ ਵਾਲੇ ਕਈ ਸਮਝੌਤੇ ਵੀ ਸ਼ਾਮਲ ਹਨ।

ਭਾਰਤ ਪਾਣੀ ਸਮੇਤ ਫ਼ਸਲਾਂ ਦੀ ਉਤਪਾਦਕਤਾ ਚਾਹੁੰਦਾ ਹੈ ਅਤੇ ਕਿਸਾਨ ਬਿਹਤਰ ਆਮਦਨੀ ਚਾਹੁੰਦੇ ਹਨ। ਇਸ ਦਾ ਜਵਾਬ ਫਸਲੀ ਵੰਨ-ਸਵੰਨਤਾ ਵਿਚ ਪਿਆ ਹੈ ਅਤੇ ਇਹ ਨੀਤੀ ਨਿਰਧਾਰਨ ਵਿਚ ਰਾਜਾਂ ਦੀ ਸ਼ਮੂਲੀਅਤ ਯਕੀਨੀ ਬਣਾ ਕੇ ਕੇਂਦਰ ਸਰਕਾਰ ਦੁਆਰਾ ਹੀ ਦਿੱਤਾ ਜਾ ਸਕਦਾ ਹੈ। ਇਸ ਲਈ ਰਾਜਾਂ ਨੂੰ ਖੇਤਰੀ ਪੱਧਰ 'ਤੇ ਢੁਕਵੀਆਂ ਨੀਤੀਆਂ ਲਾਗੂ ਕਰਨ ਦੀ ਖੁੱਲ੍ਹ ਦੇਣੀ ਪਏਗੀ ਅਤੇ ਪੈਸਾ ਖ਼ਰਚ ਕੇ ਸਾਧਨ ਮੁਹੱਈਆ ਕਰਾਉਣੇ ਪੈਣਗੇ ਜਿੱਥੇ ਸਰਕਾਰ ਜ਼ਿਆਦਾਤਰ ਹੱਥ ਘੁੱਟ ਲੈਂਦੀ ਹੈ।

# ਬੱਚੀ ਤੋਂ ਮਿਲਿਆ ਸਬਕ

ਚਰਨਜੀਤ ਸਿੰਘ ਗੁਮਟਾਲਾ
ਫੋਨ: +1-937-573-9812

ਜਦੋਂ ਤੁਸੀਂ ਅਮਰੀਕਾ ਆਉਂਦੇ ਹੋ ਤਾਂ ਹਵਾਈ ਅੱਡੇ ਤੋਂ ਬਾਹਰ ਆਉਂਦਿਆਂ ਅਜੀਬ ਦੁਨੀਆ ਦੇਖਦੇ ਹੋ। ਸੜਕਾਂ ਉਪਰ ਸਿਵਾਇ ਐਂਬੂਲੈਂਸ ਦੇ ਕੋਈ ਵੀ ਗੱਡੀ ਹਾਰਨ ਮਾਰਦਿਆਂ ਨਹੀਂ ਮਿਲਦੀ। ਜਿਵੇਂ ਭਾਰਤ ਵਿਚ ਸਿਆਸਤਦਾਨ ਗੰਨਮੈਨ ਅਤੇ ਲਾਲ ਬੱਤੀਆਂ ਵਾਲੀਆਂ ਗੱਡੀਆਂ ਲਈ ਫਿਰਦੇ ਹਨ, ਉਹ ਵੀ ਨਹੀਂ ਦਿਸਦੀਆਂ। ਸਾਰੇ ਸਿਆਸਤਦਾਨ ਵਿਧਾਇਕ, ਪਾਰਲੀਮੈਂਟ ਮੈਂਬਰ, ਮੰਤਰੀ, ਇਥੋਂ ਤੱਕ ਕਿ ਗਵਰਨਰ ਆਮ ਲੋਕਾਂ ਵਾਂਗ ਫਿਰਦੇ ਹਨ। ਉਨ੍ਹਾਂ ਦੀ ਗੱਡੀ ਉਪਰ ਕੋਈ ਵਿਸ਼ੇਸ਼ ਚਿੰਨ੍ਹ ਨਹੀਂ ਲੱਗਾ ਹੁੰਦਾ। ਕੇਵਲ ਰਾਸ਼ਟਰਪਤੀ ਦੀ ਹੀ ਸਕਿਉਰਿਟੀ ਹੈ। ਇਸੇ ਤਰ੍ਹਾਂ ਕੈਨੇਡਾ ਵਿਚ ਕੇਵਲ ਪ੍ਰਧਾਨ ਮੰਤਰੀ ਦੀ ਹੀ ਸਕਿਉਰਿਟੀ ਹੈ। ਬਾਕੀ ਸਾਰੇ ਸਿਆਸਤਦਾਨ ਆਪਣੀ ਗੱਡੀ ਆਪ ਚਲਾਉਂਦੇ ਹਨ। ਕੋਈ ਗੰਨਮੈਨ ਉਨ੍ਹਾਂ ਨਾਲ ਨਹੀਂ ਹੁੰਦਾ। ਹਰ ਵਿਧਾਇਕ ਤੇ ਪਾਰਲੀਮੈਂਟ ਦਾ ਦਫ਼ਤਰ ਹੈ ਜਿੱਥੇ ਉਹ ਬਾਕਾਇਦਾ ਬੈਠਦੇ ਹਨ। ਉਨ੍ਹਾਂ ਦੇ ਦਫ਼ਤਰ ਜਿਵੇਂ ਸਰਕਾਰੀ ਦਫ਼ਤਰ ਕੰਮ ਕਰਦੇ ਹਨ, ਉਸੇ ਤਰ੍ਹਾਂ ਇਨ੍ਹਾਂ ਦੀ ਕਾਰਜ ਪ੍ਰਣਾਲੀ ਹੈ। ਲੋਕ ਆਪਣੇ ਮਸਲੇ ਲੈ ਕੇ ਵਿਧਾਇਕਾਂ ਤੇ ਪਾਰਲੀਮੈਂਟ ਮੈਂਬਰਾਂ ਨੂੰ ਮਿਲਦੇ ਹਨ ਤੇ ਉਹ ਸਬੰਧਿਤ ਅਧਿਕਾਰੀਆਂ ਨੂੰ ਉਹਨਾਂ ਦੇ ਹੱਲ ਲਈ ਭੇਜਦੇ ਹਨ। ਸਾਡੇ ਫਿਲਮੀ ਕਲਾਕਾਰ ਬੰਬਈ ਤੋਂ ਪੰਜਾਬ ਆ ਕੇ ਚੋਣ ਲੜਦੇ ਹਨ ਤੇ ਜਿੱਤਣ ਤੋਂ ਬਾਅਦ ਪੰਜ ਸਾਲ ਲੱਭਦੇ ਨਹੀਂ।

ਇਨ੍ਹਾਂ ਮੁਲਕਾਂ ਵਿਚ ਤੁਸੀਂ ਕੋਈ ਅਵਾਰਾ ਕੁੱਤਾ ਨਹੀਂ ਦੇਖੋਗੇ। ਨਾ ਹੀ ਕਿਤੇ ਲਾਊਡ ਸਪੀਕਰ ਹੈ। ਪੁਲਿਸ ਇੰਨੀ ਚੰਗੀ ਹੈ ਕਿ 911 ਨੰਬਰ 'ਤੇ ਫੋਨ ਕਰੋ, ਉਹ ਤੁਹਾਡੀ ਸੇਵਾ ਵਿਚ ਹਾਜ਼ਰ ਹੋ ਜਾਂਦੇ ਹਨ।

ਹੁਣ ਹੱਡਬੀਤੀ ਵੱਲ ਆਉਂਦੇ ਹਾਂ। ਇੱਕ ਦਿਨ ਸੈਰ ਕਰ ਰਿਹਾ ਸੀ ਤਾਂ ਮੈਂ ਟਾਫ਼ੀ ਮੂੰਹ ਵਿਚ ਪਾ ਕੇ ਉਸ ਦਾ ਉਪਰ ਦਾ ਜਿਹੜਾ ਕਵਰ ਹੁੰਦਾ ਹੈ, ਉਹ ਫੁਟਪਾਥ ਨਾਲ ਲੱਗੇ ਘਾਹ ਉਪਰ ਸੁੱਟ ਦਿੱਤਾ। ਬਹੁਤ ਛੋਟੀ ਬੱਚੀ ਤਿੰਨ ਪਹੀਆਂ ਵਾਲਾ ਸਾਈਕਲ ਚਲਾ ਰਹੀ ਸੀ। ਉਸ ਨੇ ਮੈਨੂੰ ਉਹ ਕਵਰ ਸੁੱਟਦਿਆਂ ਦੇਖ ਲਿਆ ਤੇ ਆ ਕੇ ਉਹ ਕਵਰ ਚੁੱਕ ਲਿਆ। ਮੈਂ ਦੇਖਦਾ ਰਿਹਾ ਕਿ ਉਹ ਕੀ ਕਰਦੀ ਹੈ। ਉਹ ਆਪਣੇ ਘਰ ਗਈ ਤੇ ਬਾਹਰ ਰੱਖੇ ਕੂੜੇਦਾਨ ਵਿਚ ਕਵਰ ਸੁੱਟ ਦਿੱਤਾ।

ਇਸ ਘਟਨਾ ਨੇ ਮੈਨੂੰ ਬੀ.ਐੱਡ. ਦੇ ਪ੍ਰੋਫੈਸਰ ਵੀ.ਕੇ. ਕੋਹਲੀ ਦੀ ਸੁਣਾਈ ਘਟਨਾ ਯਾਦ ਕਰਵਾ ਦਿੱਤੀ... ਉਹ ਰੇਲ ਗੱਡੀ ਵਿਚ ਸਫ਼ਰ ਕਰ ਰਹੇ ਸਨ। ਉਨ੍ਹਾਂ ਪਾਸ ਕੋਈ ਅੰਗਰੇਜ਼ ਬੱਚੇ ਸਮੇਤ ਬੈਠਾ ਸੀ।... ਕੋਹਲੀ ਸਾਹਿਬ ਨੇ ਆਪਣੇ ਕੋਲ ਸੇਬਾਂ ਵਿਚੋਂ ਇੱਕ ਸੇਬ ਉਸ ਅੰਗਰੇਜ਼ ਬੱਚੇ ਨੂੰ ਦੇ ਦਿੱਤਾ। ਬੱਚੇ ਨੇ ਸੇਬ ਖਾਣਾ ਸ਼ੁਰੂ ਕੀਤਾ ਤਾਂ ਅੰਗਰੇਜ਼ ਨੇ ਬੱਚੇ ਨੂੰ ਚਪੇੜ ਮਾਰ ਦਿੱਤੀ। ਉਨ੍ਹਾਂ ਕਾਰਨ ਪੁੱਛਿਆ ਤਾਂ ਅੰਗਰੇਜ਼ ਨੇ ਕਿਹਾ ਕਿ ਇਸ ਨੇ ਤੁਹਾਡਾ ਧੰਨਵਾਦ ਨਹੀਂ ਕੀਤਾ। ਅਮਰੀਕਾ ਵਿਚ ਕੋਈ ਵਸਤੂ ਖਰੀਦੋ ਤਾਂ ਪੈਸੇ ਪ੍ਰਾਪਤ ਕਰਨ ਵਾਲਾ ਧੰਨਵਾਦ ਕਹਿੰਦਾ ਹੈ ਤੇ 'ਹੈਵ ਏ ਗੁੱਡ ਡੇਅ' ਕਹਿੰਦਾ ਹੈ। ਗਾਹਕ 'ਵੈਲਕਮ' ਕਹਿੰਦਾ ਹੈ ਤੇ 'ਸੇਮ ਟੂ ਯੂ' ਕਹਿੰਦਾ ਹੈ। ਇਹ ਇੱਥੋਂ ਦਾ ਸਭਿਆਚਾਰ ਹੈ।

ਅਮਰੀਕਾ ਵਿਚ ਸਫਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਪਾਰਕਾਂ ਵਿਚ ਤੇ ਹਰੇਕ ਜਨਤਕ ਥਾਂ 'ਤੇ ਕੂੜੇਦਾਨ ਰੱਖੇ ਹੁੰਦੇ ਹਨ। ਕੁੱਤਿਆਂ, ਬਿੱਲੀਆਂ ਨਾਲ ਸੈਰ ਕਰਨ ਵਾਲਿਆਂ ਨੇ ਹੱਥ ਵਿਚ ਲਫਾਫੇ ਫੜੇ ਹੁੰਦੇ ਹਨ। ਜਦ ਵੀ ਜਾਨਵਰ ਟੱਟੀ ਕਰਦਾ ਹੈ ਤਾਂ ਉਹ ਚੁੱਕ ਕੇ ਲਫਾਫੇ ਵਿਚ ਪਾਉਂਦੇ ਹਨ ਤੇ ਨਿਰਧਾਰਿਤ ਥਾਵਾਂ 'ਤੇ ਸੁੱਟਦੇ ਹਨ।

ਅੰਮ੍ਰਿਤਸਰ ਗੁਰੂ ਦੀ ਨਗਰੀ ਹੈ। ਰੋਜ਼ਾਨਾ ਵੱਡੀ ਗਿਣਤੀ ਵਿਚ ਦੇਸ਼ ਤੇ ਵਿਦੇਸ਼ਾਂ ਤੋਂ ਹਜ਼ਾਰਾਂ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਲਈ ਆਉਂਦੇ ਹਨ। ਥਾਂ-ਥਾਂ ਦਰਬਾਰ ਸਾਹਿਬ ਦੇ ਰਸਤੇ ਵਿਚ ਲੱਗੇ ਕੂੜੇ ਦੀਆਂ ਢੇਰੀਆਂ ਦੀਆਂ ਤਸਵੀਰਾਂ ਅਖ਼ਬਾਰਾਂ ਤੇ ਸੋਸ਼ਲ ਮੀਡੀਆ 'ਤੇ ਦੇਖ ਕੇ ਸ਼ਰਮ ਆਉਂਦੀ ਹੈ। ਪੰਜਾਬ ਸਰਕਾਰ ਨੇ ਸਾਰੇ ਪਿੰਡਾਂ ਤੇ ਸ਼ਹਿਰਾਂ ਨੂੰ ਗੰਦਗੀ ਮੁਕਤ ਕਰਨ ਲਈ ਸਿੰਗਾਪੁਰ ਦੀ ਤਰਜ਼ 'ਤੇ ਪੰਜਾਬ ਮਿਉਂਸਿਪਲ (ਸੈਨੀਟੇਸ਼ਨ ਐਂਡ ਪਬਲਿਕ ਹੈਲਥ) ਬਾਈਲਾਜ਼-2003 ਬਣਾਏ ਹੋਏ ਹਨ। ਇਸ ਕਾਨੂੰਨ ਅਨੁਸਾਰ ਕੋਈ ਵੀ ਵਿਅਕਤੀ ਨਿਰਧਾਰਿਤ ਸਥਾਨ ਤੋਂ ਇਲਾਵਾ ਕੂੜਾ ਕਰਕਟ ਸੁੱਟਦਾ ਹੈ ਤਾਂ ਉਸ ਨੂੰ ਇਕ ਹਜ਼ਾਰ ਰੁਪਏ ਜੁਰਮਾਨਾ ਕਰਨ ਦੀ ਵਿਵਸਥਾ ਹੈ। ਇਸ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਲੋੜ ਹੈ। ਚੰਡੀਗੜ੍ਹ ਵਿਚ ਨਿਰਧਾਰਿਤ ਸਥਾਨ ਤੋਂ ਇਲਾਵਾ ਕੂੜਾ ਸੁੱਟਣ ਵਾਲੇ ਨੂੰ ਜੁਰਮਾਨਾ ਕੀਤਾ ਜਾਂਦਾ ਹੈ। ਇਸੇ ਕਰ ਕੇ ਉੱਥੇ ਤੁਸੀਂ ਗੰਦਗੀ ਦੇ ਅਜਿਹੇ ਢੇਰ ਨਹੀਂ ਦੇਖਦੇ।

# ਮੁਲਕ ਰਾਜ ਆਨੰਦ ਦੀ ਵਿਲੱਖਣ ਦੁਨੀਆ

1962 ਵਿਚ ਮੈਂ ਚੰਡੀਗੜ੍ਹ ਦੇ ਆਰਟ ਸਕੂਲ ਵਿਚ ਕਲਾ ਦੀ ਵਿੱਦਿਆ ਲੈਣ ਲਈ ਦਾਖ਼ਲਾ ਲਿਆ ਤਾਂ ਉਸ ਸਮੇਂ ਦੋ ਨਾਂ ਚਾਨਣ ਮੁਨਾਰੇ ਵਾਂਗ ਸਮਝੇ ਜਾਂਦੇ ਸਨ: ਮੁਲਕ ਰਾਜ ਆਨੰਦ ਅਤੇ ਮਹਿੰਦਰ ਸਿੰਘ ਰੰਧਾਵਾ। ਉਸ ਸਮੇਂ ਦੇ ਸਰਗਰਮ ਕਲਾਕਾਰ ਸੋਹਣ ਕਾਦਰੀ, ਹਰਦੇਵ ਸਿੰਘ, ਐੱਸ.ਐੱਸ ਦੱਤਾ, ਰਛਪਾਲ ਸਿੰਘ ਰਣੀਆ ਅਤੇ ਰੂਪ ਚੰਦ ਕੋਲੋਂ ਇਨ੍ਹਾਂ ਬਾਰੇ ਜ਼ਰੂਰ ਸੁਣਨ ਨੂੰ ਮਿਲਦਾ ਸੀ। ਇੱਛਾ ਹੁੰਦੀ ਕਿ ਕਦੇ ਮੌਕਾ ਮਿਲੇ ਤਾਂ ਇਨ੍ਹਾਂ ਦੀ ਸੰਗਤ ਵਿਚ ਬਹਿ ਕੇ ਇਨ੍ਹਾਂ ਦੇ ਅਨਮੋਲ ਬੋਲ ਸੁਣ ਸਕਾਂ। ਮੇਰੀ ਕਲਾ ਦੀ ਪ੍ਰਤਿਭਾ ਸਦਕਾ ਮੈਨੂੰ ਛੇਤੀ ਹੀ ਇਨ੍ਹਾਂ ਦੀ ਸੰਗਤ ਮਿਲ ਗਈ। ਉਸ ਸਮੇਂ ਮੁਲਕ ਰਾਜ ਆਨੰਦ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 'ਚ ਟੈਗੋਰ ਪ੍ਰੋਫੈਸਰਸ਼ਿਪ ਚੇਅਰ ਦੇ ਕਾਰਜ ਸੰਭਾਲ ਰਹੇ ਸਨ। ਪੰਜਾਬ ਦੀ ਉਸਰ ਰਹੀ ਰਾਜਧਾਨੀ ਚੰਡੀਗੜ੍ਹ ਪੰਜਾਬੀਆਂ ਦੇ ਸੁਪਨਿਆਂ, ਆਸਾਂ ਅਤੇ ਇੱਛਾਵਾਂ ਨਾਲ ਲਿਸ਼ਕ ਰਹੀ ਸੀ। ਪੰਜਾਬ ਦੇ ਭਵਿੱਖ ਲਈ ਇਹ ਇੱਕ ਸੁਖਾਵਾਂ ਸੰਕੇਤ ਸੀ।

ਮੁਲਕ ਰਾਜ ਆਨੰਦ ਦਾ ਜਨਮ 12 ਦਸੰਬਰ 1905 ਨੂੰ ਬਰਤਾਨਵੀ ਹਿੰਦੋਸਤਾਨ ਦੇ ਪਿਸ਼ਾਵਰ ਵਿਖੇ ਹੋਇਆ ਜੋ ਹੁਣ ਪਾਕਿਸਤਾਨ ਵਿਚ ਹੈ। ਉਨ੍ਹਾਂ ਦੇ ਪਿਤਾ ਲਾਲ ਚੰਦ ਬ੍ਰਿਟਿਸ਼ ਇੰਡੀਅਨ ਆਰਮੀ

**ਪ੍ਰੇਮ ਸਿੰਘ**
**ਫੋਨ: +91-98110-52271**


'ਚ ਸਨ ਤੇ ਮਾਤਾ ਈਸ਼ਵਰ ਕੌਰ ਕਿਰਸਾਨੀ ਸਿੱਖ ਪਰਿਵਾਰ ਤੋਂ ਸਨ। ਪੰਜ ਭੈਣ-ਭਰਾਵਾਂ ਵਿਚ ਮੁਲਕ ਰਾਜ ਆਨੰਦ ਤੀਜੇ ਨੰਬਰ 'ਤੇ ਸਨ। ਉਹ ਅੰਮ੍ਰਿਤਸਰ ਦੇ ਖ਼ਾਲਸਾ ਕਾਲਜ ਤੋਂ ਪੜ੍ਹਾਈ ਕਰ ਕੇ 1924 ਵਿਚ ਉੱਚ ਸਿੱਖਿਆ ਲਈ ਇੰਗਲੈਂਡ ਚਲੇ ਗਏ। ਯੂਨੀਵਰਸਿਟੀ ਕਾਲਜ, ਲੰਡਨ ਤੋਂ ਪੜ੍ਹ ਕੇ ਉਨ੍ਹਾਂ ਨੇ ਕੈਂਬਰਿਜ ਯੂਨੀਵਰਸਿਟੀ ਤੋਂ ਪੀਐੱਚ.ਡੀ. ਦੀ ਉਪਾਧੀ ਹਾਸਿਲ ਕੀਤੀ। ਉਨ੍ਹਾਂ ਦੇ 1935 ਵਿਚ ਰਚੇ ਨਾਵਲ 'ਅਨਟਚੇਬਲ' ਤੇ 'ਕੁਲੀ' (1936) ਨੇ ਕੌਮਾਂਤਰੀ ਪੱਧਰ 'ਤੇ ਰਚੇ ਜਾ ਰਹੇ ਸਾਹਿਤ ਵਿਚ ਆਪਣੀ ਜਗ੍ਹਾ ਬਣਾਈ। ਇਉਂ ਉਨ੍ਹਾਂ ਨੇ ਅੰਗਰੇਜ਼ੀ ਭਾਸ਼ਾ ਵਿਚ ਭਾਰਤੀ ਲੇਖਕਾਂ ਵੱਲੋਂ ਰਚੇ ਜਾ ਰਹੇ ਸਾਹਿਤ ਦੀ ਕੌਮਾਂਤਰੀ ਪੱਧਰ 'ਤੇ ਪਛਾਣ ਸਥਾਪਿਤ ਕਰਨ ਵਾਲੇ ਮੋਹਰੀ ਲੇਖਕਾਂ ਵਾਲੀ ਭੂਮਿਕਾ ਨਿਭਾਈ। ਉਨ੍ਹਾਂ ਦੇ ਸਮਕਾਲੀ ਲੇਖਕਾਂ ਵਿਚ ਆਰ.ਕੇ. ਨਰਾਇਣ, ਅਹਿਮਦ ਅਲੀ ਅਤੇ ਰਾਜਾ ਰਾਓ ਦੇ ਨਾਂ ਸ਼ੁਮਾਰ ਹਨ।

ਮੁਲਕ ਰਾਜ ਆਨੰਦ ਦੇ ਲਿਖੇ ਨਾਵਲ, ਕਹਾਣੀਆਂ, ਬਾਲ ਸਾਹਿਤ, ਕਲਾ ਬਾਰੇ ਲਿਖੀਆਂ ਪੁਸਤਕਾਂ, ਚਿੱਠੀਆਂ ਆਦਿ ਸਮਾਜ ਪ੍ਰਤੀ ਉਨ੍ਹਾਂ ਦੀ ਪ੍ਰਤੀਬੱਧਤਾ ਨੂੰ ਦਰਸਾਉਂਦੀਆਂ ਹਨ। ਬਰਤਾਨਵੀ ਸ਼ਾਸਨ ਦੀ ਵਿਰਾਸਤ ਅਤੇ ਸਮਾਜਿਕ ਢਾਂਚੇ ਦੇ ਵੱਖ-ਵੱਖ ਪਹਿਲੂਆਂ ਬਾਰੇ ਕੀਤੀਆਂ ਮਹੱਤਵਪੂਰਨ ਟਿੱਪਣੀਆਂ ਅਜੋਕੇ ਸਮੇਂ ਵਿਚ ਵੀ ਸਾਰਥਕ ਹਨ। ਮੁਲਕ ਰਾਜ ਆਨੰਦ ਆਪਣੇ ਇਸ ਵਿਸ਼ਵਾਸ ਵਿਚ ਅਡੋਲ ਸੀ ਕਿ ਰਾਜਨੀਤੀ ਅਤੇ ਸਾਹਿਤ ਨੂੰ ਇੱਕ ਦੂਜੇ ਤੋਂ ਨਿਖੇੜਿਆ ਨਹੀਂ ਜਾ ਸਕਦਾ। ਉਹ

***ਮੁਲਕ ਰਾਜ ਆਨੰਦ ਨੂੰ ਸ਼ਾਇਦ ਇੱਕ ਸੱਭਿਆਚਾਰਕ ਆਲੋਚਕ, ਲੇਖਕ, ਦਾਰਸ਼ਨਿਕ ਅਤੇ ਕਲਾ ਦੇ ਸਰਪ੍ਰਸਤ ਵਜੋਂ ਸਭ ਤੋਂ ਵੱਧ ਯਾਦ ਕੀਤਾ ਜਾਂਦਾ ਹੈ ਪਰ ਰਸ਼ਮੀ ਵਿਸ਼ਵਨਾਥਨ ਨੇ 1968 ਵਿਚ ਭਾਰਤ ਦੀ ਤਤਕਾਲੀ ਵਿਸ਼ਵ ਕਲਾ ਦੀ ਪਹਿਲੇ ਤ੍ਰਿਨਾਲੇ ਦੀ ਸਥਾਪਨਾ ਲਈ ਮੁਲਕ ਰਾਜ ਆਨੰਦ ਦੀ ਘੱਟ ਜਾਣੀ ਪਹਿਲਕਦਮੀ ਵੱਲ ਧਿਆਨ ਦਿਵਾਇਆ। ਕੌਮਾਂਤਰੀ ਸੱਭਿਆਚਾਰਕ ਸਬੰਧਾਂ ਨੂੰ ਬਦਲਣ ਅਤੇ ਸੱਭਿਆਚਾਰਕ ਸਵੈ-ਨਿਰਣੇ ਦਾ ਦਾਅਵਾ ਕਰਨ ਲਈ ਉਨ੍ਹਾਂ ਦੁਆਰਾ ਤ੍ਰਿਨਾਲੇ ਦੀ ਆਸ਼ਾਵਾਦੀ ਵਰਤੋਂ ਇਤਿਹਾਸਕ ਕਦਮ ਸੀ। ਮੁਲਕ ਰਾਜ ਆਨੰਦ ਦੇ ਕਾਰਜਾਂ ਨੂੰ ਪ੍ਰਗਤੀਸ਼ੀਲ ਧਰਮ ਨਿਰਪੱਖ ਰਾਜ ਦੀ ਕਲਪਨਾ ਦੇ ਉਸ ਦੇ ਵਿਸ਼ਾਲ ਪ੍ਰੋਜੈਕਟ ਤਹਿਤ ਸਮਝਿਆ ਜਾਣਾ ਚਾਹੀਦਾ ਹੈ ਕਿਉਂਕਿ ਭਾਰਤ ਨੇ ਆਪਣੀਆਂ ਰਾਸ਼ਟਰਵਾਦ ਅਤੇ ਆਧੁਨਿਕਤਾ ਦੀਆਂ ਸ਼ਰਤਾਂ 'ਤੇ ਸੰਵਾਦ ਰਚਾਇਆ ਸੀ। ਇਹ ਬਰਤਾਨਵੀ ਰਾਜ ਦੇ ਦਮਘੋਟੂ ਮਾਹੌਲ ਵਿਚ ਸੰਭਵ ਨਹੀਂ ਸੀ।***

ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ ਦੇ ਬਾਨੀ ਮੈਂਬਰ ਹੋਣ ਦੇ ਨਾਲ ਨਾਲ ਇਸ ਦਾ ਮੈਨੀਫੈਸਟੋ ਲਿਖਣ ਵਿਚ ਵੀ ਸਹਾਇਕ ਹੋਏ। ਉਨ੍ਹਾਂ ਦੇ ਰਚਿਤ





*ਉਘੇ ਰਚਨਾਕਾਰ ਮੁਲਕ ਰਾਜ ਆਨੰਦ ਦੀਆਂ ਦੋ ਵੱਖ-ਵੱਖ ਤਸਵੀਰਾਂ।*

ਸਾਹਿਤ ਨੇ ਹਲੂਣਿਆ ਹੀ ਨਹੀਂ ਸਗੋਂ 'ਅਨਟਚੇਬਲ' ਤੇ 'ਕੁਲੀ' ਵਰਗੇ ਨਾਵਲ ਲਿਖ ਕੇ ਸਮੇਂ ਦੀ ਹਕੂਮਤ ਤੇ ਕੁਰੀਤੀਆਂ ਨਾਲ ਸੜ ਰਹੇ ਸਮਾਜ ਸਾਹਮਣੇ ਇੱਕ ਵੱਡਾ ਪ੍ਰਸ਼ਨ ਖੜ੍ਹਾ ਕੀਤਾ।

ਦਿੱਲੀ ਜਾਣ ਤੋਂ ਪਹਿਲਾਂ ਮੈਨੂੰ ਉਨ੍ਹਾਂ ਦੀ ਸੰਗਤ ਮਾਣਨ ਦਾ ਮੌਕਾ ਮਿਲਿਆ। ਭਾਵੇਂ ਉਨ੍ਹਾਂ ਦਾ ਰਚਿਆ ਸਾਰਾ ਸਾਹਿਤ ਅੰਗਰੇਜ਼ੀ ਵਿਚ ਹੈ, ਪਰ ਉਨ੍ਹਾਂ ਦੀ ਸੋਚ ਵਿਚ ਪੰਜਾਬੀ ਹਮੇਸ਼ਾ ਜਾਗਦੀ ਜਿਊਂਦੀ ਸੀ। ਉਹ ਮੁੰਡੇ-ਕੁੜੀਆਂ ਨੂੰ ਹਮੇਸ਼ਾ ਦੇਸ਼-ਵਿਦੇਸ਼ ਸਫ਼ਰ ਕਰਨ ਲਈ ਪ੍ਰੇਰਦੇ ਸਨ। ਕਦੇ ਕੋਈ ਕਹਿ ਦਿੰਦਾ ਕਿ ਸਫ਼ਰ ਕਰਨ ਨੂੰ ਮਨ ਤਾਂ ਕਰਦਾ ਹੈ, ਪਰ ਪੈਸੇ ਨਹੀਂ ਹਨ। ਇਸ ਦੇ ਉੱਤਰ ਵਿਚ ਕਹਿੰਦੇ, "ਆਪਣਾ ਘਰ ਵੇਚੋ ਤੇ ਚਲੇ ਜਾਓ।" ਸਫ਼ਰ ਨੂੰ ਉਹ ਜੀਵਨ ਦੇ ਵਿਕਾਸ ਅਤੇ ਵਿਸਥਾਰ ਲਈ ਬਹੁਤ ਮਹੱਤਤਾ ਦਿੰਦੇ ਸਨ।

ਦੂਸਰਾ ਉਨ੍ਹਾਂ ਦਾ ਕਹਿਣਾ ਸੀ ਕਿ ਇੱਕ-ਦੂਸਰੇ ਨੂੰ ਚਿੱਠੀਆਂ ਜ਼ਰੂਰ ਲਿਖੋ। ਆਪੇ ਦੇ ਪ੍ਰਗਟਾਅ ਵਿਚ ਜੋ ਆਨੰਦ ਹੈ, ਉਹ ਕਿਤੇ ਹੋਰ ਨਹੀਂ ਮਿਲ ਸਕਦਾ। ਉਹ ਆਪ ਵੀ ਮਹਾਤਮਾ ਗਾਂਧੀ ਪੋਸਟਕਾਰਡ ਦਾ ਇਸਤੇਮਾਲ ਭਰਪੂਰ ਕਰਦੇ ਸਨ। ਜਦੋਂ ਵੀ ਮੈਂ ਉਨ੍ਹਾਂ ਨੂੰ ਚਿੱਠੀ ਲਿਖੀ, ਉਨ੍ਹਾਂ ਵੱਲੋਂ ਤੁਰੰਤ ਹੱਥਲਿਖਤ ਜਵਾਬ ਮਿਲ ਜਾਂਦਾ। ਉਹ ਇੰਨੇ ਮਸਰੂਫ਼ ਹੋਣ ਦੇ ਬਾਵਜੂਦ ਚਿੱਠੀ ਦਾ ਜਵਾਬ ਜ਼ਰੂਰ ਦਿੰਦੇ। ਮੇਰੇ ਕੋਲ ਅੱਜ ਵੀ ਉਨ੍ਹਾਂ ਦੇ ਹੱਥ-ਲਿਖਤ ਪੋਸਟਕਾਰਡ ਸਾਂਭੇ ਪਏ ਹਨ। ਇਸ ਤਰ੍ਹਾਂ ਦੀ ਦਰਿਆਦਿਲੀ ਮੈਂ ਖੁਸ਼ਵੰਤ ਸਿੰਘ ਵਿਚ ਵੀ ਵੇਖੀ ਹੈ।

ਉਹ ਹੋਣਹਾਰ ਅਤੇ ਹੁਨਰਮੰਦ ਨੌਜਵਾਨਾਂ ਨੂੰ ਮੌਕੇ ਮੁਹੱਈਆ ਕਰਨ ਲਈ ਤਤਪਰ ਰਹਿੰਦੇ ਸਨ। ਉਨ੍ਹਾਂ ਦਾ ਪ੍ਰਗਤੀਸ਼ੀਲ ਨਜ਼ਰੀਆ ਅਤੇ ਰਵੱਈਆ ਅੱਜ ਵੀ ਮੇਰੇ ਲਈ ਪ੍ਰੇਰਨਾਦਾਇਕ ਹੈ। 1967 ਵਿਚ ਮੈਂ ਚੰਡੀਗੜ੍ਹ ਆਰਟ ਸਕੂਲ ਤੋਂ ਪੰਜ ਸਾਲ ਦਾ ਡਿਪਲੋਮਾ ਹਾਸਿਲ ਕਰ ਕੇ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਦੇ ਐਡਵਰਟਾਈਜ਼ਿੰਗ ਅਤੇ ਵਿਜ਼ੂਅਲ ਪਬਲੀਸਿਟੀ ਵਿਭਾਗ ਵਿਚ ਨਵੀਂ ਦਿੱਲੀ ਵਿਖੇ ਨੌਕਰੀ ਕਰਦਾ ਸੀ। ਮੁਲਕ ਰਾਜ ਆਨੰਦ ਉਸ ਸਮੇਂ ਕੇਂਦਰੀ ਲਲਿਤ ਕਲਾ ਅਕਾਦਮੀ ਦੇ ਚੇਅਰਮੈਨ ਸਨ। ਉਨ੍ਹਾਂ ਨੇ ਭਾਰਤੀ ਸਮਕਾਲੀ ਕਲਾ ਬਾਰੇ ਦ੍ਰਿਸ਼ਟੀਕੋਣ ਅਤੇ ਇਸ ਦੇ ਭਵਿੱਖ ਦੇ ਮੱਦੇਨਜ਼ਰ ਅਕਾਦਮੀ ਦੇ ਇਤਿਹਾਸ ਵਿਚ ਪਹਿਲੀ ਵਾਰੀ 1968 'ਚ ਦਿੱਲੀ ਵਿਖੇ ਕੌਮਾਂਤਰੀ ਪੱਧਰ ਦੀ 'ਤ੍ਰਿਨਾਲੇ' ਨਾਂ ਦੀ ਨੁਮਾਇਸ਼ ਦਾ ਪ੍ਰਬੰਧ ਕੀਤਾ। ਤ੍ਰਿਨਾਲੇ ਇੰਡੀਆ ਨੇ ਭਾਰਤੀ ਆਧੁਨਿਕ ਕਲਾਕਾਰਾਂ ਦੀ ਰੂਹ ਰੁਸ਼ਨਾਈ ਅਤੇ ਜਗਤ ਪ੍ਰਸਿੱਧ ਕਲਾਕਾਰਾਂ ਤੇ ਕਲਾ ਸਮੀਖਿਅਕਾਂ ਨਾਲ ਹੋਇਆ ਵਿਚਾਰ ਵਟਾਂਦਰਾ ਕਾਫ਼ੀ ਲਾਹੇਵੰਦ ਸਾਬਤ ਹੋਇਆ। ਉਨ੍ਹਾਂ ਦੇ ਯਤਨਾਂ ਸਦਕਾ ਨੌਜਵਾਨ ਪੀੜ੍ਹੀ 'ਚ ਉਪਜੇ ਚਿੰਤਨ ਅਤੇ ਚੇਤਨਾ ਨੇ ਭਾਰਤੀ ਕਲਾ ਦੀ ਨੁਹਾਰ ਬਦਲੀ। ਭਾਰਤੀ ਕਲਾਕਾਰਾਂ ਨੂੰ ਆਪਣੀ ਕਲਾ ਨੂੰ ਕੌਮਾਂਤਰੀ ਪਰਿਪੇਖ ਵਿਚ ਦੇਖਣ ਦਾ ਮੌਕਾ ਮਿਲਿਆ।

ਮੁਲਕ ਰਾਜ ਆਨੰਦ ਨੂੰ ਸ਼ਾਇਦ ਇੱਕ ਸੱਭਿਆਚਾਰਕ ਆਲੋਚਕ, ਲੇਖਕ, ਦਾਰਸ਼ਨਿਕ ਅਤੇ ਕਲਾ ਦੇ ਸਰਪ੍ਰਸਤ ਵਜੋਂ ਸਭ ਤੋਂ ਵੱਧ ਯਾਦ ਕੀਤਾ ਜਾਂਦਾ ਹੈ ਪਰ ਰਸ਼ਮੀ ਵਿਸ਼ਵਨਾਥਨ ਨੇ 1968 ਵਿਚ ਭਾਰਤ ਦੀ ਤਤਕਾਲੀ ਵਿਸ਼ਵ ਕਲਾ ਦੀ ਪਹਿਲੇ ਤ੍ਰਿਨਾਲੇ ਦੀ ਸਥਾਪਨਾ ਲਈ ਮੁਲਕ ਰਾਜ ਆਨੰਦ ਦੀ ਘੱਟ ਜਾਣੀ ਪਹਿਲਕਦਮੀ ਵੱਲ ਧਿਆਨ ਦਿਵਾਇਆ। ਕੌਮਾਂਤਰੀ ਸੱਭਿਆਚਾਰਕ ਸਬੰਧਾਂ ਨੂੰ ਬਦਲਣ ਅਤੇ ਸੱਭਿਆਚਾਰਕ ਸਵੈ-ਨਿਰਣੇ ਦਾ ਦਾਅਵਾ ਕਰਨ ਲਈ ਉਨ੍ਹਾਂ ਦੁਆਰਾ ਤ੍ਰਿਨਾਲੇ ਦੀ ਆਸ਼ਾਵਾਦੀ ਵਰਤੋਂ ਇੱਕ ਇਤਿਹਾਸਕ ਕਦਮ ਸੀ। ਮੁਲਕ ਰਾਜ ਆਨੰਦ ਦੇ ਕਾਰਜਾਂ ਨੂੰ ਪ੍ਰਗਤੀਸ਼ੀਲ ਧਰਮ-ਨਿਰਪੱਖ ਰਾਜ ਦੀ ਕਲਪਨਾ ਦੇ ਉਸ ਦੇ ਵਿਸ਼ਾਲ ਪ੍ਰੋਜੈਕਟ ਤਹਿਤ ਸਮਝਿਆ ਜਾਣਾ ਚਾਹੀਦਾ ਹੈ ਕਿਉਂਕਿ ਭਾਰਤ ਨੇ ਆਪਣੀਆਂ ਰਾਸ਼ਟਰਵਾਦ ਅਤੇ ਆਧੁਨਿਕਤਾ ਦੀਆਂ ਸ਼ਰਤਾਂ 'ਤੇ ਸੰਵਾਦ ਰਚਾਇਆ ਸੀ। ਇਹ ਬਰਤਾਨਵੀ ਰਾਜ ਦੇ ਦਮਘੋਟੂ ਮਾਹੌਲ ਵਿਚ ਸੰਭਵ ਨਹੀਂ ਸੀ।

ਮੁਲਕ ਰਾਜ ਆਨੰਦ ਨੂੰ ਅੰਗਰੇਜ਼ੀ ਭਾਸ਼ਾ ਵਿਚ ਲਿਖੀਆਂ ਆਪਣੀਆਂ ਲਿਖਤਾਂ ਵਿਚ ਪੰਜਾਬੀ ਅਤੇ ਹਿੰਦੋਸਤਾਨੀ ਮੁਹਾਵਰੇ ਨੂੰ ਸ਼ਾਮਿਲ ਕਰਨ ਵਾਲੇ ਪਹਿਲੇ ਲੇਖਕਾਂ ਵਿਚੋਂ ਇੱਕੋ-ਇੱਕ ਹੋਣ ਕਰਕੇ ਵੀ ਜਾਣਿਆ ਜਾਂਦਾ ਹੈ। ਆਧੁਨਿਕ ਭਾਰਤੀ ਅੰਗਰੇਜ਼ੀ ਸਾਹਿਤ ਰਾਹੀਂ ਉਹ ਦੱਬੇ-ਕੁਚਲੇ ਲੋਕਾਂ ਦੇ ਜੀਵਨ ਬਾਰੇ ਆਪਣੀ ਅਨੁਭਵੀ ਸੂਝ ਅਤੇ ਗ਼ਰੀਬੀ, ਸ਼ੋਸ਼ਣ ਅਤੇ ਬਦਕਿਸਮਤੀ ਦੇ ਕੀਤੇ ਵਿਸ਼ਲੇਸ਼ਣ ਲਈ ਜਾਣੇ ਜਾਂਦੇ ਹਨ। ਯਥਾਰਥ ਉਨ੍ਹਾਂ ਦੀ ਲੇਖਨ ਸ਼ੈਲੀ ਦੀ ਵਿਸ਼ੇਸ਼ਤਾ ਹੈ। ਉਨ੍ਹਾਂ ਨੇ ਸਰਲ, ਸਹਿਜ ਅਤੇ ਸਾਦੀ ਭਾਸ਼ਾ ਦੀ ਵਰਤੋਂ ਕਰ ਕੇ ਇਸ ਦੀ ਪਹੁੰਚ ਨੂੰ ਵਿਆਪਕ ਬਣਾਇਆ। ਧਾਰਮਿਕ ਕੱਟੜਤਾ, ਪਾਖੰਡ, ਜਾਗੀਰਦਾਰੀ, ਪੂਰਬ ਪੱਛਮ ਦਾ ਟਕਰਾਅ ਤੇ ਮੇਲ, ਸਮਾਜ ਵਿਚ ਔਰਤ ਦਾ ਸਥਾਨ, ਅੰਧ-ਵਿਸ਼ਵਾਸ, ਗ਼ਰੀਬੀ, ਦੁੱਖ, ਭੁੱਖਮਰੀ ਅਤੇ ਸ਼ੋਸ਼ਣ ਦੇ ਵਿਸ਼ੇ ਉਨ੍ਹਾਂ ਦੀਆਂ ਰਚਨਾਵਾਂ ਵਿਚ ਗੂੰਜਦੇ ਹਨ। ਮੁਲਕ ਰਾਜ ਆਨੰਦ ਵੱਲੋਂ ਰਚੇ ਸਾਹਿਤ ਤੋਂ ਉਨ੍ਹਾਂ ਦੀ ਸੰਵੇਦਨਸ਼ੀਲ, ਮਨੁੱਖਤਾਵਾਦੀ ਅਤੇ ਦੂਰਦਰਸ਼ੀ ਸੋਚ ਦਾ ਪ੍ਰਮਾਣ ਮਿਲਦਾ ਹੈ।

'ਮਾਰਗ' ਨਾਂ ਦੇ ਰਸਾਲੇ ਦੀ ਸਥਾਪਨਾ ਮੁਲਕ ਰਾਜ ਆਨੰਦ ਨੇ ਕੀਤੀ ਸੀ, ਜਿਸ ਦਾ ਉਦੇਸ਼ ਕਲਾ ਦੀ ਇੱਕ ਸਮਾਜਿਕ ਤੌਰ 'ਤੇ ਸਰਗਰਮ ਅਤੇ ਸੱਭਿਆਚਾਰਕ ਲਹਿਜੇ ਵਾਲੀ ਭਾਸ਼ਾ ਨੂੰ ਵਿਕਸਿਤ ਕਰਨਾ ਸੀ। ਸ਼ੁਰੂਆਤ ਵਿਚ ਜੇ.ਆਰ.ਡੀ. ਟਾਟਾ ਤੇ ਮਗਰੋਂ ਟਾਟਾ ਗਰੁੱਪ ਆਫ ਕੰਪਨੀਜ਼ ਇਸ ਦੇ ਪ੍ਰਕਾਸ਼ਨ ਲਈ ਫੰਡ ਮੁਹੱਈਆ ਕਰਦੇ ਸਨ। ਇਸ ਦਾ ਪ੍ਰਕਾਸ਼ਨ 1946 ਤੋਂ ਸ਼ੁਰੂ ਹੋਇਆ। ਮੁਲਕ ਰਾਜ ਆਨੰਦ ਇਸ ਦੇ ਬਾਨੀ ਸੰਪਾਦਕ ਸਨ। ਇਰਾਦਾ ਸੀ ਕਿ ਇਹ ਭਾਰਤ ਅਤੇ ਦੱਖਣੀ ਏਸ਼ੀਆ ਦੀਆਂ ਕਲਾਵਾਂ ਅਤੇ ਸਬੰਧਿਤ ਸੱਭਿਅਤਾਵਾਂ ਦਾ ਐਨਸਾਈਕਲੋਪੀਡੀਆ ਬਣ ਕੇ ਲੋਕਾਂ ਸਾਹਮਣੇ ਆਵੇ।

ਵੇਖਿਆ ਗਿਆ ਹੈ ਕਿ ਪੰਜਾਬੀ ਕਲਾਕਾਰਾਂ, ਸਾਹਿਤਕਾਰਾਂ, ਸੰਗੀਤਕਾਰਾਂ, ਨਾਟਕਕਾਰਾਂ ਤੇ ਨ੍ਰਿਤਕਾਂ ਨੂੰ ਕੌਮੀ ਪੱਧਰ 'ਤੇ ਬਣਦਾ ਮਾਣ-ਸਨਮਾਨ ਨਹੀਂ ਮਿਲਿਆ। ਮੁਲਕ ਰਾਜ ਆਨੰਦ ਨੇ ਪੰਜਾਬੀਆਂ ਦੇ ਇਨ੍ਹਾਂ ਖੇਤਰਾਂ ਵਿਚ ਪਾਏ ਯੋਗਦਾਨ ਨੂੰ ਸਮੇਂ ਸਮੇਂ 'ਮਾਰਗ' ਵਿਚ ਸਥਾਨ ਦਿੱਤਾ। ਉਨ੍ਹਾਂ ਨੂੰ ਇੰਟਰਨੈਸ਼ਨਲ ਪੀਸ ਪ੍ਰਾਈਜ਼ (1953), ਪਦਮ ਭੂਸ਼ਣ (1968) ਅਤੇ ਸਾਹਿਤ ਅਕਾਦਮੀ ਪੁਰਸਕਾਰ (1971) ਨਾਲ ਸਨਮਾਨਿਆ ਗਿਆ। ਅੰਗਰੇਜ਼ ਅਦਾਕਾਰਾ ਅਤੇ ਕਮਿਊਨਿਸਟ ਕੈਥਲੀਨ ਗੇਲਡਰ ਨਾਲ ਉਨ੍ਹਾਂ ਦਾ 1938 'ਚ ਵਿਆਹ ਹੋਇਆ ਜਿਸ ਤੋਂ ਸੁਸ਼ੀਲਾ ਨਾਂ ਦੀ ਧੀ ਨੇ ਜਨਮ ਲਿਆ। 1948 ਵਿਚ ਉਨ੍ਹਾਂ ਦਾ ਤਲਾਕ ਹੋ ਗਿਆ। ਮੁਲਕ ਰਾਜ ਆਨੰਦ ਨੇ 1950 ਵਿਚ ਪਾਰਸੀ ਨ੍ਰਿਤਕੀ ਸ਼ਿਰੀਨ ਵਜੀਫਦਾਰ ਨਾਲ ਵਿਆਹ ਕੀਤਾ। ਮੁਲਕ ਰਾਜ ਆਨੰਦ 28 ਸਤੰਬਰ 2004 ਨੂੰ ਸਦੀਵੀ ਅਲਵਿਦਾ ਕਹਿ ਗਏ ਪਰ ਵਗਦੇ ਪਾਣੀਆਂ ਜਿਹਾ ਉਨ੍ਹਾਂ ਦਾ ਲਿਖਿਆ ਸਾਹਿਤ ਅੱਜ ਵੀ ਰੂਹ ਨੂੰ ਸਰਸ਼ਾਰ ਕਰਦਾ ਹੈ।

# ਇਰਾਨ-ਇਜ਼ਰਾਈਲ ਜੰਗ

ਇਰਾਨ ਅਤੇ ਇਜ਼ਰਾਈਲ ਵਿਚਕਾਰ ਲੜਾਈ ਦੀ ਸ਼ੁਰੂਆਤ ਹੋ ਚੁੱਕੀ ਹੈ ਜੋ ਕਿਸੇ ਵੇਲੇ ਵੀ ਵੱਡੀ ਜੰਗ ਦਾ ਰੂਪ ਅਖ਼ਤਿਆਰ ਕਰ ਸਕਦੀ ਹੈ। ਜੇਕਰ ਇਸ ਦਾ ਘੇਰਾ ਵਧਦਾ ਹੈ ਤਾਂ ਇਹ ਪੂਰੇ ਮੱਧ ਪੂਰਬ ਦੀ ਜੰਗ ਵੀ ਬਣ ਸਕਦੀ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਜੰਗ ਵਿਚ ਉਹਨਾਂ ਅਰਬ ਦੇਸ਼ਾਂ ਨੂੰ ਵੀ ਕੁੱਦਣਾ ਪੈ ਸਕਦਾ ਹੈ ਜੋ ਹੁਣ ਤੱਕ ਇਸ ਨੂੰ

**ਜੀ.ਐੱਸ. ਗੁਰਦਿੱਤ**

ਕਿਸੇ ਕ੍ਰਿਕਟ ਮੈਚ ਵਾਂਗ ਹੀ ਦੇਖ ਰਹੇ ਹਨ। ਓਪਰੀ ਨਜ਼ਰੇ ਤਾਂ ਇਸ ਜੰਗ ਦਾ ਭਾਰਤ ਨਾਲ ਭਾਵੇਂ ਕੋਈ ਸਬੰਧ ਨਹੀਂ, ਫਿਰ ਵੀ ਇਹ ਘਟਨਾਕ੍ਰਮ ਸਾਥੋਂ ਇੰਨਾ ਦੂਰ ਵੀ ਨਹੀਂ ਕਿ ਅਸੀਂ ਇਸ ਨੂੰ ਨਜ਼ਰਅੰਦਾਜ਼ ਕਰ ਸਕੀਏ। ਭਾਰਤ ਅਤੇ ਇਰਾਨ ਵਿਚਕਾਰ ਕੇਵਲ ਇੱਕ ਮੁਲਕ ਪੈਂਦਾ ਹੈ-ਪਾਕਿਸਤਾਨ। ਦਿੱਲੀ ਤੋਂ ਇਰਾਨੀ ਰਾਜਧਾਨੀ ਤਹਿਰਾਨ ਦੀ ਦੂਰੀ ਮਹਿਜ਼ 2500 ਕਿਲੋਮੀਟਰ ਹੈ; ਅਰਥਾਤ ਤਹਿਰਾਨ ਦਿੱਲੀ ਤੋਂ ਓਨਾ ਹੀ ਦੂਰ ਹੈ ਜਿੰਨਾ ਕੰਨਿਆ ਕੁਮਾਰੀ। ਇਸ ਜੰਗ ਦੇ ਬੰਬ ਤਾਂ ਭਾਵੇਂ ਸਾਥੋਂ ਬਹੁਤ ਦੂਰ ਹੀ ਰਹਿ ਜਾਣਗੇ ਪਰ ਮਹਿੰਗਾਈ ਦੇ ਬੰਬ ਜ਼ਰੂਰ ਡਿੱਗ ਸਕਦੇ ਹਨ।

ਭਾਰਤ ਨੇ ਭਾਵੇਂ ਰੂਸ ਤੋਂ ਤੇਲ ਦੀ ਦਰਾਮਦ ਵਧਾ ਲਈ ਹੈ ਪਰ ਮੱਧ ਪੂਰਬ ਅਜੇ ਵੀ ਭਾਰਤ ਦੀਆਂ ਊਰਜੀ ਜ਼ਰੂਰਤਾਂ ਲਈ ਪ੍ਰਮੁੱਖ ਖੇਤਰ ਹੈ। ਇਰਾਕ, ਸਾਊਦੀ ਅਰਬ, ਯੂ.ਏ.ਈ. ਅਤੇ ਕੁਵੈਤ ਭਾਰਤ ਨੂੰ ਤੇਲ ਦੇ ਮੁੱਖ ਮੱਧ ਪੂਰਬੀ ਸਪਲਾਈ ਕਰਤਾ ਹਨ। ਜੇਕਰ ਇਰਾਨ ਅਤੇ ਇਜ਼ਰਾਈਲ ਵਿਚਕਾਰ ਪੂਰੀ ਅਤੇ ਲੰਮੀ ਜੰਗ ਸ਼ੁਰੂ ਹੋ ਜਾਂਦੀ ਹੈ ਤਾਂ ਭਾਰਤ ਦੀ ਊਰਜਾ ਸੁਰੱਖਿਆ ਖ਼ਤਰੇ ਵਿਚ ਪੈ ਸਕਦੀ ਹੈ। ਜਦੋਂ ਇਰਾਨ ਦੇ ਸਹਿਯੋਗੀ ਹਿਜ਼ਬੁੱਲਾ ਅਤੇ ਯਮਨ ਦੇ ਹੂਤੀ ਵੀ ਆਪਣੇ ਹਮਲੇ ਵਧਾਉਣ ਦੀ ਕੋਸ਼ਿਸ਼ ਕਰਨਗੇ ਤਾਂ ਲੰਮਾ ਜੰਗੀ ਟਕਰਾਅ ਪੈਦਾ ਹੋ ਸਕਦਾ ਹੈ। ਇਹ ਟਕਰਾਅ ਤੇਲ ਅਤੇ ਗੈਸ ਦੇ ਮਹੱਤਵਪੂਰਨ ਵਪਾਰਕ ਸਮੁੰਦਰੀ ਰਸਤਿਆਂ ਜਿਵੇਂ ਲਾਲ ਸਾਗਰ ਅਤੇ ਹਾਰਮੁਜ਼ ਜਲ ਡਮਰੂ ਰਾਹੀਂ ਤੇਲ ਤੇ ਗੈਸ ਦੀ ਆਵਾਜਾਈ ਵਿਚ ਵਿਘਨ ਪਾ ਸਕਦਾ ਹੈ ਜਿਸ ਨਾਲ ਤੇਲ ਦੀਆਂ ਕੀਮਤਾਂ ਵਧ ਸਕਦੀਆਂ ਹਨ, ਮਹਿੰਗਾਈ ਵਧ ਸਕਦੀ ਹੈ ਅਤੇ ਭਾਰਤ ਵਿਚ ਆਰਥਿਕ ਅਸਥਿਰਤਾ ਹੋ ਸਕਦੀ ਹੈ। ਜੇਕਰ ਰੂਸ ਤੋਂ ਵੀ ਤੇਲ ਲੈਣਾ ਹੋਵੇ ਤਾਂ ਭਾਰਤ ਲਾਲ ਸਾਗਰ ਰਾਹੀਂ ਹੀ ਇਸ ਦੀ ਦਰਾਮਦ ਕਰਦਾ ਹੈ। ਵੱਡੇ ਸੰਘਰਸ਼ ਦੀ ਸਥਿਤੀ ਵਿਚ ਅਣਕਿਆਸੇ ਹਮਲਿਆਂ ਤੋਂ ਬਚਣ ਲਈ ਤੇਲ ਲਿਆਉਣ ਵਾਲੇ ਜਹਾਜ਼ਾਂ ਨੂੰ ਲਾਲ ਸਾਗਰ ਦਾ ਰਸਤਾ ਛੱਡ ਕੇ ਕੇਪ ਆਫ ਗੁੱਡ ਹੋਪ ਰਾਹੀਂ (ਅਫਰੀਕਾ ਮਹਾਂਦੀਪ ਉੱਪਰੋਂ ਹੋ ਕੇ) ਲੰਮਾ ਰਸਤਾ ਲੈਣਾ ਪਵੇਗਾ ਜੋ ਬਹੁਤ ਮਹਿੰਗਾ ਅਤੇ ਗ਼ੈਰ-ਵਿਹਾਰਕ ਹੋਵੇਗਾ।


ਜੇਕਰ ਤਹਿਰਾਨ ਵਿਚ ਡਿੱਗਦੀਆਂ ਮਿਜ਼ਾਇਲਾਂ ਸਾਨੂੰ ਨਾ ਵੀ ਨਜ਼ਰ ਆਈਆਂ, ਫਿਰ ਵੀ ਉਹ ਸਾਡੇ ਵਰਗੇ ਮੁਲਕ ਦੀ ਅਰਥ ਵਿਵਸਥਾ ਨੂੰ ਡੇਗਣ ਦੀ ਕੋਸ਼ਿਸ਼ ਜ਼ਰੂਰ ਕਰ ਸਕਦੀਆਂ ਹਨ। ਜਿਸ ਦਿਨ ਤੋਂ ਇਰਾਨ ਨੇ ਆਪਣੀਆਂ 180 ਮਿਜ਼ਾਇਲਾਂ ਇਜ਼ਰਾਈਲ ਉੱਤੇ ਸੁੱਟੀਆਂ ਤਾਂ ਉਹਨਾਂ ਨੇ ਭਾਰਤੀ ਸ਼ੇਅਰ ਬਾਜ਼ਾਰ ਦੇ ਕਈ ਵੱਡੇ ਥੰਮ੍ਹਾਂ ਨੂੰ ਹਿਲਾ ਦਿੱਤਾ ਹੈ। ਭਾਰਤੀ ਸ਼ੇਅਰ ਬਾਜ਼ਾਰ ਦੇ ਬਹੁਤੇ ਸ਼ੇਅਰ ਤਾਂ ਅੱਜ ਕੱਲ੍ਹ ਪਹਿਲਾਂ ਹੀ ਪ੍ਰੀਮੀਅਮ ਕੀਮਤਾਂ ਉੱਤੇ ਵਪਾਰ ਕਰ ਰਹੇ ਹਨ। ਲੰਮੀ ਜੰਗ ਵਿਦੇਸ਼ੀ ਸ਼ੇਅਰ ਨਿਵੇਸ਼ਕਾਂ ਨੂੰ ਆਪਣਾ ਧਿਆਨ ਭਾਰਤ ਤੋਂ ਦੂਰ ਕਰਨ ਲਈ ਮਜਬੂਰ ਕਰ ਸਕਦੀ ਹੈ ਜੋ ਮੌਜੂਦਾ ਸਮੇਂ ਵਿਚ ਵਿਸ਼ਵ ਦੇ ਚੋਟੀ ਦੇ ਪ੍ਰਦਰਸ਼ਨ ਕਰਨ ਵਾਲੇ ਸ਼ੇਅਰ ਬਾਜ਼ਾਰਾਂ ਵਿਚੋਂ ਇੱਕ ਹੈ। ਇਰਾਨ ਨਾਲ ਵੀ ਭਾਰਤ ਦੀ ਸਦੀਆਂ ਪੁਰਾਣੀ ਵਿਰਾਸਤੀ ਅਤੇ ਭਾਸ਼ਾਈ ਸਾਂਝ ਹੈ। ਮੌਜੂਦਾ ਸਮੇਂ ਇਹ ਵੱਡੀ ਆਰਥਿਕ ਸਾਂਝ ਵੀ ਹੋ ਸਕਦੀ ਸੀ ਪਰ ਪੱਛਮੀ ਮੁਲਕਾਂ ਖ਼ਾਸ ਕਰ ਕੇ ਅਮਰੀਕਾ ਦੀਆਂ ਵਪਾਰਕ ਪਾਬੰਦੀਆਂ ਕਾਰਨ ਇਹ ਓਨੀ ਨਹੀਂ ਹੋ ਸਕੀ। ਇਰਾਨ ਦੀ ਚਾਬਹਾਰ ਬੰਦਰਗਾਹ ਨੂੰ ਵਿਕਸਿਤ ਕਰਨ ਵਿਚ ਭਾਰਤ ਦੀ ਵੱਡੀ ਭੂਮਿਕਾ ਰਹੀ ਹੈ। ਦੋਹਾਂ ਮੁਲਕਾਂ ਦੇ ਰਸਤੇ ਵਿਚ ਪਾਕਿਸਤਾਨ ਵੱਡੀ ਰੁਕਾਵਟ ਹੈ, ਨਹੀਂ ਤਾਂ ਇਰਾਨ ਅਤੇ ਤੁਰਕਮੇਨਿਸਤਾਨ ਤੋਂ ਸਿੱਧੀਆਂ ਗੈਸ ਪਾਈਪ ਲਾਈਨਾਂ ਵੀ ਭਾਰਤ ਵਿਚ ਆ ਚੁੱਕੀਆਂ ਹੁੰਦੀਆਂ। ਤਕਰੀਬਨ ਤਿੰਨ ਦਹਾਕਿਆਂ ਦੀਆਂ ਅਮਰੀਕੀ ਪਾਬੰਦੀਆਂ ਦੇ ਬਾਵਜੂਦ ਜੇਕਰ ਇਰਾਨ ਨੇ ਆਪਣੇ ਦਮ ਉੱਤੇ ਹੀ ਅਜਿਹੀਆਂ ਮਿਜ਼ਾਇਲਾਂ ਵਿਕਸਤ ਕਰ ਲਈਆਂ ਹਨ ਜੋ ਸਹੀ ਸਮੇਂ ਉੱਤੇ ਸਹੀ ਨਿਸ਼ਾਨੇ ਉੱਤੇ ਪਹੁੰਚ ਗਈਆਂ ਹਨ ਤਾਂ ਫਿਰ ਇਸ ਜੰਗ ਦੀ ਭਿਆਨਕਤਾ ਹੋਰ ਵੀ ਵਧਣ ਦਾ ਖ਼ਦਸ਼ਾ ਹੈ। ਜਿਹੜੀਆਂ ਮਿਜ਼ਾਇਲਾਂ ਯਮਨ ਦੇ ਹੂਤੀਆਂ ਨੇ ਵਰਤੀਆਂ ਹਨ, ਉਹ ਵੀ ਉਹਨਾਂ ਨੇ ਇਰਾਨ ਤੋਂ ਹੀ ਪ੍ਰਾਪਤ ਕੀਤੀਆਂ ਹਨ।

ਜੇਕਰ ਜੰਗ ਅੱਗੇ ਵਧਦੀ ਹੈ ਤਾਂ ਮੱਧ ਪੂਰਬੀ ਮੁਲਕਾਂ ਦੀ ਤਬਾਹੀ ਤਾਂ ਨਿਸ਼ਚਿਤ ਹੈ ਪਰ ਭਾਰਤ, ਰੂਸ, ਚੀਨ ਅਤੇ ਜਾਪਾਨ ਵਰਗੇ ਮੁਲਕਾਂ ਨੂੰ ਵੀ ਵੱਡੇ ਆਰਥਿਕ ਘਾਟੇ ਸਹਿਣੇ ਪੈਣਗੇ। ਭਾਰਤ ਲਈ ਤਾਂ ਇਹ ਘਾਟੇ ਹੋਰ ਵੀ ਵਧ ਜਾਣਗੇ ਕਿਉਂਕਿ ਉਹ ਅਜੇ ਤਰੱਕੀ ਦੀ ਪੌੜੀ ਦੇ ਹੇਠਲੇ ਡੰਡਿਆਂ ਉੱਤੇ ਹੈ। ਭਾਰਤ ਦੀ ਇੱਕ ਹੋਰ ਵੱਡੀ ਚਿੰਤਾ ਇਹ ਵੀ ਹੈ ਕਿ ਇਹਨਾਂ ਸਾਰੇ ਮੱਧ ਪੂਰਬੀ ਮੁਲਕਾਂ ਵਿਚ ਲੱਖਾਂ ਹੀ ਭਾਰਤੀ ਕਾਮੇ ਰੁਜ਼ਗਾਰ ਪ੍ਰਾਪਤੀ ਲਈ ਗਏ ਹੋਏ ਹਨ; ਜੇਕਰ ਇਹ ਜੰਗ ਭਿਆਨਕ ਰੂਪ ਅਖ਼ਤਿਆਰ ਕਰਦੀ ਹੈ ਤਾਂ ਉਹਨਾਂ ਭਾਰਤੀਆਂ ਦੀ ਸੁਰੱਖਿਆ ਲਈ ਦਬਾਅ ਵਧੇਗਾ। ਇਸ ਲਈ ਭਾਰਤ ਨੂੰ ਹੋਰ ਵੱਡੀਆਂ ਤਾਕਤਾਂ ਨਾਲ ਮੇਲ-ਜੋਲ ਕਰ ਕੇ ਇਸ ਜੰਗ ਨੂੰ ਰੋਕਣ ਦੀ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ।

# ਮਹਾਰਾਜਾ ਰਣਜੀਤ ਸਿੰਘ ਦੀ ਸਮਾਧ



ਭਾਰਤ ਵਿਚ ਮ੍ਰਿਤਕ ਦੀ ਯਾਦਗਾਰ ਬਣਵਾਉਣ ਦੀ ਪਰੰਪਰਾ ਹਜ਼ਾਰਾਂ ਸਾਲ ਪੁਰਾਣੀ ਹੈ। ਜੈਨ ਅਤੇ ਬੁੱਧ ਧਰਮਾਂ ਵਿਚ ਮ੍ਰਿਤਕਾਂ ਦੀਆਂ ਅਸਥੀਆਂ 'ਤੇ ਉਸਾਰੇ ਗਏ ਸਤੂਪ ਅਜਿਹੀਆਂ ਯਾਦਗਾਰਾਂ ਹੀ ਹਨ। ਬਾਰ੍ਹਵੀਂ ਸਦੀ ਦੇ ਅੰਤ ਵਿਚ ਮੁਸਲਿਮ ਸ਼ਾਸਕਾਂ ਦੇ ਆਉਣ ਤੀਕ ਅਜਿਹੀਆਂ ਯਾਦਗਾਰਾਂ ਸਿਰਫ਼ ਧਾਰਮਿਕ ਪੁਰਖਾਂ ਦੀਆਂ ਹੀ ਮਿਲਦੀਆਂ ਹਨ। ਭਾਰਤ ਵਿਚ ਮੁਸਲਿਮ ਯਾਦਗਾਰਾਂ ਵਿਚੋਂ ਪਹਿਲੀ 'ਸੁਲਤਾਨ-ਘੜੀ' ਨਾਂ ਦੀ ਇਮਾਰਤ



ਹੈ ਜਿਸ ਦੀ ਉਸਾਰੀ ਸੁਲਤਾਨ ਇਲਤੁਤਮਿਸ਼ ਨੇ ਦਿੱਲੀ ਦੇ ਛਤਰਪੁਰ ਇਲਾਕੇ ਵਿਚ ਆਪਣੇ ਸਭ ਤੋਂ ਵੱਡੇ ਬੇਟੇ ਨਾਸਿਰ-ਉਦ-ਦੀਨ ਮਹਿਮੂਦ ਦੀ ਮ੍ਰਿਤਕ ਦੇਹ 'ਤੇ ਕਰਵਾਈ

**ਸੁਭਾਸ਼ ਪਰਿਹਾਰ**

ਸੀ। ਉਸ ਦਾ ਦੇਹਾਂਤ 1231 ਵਿਚ ਹੋ ਗਿਆ ਸੀ। ਇਹ ਮਕਬਰਾ ਜ਼ਮੀਨਦੋਜ਼ ਹੈ ਜਾਂ ਇਹ ਵੀ ਹੋ ਸਕਦਾ ਹੈ ਕਿ ਇਹ ਅਧੂਰਾ ਰਹਿ ਗਿਆ ਹੋਵੇ। ਜ਼ਮੀਨ ਦੇ ਉੱਪਰ ਉਸਾਰਿਆ ਗਿਆ ਪ੍ਰਾਚੀਨਤਮ ਮਕਬਰਾ ਕੁਤਬ ਮੀਨਾਰ ਨੇੜੇ ਸੁਲਤਾਨ ਇਲਤੁਤਮਿਸ਼ ਦਾ ਹੈ ਜਿਸ ਦੀ ਮ੍ਰਿਤੂ 30 ਅਪਰੈਲ 1236 ਨੂੰ ਹੋਈ ਸੀ। ਇਸ ਤੋਂ ਬਾਅਦ ਆਉਣ ਵਾਲੇ 600 ਸਾਲਾਂ ਵਿਚ ਇੱਕ ਤੋਂ ਵਧ ਕੇ ਇੱਕ ਖ਼ੂਬਸੂਰਤ ਮਕਬਰੇ ਉਸਾਰੇ ਗਏ ਜਿਨ੍ਹਾਂ ਦਾ ਸਿਖ਼ਰ ਤਾਜ ਮਹਿਲ ਦੇ ਰੂਪ ਵਿਚ ਵੇਖਣ ਨੂੰ ਮਿਲਦਾ ਹੈ। ਮੁਸਲਿਮ ਹਾਕਮਾਂ ਦੀ ਰੀਸ ਨਾਲ ਇਹ ਪਰੰਪਰਾ ਪਹਿਲਾਂ ਰਾਜਪੂਤਾਂ ਅਤੇ ਫਿਰ ਸਿੱਖਾਂ ਵਿਚ ਵੀ ਆ ਗਈ। ਰਾਜਪੂਤ ਅਜਿਹੀ ਯਾਦਗਾਰ ਨੂੰ 'ਛਤਰੀ' ਜਾਂ 'ਸਮਾਧੀ' ਕਹਿੰਦੇ ਸਨ ਅਤੇ ਸਿੱਖ ਇਸ ਨੂੰ 'ਸਮਾਧ' ਦਾ ਨਾਂ ਦਿੰਦੇ ਹਨ।

ਲਾਹੌਰ ਵਿਖੇ ਸਿੱਖ ਸਾਮਰਾਜ ਦੇ ਬਾਨੀ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਇਸੇ ਲੜੀ ਦੀ ਇੱਕ ਕੜੀ ਹੈ। ਲਾਹੌਰ (ਪਾਕਿਸਤਾਨ) ਵਿਚ ਸ਼ਾਹੀ ਕਿਲ੍ਹੇ ਦੇ ਸਾਹਮਣੇ, ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਸਥਾਨ ਨੇੜੇ ਸਥਿਤ ਇਹ ਸਮਾਧ ਇਤਿਹਾਸਕ ਇਮਾਰਤਸਾਜ਼ੀ ਕਲਾ ਦਾ ਇੱਕ ਅਹਿਮ ਮੀਲ ਪੱਥਰ ਹੈ। ਮਹਾਰਾਜਾ ਰਣਜੀਤ ਸਿੰਘ ਦਾ ਜਨਮ 1780 ਵਿਚ ਗੁੱਜਰਾਂਵਾਲਾ ਵਿਖੇ ਹੋਇਆ ਸੀ ਜੋ ਹੁਣ ਆਧੁਨਿਕ ਪਾਕਿਸਤਾਨ ਵਿਚ ਹੈ। ਉਸ ਨੇ ਉੱਨੀ ਸਾਲ ਦੀ ਛੋਟੀ ਉਮਰ ਵਿਚ ਹੀ ਸੱਤਾ ਪ੍ਰਾਪਤ ਕਰ ਲਈ ਅਤੇ ਸਿੱਖ ਸਾਮਰਾਜ ਦੀ ਨੀਂਹ ਰੱਖੀ। ਮਹਾਰਾਜੇ ਨੂੰ ਉਸ ਦੀ ਫ਼ੌਜੀ ਸ਼ਕਤੀ, ਵੱਖ-ਵੱਖ ਸਿੱਖ ਧੜਿਆਂ ਨੂੰ ਇਕਜੁੱਟ ਕਰਨ ਵਿਚ ਭੂਮਿਕਾ ਅਤੇ ਸ਼ਾਸਨ ਪ੍ਰਤੀ ਧਰਮ ਨਿਰਪੱਖ ਪਹੁੰਚ ਲਈ ਯਾਦ ਕੀਤਾ ਜਾਂਦਾ ਹੈ।

ਮਹਾਰਾਜਾ ਰਣਜੀਤ ਸਿੰਘ ਦੀ 27 ਜੂਨ 1839 ਨੂੰ ਮੌਤ ਮਗਰੋਂ ਉਸ ਦਾ 39 ਸਾਲਾ ਜੇਠਾ ਪੁੱਤਰ ਖੜਕ ਸਿੰਘ ਗੱਦੀ 'ਤੇ ਬੈਠਾ ਅਤੇ ਉਸ ਨੇ

> ***ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਭਾਰਤੀ ਉਪ ਮਹਾਂਦੀਪ ਦੀ ਅਮੀਰ ਅਤੇ ਵਿਭਿੰਨ ਸੱਭਿਆਚਾਰਕ ਵਿਰਾਸਤ ਦਾ ਸ਼ਕਤੀਸ਼ਾਲੀ ਪ੍ਰਤੀਕ ਹੈ। ਇਹ ਇੱਕ ਅਜਿਹੇ ਆਗੂ ਦਾ ਸਮਾਰਕ ਹੈ ਜਿਸ ਨੇ ਆਪਣੀ ਦੂਰ-ਦ੍ਰਿਸ਼ਟੀ ਅਤੇ ਅਗਵਾਈ ਦੁਆਰਾ ਖੁਸ਼ਹਾਲ ਅਤੇ ਸਦਭਾਵਨਾ ਵਾਲੇ ਸਮਾਜ ਦੀ ਸਿਰਜਣਾ ਲਈ ਵੱਖ-ਵੱਖ ਧਰਮਾਂ ਅਤੇ ਪਿਛੋਕੜਾਂ ਦੇ ਲੋਕਾਂ ਨੂੰ ਇਕੱਠੇ ਕੀਤਾ।***

ਤੁਰੰਤ ਸਮਾਧ ਦੀ ਉਸਾਰੀ ਸ਼ੁਰੂ ਕਰਵਾ ਦਿੱਤੀ। ਉਸ ਨੇ ਫ਼ਕੀਰ ਨੂਰ-ਉਦ-ਦੀਨ ਨੂੰ ਯਾਦਗਾਰੀ ਇਮਾਰਤ ਦੀ ਯੋਜਨਾ ਪੇਸ਼ ਕਰਨ ਲਈ ਕਿਹਾ ਅਤੇ ਸ਼ੁਰੂਆਤੀ ਰਕਮ 50000 ਰੁਪਏ ਜਾਰੀ ਕਰ ਦਿੱਤੀ। ਕੁਝ ਦਿਨਾਂ ਮਗਰੋਂ ਹੀ ਮਿਸਰ ਬੇਲੀ ਰਾਮ ਅਤੇ ਭਾਈ ਗੋਬਿੰਦ ਰਾਮ ਨੂੰ ਇਸ ਸਮਾਧ ਲਈ ਦੋ ਲੱਖ ਰੁਪਏ ਰਕਮ ਹੋਰ ਜਾਰੀ ਕਰ ਦਿੱਤੀ। ਅੰਦਾਜ਼ਾ ਸੀ ਕਿ ਇਸ ਇਮਾਰਤ ਦੀ ਉਸਾਰੀ 'ਤੇ 25 ਲੱਖ ਰੁਪਏ ਖਰਚ ਆਉਣਗੇ। ਲਾਡਵਾ ਦੇ ਮੁਖੀ ਸਰਦਾਰ ਅਜੀਤ ਸਿੰਘ ਨੇ ਸਲਾਹ ਦਿੱਤੀ ਕਿ ਸਮਾਧ ਲਾਹੌਰ ਵਿਖੇ ਹੀ ਸਥਿਤ ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਮਕਬਰੇ ਵਰਗੀ ਬਣਵਾਈ ਜਾਵੇ ਪਰ ਇਹ ਵਿਚਾਰ ਸਿਰੇ ਨਾ ਚੜ੍ਹਿਆ। ਮਹਾਰਾਜਾ ਖੜਕ ਸਿੰਘ ਸਮੇਂ ਲਾਹੌਰ ਦਰਬਾਰ ਸਾਜ਼ਿਸ਼ਾਂ ਦਾ ਕੇਂਦਰ ਬਣ ਗਿਆ ਸੀ। ਕੁਝ ਸਮੇਂ ਬਾਅਦ ਹੀ ਉਸ ਦੇ ਪੁੱਤਰ ਨੌਨਿਹਾਲ ਸਿੰਘ ਨੇ ਪਿਤਾ ਨੂੰ ਲਾਂਭੇ ਕਰ ਗੱਦੀ ਆਪ ਸੰਭਾਲ ਲਈ। ਪੰਜ ਨਵੰਬਰ 1840 ਨੂੰ ਖੜਕ ਸਿੰਘ ਦੀ ਮੌਤ ਹੋ ਗਈ। ਜਦੋਂ ਖੜਕ ਸਿੰਘ ਦਾ ਸਸਕਾਰ ਕਰਕੇ ਨੌਨਿਹਾਲ ਸਿੰਘ ਮੁੜ ਰਿਹਾ ਸੀ ਤਾਂ ਉਸ 'ਤੇ ਹਜ਼ੂਰੀ ਬਾਗ ਦਾ ਗੇਟ ਡਿੱਗ ਗਿਆ ਜਿਸ ਕਾਰਨ ਉਸ ਦਾ ਵੀ ਅੰਤ ਹੋ ਗਿਆ। ਥੋੜ੍ਹੇ ਸਮੇਂ ਲਈ ਗੱਦੀ ਸ਼ੇਰ ਸਿੰਘ ਨੇ ਸੰਭਾਲੀ, ਪਰ 15 ਸਤੰਬਰ 1843 ਨੂੰ ਉਸ ਦਾ ਵੀ ਕਤਲ ਹੋ ਗਿਆ। ਇਸ ਉਥਲ-ਪੁਥਲ ਦੇ ਸਮੇਂ ਦੌਰਾਨ ਸਮਾਧ ਦੀ ਉਸਾਰੀ ਨਿਰਵਿਘਨ ਚਲਦੀ ਰਹੀ।

ਜਾਪਦਾ ਹੈ ਕਿ 1840 ਦੀ ਗਰਮੀ ਤੀਕ ਇਮਾਰਤ ਸੰਗਮਰਮਰ ਲਾਉਣ ਲਈ ਤਿਆਰ ਹੋ ਚੁੱਕੀ ਸੀ ਕਿਉਂਕਿ 21 ਜੁਲਾਈ 1840 ਦੇ ਇੱਕ ਦਸਤਾਵੇਜ਼ ਵਿਚ ਇੱਕ ਹੁਕਮ ਹੈ ਜਿਸ ਮੁਤਾਬਿਕ ਵਰਤੋਂ ਲਈ ਰਾਮ ਬਾਗ਼, ਅੰਮ੍ਰਿਤਸਰ ਦੀ ਬਾਰਾਂਦਰੀ ਦਾ ਸੰਗਮਰਮਰ ਉਧੇੜ ਲਿਆਉਣ ਦੀ ਹਦਾਇਤ ਹੈ। ਲਾਹੌਰ ਦੀ ਵਿਦਵਾਨ ਨਾਧਰਾ ਸ਼ਾਹਬਾਜ਼ ਖ਼ਾਨ ਨੇ ਇਸ ਸਮਾਧ 'ਤੇ ਪੀਐੱਚ.ਡੀ. ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਬਾਅਦ ਦੇ ਸਿੱਖ ਇਤਿਹਾਸ ਦੇ ਸੋਮੇ ਇਸ ਸਮਾਧ ਬਾਰੇ ਕੁਝ ਨਹੀਂ ਦੱਸਦੇ, ਪਰ ਇੰਨਾ ਹੈ ਕਿ 1850 ਤੀਕ ਸਮਾਧ ਦੇ ਕੁਝ ਹਿੱਸੇ ਅਧੂਰੇ ਸਨ। ਸਾਨੂੰ ਈਸਟ ਇੰਡੀਆ ਕੰਪਨੀ ਦੇ ਕੁਝ ਰਿਕਾਰਡਾਂ ਤੋਂ ਪਤਾ ਲੱਗਦਾ ਹੈ ਕਿ ਜਨਰਲ ਚਾਰਲਸ ਜੇਮਜ਼ ਨੇਪੀਅਰ ਨੇ ਸਮਾਧ ਪੂਰੀ ਕਰਨ ਲਈ ਕੰਪਨੀ ਤੋਂ 16,927 ਰੁਪਏ ਦੀ ਮੰਗ ਕੀਤੀ ਜੋ ਸਰਕਾਰ ਨੇ ਮਨਜ਼ੂਰ ਕਰ ਲਈ ਸੀ।

ਉੱਚੇ ਪਲੇਟਫਾਰਮ 'ਤੇ ਉਸਰੀ ਇਹ ਸਮਾਧ ਦੋ-ਮੰਜ਼ਿਲੀ ਗੁੰਬਦਦਾਰ ਇਮਾਰਤ ਹੈ। ਇਸ ਵਿਚ ਰਾਜਪੂਤ ਅਤੇ ਮੁਗ਼ਲ ਸ਼ੈਲੀ ਦਾ ਅਜਿਹਾ ਮਿਸ਼ਰਣ ਹੈ ਕਿ ਇਸ ਨੂੰ ਸਿੱਖ ਇਮਾਰਤਸਾਜ਼ੀ ਦੀ ਬਿਹਤਰੀਨ ਮਿਸਾਲ ਕਿਹਾ ਜਾ ਸਕਦਾ ਹੈ।

ਸਮਾਧ ਦੀ ਉਸਾਰੀ ਲਈ ਵਰਤੇ ਗਏ ਸਾਮਾਨ ਵਿਚ ਲਾਲ ਬਲੂਆ ਪੱਥਰ ਅਤੇ ਸੰਗਮਰਮਰ ਸ਼ਾਮਿਲ ਹਨ। ਸਮਾਧ ਅੰਦਰ ਕੇਂਦਰੀ ਚੈਂਬਰ ਵਿਚ ਮਹਾਰਾਜਾ ਰਣਜੀਤ ਸਿੰਘ ਦੀਆਂ ਅਸਥੀਆਂ ਹਨ ਜੋ ਇੱਕ ਛੋਟੇ ਸੰਗਮਰਮਰ ਦੇ ਕਲਸ਼ ਵਿਚ ਰੱਖੀਆਂ ਹੋਈਆਂ ਹਨ। ਕੇਂਦਰੀ ਚੈਂਬਰ ਛੋਟੇ-ਛੋਟੇ ਕਮਰਿਆਂ ਨਾਲ ਘਿਰਿਆ ਹੋਇਆ ਹੈ, ਜਿਨ੍ਹਾਂ ਦੀ ਵਰਤੋਂ ਪੁਜਾਰੀਆਂ ਅਤੇ ਹੋਰ ਸੇਵਾਦਾਰਾਂ ਦੁਆਰਾ ਅਰਦਾਸਾਂ ਅਤੇ ਰਸਮਾਂ ਲਈ ਕੀਤੀ ਜਾਂਦੀ ਹੈ। ਇਮਾਰਤ 'ਤੇ ਆਏ ਖੁੱਲ੍ਹੇ ਖਰਚੇ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਸ ਦੇ ਸਿਰਫ਼ ਕਲਸ਼ 'ਤੇ 800 ਤੋਲੇ (9 ਕਿਲੋ 328 ਗ੍ਰਾਮ) ਸੋਨਾ ਲੱਗਾ ਹੈ ਜੋ ਅੱਜ ਦੀ ਕੀਮਤ 'ਤੇ 6 ਕਰੋੜ 65 ਲੱਖ ਰੁਪਏ ਤੋਂ ਵੀ ਵੱਧ ਦਾ ਬਣਦਾ ਹੈ।

ਸਮਾਧ ਦਾ ਇੱਕ ਹੋਰ ਆਕਰਸ਼ਣ ਇਸ ਦੇ ਕੰਧ ਚਿੱਤਰ ਹਨ ਜੋ 24-24 ਤਸਵੀਰਾਂ ਦੇ ਦੋ ਸੈੱਟਾਂ ਦੇ ਰੂਪ ਵਿਚ ਹਨ। ਇਹ ਧਾਰਮਿਕ ਅਤੇ ਸੱਭਿਆਚਾਰਕ ਇਕਸੁਰਤਾ ਦੇ ਸਬੂਤ ਹਨ।

ਚਿੱਤਰਾਂ ਦੇ ਪਹਿਲੇ ਸੈੱਟ ਵਿਚ ਮਹਾਰਾਜਾ ਰਣਜੀਤ ਸਿੰਘ ਅਤੇ ਧਿਆਨ ਸਿੰਘ ਡੋਗਰਾ, ਖੜਕ ਸਿੰਘ, ਨੌਨਿਹਾਲ ਸਿੰਘ, ਗੁਰੂ ਨਾਨਕ ਦੇਵ ਜੀ, ਭਾਈ ਬਾਲਾ ਅਤੇ ਭਾਈ ਮਰਦਾਨਾ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਜੀ ਅਤੇ ਗੁਰੂ ਹਰਿਰਾਏ ਜੀ, ਗੁਰੂ ਹਰਕ੍ਰਿਸ਼ਨ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਚਿੱਤਰ ਹਨ। ਇੱਥੇ ਹੀ ਵਿਸ਼ਣੂ ਅਵਤਾਰਾਂ ਵਿਚੋਂ ਮਤਸਯ ਅਵਤਾਰ, ਵਾਰਾਹ ਅਵਤਾਰ, ਕੂਰਮ ਅਵਤਾਰ, ਨਰਸਿੰਘ ਅਵਤਾਰ, ਵਾਮਨ ਅਵਤਾਰ, ਪਰਸ਼ੂਰਾਮ ਅਵਤਾਰ, ਕਲਕੀ ਅਵਤਾਰ ਰਾਮ ਦਰਬਾਰ, ਸ੍ਰੀ ਕ੍ਰਿਸ਼ਨ ਅਤੇ ਰਾਧਾ, ਮਾਤਾ ਸੀਤਾ ਤੇ ਸ੍ਰੀ ਰਾਮ ਅਤੇ ਸ੍ਰੀ ਲਛਮਣ, ਸ਼ਿਵ ਜੀ ਅਤੇ ਮਾਤਾ ਪਾਰਵਤੀ, ਮਾਤਾ ਦੁਰਗਾ ਅਤੇ ਹਨੂੰਮਾਨ ਜੀ, ਗਣੇਸ਼ ਜੀ ਆਦਿ ਸ਼ਾਮਿਲ ਹਨ।

ਦੂਜੇ ਸੈੱਟ ਦੀਆਂ ਤਸਵੀਰਾਂ ਦੇ ਵਿਸ਼ੇ ਹਨ: ਦੇਵੀ ਨੂੰ ਮੱਥਾ ਟੇਕਦੇ ਦੇਵਤੇ, ਸ਼ੇਸ਼ਨਾਗ 'ਤੇ ਆਰਾਮ ਕਰ ਰਹੇ ਭਗਵਾਨ ਵਿਸ਼ਣੂ, ਬੰਸਰੀ ਵਜਾਉਂਦੇ ਸ੍ਰੀ ਕ੍ਰਿਸ਼ਨ, ਚੰਨ ਮੰਗਦੇ ਹੋਏ ਬਾਲ ਕ੍ਰਿਸ਼ਨ, ਵਿਸ਼ਣੂ ਦਾ ਬੈਕੁੰਠ, ਧਰੂ ਭਗਤ, ਵਿਦੁਰ ਦੀ ਸੇਵਾ, ਮਾਨਣੀ ਨਾਇਕਾ, ਜ਼ਿੱਦ ਕਰਦੇ ਸ੍ਰੀ ਕ੍ਰਿਸ਼ਨ, ਸੁਦਾਮਾ ਮਿਲਨ, ਰੁਕਮਣੀ ਹਰਣ, ਕ੍ਰਿਸ਼ਨ-ਰਾਧਾ ਘਰ ਮੁੜਦੇ ਹੋਏ, ਬਰਸਾਤ ਦੀ ਸ਼ਾਮ, ਵਿਸ਼ਵਾਮਿੱਤਰ ਦੀ ਪ੍ਰਾਰਥਨਾ, ਅਸੁਰਾਂ 'ਤੇ ਹਮਲਾ ਕਰਦੇ ਸ੍ਰੀ ਰਾਮ, ਦਰੋਪਦੀ ਚੀਰਹਰਣ, ਜੰਗਲ ਜਾਂਦੇ ਪਾਂਡਵ, ਸੀਤਾ ਸਵੰਬਰ, ਰਾਮ ਦਰਬਾਰ ਵਿਚ ਵਾਲਮੀਕੀ।

ਚਿੱਤਰਾਂ ਦੇ ਵਿਸ਼ਿਆਂ 'ਤੇ ਹੈਰਾਨ ਹੋਣ ਵਾਲੀ ਗੱਲ ਨਹੀਂ ਹੈ ਕਿਉਂਕਿ ਉੱਨ੍ਹੀਵੀਂ ਸਦੀ ਤੀਕ ਹਿੰਦੂ ਅਵਤਾਰਾਂ ਅਤੇ ਸਿੱਖ ਗੁਰੂ ਸਾਹਿਬਾਨ ਵਿਚਕਾਰ ਕੋਈ ਵੰਡੀ ਨਹੀਂ ਸੀ। ਇਸ ਸਮੇਂ ਤੀਕ ਦੀਆਂ ਸਾਰੀਆਂ ਇਮਾਰਤਾਂ ਦੇ ਚਿੱਤਰ ਇਸੇ ਤਰ੍ਹਾਂ ਦੇ ਹਨ। ਬਦਕਿਸਮਤੀ ਨਾਲ ਇਨ੍ਹਾਂ ਵਿਚੋਂ ਬਹੁਤੇ ਕਾਰ-ਸੇਵਾ ਕਾਰਨ ਨਸ਼ਟ ਹੋ ਚੁੱਕੇ ਹਨ। ਪੰਜਾਬ ਦੀ ਅਕਾਲੀ ਰਾਜਨੀਤੀ ਨੂੰ ਵੀ ਹਿੰਦੂ-ਸਿੱਖਾਂ ਦੀ ਵੰਡੀ ਵਧੇਰੇ ਰਾਸ ਆਉਂਦੀ ਹੈ। ਇਸ ਵਿਸ਼ੇ 'ਤੇ ਪ੍ਰੋਫੈਸਰ ਹਰਜੋਤ ਓਬਰਾਏ ਦੀ ਕਿਤਾਬ (ਧਾਰਮਿਕ ਵੰਡੀਆਂ ਦੀ ਉਸਾਰੀ) ਪੜ੍ਹਨਯੋਗ ਹੈ।

ਹੁਣ ਇਹ ਸਮਾਧ ਲਾਹੌਰ ਵਿਚ ਇੱਕ ਪ੍ਰਸਿੱਧ ਸੈਲਾਨੀ ਆਕਰਸ਼ਣ ਹੈ, ਜੋ ਕਿ ਇਸ ਖੇਤਰ ਦੇ ਇਤਿਹਾਸ ਅਤੇ ਇਮਾਰਤਸਾਜ਼ੀ ਵਿਚ ਦਿਲਚਸਪੀ ਰੱਖਣ ਵਾਲੇ ਦੁਨੀਆ ਭਰ ਦੇ ਸੈਲਾਨੀਆਂ ਨੂੰ ਖਿੱਚਦੀ ਹੈ। ਸਮਾਧ ਇੱਕ ਵੱਡੇ ਕੰਪਲੈਕਸ ਦਾ ਹਿੱਸਾ ਹੈ ਜਿਸ ਵਿਚ ਡੇਹਰਾ ਗੁਰੂ ਅਰਜਨ ਦੇਵ ਜੀ, ਹਜ਼ੂਰੀ ਬਾਗ, ਬਾਦਸ਼ਾਹੀ ਮਸਜਿਦ ਅਤੇ ਕਿਲ੍ਹਾ ਸ਼ਾਮਿਲ ਹਨ। ਇਹ ਸਮਾਰਕ ਇੱਕਠਿਆਂ ਮਿਲ ਕੇ ਲਾਹੌਰ ਦੀ ਸੱਭਿਆਚਾਰਕ ਅਤੇ ਇਤਿਹਾਸਕ ਵਿਰਾਸਤ ਦੀ ਇੱਕ ਅਮੀਰ ਟੇਪੈਸਟਰੀ ਸਿਰਜਦੀਆਂ ਹਨ।

ਇਸ ਦੀ ਮਹੱਤਤਾ ਦੇ ਬਾਵਜੂਦ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਨੂੰ ਸੰਭਾਲ ਅਤੇ ਰੱਖ-ਰਖਾਅ ਨਾਲ ਸਬੰਧਿਤ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਮਾਰਤ ਸਮੇਂ, ਮੌਸਮ ਅਤੇ ਪ੍ਰਦੂਸ਼ਣ ਦੀ ਮਾਰ ਦਾ ਸਾਹਮਣਾ ਕਰ ਰਹੀ ਹੈ ਜਿਸ ਨਾਲ ਇਸ ਦੇ ਕੰਧ-ਚਿੱਤਰ ਅਤੇ ਹੋਰ ਸਜਾਵਟੀ ਤੱਤ ਖ਼ਰਾਬ ਹੋ ਰਹੇ ਹਨ। ਸਮਾਧ ਦੀ ਪੁਰਾਤਨ ਸ਼ਾਨ ਨੂੰ ਬਹਾਲ ਕਰਨ ਲਈ ਸਾਲਾਂ ਤੋਂ ਯਤਨ ਕੀਤੇ ਜਾ ਰਹੇ ਹਨ, ਪਰ ਸਾਧਨਾਂ ਅਤੇ ਮੁਹਾਰਤ ਦੀ ਘਾਟ ਕਾਰਨ ਇਨ੍ਹਾਂ ਵਿਚ ਰੁਕਾਵਟ ਆ ਰਹੀ ਹੈ। ਇਹ ਸਮਾਧ ਲਾਹੌਰ ਦੇ ਸੰਘਣੀ ਆਬਾਦੀ ਵਾਲੇ ਖੇਤਰ ਵਿਚ ਸਥਿਤ ਹੈ, ਜਿਸ ਕਾਰਨ ਇਸ ਨੂੰ ਸ਼ਹਿਰੀਕਰਨ ਦੇ ਦਬਾਅ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਸਮਾਧ ਦੇ ਨੇੜੇ-ਤੇੜੇ ਕੀਤੇ ਗਏ ਕਬਜ਼ਿਆਂ ਅਤੇ ਨਵੀਆਂ ਇਮਾਰਤਾਂ ਦੀ ਉਸਾਰੀ ਨੇ ਇਸ ਦੀ ਸੰਰਚਨਾਤਮਕ ਅਖੰਡਤਾ ਲਈ ਖ਼ਤਰਾ ਪੈਦਾ ਕਰ ਦਿੱਤਾ ਹੈ ਅਤੇ ਆਲੇ-ਦੁਆਲੇ ਦੇ ਖੇਤਰ ਦੇ ਸੁਹਜ ਨੂੰ ਵੀ ਘਟਾ ਦਿੱਤਾ ਹੈ। ਸਮਾਧ ਨੂੰ ਇਤਿਹਾਸਕ ਯਾਦਗਾਰ ਵਜੋਂ ਰਾਖੀ ਅਤੇ ਸੰਭਾਲ ਲਈ ਹੋਰ ਠੋਸ ਯਤਨਾਂ ਦੀ ਲੋੜ ਹੈ।

ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਭਾਰਤੀ ਉਪ ਮਹਾਂਦੀਪ ਦੀ ਅਮੀਰ ਅਤੇ ਵਿਭਿੰਨ ਸੱਭਿਆਚਾਰਕ ਵਿਰਾਸਤ ਦਾ ਸ਼ਕਤੀਸ਼ਾਲੀ ਪ੍ਰਤੀਕ ਹੈ। ਇਹ ਇੱਕ ਅਜਿਹੇ ਆਗੂ ਦਾ ਸਮਾਰਕ ਹੈ ਜਿਸ ਨੇ ਆਪਣੀ ਦੂਰ-ਦ੍ਰਿਸ਼ਟੀ ਅਤੇ ਅਗਵਾਈ ਦੁਆਰਾ ਖੁਸ਼ਹਾਲ ਅਤੇ ਸਦਭਾਵਨਾ ਵਾਲੇ ਸਮਾਜ ਦੀ ਸਿਰਜਣਾ ਲਈ ਵੱਖ-ਵੱਖ ਧਰਮਾਂ ਅਤੇ ਪਿਛੋਕੜਾਂ ਦੇ ਲੋਕਾਂ ਨੂੰ ਇਕੱਠੇ ਕੀਤਾ। ਸਿੱਖ, ਹਿੰਦੂ ਅਤੇ ਇਸਲਾਮੀ ਸ਼ੈਲੀ ਦੇ ਸੁਮੇਲ ਨਾਲ ਸਮਾਧ ਦੀ ਇਮਾਰਤਸਾਜ਼ੀ ਦੀ ਸ਼ਾਨ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਦੇ ਸੰਮਲਿਤ ਅਤੇ ਸਹਿਣਸ਼ੀਲ ਸੁਭਾਅ ਨੂੰ ਦਰਸਾਉਂਦੀ ਹੈ।



*ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੀ ਅੰਦਰੂਨੀ ਝਲਕ।*

# ਸਰਕਾਰੀ ਸਕੂਲਾਂ ਅਤੇ ਅੰਗਰੇਜ਼ੀ ਦੀ ਦੁਰਦਸ਼ਾ

**ਜੇ ਸਰਕਾਰੀ ਸਕੂਲਾਂ ਵਿਚ ਅੰਗਰੇਜ਼ੀ ਭਾਸ਼ਾ ਪੜ੍ਹਾਉਣ ਦੇ ਨਾਂ ਉੱਤੇ ਸਰਕਾਰੀ ਸਕੂਲਾਂ ਦੀ ਪ੍ਰਾਈਵੇਟ ਸਕੂਲਾਂ ਸਾਹਮਣੇ ਹੇਠੀ ਨੂੰ ਸਰਕਾਰ ਅਤੇ ਅਫਸਰਸ਼ਾਹੀ ਆਪਣੀ ਹੇਠੀ ਮੰਨਦੀ ਹੋਵੇ ਤਾਂ ਅੰਗਰੇਜ਼ੀ ਦਾ ਪੱਧਰ ਪ੍ਰਾਈਵੇਟ ਸਕੂਲਾਂ ਤੋਂ ਵੀ ਮਿਆਰੀ ਬਣ ਸਕਦਾ ਹੈ ਪਰ ਇਸ ਟੀਚੇ ਲਈ ਹਰ ਪ੍ਰਾਇਮਰੀ ਸਕੂਲ ਵਿਚ ਅੰਗਰੇਜ਼ੀ ਵਿਸ਼ੇ ਦਾ ਅਧਿਆਪਕ ਦਿੱਤਾ ਜਾਵੇ। ਅਜਿਹੇ ਅਧਿਆਪਕਾਂ ਲਈ ਈ.ਟੀ.ਟੀ. ਨਾਲ ਬਾਰਵੀਂ ਵਿਚ ਇਲੈਕਟਿਵ ਅੰਗਰੇਜ਼ੀ ਵਿਸ਼ਾ ਯੋਗਤਾ ਰੱਖੀ ਜਾ ਸਕਦੀ ਹੈ। ਮਿਡਲ, ਹਾਈ ਵਿਚ ਅੰਗਰੇਜ਼ੀ ਕਾਡਰ ਦੀਆਂ ਅਸਾਮੀਆਂ ਪੂਰੀਆਂ ਕੀਤੀਆਂ ਜਾਣ। ਅੰਗਰੇਜ਼ੀ ਵਿਸ਼ੇ ਦੇ ਪੀਰੀਅਡ ਵਧਾ ਕੇ ਅੱਠ ਦੀ ਥਾਂ ਨੌਂ ਕੀਤੇ ਜਾਣ। ਟਾਇਮ ਟੇਬਲ ਵਿਚ ਹਰ ਜਮਾਤ ਦੇ ਅੰਗਰੇਜ਼ੀ ਦੇ ਤਿੰਨ ਦਿਨ ਦੋ ਪੀਰੀਅਡ ਇਕੱਠੇ ਲਗਾਏ ਜਾਣ ਤਾਂ ਕਿ ਅਧਿਆਪਕ ਨੂੰ ਸਪੋਕਨ ਇੰਗਲਿਸ਼ ਦੇ ਅਭਿਆਸ ਲਈ ਸਮਾਂ ਮਿਲਦਾ ਰਹੇ।**

ਅੰਗਰੇਜ਼ੀ ਭਾਸ਼ਾ ਦੀ ਵਧ ਰਹੀ ਲੋੜ ਹੈ ਕਿ ਮੱਧ ਵਰਗ ਅਤੇ ਹੇਠਲੇ ਮੱਧ ਵਰਗ ਦੇ ਲੋਕ ਆਪਣੀ ਔਲਾਦ ਨੂੰ ਪ੍ਰਾਈਵੇਟ ਸਕੂਲਾਂ ਵਿਚ ਭੇਜਣ ਲੱਗ ਪਏ ਹਨ। ਪੁੱਛੋ ਤਾਂ ਉੱਤਰ ਹੈ-ਅੰਗਰੇਜ਼ੀ ਭਾਸ਼ਾ ਦੀ ਪੜ੍ਹਾਈ ਜਿਹੜੀ ਸਰਕਾਰੀ ਸਕੂਲਾਂ ਵਿਚ ਨਹੀਂ ਹੈ। ਅੰਗਰੇਜ਼ੀ ਭਾਸ਼ਾ ਦੀ ਪੜ੍ਹਾਈ ਦੇ ਬੇਹਾਲ ਰਹਿਣ ਕਾਰਨ ਸਰਕਾਰੀ ਸਕੂਲਾਂ ਵਿਚ ਦਾਖਲੇ ਘਟ ਗਏ ਅਤੇ ਸਕੂਲ ਹੁਸ਼ਿਆਰ ਬੱਚਿਆਂ ਤੋਂ ਵੀ ਵਾਂਝੇ ਹੋ ਗਏ। ਅਨੇਕ ਪ੍ਰਾਇਮਰੀ ਸਕੂਲ ਪਰਵਾਸੀ ਅਤੇ ਕਿਧਰੇ-ਕਿਧਰੇ ਜਾਅਲੀ ਦਾਖਲੇ ਦੇ ਸਿਰ 'ਤੇ ਖੁੱਲ੍ਹੇ ਹਨ, ਨਹੀਂ ਤਾਂ ਬੰਦ ਹੋ ਗਏ ਹੁੰਦੇ। ਸਿੱਖਿਆ ਮੰਤਰੀ ਜੀ ਦੀਆਂ ਦਾਖਲਾ ਵਧਾਉਣ ਦੀਆਂ ਮੁਹਿੰਮਾਂ ਸਫਲ ਨਹੀਂ ਹੋ ਰਹੀਆਂ।

ਕਿਸੇ ਸਮੇਂ ਸਭ ਤੋਂ ਵੱਡਾ ਰੁਜ਼ਗਾਰ ਖੇਤਰ ਅੱਜ ਰੁਜ਼ਗਾਰ ਪੱਖੋਂ ਸੁੰਗੜ ਰਿਹਾ ਹੈ। ਹੋਰ ਕਾਰਨਾਂ ਦੇ ਨਾਲ-ਨਾਲ ਵੱਡਾ ਕਾਰਨ ਅੰਗਰੇਜ਼ੀ ਦੀ ਪੜ੍ਹਾਈ ਹੈ ਜਿਸ ਬਾਰੇ ਪ੍ਰਾਈਵੇਟ ਸਕੂਲ ਸਹਿਜੇ ਹੀ ਲੋਕਾਂ ਅੰਦਰ ਧਾਰਨਾ ਬਣਾ ਗਏ ਕਿ ਅੰਗਰੇਜ਼ੀ ਪ੍ਰਾਈਵੇਟ ਸਕੂਲ ਹੀ ਪੜ੍ਹਾ ਸਕਦੇ ਹਨ। ਸਰਕਾਰੀ ਸਕੂਲਾਂ



**ਸੁੱਚਾ ਸਿੰਘ ਖੱਟੜਾ**
ਫੋਨ: +91-94176-52947

ਵਿਚ ਅੰਗਰੇਜ਼ੀ ਦੀ ਇਸ ਦਸ਼ਾ ਲਈ ਜ਼ਿੰਮੇਵਾਰ ਹੈ ਨਾਲਾਇਕ ਅਤੇ ਮੌਕਾਪ੍ਰਸਤ ਸਿਆਸਤ, ਬੇਈਮਾਨ ਅਫਸਰਸ਼ਾਹੀ, ਕੁਝ-ਕੁਝ ਅਧਿਆਪਕ ਅਤੇ ਅਧਿਆਪਕ ਜਥੇਬੰਦੀਆਂ। ਇਨ੍ਹਾਂ ਵਿਚੋਂ ਇਕੱਲੇ-ਇਕੱਲੇ ਦੀ ਭੂਮਿਕਾ ਵਿਚਾਰਦਿਆਂ ਅਜੇ ਵੀ ਇਹ ਕਲੰਕ ਧੋ ਸਕਣ ਦੀਆਂ ਸੰਭਾਵਨਾਵਾਂ ਨਜ਼ਰ ਆਉਂਦੀਆਂ ਹਨ।

2004 ਵਿਚ ਸਿੱਖਿਆ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਪਹਿਲੀ ਜਮਾਤ ਤੋਂ ਅੰਗਰੇਜ਼ੀ ਲਾਗੂ ਕਰ ਦਿੱਤੀ। ਜਦੋਂ ਅੰਗਰੇਜ਼ੀ ਪੜ੍ਹਾਉਣ ਲਈ ਹਰ ਪ੍ਰਾਇਮਰੀ ਸਕੂਲ ਵਿਚ ਇਕ ਅੰਗਰੇਜ਼ੀ ਅਧਿਆਪਕ ਦੇਣ ਦੀ ਗੱਲ ਕੀਤੀ ਤਾਂ ਪਾਸਾ ਵੱਟ ਲਿਆ। ਜਥੇਬੰਦੀ ਨੇ ਮੰਤਰੀ ਦੇ ਹਲਕੇ ਮੋਗੇ ਦੀ ਦਾਣਾ ਮੰਡੀ ਤੋਂ ਢੁੱਡੀਕੇ ਤੱਕ ਸੈਂਕੜੇ ਬੱਸਾਂ, ਟਰੱਕਾਂ ਨਾਲ ਰਾਹ ਵਿਚ ਪੈਂਦੇ ਹਰ ਪਿੰਡ ਵਿਚ ਰੈਲੀ ਕਰਦਿਆਂ ਝੰਡਾ ਮਾਰਚ ਕੀਤਾ। ਮੰਤਰੀ ਨੇ ਅੰਗਰੇਜ਼ੀ ਅਧਿਆਪਕ ਨਾ ਦਿੱਤੇ ਸਗੋਂ ਮੁਜ਼ਾਹਰਾਕਾਰੀਆਂ ਵਿਰੁੱਧ ਬਿਆਨ ਆਉਣ ਲੱਗ ਪਏ ਕਿ ਅਧਿਆਪਕ ਜਥੇਬੰਦੀਆਂ ਗਰੀਬਾਂ ਦੀ ਔਲਾਦ ਨੂੰ ਆਈਏਐੱਸ ਅਫਸਰ ਬਣਦੇ ਦੇਖਣਾ ਨਹੀਂ ਚਾਹੁੰਦੀ। ਆਈ.ਏ.ਐੱਸ. ਅਫਸਰ ਤਾਂ ਕੋਈ ਬਣਿਆ ਨਾ, ਅੰਗਰੇਜ਼ੀ ਵੱਲ ਅਣਦੇਖੀ ਨਾਲ ਸਕੂਲ ਬੰਦ ਹੋਣ ਨੂੰ ਹਨ।

ਪ੍ਰਾਇਮਰੀ ਤੋਂ ਅਗਲਾ ਪੜਾਅ ਮਿਡਲ, ਹਾਈ ਸੀ। ਇੱਥੇ ਗੜਬੜ ਇਹ ਸੀ ਕਿ ਹਿਸਾਬ, ਵਿਗਿਆਨ, ਹਿੰਦੀ, ਡਰਾਇੰਗ, ਪੰਜਾਬੀ, ਸਰੀਰਕ ਸਿੱਖਿਆ, ਸਭ ਲਈ ਅਲੱਗ-ਅਲੱਗ ਅਧਿਆਪਕ ਸੀ। ਅੰਗਰੇਜ਼ੀ ਵਿਸ਼ੇ ਲਈ ਅਲੱਗ ਅਧਿਆਪਕ ਨਹੀਂ ਸੀ। ਅੰਗਰੇਜ਼ੀ ਭਾਸ਼ਾ ਪੜ੍ਹਾਉਣ ਦਾ ਕੰਮ ਸਮਾਜਿਕ ਵਿਸ਼ੇ ਦੇ ਅਧਿਆਪਕ ਨੂੰ ਦਿੱਤਾ ਹੋਇਆ ਸੀ। ਉਸੇ ਜਥੇਬੰਦੀ ਦੇ ਪ੍ਰਧਾਨਗੀ ਮੰਡਲ ਨੇ ਮਿਡਲ, ਹਾਈ ਲਈ ਵੱਖਰੇ ਅੰਗਰੇਜ਼ੀ ਅਧਿਆਪਕ ਦੀ ਮੰਗ ਡਾਇਰੈਕਟਰ (ਸ) ਡਾ. ਜਗਤਾਰ ਸਿੰਘ ਖੱਟੜਾ ਅੱਗੇ ਰੱਖ ਦਿੱਤੀ। ਅੰਗਰੇਜ਼ੀ ਦਾ ਵੱਖਰਾ ਕਾਡਰ ਪੀਰੀਅਡਾਂ ਦੀ ਗਿਣਤੀ ਅਨੁਸਾਰ ਅੰਗਰੇਜ਼ੀ ਕਾਡਰ ਦੀਆਂ ਅਸਾਮੀਆਂ ਦੀ ਉਸ ਸਮੇਂ ਬਣਦੀ ਕੁਲ ਗਿਣਤੀ, ਅਸਾਮੀਆਂ ਲਈ ਯੋਗਤਾ ਬੀਏ ਵਿਚ ਇਲੈਕਟਿਵ ਅੰਗਰੇਜ਼ੀ ਅਤੇ ਬੀ.ਐੱਡ. ਵਿਚ ਟੀਚਿੰਗ ਅੰਗਰੇਜ਼ੀ ਵਿਸ਼ਾ ਯੋਗਤਾ, ਸਕੂਲਾਂ ਵਿਚ ਸਮਾਜਿਕ ਸਿੱਖਿਆ ਅੰਗਰੇਜ਼ੀ ਪੜ੍ਹਾਉਂਦੇ ਅਧਿਆਪਕਾ ਨੂੰ ਅੰਗਰੇਜ਼ੀ ਵਿਸ਼ੇ ਦੇ ਕਾਡਰ ਵਿਚ ਜਾਣ ਲਈ ਆਪਸ਼ਨ, ਬਾਕੀ ਅਸਾਮੀਆਂ ਭਰਨ ਦੀ ਪੂਰੀ ਯੋਜਨਾ ਦੀ ਫਾਇਲ ਅਧਿਕਾਰੀ ਨਾਲ ਵਿਚਾਰੀ ਗਈ। ਅਧਿਕਾਰੀ ਨੇ ਫਾਇਲ ਤੁਰੰਤ ਸਿੱਖਿਆ ਸਕੱਤਰ ਕੋਲ ਭੇਜ ਦਿੱਤੀ। ਕਿਸੇ ਨੇ ਫਾਇਲ ਨਹੀਂ ਵਿਚਾਰੀ।




2006 ਵਿਚ ਆਖ਼ਿਰ ਮਸਲਾ ਡੀ.ਜੀ.ਐੱਸ.ਸੀ. ਕ੍ਰਿਸ਼ਨ ਕੁਮਾਰ ਦੇ ਨੋਟਿਸ ਵਿਚ ਲਿਆਂਦਾ ਗਿਆ। ਤੁਰੰਤ ਸਹਿਮਤ ਹੁੰਦਿਆਂ ਉਨ੍ਹਾਂ ਫਾਇਲ ਦਾ ਖੁਰਾ ਖੋਜ ਲੱਭਿਆ। ਅੰਗਰੇਜ਼ੀ ਵਿਸ਼ੇ ਲਈ ਵੱਖਰਾ ਕਾਡਰ ਬਣ ਗਿਆ। 2008-09 ਵਿਚ 1000 ਅੰਗਰੇਜ਼ੀ ਮਾਸਟਰ ਵੀ ਭਰਤੀ ਕਰ ਦਿੱਤੇ। ਕੁਝ ਅਧਿਆਪਕ ਬਾਅਦ ਵਿਚ ਵੀ ਭਰਤੀ ਕੀਤੇ ਗਏ ਪਰ ਅਜੇ ਵੀ ਲੋੜੀਂਦੀ ਗਿਣਤੀ ਤੋਂ ਅੰਗਰੇਜ਼ੀ ਮਾਸਟਰ ਬਹੁਤ ਘੱਟ ਹਨ। ਹੁਣ ਅਫਸਰਾਂ ਦੀ ਨਾਲਾਇਕੀ ਅਖ਼ਬਾਰਾਂ ਦੇ ਪਹਿਲੇ ਪੰਨੇ ਦੀ ਹੈੱਡਲਾਇਨ ਬਣ ਕੇ ਹੋਰ ਛਪ ਗਈ ਕਿ ਗਿਆਰਵੀਂ, ਬਾਰਵੀਂ ਨੂੰ ਅੰਗਰੇਜ਼ੀ ਪੜ੍ਹਾਉਣ ਲਈ ਜਿਹੜੇ 301 ਲੈਕਚਰਾਰ ਬਣਾਏ, ਉਨ੍ਹਾਂ ਵਿਚੋਂ 298 ਨੇ ਹਾਈ ਸਕੂਲਾਂ ਵਿਚ ਕਦੇ ਅੰਗਰੇਜ਼ੀ ਪੜ੍ਹਾਈ ਹੀ ਨਹੀਂ। ਨਾ ਹੀ ਉਨ੍ਹਾਂ ਦਾ ਬੀ.ਐੱਡ. ਵਿਚ ਟੀਚਿੰਗ ਵਿਸ਼ਾ ਅੰਗਰੇਜ਼ੀ ਸੀ ਅਤੇ ਨਾ ਹੀ ਬੀ.ਏ. ਵਿਚ ਇਲੈਕਟਿਵ ਅੰਗਰੇਜ਼ੀ ਹੈ। ਹੋਰ ਤਾਂ ਹੋਰ ਅੰਗਰੇਜ਼ੀ ਲੈਕਚਰਾਰਾਂ ਦੀ 25% ਸਿੱਧੀ ਭਰਤੀ ਲਈ ਰੱਖੀ ਯੋਗਤਾ ਇਨ੍ਹਾਂ 298 ਕੋਲ ਨਹੀਂ ਹੈ। ਇਹ 298 ਅਧਿਆਪਕ ਹਿਸਾਬ, ਵਿਗਿਆਨ, ਪੰਜਾਬੀ ਆਦਿ ਲੰਮੇ ਸਮੇਂ ਤੋਂ ਪੜ੍ਹਾ ਰਹੇ ਸਨ। ਹੁਣ ਇਹ ਗਿਆਰਵੀਂ ਬਾਰਵੀਂ ਦੀ ਅੰਗਰੇਜ਼ੀ ਪੜ੍ਹਾਉਣਗੇ।

ਜੇਕਰ ਸਰਕਾਰੀ ਸਕੂਲਾਂ ਵਿਚ ਅੰਗਰੇਜ਼ੀ ਭਾਸ਼ਾ ਪੜ੍ਹਾਉਣ ਦੇ ਨਾਂ ਉੱਤੇ ਸਰਕਾਰੀ ਸਕੂਲਾਂ ਦੀ ਪ੍ਰਾਈਵੇਟ ਸਕੂਲਾਂ ਸਾਹਮਣੇ ਹੇਠੀ ਨੂੰ ਸਰਕਾਰ ਅਤੇ ਅਫਸਰਸ਼ਾਹੀ ਆਪਣੀ ਹੇਠੀ ਮੰਨਦੀ ਹੋਵੇ ਤਾਂ ਅੰਗਰੇਜ਼ੀ ਦਾ ਪੱਧਰ ਪ੍ਰਾਈਵੇਟ ਸਕੂਲਾਂ ਤੋਂ ਵੀ ਮਿਆਰੀ ਬਣ ਸਕਦਾ ਹੈ ਪਰ ਇਸ ਟੀਚੇ ਲਈ ਹਰ ਪ੍ਰਾਇਮਰੀ ਸਕੂਲ ਵਿਚ ਅੰਗਰੇਜ਼ੀ ਵਿਸ਼ੇ ਦਾ ਅਧਿਆਪਕ ਦਿੱਤਾ ਜਾਵੇ। ਅਜਿਹੇ ਅਧਿਆਪਕਾਂ ਲਈ ਈ.ਟੀ.ਟੀ. ਨਾਲ ਬਾਰਵੀਂ ਵਿਚ ਇਲੈਕਟਿਵ ਅੰਗਰੇਜ਼ੀ ਵਿਸ਼ਾ ਯੋਗਤਾ ਰੱਖੀ ਜਾ ਸਕਦੀ ਹੈ। ਮਿਡਲ, ਹਾਈ ਵਿਚ ਅੰਗਰੇਜ਼ੀ ਕਾਡਰ ਦੀਆਂ ਅਸਾਮੀਆਂ ਪੂਰੀਆਂ ਕੀਤੀਆਂ ਜਾਣ। ਅੰਗਰੇਜ਼ੀ ਵਿਸ਼ੇ ਦੇ ਪੀਰੀਅਡ ਵਧਾ ਕੇ ਅੱਠ ਦੀ ਥਾਂ ਨੌਂ ਕੀਤੇ ਜਾਣ। ਟਾਇਮ ਟੇਬਲ ਵਿਚ ਹਰ ਜਮਾਤ ਦੇ ਅੰਗਰੇਜ਼ੀ ਦੇ ਤਿੰਨ ਦਿਨ ਦੋ ਪੀਰੀਅਡ ਇਕੱਠੇ ਲਗਾਏ ਜਾਣ ਤਾਂ ਕਿ ਅਧਿਆਪਕ ਨੂੰ ਸਪੋਕਨ ਇੰਗਲਿਸ਼ ਦੇ ਅਭਿਆਸ ਲਈ ਸਮਾਂ ਮਿਲਦਾ ਰਹੇ। ਕੋਸ਼ਿਸ਼ ਰਹੇ ਕਿ ਜਿਹੜੇ ਅਧਿਆਪਕ ਨੂੰ ਛੇਵੀਂ ਦੀ ਅੰਗਰੇਜ਼ੀ ਦਿੱਤੀ ਜਾਵੇ, ਬਦਲੀ ਨਾ ਹੋਣ ਦੀ ਸੂਰਤ ਵਿਚ ਉਹੀ ਅਧਿਆਪਕ ਉਸ ਜਮਾਤ ਨੂੰ ਦਸਵੀਂ ਤਕ ਲੈ ਕੇ ਜਾਵੇ। ਜਦੋਂ ਅਧਿਆਪਕ ਨੂੰ ਸਾਲ ਦਾ ਸਿਲੇਬਸ ਤੇ ਕਿਤਾਬਾਂ ਦੇ ਦਿੱਤੀਆਂ ਤਾਂ ਉਸ ਨੂੰ ਉਸ ਦੀ ਮਰਜ਼ੀ ਅਤੇ ਯੋਜਨਾ ਨਾਲ ਪੜ੍ਹਾਉਣ ਦਿੱਤਾ ਜਾਵੇ। ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ, ਹਰ ਪੱਧਰ ਉੱਤੇ ਅੰਗਰੇਜ਼ੀ ਭਾਸ਼ਾ ਦੇ ਮੁਕਾਬਲੇ ਕਰਵਾਏ ਜਾਣ। ਮਿਸ਼ਨ ਸਮਰੱਥ ਵਰਗੇ ਵਿਘਨਕਾਰੀ ਸਿੱਖਿਆ ਵਿਰੋਧੀ ਢੌਂਗ ਅਧਿਆਪਕ ਤੋਂ ਨਾ ਕਰਵਾਏ ਜਾਣ।

ਅਧਿਆਪਕ ਜਥੇਬੰਦੀਆਂ ਅਤੇ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਸਰਕਾਰੀ ਸਕੂਲਾਂ ਵਿਚ ਅੰਗਰੇਜ਼ੀ ਵਿਸ਼ੇ ਸਬੰਧੀ ਲੋਕ ਧਾਰਨਾ ਨੂੰ ਚੁਣੌਤੀ ਵਜੋਂ ਲੈ ਕੇ ਆਪਣੀ ਪੱਧਰ ਉੱਤੇ ਵਿਸ਼ੇ ਦੇ ਮਿਆਰ ਨੂੰ ਸੁਧਾਰਨ ਲਈ ਛੁੱਟੀ ਜਾਂ ਛੁੱਟੀਆਂ ਵਿਚ ਵਰਕਸ਼ਾਪਾਂ ਲਗਵਾਉਣ। ਉਪਰਲੇ ਕਾਰਜਾਂ ਵਿਚੋਂ ਜਿਹੜੇ ਕਾਰਜ ਸਰਕਾਰ ਅਤੇ ਅਫਸਰਸ਼ਾਹੀ ਦੇ ਕਰਨ ਵਾਲੇ ਹਨ, ਉਨ੍ਹਾਂ ਨੂੰ ਕਰਵਾਉਣ ਲਈ ਸੰਘਰਸ਼ ਕੀਤੇ ਜਾਣ। ਸੁਝਾਅ ਇਹ ਵੀ ਹੈ ਕਿ ਮਾਸਟਰ ਕਾਡਰ ਦੀਆਂ ਦੋ ਸੀਨੀਆਰਤਾ ਸੂਚੀਆਂ ਬਣਾਈਆਂ ਜਾਣ। ਇੱਕ ਸਭ ਵਿਸ਼ਿਆਂ ਦੀ ਸਾਂਝੀ ਜਿਸ ਦੇ ਆਧਾਰ ਉੱਤੇ ਹੈੱਡਮਾਸਟਰ ਪ੍ਰੋਮੋਟ ਕੀਤੇ ਜਾਣ ਜੋ ਹੁਣ ਤੱਕ ਚੱਲ ਰਹੀ ਹੈ। ਦੂਜੀ ਸੀਨੀਆਰਤਾ ਵਿਸ਼ਾਵਾਰ ਬਣਾਈ ਜਾਵੇ ਜਿਸ ਵਿਚੋਂ ਸਬੰਧਿਤ ਵਿਸ਼ਿਆਂ ਦੇ ਲੈਕਚਰਾਰ ਪ੍ਰੋਮੋਟ ਕੀਤੇ ਜਾਣ। ਕਿਸੇ ਵੀ ਕਾਡਰ ਲਈ ਪ੍ਰੋਮੋਸ਼ਨਾਂ ਅਪਰੈਲ ਦੇ ਅੱਧ ਤੱਕ ਮੁਕੰਮਲ ਕੀਤੀਆਂ ਜਾਣ। ਪਿੱਛੇ ਖਾਲੀ ਹੋਈਆਂ ਅਸਾਮੀਆਂ ਸਿੱਧੀ ਭਰਤੀ ਜਾਂ ਤਰੱਕੀਆਂ ਰਾਹੀਂ ਅਪਰੈਲ ਮਹੀਨੇ ਵਿਚ ਹੀ ਭਰੀਆਂ ਜਾਣ।

ਸਕੂਲ ਆਫ ਐਮੀਨੈਂਸ, ਕੁਝ +2 ਸਕੂਲਾਂ ਅੱਗੇ ਬਾਵਰਦੀ ਫੌਜੀ ਖੜ੍ਹੇ ਕਰਨੇ, ਉਨ੍ਹਾਂ ਸਕੂਲਾਂ ਲਈ ਬੱਸਾਂ ਦਾ ਪ੍ਰਬੰਧ ਕਰਨਾ ਪਰ ਅਧਿਆਪਕ ਪੂਰੇ ਨਾ ਕਰਨਾ ਅਕਾਦਮਿਕ ਅਤੇ ਚੁਣਾਵੀ ਦ੍ਰਿਸ਼ਟੀ ਤੋਂ ਉੱਕਾ ਹੀ ਗੈਰ-ਲਾਹੇਵੰਦ ਹਨ। ਅੰਗਰੇਜ਼ੀ ਭਾਸ਼ਾ ਵਿਚ ਜੇਕਰ ਸਰਕਾਰੀ ਸਕੂਲਾਂ ਨੂੰ ਪ੍ਰਾਈਵੇਟ ਸਕੂਲਾਂ ਦੇ ਬਰਾਬਰ ਕਰਨਾ ਹੈ ਤਾਂ ਅੰਗਰੇਜ਼ੀ ਵਿਸ਼ੇ ਵੱਲ ਉਚੇਚਾ ਧਿਆਨ ਦੇਣਾ ਪੈਣਾ ਹੈ। ਜੇਕਰ ਸਾਰੀਆਂ ਸਬੰਧਿਤ ਧਿਰਾਂ ਦੀ ਨੀਅਤ ਵਿਚ ਹੀ ਖੋਟ ਹੈ ਤਾਂ ਜਿਨ੍ਹਾਂ ਗਰੀਬਾਂ ਦੇ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹਨ, ਉਨ੍ਹਾਂ ਦੀ ਫਿਟਕਾਰ ਨੌਂ ਦਰਵਾਜ਼ੇ ਲੰਘ ਕੇ ਵੀ ਜ਼ਮੀਰ ਦੇ ਕੰਨਾਂ ਤੱਕ ਪਹੁੰਚ ਜਾਵੇਗੀ। ਚੁਣਾਵੀ ਦ੍ਰਿਸ਼ਟੀ ਤੋਂ ਇਹ ਵੀ ਯਾਦ ਰੱਖਿਆ ਜਾਵੇ ਕਿ ਇਹ ਪੰਜਾਬ ਦੀ ਆਬਾਦੀ ਵਿਚ ਬਹੁ ਗਿਣਤੀ ਹੈ।

# ਜਵਾਨੀ ਖਾ ਚੱਲਿਆ ਪਰਵਾਸ...

ਜ਼ਿੰਦਗੀ ਦੇ ਫ਼ੈਸਲੇ ਅਸੀਂ ਖ਼ੁਦ ਕਰਦੇ ਹਾਂ ਪਰ ਕੁਝ ਕੁ ਸਮੇਂ ਦਾ ਚੱਕਰ ਵੀ ਹੁੰਦਾ ਹੈ। ਮੇਰੇ ਪਤੀ ਦੀ ਮੌਤ ਤੋਂ ਦੋ ਮਹੀਨੇ ਬਾਅਦ ਮੇਰੀ ਵੱਡੀ ਦੋਹਤੀ ਦਾ ਵਿਆਹ ਸੀ ਜੋ ਪਹਿਲਾਂ ਹੀ ਮਿਥਿਆ ਸੀ। ਸਾਰਾ ਪਰਿਵਾਰ ਸਿਡਨੀ (ਆਸਟਰੇਲੀਆ) ਤੋਂ ਆਇਆ ਹੋਇਆ ਸੀ। ਚੰਡੀਗੜ੍ਹ ਦੇ ਵੱਡੇ

**ਕੁਲਮਿੰਦਰ ਕੌਰ**
ਫੋਨ: +91-98156-52272


ਰਿਜੌਰਟ 'ਚ ਦਾਦਕੇ ਪਰਿਵਾਰ ਨੇ ਆਲੀਸ਼ਾਨ ਵਿਆਹ ਕੀਤਾ। ਜ਼ਿਆਦਾ ਸਮਾਂ ਮੇਰੇ ਨਾਲ ਬਿਤਾਇਆ। ਇਨ੍ਹਾਂ ਦੇ ਸਾਥ 'ਚ ਵੀ ਮੇਰੇ ਮਨ ਦਾ ਹੁਲਾਸ ਗਾਇਬ ਸੀ ਜੋ ਇਹ ਵੀ ਕਿਧਰੇ ਭਾਂਪ ਚੁੱਕੇ ਸਨ। ਜਾਂਦੇ ਵਕਤ ਸਾਰਿਆਂ ਨੇ ਕਿਹਾ-ਤੁਸੀਂ ਸਾਡੇ ਨਾਲ ਆਸਟਰੇਲੀਆ ਰਹੋਗੇ, ਤੁਹਾਡੇ ਪੇਪਰ ਭੇਜਾਂਗੇ।

ਖ਼ੈਰ, ਇਹ ਫੈਸਲੇ ਮੈਂ ਮੰਨ ਲਿਆ ਤੇ ਅੱਜ ਕੱਲ੍ਹ ਆਪਣੇ ਬੱਚਿਆਂ ਕੋਲ ਸਿਡਨੀ 'ਚ ਹਾਂ ਜੋ ਦੁਨੀਆ ਦੇ ਪੰਜ ਵੱਡੇ ਸ਼ਹਿਰਾਂ ਵਿਚੋਂ ਇੱਕ ਹੈ। ਬਹੁਤ ਮਹਿੰਗਾ ਹੋਣ ਦੇ ਬਾਵਜੂਦ ਅੱਛਾ ਜੀਵਨ ਜਿਊਣ ਦੇ ਮਾਮਲੇ ਵਿਚ ਇਹ ਪੂਰੀ ਦੁਨੀਆ ਦੇ ਉਪਰਲੇ ਸ਼ਹਿਰਾਂ ਵਿਚੋਂ ਗਿਆਰਵੇਂ ਨੰਬਰ 'ਤੇ ਹੈ। ਇੱਥੋਂ ਦੇ ਬੁਨਿਆਦੀ ਢਾਂਚੇ ਅੰਦਰ ਸਫਾਈ ਦੇ ਉੱਚ ਮਾਪਦੰਡ, ਗੁਣਵੱਤਾ ਵਾਲੀ ਸਿੱਖਿਆ ਅਤੇ ਬਿਹਤਰ ਸਿਹਤ ਸਹੂਲਤਾਂ ਨੂੰ ਖਾਸ ਤਰਜੀਹ ਦਿੱਤੀ ਜਾਂਦੀ ਹੈ। ਸਾਡੇ ਦੇਸ਼ ਦੇ ਕਸਬੇ ਅਤੇ ਸ਼ਹਿਰ ਸੰਸਾਰ ਭਰ ਵਿਚ ਸਭ ਤੋਂ ਵੱਧ ਗੰਦਗੀ ਅਤੇ ਪ੍ਰਦੂਸ਼ਣ ਸਹਿਣ ਵਾਲੇ ਸ਼ਹਿਰਾਂ ਵਿਚੋਂ ਇੱਕ ਹਨ। ਇੱਥੇ ਸਰਦੀ ਦੀ ਰੁੱਤ ਹੈ, ਮੇਰਾ ਸਾਹ ਵੀ ਸੌਖਾ ਤੇ ਕੰਨਾਂ ਨੂੰ ਆਵਾਜ਼ ਪ੍ਰਦੂਸ਼ਣ ਤੋਂ ਰਾਹਤ ਵੀ ਮਿਲੀ।

ਸਵੇਰੇ ਉੱਠਣ ਵੇਲੇ ਗੁਰਦੁਆਰੇ ਦੇ ਪਾਠ ਤੇ ਮੰਦਰ ਦੀਆਂ ਘੰਟੀਆਂ ਦੀ ਰਲਗੱਡ ਆਵਾਜ਼, ਲੰਘਦੇ ਵਾਹਨਾਂ ਦੇ ਹਾਰਨ ਤੇ ਰੇਹੜੀ ਵਾਲਿਆਂ ਦੇ ਹੋਕੇ ਸੁਣਨ ਨੂੰ ਨਹੀਂ ਮਿਲਦੇ। ਲੱਗਦਾ, ਇਹੀ ਹੈ ਸਹੀ ਮਾਇਨਿਆਂ 'ਚ ਅੰਮ੍ਰਿਤ ਵੇਲਾ। ਮੇਰੀ ਗਲੀ ਦੇ ਕੁੱਤੇ ਤਾਂ ਸਾਰਾ ਦਿਨ ਰਲ ਕੇ ਭੌਂਕਦੇ ਰਹਿੰਦੇ! ਬੜੀ ਦਹਿਸ਼ਤ ਹੈ ਪਰ ਇੱਥੇ ਕੋਈ ਅਵਾਰਾ ਕੁੱਤਾ ਜਾਂ ਪਸ਼ੂ ਨਹੀਂ ਦਿਸੇ।

ਪਰਵਾਸੀ ਭਾਈਚਾਰੇ ਨੇ ਵਧੀਆ ਪਰਿਵਾਰਕ ਸਾਂਝਾਂ ਪਾਈਆਂ ਹਨ। ਵਿਦੇਸ਼ੀ ਸਮਾਜ ਦਾ ਹਿੱਸਾ ਬਣ ਕੇ ਇਸ ਦੇਸ਼ ਅਤੇ ਸੂਬੇ ਦੀ ਤਰੱਕੀ ਵਿਚ ਹਿੱਸਾ ਪਾਉਂਦੇ ਹੋਏ ਵੀ ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਪੰਜਾਬੀਅਤ ਦਾ ਮਾਣ ਵਧਾਉਂਦੇ ਹਨ। ਪੰਜਾਬੀ ਪਾਠਕਾਂ ਦੀ ਖ਼ੁਰਾਕ ਇੱਥੇ ਛਪਣ ਵਾਲੇ ਪੰਜਾਬੀ ਅਖਬਾਰ ਪੂਰੀ ਕਰਦੇ ਹਨ। ਕੁਝ ਅਖਬਾਰਾਂ ਦੀਆਂ ਪੁਰਾਣੀਆਂ ਕਾਪੀਆਂ ਸਟੋਰ ਤੋਂ ਮਿਲਣ ਕਰ ਕੇ ਪੜ੍ਹਨ ਲਈ ਕਾਫੀ ਸਮੱਗਰੀ ਹੋ ਗਈ।

ਇੱਥੋਂ ਦੀ ਜੰਮਪਲ ਦੂਜੀ ਪੀੜ੍ਹੀ ਆਪਣੇ ਜੀਵਨ ਸਾਥੀ ਖੁਦ ਹੀ ਚੁਣ ਲੈਂਦੀ ਹੈ। ਜਾਤ-ਪਾਤ ਨੂੰ ਇਹ ਬੱਚੇ ਜਾਣਦੇ ਹੀ ਨਹੀਂ। ਮੇਰੀ ਦੋਹਤੀ ਨੇ ਵੀ ਹਿੰਦੂ ਤਬਕੇ ਦੀ ਚੋਣ ਕੀਤੀ। ਇਸੇ ਦੀ ਸਹੇਲੀ ਦਾ ਵਿਆਹ ਇੱਥੇ ਦੇਖਿਆ, ਉਹ ਵੀ ਅੰਤਰ-ਜਾਤੀ ਸੀ। ਕੋਈ ਨਿੰਦ-ਵਿਚਾਰ ਨਹੀਂ ਕਰਦਾ। ਆਪਣੇ ਮੁਲਕ ਵਿਚ ਹੁੰਦੇ ਅਣਖਾਂ ਦੇ



ਸਵਾਲ ਯਾਦ ਆਉਂਦੇ ਹਨ। ਇਨ੍ਹਾਂ ਦੇ ਦੋਸਤ ਦੇ ਲੜਕੇ ਦੇ ਵਿਆਹ ਵਿਚ ਮੇਰੀ ਵੀ ਸ਼ਮੂਲੀਅਤ ਰਹੀ। ਵਿਆਹ ਦੀ ਹਰ ਰਸਮ ਨਿਭਾਈ ਗਈ। ਕਈ ਦਿਨ ਵਿਆਹ ਚੱਲਿਆ ਪਰ ਆਪਣੇ ਵਾਂਗ ਕੰਨ ਪਾੜਵੀਂ ਆਵਾਜ਼ ਵਿਚ ਡੀ.ਜੇ. ਨਹੀਂ ਚੱਲਦੇ।

ਲੇਡੀਜ਼ ਸੰਗੀਤ ਬਹੁਤ ਆਨੰਦਮਈ ਰਿਹਾ। ਮੁੰਡੇ ਤੇ ਕੁੜੀ ਵਾਲੇ ਇੱਕੋ ਹਾਲ 'ਚ ਇਕੱਠੇ ਹੋਏ। ਹਾਲ ਦੇ ਗੇਟ 'ਤੇ ਚਰਖਾ, ਪੀੜ੍ਹੀ, ਖੂਹ, ਡੋਲ, ਫੁਲਕਾਰੀ, ਮੰਜਾ ਆਦਿ ਰੱਖੇ ਹੋਏ ਸਨ। ਉੱਥੇ ਹਰ ਕੋਈ ਫੋਟੋ ਖਿੱਚਵਾ ਰਹੇ ਸਨ। ਹਾਲ ਅੰਦਰ ਪਹਿਲੀ ਪੀੜ੍ਹੀ ਨੇ ਵਾਰੀ-ਵਾਰੀ ਬੀਤੇ ਵੇਲਿਆਂ ਦੀਆਂ ਤਰਜ਼ਾਂ 'ਤੇ ਘੋੜੀਆਂ ਅਤੇ ਸੁਹਾਗ ਗਾਏ। ਜਾਪਿਆ, ਜਿਵੇਂ ਸੱਤ ਸਮੁੰਦਰੋਂ ਪਾਰ ਪਿੰਡਾਂ ਦੀਆਂ ਜੂਹਾਂ 'ਚ ਪਹੁੰਚ ਗਈਆਂ ਹੋਈਏ।

ਬਾਅਦ ਵਿਚ ਗਿੱਧੇ, ਬੋਲੀਆਂ, ਭੰਗੜੇ ਨਾਲ ਧਮਾਲਾਂ ਪਈਆਂ। ਦੂਜੀ ਪੀੜ੍ਹੀ ਨੇ ਪੰਜਾਬੀ ਗਾਣਿਆਂ 'ਤੇ ਨਾਚ ਕੀਤਾ। ਗਾਣਿਆਂ ਰਾਹੀਂ ਸਕਿੱਟ 'ਚ ਦੱਸਿਆ ਕਿ ਕਿਵੇਂ ਇਸ ਜੋੜੀ ਦੀ ਪ੍ਰੇਮ ਕਹਾਣੀ ਵਿਆਹ ਤੱਕ ਪਹੁੰਚੀ। ਮੇਰੀਆਂ ਦੋਵੇਂ ਦੋਹਤੀਆਂ ਮੁੱਖ ਪਾਤਰ ਰਹੀਆਂ। ਜਵਾਨੀ ਦੀ ਮਸਤੀ 'ਚ ਮਗਨ ਮੇਰੀਆਂ ਤਿਤਲੀਆਂ (ਦੋਹਤੀਆਂ) ਵਾਰ-ਵਾਰ ਮੇਰੇ ਕੋਲ ਆ ਕੇ ਪੁੱਛ ਜਾਂਦੀਆਂ, "ਨਾਨੀ ਮੇਰਾ ਆਈਟਮ ਕਿਵੇਂ ਸੀ?" 'ਨਾਈਸ' ਕਹਿ ਕੇ ਮੇਰੀ ਰੂਹ ਰੱਜ ਜਾਂਦੀ। ਇਨ੍ਹਾਂ ਦੇ ਜਨਮ ਇੱਥੋਂ ਦੇ ਹਨ।

ਬਚਪਨ ਇੱਥੇ ਬੀਤਿਆ ਤੇ ਹੁਣ ਜਵਾਨੀ ਦੀ ਮਸਤੀ ਵਿਚ ਹਨ। ਮੇਰੇ ਮਨ ਦੇ ਤੌਖਲੇ ਵੀ ਅੱਜ ਦੂਰ ਹੋਏ ਕਿ ਜੇ ਇਹ ਭਲੇ ਵੇਲਿਆਂ 'ਚ ਪੱਕੇ ਤੌਰ 'ਤੇ ਨਾ ਆਏ ਹੁੰਦੇ ਤਾਂ ਇਨ੍ਹਾਂ ਕੁੜੀਆਂ ਨੇ ਹੁਣ ਵਿਦੇਸ਼ ਉਡਾਰੀ ਭਰਨੀ ਸੀ। ਫਿਰ ਸ਼ਾਇਦ ਬਾਹਰ ਕਿਸੇ ਸਟਾਲ 'ਤੇ ਗੋਲਗੱਪੇ ਵਰਤਾ ਰਹੀਆਂ ਹਰਿਆਣਵੀ ਕੁੜੀਆਂ ਦੀ ਜਗ੍ਹਾ ਇਹ ਖੜ੍ਹੀਆਂ ਹੁੰਦੀਆਂ...।

ਮੇਰੀ ਸੁਰਤ ਹਰਿਆਣਵੀ ਕੁੜੀਆਂ ਨਾਲ ਜੁੜ ਗਈ। ਬਾਹਰ ਆ ਕੇ ਉਨ੍ਹਾਂ ਦਾ ਹਾਲ ਪੁੱਛਿਆ ਤਾਂ ਇਕ ਕੁੜੀ ਬੋਲੀ- ਆਂਟੀ! ਤੁਹਾਡੇ ਸਾਹਮਣੇ ਈ ਐ... ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਕਿਵੇਂ ਸਰਕਾਰ ਸਾਥੋਂ ਸਾਡੀ ਜਵਾਨੀ ਖੋਹ ਰਹੀ ਹੈ। ਸਰਕਾਰ ਬੁੱਧੀਵਾਨ ਤੇ ਪ੍ਰਤਿਭਾਸ਼ਾਲੀ ਨੌਜਵਾਨਾਂ ਨੂੰ ਵਿਦੇਸ਼ਾਂ ਦਾ ਰਾਹ ਨਾ ਦਿਖਾਏ। ਉਹ ਆਪਣੀ ਮਿੱਟੀ ਨਾਲ ਜੁੜ ਕੇ ਹੀ ਅੱਗੇ ਵਧਣ ਦੇ ਰਾਹ ਭਾਲਦੇ ਹਨ।

ਵਿਕਾਸ ਕਾਰਜਾਂ ਦੀਆਂ ਗੱਲਾਂ ਕਰਨ ਵਾਲੇ ਸਾਡੇ ਨੇਤਾਵਾਂ ਨੂੰ ਸਮਝਣਾ ਪਵੇਗਾ ਕਿ ਹਰ ਮੁਲਕ ਦੇ ਵਿਕਾਸ ਲਈ ਵਿਦਿਆ, ਸਿਹਤ ਤੇ ਰੁਜ਼ਗਾਰ ਮੁੱਖ ਥੰਮ੍ਹ ਹੁੰਦੇ ਹਨ। ਨੌਜਵਾਨ ਪੀੜ੍ਹੀ ਨੂੰ ਸੰਭਾਲਣਾ ਸਰਕਾਰ ਲਈ ਚੁਣੌਤੀ ਹੈ।

ਉਹ ਕੁੜੀ ਕਿਸੇ ਵੱਡੇ ਤਬਦੀਲੀ ਦਾ ਸੁਨੇਹਾ ਦੇ ਗਈ।

# ਬ੍ਰਾਜ਼ੀਲ ਦਾ ਫੁੱਟਬਾਲ ਸਿਤਾਰਾ ਨੇਮਾਰ ਜੂਨੀਅਰ

**ਵਿਸ਼ਵ ਦੇ ਮਹਾਨ ਖਿਡਾਰੀ**




**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**
principalsarwansingh@gmail.com


ਬ੍ਰਾਜ਼ੀਲ ਫੁੱਟਬਾਲ ਦਾ ਘਰ ਹੈ ਤੇ ਸੈਂਟੋਸ ਕਲੱਬ ਉਹਦਾ ਪੰਘੂੜਾ। ਉਸ ਪੰਘੂੜੇ ਦੇ ਝੂਟੇ ਲੈਂਦਿਆਂ ਅਨੇਕ ਖਿਡਾਰੀ ਉਡਾਰ ਹੋਏ ਜਿਨ੍ਹਾਂ ਨੇ ਵਿਸ਼ਵ ਅੰਬਰ ਦੀਆਂ ਉਡਾਰੀਆਂ ਭਰੀਆਂ। ਉਨ੍ਹਾਂ 'ਚੋਂ ਕਈ ਫੁੱਟਬਾਲ ਅੰਬਰ ਦੇ ਸਿਤਾਰੇ ਬਣੇ। ਫੁੱਟਬਾਲ ਦੇ ਬਾਦਸ਼ਾਹ ਕਹੇ ਜਾਂਦੇ ਮਹਾਨ ਪੇਲੇ ਤੋਂ ਲੈ ਕੇ ਨੌਜੁਆਨਾਂ ਦੇ ਆਈਕੋਨ ਨੇਮਾਰ ਤਕ ਦਰਜਨਾਂ ਖਿਡਾਰੀ ਹਨ ਜਿਨ੍ਹਾਂ ਨੇ ਬ੍ਰਾਜ਼ੀਲ ਦੀਆਂ ਵਰਦੀਆਂ ਪਾ ਕੇ ਫੀਫਾ ਦੇ ਵਿਸ਼ਵ ਕੱਪ ਖੇਡੇ ਤੇ ਸਭ ਤੋਂ ਵੱਧ ਵਾਰ ਜਿੱਤੇ। ਫੁੱਟਬਾਲ ਦੀ ਆਲਮੀ ਸਰਦਾਰੀ ਦਾ ਚਿੰਨ੍ਹ ਫੀਫਾ ਵਿਸ਼ਵ ਕੱਪ 1930 ਤੋਂ 2022 ਤਕ 22 ਵਾਰ ਖੇਡਿਆ ਗਿਆ। 1942 ਤੇ 46 ਦੇ ਵਿਸ਼ਵ ਕੱਪ ਦੂਜੀ ਵਿਸ਼ਵ ਜੰਗ ਕਾਰਨ ਖੇਡੇ ਨਾ ਸਕੇ। ਉਦੋਂ ਓਲੰਪਿਕ ਖੇਡਾਂ ਵੀ ਨਹੀਂ ਸੀ ਹੋ ਸਕੀਆਂ।

ਬੇਸ਼ਕ ਓਲੰਪਿਕ ਖੇਡਾਂ ਦੁਨੀਆ ਦਾ ਸਭ ਤੋਂ ਵੱਡਾ ਖੇਡ ਮੇਲਾ ਮੰਨੀਆਂ ਜਾਂਦੀਆਂ ਹਨ ਪਰ ਫੀਫਾ ਦੇ ਵਿਸ਼ਵ ਕੱਪਾਂ ਦੀ ਖਿੱਚ ਵੀ ਘੱਟ ਨਹੀਂ। ਬ੍ਰਾਜ਼ੀਲ ਦੀ ਟੀਮ 5 ਵਾਰ ਵਿਸ਼ਵ ਕੱਪ ਜਿੱਤੀ ਹੈ। ਜਰਮਨੀ ਤੇ ਇਟਲੀ ਦੀਆਂ ਟੀਮਾਂ 4-4 ਵਾਰ ਵਿਸ਼ਵ ਕੱਪ ਜਿੱਤੀਆਂ। ਅਰਜਨਟੀਨਾ 3 ਵਾਰ, ਫਰਾਂਸ ਤੇ ਉਰੂਗੇ 2-2 ਵਾਰ ਅਤੇ ਇੰਗਲੈਂਡ ਤੇ ਫਰਾਂਸ ਨੇ 1-1 ਵਾਰ ਵਿਸ਼ਵ ਕੱਪ ਜਿੱਤੇ। ਹੁਣ ਤਕ 80 ਮੁਲਕਾਂ ਦੀਆਂ ਟੀਮਾਂ ਹੀ ਵਿਸ਼ਵ ਕੱਪਾਂ 'ਚ ਭਾਗ ਲੈਣ ਯੋਗ ਹੋਈਆਂ। 2022 ਦੇ ਵਿਸ਼ਵ ਕੱਪ 'ਚ ਕੁਆਲੀਫਾਈ ਕੀਤੀਆਂ 32 ਟੀਮਾਂ ਵਿਚਕਾਰ ਮੁਕਾਬਲਾ ਸੀ ਜੋ ਬ੍ਰਾਜ਼ੀਲ ਦੀ ਟੀਮ ਨੇ ਪੰਜਵੀਂ ਵਾਰ ਜਿੱਤਿਆ। ਉਸ ਦਾ ਕਪਤਾਨ ਫੁੱਟਬਾਲ ਦਾ ਚਮਕਦਾ ਸਿਤਾਰਾ ਨੇਮਾਰ ਸੀ। 2026 ਦੇ ਵਿਸ਼ਵ ਕੱਪ 'ਚ 32 ਦੀ ਥਾਂ 48 ਟੀਮਾਂ ਭਾਗ ਲੈਣਗੀਆਂ ਜਿਸ ਦਾ ਕੁਆਲੀਫਾਈਂਗ ਦੌਰ ਚੱਲ ਰਿਹੈ। ਆਬਾਦੀ 'ਚ ਸਭ ਤੋਂ ਵੱਡੇ ਦੇਸ਼ 'ਮਹਾਨ' ਭਾਰਤ ਨੇ ਅਜੇ ਤਕ ਵਿਸ਼ਵ ਕੱਪ 'ਚ ਕੋਈ ਨਾਂ ਥਾਂ ਨਹੀਂ ਬਣਾਇਆ। ਪਤਾ ਨਹੀਂ ਵਿਸ਼ਵ ਕੱਪ ਲਈ ਕਦੋਂ ਕੁਆਲੀਫਾਈ ਕਰੇ ਜਾਂ ਨਾ ਹੀ ਕਰੇ?

ਖੇਡਾਂ 'ਚ ਜਦੋਂ ਕਿਸੇ ਖਿਡਾਰੀ ਦੀ ਗੁੱਡੀ ਚੜ੍ਹਦੀ ਹੈ ਤਾਂ ਨਾਲ ਉਹਦੇ ਦੇਸ਼ ਦੀ ਵੀ ਚੜ੍ਹ ਜਾਂਦੀ ਹੈ। 1960ਵਿਆਂ 'ਚ ਪੇਲੇ ਦੀ ਗੁੱਡੀ ਚੜ੍ਹੀ ਸੀ। ਉਸ ਨੇ ਆਪਣੇ ਨਾਂ ਨਾਲ ਬ੍ਰਾਜ਼ੀਲ ਦਾ ਨਾਂ ਵੀ ਕੁਲ ਦੁਨੀਆ 'ਚ ਧੁਮਾਇਆ। ਸਭ ਨੂੰ ਪਤਾ ਲੱਗ ਗਿਆ, ਬ੍ਰਾਜ਼ੀਲ ਨਾਂ ਦਾ ਕੋਈ ਮੁਲਕ ਹੈ ਜਿਸ ਦੀ ਫੁੱਟਬਾਲ ਖੇਡਣ 'ਚ ਕੁਲ ਦੁਨੀਆ 'ਤੇ ਝੰਡੀ ਹੈ। 2022 'ਚ ਪੇਲੇ ਭਾਵੇਂ ਜਹਾਨ ਤੋਂ ਰੁਖ਼ਸਤ ਹੋ ਗਿਐ ਪਰ ਜਿਉਂਦੇ ਜੀਅ ਨੇਮਾਰ ਨੂੰ ਅਸ਼ੀਰਵਾਦ ਦੇ ਗਿਆ ਕਿ ਉਹ ਮੇਰਾ ਵਾਰਸ ਹੋਵੇਗਾ। ਨੇਮਾਰ ਸੱਚਮੁੱਚ ਧਰੂ ਤਾਰੇ ਵਾਂਗ ਲਿਸ਼ਕ ਰਿਹੈ। ਇਕ ਸਮੇਂ ਉਹ ਦੁਨੀਆ ਦਾ ਸਭ ਤੋਂ ਮਹਿੰਗਾ ਖਿਡਾਰੀ ਵੀ ਸਾਬਤ ਹੋਇਆ। 2017 'ਚ ਫਰਾਂਸ ਦੇ ਫੁੱਟਬਾਲ ਕਲੱਬ ਪੈਰਿਸ ਸੇਂਟ-ਜਰਮੇਨ ਨੇ ਉਸ ਨੂੰ ਬਾਰਸੀਲੋਨਾ ਕਲੱਬ 'ਚੋਂ ਪੱਟਣ ਲਈ 222 ਮਿਲੀਅਨ ਯੂਰੋ ਤਾਰੇ ਜੋ 263 ਮਿਲੀਅਨ ਡਾਲਰ ਬਣਦੇ ਸਨ। ਰੁਪਏ ਬਣਾਉਣੇ ਹੋਣ ਤਾਂ 26 ਕਰੋੜ 30 ਲੱਖ ਅਮਰੀਕਨ ਡਾਲਰਾਂ ਨੂੰ ਰੁਪਈਆਂ ਨਾਲ ਗੁਣਾਂ ਕਰ ਲਓ। ਉਦੋਂ ਕਲੱਬ ਬਦਲਣ ਲਈ ਏਨੀ ਰਕਮ ਕਿਸੇ ਫੁੱਟਬਾਲ ਦੇ ਖਿਡਾਰੀ ਨੂੰ ਤਾਰਨ ਦਾ ਉਹ ਨਵਾਂ ਰਿਕਾਰਡ ਸੀ!

ਨੇਮਾਰ ਦੀਆਂ ਪ੍ਰਾਪਤੀਆਂ 'ਤੇ ਪੂਰਾ ਲੇਖ ਨਹੀਂ, ਪੂਰੀ ਕਿਤਾਬ ਲਿਖੀ ਜਾ ਸਕਦੀ ਹੈ। ਕੁਝ ਕਿਤਾਬਾਂ ਲਿਖੀਆਂ ਵੀ ਗਈਆਂ ਤੇ ਫਿਲਮਾਂ ਵੀ ਬਣਾਈਆਂ ਗਈਆਂ। ਉਸ ਦੀ ਪਹੁੰਚ ਕੇਵਲ ਬ੍ਰਾਜ਼ੀਲ ਮੁਲਕ ਦੇ ਸਟਾਰ ਖਿਡਾਰੀ ਹੋਣ ਤਕ ਹੀ ਸੀਮਤ ਨਹੀਂ ਬਲਕਿ ਵਿਸ਼ਵ ਪੱਧਰ ਤਕ ਪੁੱਜ ਚੁੱਕੀ ਹੈ। ਉਸ ਦਾ ਨਾਂ ਰੋਨਾਲਡੋ ਤੇ ਮੈੱਸੀ ਵਾਂਗ ਘਰ-ਘਰ ਗੂੰਜ ਰਿਹੈ। ਇਸ ਵੇਲੇ ਫੁੱਟਬਾਲ ਦੀ ਦੁਨੀਆ ਵਿਚ ਮਸ਼ਹੂਰੀ ਪੱਖੋਂ ਪੁਰਤਗਾਲ ਦੇ ਰੋਨਾਲਡੋ ਤੇ ਅਰਜਨਟੀਨਾ ਦੇ ਮੈੱਸੀ ਤੋਂ ਬਾਅਦ ਤੀਜਾ ਨਾਂ ਬ੍ਰਾਜ਼ੀਲ ਦੇ ਨੇਮਾਰ ਦਾ ਲਿਆ ਜਾ ਰਿਹੈ। ਉਸ ਨੇ ਅਨੇਕ ਕੱਪ ਤੇ ਟਰਾਫੀਆਂ ਜਿੱਤਣ ਜਿਤਾਉਣ ਦੇ ਨਾਲ ਓਲੰਪਿਕ ਖੇਡਾਂ ਦਾ ਗੋਲਡ ਮੈਡਲ ਤੇ ਸਿਲਵਰ ਮੈਡਲ ਵੀ ਜਿੱਤਿਆ ਹੈ। ਟਰਾਫੀਆਂ ਤੇ ਛੋਟੇ ਵੱਡੇ ਕੱਪਾਂ ਦਾ ਤਾਂ ਕੋਈ ਅੰਤ ਹੀ ਨਹੀਂ।

ਉਸ ਨੇ ਫੁੱਟਬਾਲ ਦੀ ਖੇਡ ਦੇ ਨਵੇਂ ਮਾਪਦੰਡ ਸਿਰਜੇ ਹਨ। ਡ੍ਰਿਬਲਿੰਗ ਅਤੇ ਬਾਲ 'ਤੇ ਕੰਟਰੋਲ ਉਸ ਦੀ ਖੇਡ ਸ਼ੈਲੀ ਦੇ ਮੀਰੀ ਗੁਣ ਹਨ। ਸੋਸ਼ਲ ਮੀਡੀਏ 'ਤੇ ਵਿਚਰਨ 'ਚ ਵੀ ਉਹਦਾ ਕੋਈ ਸਾਨੀ ਨਹੀਂ। ਉਹ ਇੰਸਟਾਗ੍ਰਾਮ, ਟਵਿੱਟਰ ਤੇ ਫੇਸਬੁੱਕ ਵਰਗੇ ਪਲੇਟਫਾਰਮਾਂ ਰਾਹੀਂ ਲੱਖਾਂ ਕਰੋੜਾਂ ਪ੍ਰਸ਼ੰਸਕਾਂ ਨਾਲ ਜੁੜਿਆ ਹੋਇਐ। ਉਸ ਦਾ ਸਟਾਈਲ, ਪੋਸਟਾਂ ਤੇ ਜੀਵਨ ਸ਼ੈਲੀ ਨੂੰ ਲੱਖਾਂ ਲੋਕ ਵੇਖਦੇ ਤੇ ਪਸੰਦ ਕਰਦੇ ਹਨ। ਉਹ ਕੇਵਲ ਖਿਡਾਰੀ ਹੀ ਨਹੀਂ ਬਲਕਿ ਬਹੁਗੁਣਾਂ ਸਟਾਰ ਕਲਾਕਾਰ ਹੈ ਜਿਸ ਦਾ ਵਪਾਰਕ ਮੁੱਲ ਲੱਖਾਂ ਕਰੋੜਾਂ 'ਚ ਪੈ ਰਿਹੈ। ਉਹਦੇ ਵਾਲਾਂ ਦੇ ਨਵੇਂ ਫੈਸ਼ਨ ਆਏ ਦਿਨ ਬਦਲਦੇ ਰਹਿੰਦੇ ਹਨ ਜਿਨ੍ਹਾਂ ਦੀ ਨੌਜੁਆਨ ਨਕਲ ਕਰਦੇ ਹਨ। ਵੱਖ-ਵੱਖ ਬ੍ਰਾਂਡਾਂ ਨਾਲ ਆਪਣਾ ਨਾਂ ਜੋੜ ਕੇ ਉਹ ਲੱਖਾਂ ਕਰੋੜਾਂ ਕਮਾਉਂਦਾ ਲੱਖਾਂ ਕਰੋੜਾਂ ਦੇ ਦਾਨ ਵੀ ਕਰਦਾ ਹੈ। ਫੁੱਟਬਾਲ ਖੇਡਦਿਆਂ ਸੱਟਾਂ ਵੀ ਖਾਂਦਾ ਹੈ ਤੇ ਨਕਦ ਨਾਵੇਂ ਦੇ ਮੁਕੱਦਮਿਆਂ 'ਚ ਅਦਾਲਤਾਂ ਦੀਆਂ ਤਾਰੀਕਾਂ ਵੀ ਭੁਗਤਦਾ ਹੈ। ਹੋਰ ਤਾਂ ਹੋਰ ਉਸ 'ਤੇ ਰੇਪ ਦੇ ਚਾਰਜ ਵੀ ਲੱਗੇ ਜਿਨ੍ਹਾਂ 'ਚ ਉਹ ਬਰੀ ਹੁੰਦਾ ਰਿਹਾ। ਉਸ ਦੇ ਤਿੰਨ ਬੱਚੇ ਹਨ ਜੋ ਤਿੰਨ ਤ੍ਰੀਮਤਾਂ ਦੀ ਕੁੱਖੋਂ ਜਨਮੇ ਹਨ। ਉਸ ਦੀ ਇਕ ਭੈਣ ਵੀ ਹੈ। ਫੁੱਟਬਾਲ ਦੇ ਸ਼ਹਿਨਸ਼ਾਹ ਮੈੱਸੀ ਨੂੰ ਉਹ ਵਧੀਆ ਦੋਸਤ ਤੇ ਪੇਲੇ ਨੂੰ ਆਪਣਾ ਇਸ਼ਟ ਮੰਨਦਾ ਹੈ।

ਪੁਰਤਗਾਲੀ ਮੂਲ ਦੇ ਨੇਮਾਰ ਦਾ ਪੂਰਾ ਨਾਂ ਨੇਮਾਰ ਦਿ ਸਿਲਵਾ ਸੈਂਟੋਸ ਜੂਨੀਅਰ ਹੈ। ਪੁਰਤਗੇਜ਼ੀ ਰਿਵਾਜ ਅਨੁਸਾਰ ਸਿਲਵਾ ਉਹਦੀ ਮਾਂ ਵੱਲੋਂ ਤੇ ਸੈਂਟੋਸ ਉਹਦੇ ਪਿਓ ਵੱਲੋਂ ਜੁੜੇ ਨਾਂ ਹਨ। ਉਹ 5 ਫਰਵਰੀ 1992 ਨੂੰ ਬ੍ਰਾਜ਼ੀਲ ਦੇ ਸ਼ਹਿਰ ਮੋਗੀ ਦਾਸ ਕਰੂਜ਼ਿਸ ਵਿਚ ਨੇਮਾਰ ਸੈਂਟੋਸ ਸੀਨੀਅਰ ਦੇ ਘਰ ਮਾਤਾ ਨਦੀਨ ਗੋਨਕਾਲਵਜ਼ ਸਿਲਵਾ ਦੀ ਕੁੱਖੋਂ ਜੰਮਿਆ ਸੀ। ਉਸ ਦਾ ਪਿਤਾ ਖ਼ੁਦ ਫੁੱਟਬਾਲ ਦਾ ਖਿਡਾਰੀ ਸੀ ਜੋ ਚਾਹੁੰਦਾ ਸੀ ਉਸ ਦਾ ਪੁੱਤਰ ਵੀ ਪੇਲੇ ਵਾਂਗ ਨਾਮਵਰ ਖਿਡਾਰੀ ਬਣੇ। ਉਹ ਗੁਜ਼ਾਰੇ ਪੱਖੋਂ ਭਾਵੇਂ ਸਰਦਾ-ਪੁੱਜਦਾ ਨਹੀਂ ਸੀ ਫਿਰ ਵੀ ਪੁੱਤਰ ਨੂੰ ਤਕੜਾ ਖਿਡਾਰੀ ਬਣਾਉਣ ਲਈ ਪੂਰਾ ਤਾਣ ਲਾਇਆ। ਵਸੀਲੇ ਸੀਮਤ ਹੋਣ ਦੇ ਬਾਵਜੂਦ ਨੇਮਾਰ ਨੂੰ ਚੰਗੀ ਖ਼ੁਰਾਕ ਤੇ ਵਧੀਆ ਕੋਚਿੰਗ ਦੁਆਈ। ਨੇਮਾਰ ਨੇ ਵੀ ਤਨਦੇਹੀ ਨਾਲ ਆਪਣਾ ਬਚਪਨ ਤੇ ਚੜ੍ਹਦੀ ਜੁਆਨੀ ਫੁੱਟਬਾਲ 'ਚ ਮੁਹਾਰਤ ਹਾਸਲ ਕਰਨ ਦੇ ਲੇਖੇ ਲਾਈ। ਛੋਟੀ ਉਮਰ 'ਚ ਹੀ ਉਹ ਗੋਲ 'ਤੇ ਗੋਲ ਦਾਗਣ ਲੱਗ ਪਿਆ ਸੀ ਤੇ ਕਲੱਬਾਂ ਵਾਲੇ ਉਸ ਨੂੰ ਆਪੋ ਆਪਣੇ ਵੱਲ ਖਿੱਚਣ ਲੱਗ ਪਏ ਸਨ।

ਬੀਹੀਆਂ ਵਿਹੜਿਆਂ 'ਚ ਖੇਡਦਾ ਸਭ ਤੋਂ ਪਹਿਲਾਂ ਉਹ ਆਪਣੇ ਪਿਤਾ ਦੀ ਨਿਗਰਾਨੀ ਹੇਠ ਸਥਾਨਕ ਕਲੱਬ ਸਾਓ ਵਿਸੈਂਟੇ 'ਚ ਖੇਡਣ ਲੱਗਾ। ਉਹ 5+5 ਦੀਆਂ ਟੀਮਾਂ ਬਣਾ ਕੇ ਖੇਡਦੇ। 2003 ਵਿਚ ਉਨ੍ਹਾਂ ਦਾ ਪਰਿਵਾਰ ਸੈਂਟੋਸ ਚਲਾ ਗਿਆ। ਉਥੇ ਉਹ ਪੇਲੇ ਦੇ ਸ਼ੁਰੂ ਕੀਤੇ ਫੁੱਟਬਾਲ ਕਲੱਬ ਵੱਲੋਂ ਚਲਾਈ ਯੂਥ ਅਕੈਡਮੀ 'ਚ ਦਾਖਲ ਹੋ ਗਿਆ। 14 ਸਾਲ ਦੀ ਉਮਰ ਵਿਚ ਉਹ ਸਪੇਨ ਦੇ ਰੀਅਲ ਮੈਡਰਿਡ ਫੁੱਟਬਾਲ ਕਲੱਬ 'ਚ ਥਾਂ ਬਣਾ ਗਿਆ। ਆਪਣੇ ਸ਼ੁਰੂਆਤੀ ਦਿਨਾਂ 'ਚ ਹੀ ਉਸ



ਦੀ ਡ੍ਰਿਬਲਿੰਗ ਤੇ ਗੋਲ ਕਰਨ ਦੀਆਂ ਕਮਾਲਾਂ ਨੇ ਫੁੱਟਬਾਲ ਦੇ ਦਰਸ਼ਕਾਂ ਤੇ ਪਾਰਖੂ ਕੋਚਾਂ ਨੂੰ ਹੈਰਾਨ ਕਰ ਦਿੱਤਾ। ਉਨ੍ਹਾਂ ਨੂੰ ਉਹਦੀ ਖੇਡ 'ਚੋਂ ਮਹਾਨ ਪੇਲੇ ਦੀਆਂ ਝਲਕਾਂ ਦਿਸਣ ਲੱਗੀਆਂ। 2009 ਵਿਚ ਜਦੋਂ ਉਹ 17 ਸਾਲਾਂ ਦਾ ਹੋਇਆ ਤਾਂ ਉਹਦਾ ਕੱਦ 5 ਫੁੱਟ 9 ਇੰਚ ਹੋ ਗਿਆ। ਉਹ ਜਿਹੜਾ ਵੀ ਮੈਚ ਖੇਡਦਾ ਤੇਜ਼-ਤਰਾਰ ਦੌੜ ਨਾਲ ਝਕਾਨੀਆਂ ਦਿੰਦਾ ਗੋਲ ਕਰਨ ਦੀਆਂ 'ਨ੍ਹੇਰੀਆਂ ਲਿਆਈ ਜਾਂਦਾ। ਉਹਦੀ ਪਹਿਲੀ ਵੱਡੀ ਜਿੱਤ 2011 ਵਿਚ ਸੈਂਟੋਸ ਕਲੱਬ ਵੱਲੋਂ ਖੇਡਦਿਆਂ ਲਿਬਰਟਾਡੋਰਸ ਕੱਪ ਜਿੱਤਣ ਨਾਲ ਹੋਈ। ਦੱਖਣੀ ਅਮਰੀਕਾ ਦਾ ਇਹ ਸ਼ਾਨਾਂਮੱਤਾ ਕੱਪ 2012 ਵਿਚ ਵੀ ਉਹ ਜਿੱਤ ਗਏ। ਉਹਦੇ ਨਾਲ ਉਸ ਦੀ ਅਜਿਹੀ ਧੰਨ-ਧੰਨ ਹੋਈ ਕਿ ਵਿਸ਼ਵ ਪੱਧਰ ਦੀਆਂ ਕਲੱਬਾਂ ਦਾ ਉਹ ਚਹੇਤਾ ਖਿਡਾਰੀ ਬਣ ਗਿਆ। ਯੂਰਪ ਦੇ ਕਲੱਬ ਉਸ ਨੂੰ ਪੱਟਣ ਲਈ ਉਹਦੇ ਪਿੱਛੇ ਪੈ ਗਏ।

ਜੂਨ 1913 ਵਿਚ ਵਿਸ਼ਵ ਪ੍ਰਸਿੱਧ ਫੁੱਟਬਾਲ ਕਲੱਬ ਬਾਰਸੀਲੋਨਾ ਨੇ ਨੇਮਾਰ ਨੂੰ ਸੈਂਟੋਸ ਤੋਂ ਪੱਟ ਲਿਆ। 57 ਮਿਲੀਅਨ ਯੂਰੋਆਂ ਨਾਲ ਪੰਜ ਸਾਲਾਂ ਦੇ ਇਕਰਾਰਨਾਮੇ 'ਤੇ ਦਸਤਖ਼ਤ ਕਰਾ ਕੇ ਉਸ ਨੂੰ ਆਪਣੇ ਕਲੱਬ ਦਾ ਖਿਡਾਰੀ ਬਣਾ ਲਿਆ। ਉਸ ਵੇਲੇ ਤਕ ਕਲੱਬ ਤਬਦੀਲੀ ਦਾ ਇਹ ਸਭ ਤੋਂ ਮਹਿੰਗਾ ਸੌਦਾ ਸੀ। ਉਦੋਂ ਬਾਰਸੀਲੋਨਾ ਕਲੱਬ ਲਿਓਨਲ ਮੈਸੀ ਤੇ ਲੂਈਸ ਸੂਆਰੇਜ਼ ਵਰਗੇ ਘਾਗ ਖਿਡਾਰੀਆਂ ਨਾਲ ਭਰਪੂਰ ਸੀ। ਉਨ੍ਹਾਂ ਤੋਂ ਉਸ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ। ਮੈੱਸੀ, ਸੂਆਰੇਜ਼ ਤੇ ਨੇਮਾਰ ਦੀ ਤਿੱਕੜੀ ਨੂੰ ਫੁੱਟਬਾਲ ਜਗਤ ਦੀ ਬਿਹਤਰੀਨ ਤਿੱਕੜੀ ਮੰਨਿਆ ਗਿਆ। ਇਸ ਤਿੱਕੜੀ ਦਾ ਛੋਟਾ ਨਾਂ 'ਐੱਮਐੱਸਐੱਨ' ਵਜੋਂ ਮਸ਼ਹੂਰ ਹੋ ਗਿਆ। ਉਹ ਜਿਹੜਾ ਮੈਚ ਖੇਡਦੇ ਧੰਨ-ਧੰਨ ਕਰਾ ਦਿੰਦੇ। ਨੇਮਾਰ ਦੀ ਸ਼ਮੂਲੀਅਤ ਨਾਲ ਬਾਰਸੀਲੋਨਾ ਕਲੱਬ ਨੇ ਲਾ ਲੀਗਾ ਚੈਂਪੀਅਨਸ਼ਿਪ, ਕੋਪਾ ਡੇਲ ਰੇਅ ਟਾਈਟਲ ਤੇ ਯੂਨੀਅਨ ਆਫ਼ ਯੂਰਪੀਨ ਫੁੱਟਬਾਲ ਐਸੋਸੀਏਸ਼ਨਜ਼ ਚੈਂਪੀਅਨਜ਼ ਲੀਗ ਟਾਈਟਲ ਵੀ ਜਿੱਤ ਲਏ। ਉਨ੍ਹਾਂ ਜਿੱਤਾਂ ਨਾਲ ਬਾਰਸੀਲੋਨਾ ਕਲੱਬ ਦੀਆਂ ਹੋਰ ਵੀ ਚੜ੍ਹ ਮੱਚੀਆਂ।

2013 ਤੋਂ 17 ਤਕ ਨੇਮਾਰ ਨੇ ਬਾਰਸੀਲੋਨਾ ਵੱਲੋਂ 186 ਮੈਚ ਖੇਡੇ ਜਿਨ੍ਹਾਂ 105 ਗੋਲ ਕੀਤੇ। ਬੇਸ਼ਕ ਉਹ ਬਿਹਤਰੀਨ ਖੇਡ, ਖੇਡ ਰਿਹਾ ਸੀ ਪਰ ਉਸ ਤੋਂ ਸੀਨੀਅਰ ਖਿਡਾਰੀ ਲਿਓਨਲ ਮੈੱਸੀ ਦੀ ਬੱਲੇ-ਬੱਲੇ ਉਸ ਤੋਂ ਕਿਤੇ ਵੱਧ ਹੋ ਰਹੀ ਸੀ। ਕਦੇ-ਕਦੇ ਉਹਦੇ ਮਨ 'ਚ ਆਉਂਦੀ ਕਿ ਕਿਸੇ ਤਰ੍ਹਾਂ ਮੈੱਸੀ ਦੇ ਪਰਛਾਵੇਂ ਹੇਠੋਂ ਨਿਕਲਿਆ ਜਾਵੇ। ਅੰਦਰਖਾਤੇ ਕਲੱਬਾਂ ਦੇ ਵਿਚੋਲੇ ਉਸ ਨੂੰ ਬਾਰਸੀਲੋਨਾ ਕਲੱਬ 'ਚੋਂ ਪੱਟ ਕੇ ਪੈਰਿਸ ਸੇਂਟ-ਜਰਮੇਨ ਕਲੱਬ ਵੱਲ ਖਿੱਚਣ ਲੱਗ ਪਏ। ਅਗਸਤ 2017 'ਚ ਜਦੋਂ ਉਹ 25 ਸਾਲਾਂ ਦਾ ਭਰ ਜੁਆਨ ਸੀ ਤਾਂ ਪੀਐੱਸਜੀ ਕਲੱਬ ਉਸ ਨੂੰ 222 ਯੂਰੋ ਦੀ ਰਿਕਾਰਡ ਤੋੜ ਰਕਮ ਝੋਕ ਕੇ ਬਾਰਸੀਲੋਨਾ ਤੋਂ ਤਬਦੀਲ ਕਰਾਉਣ 'ਚ ਕਾਮਯਾਬ ਹੋ ਗਿਆ। ਇਸ ਸੌਦੇ ਨਾਲ ਉਹ ਦੁਨੀਆ ਦਾ ਸਭ ਤੋਂ ਮਹਿੰਗਾ ਖਿਡਾਰੀ ਬਣ ਗਿਆ। ਬਾਰਸੀਲੋਨਾ ਕਲੱਬ ਨੇ ਕੁਝ ਸਮਾਂ ਰੱਟਾ ਪਾਇਆ ਪਰ ਉਹਦੀ ਗੱਲ ਨਾ ਬਣ ਸਕੀ।

ਪੀਐੱਸਜੀ ਵੱਲੋਂ ਪਹਿਲੇ ਸੀਜ਼ਨ ਵਿਚ ਨੇਮਾਰ ਨੇ 30 ਮੈਚ ਹੀ ਖੇਡੇ ਸਨ ਜਿਨ੍ਹਾਂ 'ਚ 28 ਗੋਲ ਕੀਤੇ ਕਿ ਉਸ ਦੇ ਸੱਜੇ ਪੈਰ ਦੀ ਹੱਡੀ ਟੁੱਟ ਗਈ। ਪਰ ਉਸ ਦੀਆਂ ਮੁੱਢਲੀਆਂ ਜਿੱਤਾਂ ਸਦਕਾ ਪੀਐੱਸਜੀ ਨੇ ਕੱਪ ਲੀਗ ਦਾ ਟਾਈਟਲ ਜਿੱਤ ਲਿਆ। ਨੇਮਾਰ ਨੂੰ ਕੁਝ ਸਮਾਂ ਪੈਰ ਦਾ ਇਲਾਜ ਕਰਾਉਣ ਲਈ ਖੇਡ ਮੈਦਾਨ ਤੋਂ ਬਾਹਰ ਰਹਿਣਾ ਪਿਆ। ਪੈਰ ਠੀਕ ਹੋਇਆ ਤਾਂ ਉਹ ਪਹਿਲਾਂ ਤੋਂ ਵੱਧ ਜੋਸ਼ ਨਾਲ ਖੇਡਣ ਲੱਗਾ ਜਿਸ ਸਦਕਾ ਉਹਦੇ ਕਲੱਬ ਨੇ 2017-18 ਨਾਲ 2018-19 ਤੇ 2019-20 ਦੇ ਲੀਗ ਟਾਈਟਲ ਵੀ ਜਿੱਤ ਲਏ। ਇਹ ਸਮਝੋ ਕਿ ਮਹਿੰਗੇ ਮੁੱਲ ਨਾਲ ਲਏ ਨੇਮਾਰ ਨੇ ਮਾਲਕਾਂ ਦਾ ਘਰ ਟਾਈਟਲਾਂ ਨਾਲ ਭਰ ਦਿੱਤਾ। ਕਲੱਬ ਨਾਲ ਉਸ ਦਾ ਇਕਰਾਰਨਾਮਾ 2025 ਤਕ ਵਧਾ ਦਿੱਤਾ ਗਿਆ। ਉਸ ਵੇਲੇ ਰੋਨਾਲਡੋ ਨਾਲ ਮੈੱਸੀ, ਮਬਾਪੇ ਤੇ ਨੇਮਾਰ ਦੀ ਗੁੱਡੀ ਪੂਰੀ ਚੜ੍ਹੀ ਹੋਈ ਸੀ। ਜਿਵੇਂ ਨੇਮਾਰ ਜੂਨੀਅਰ ਨੇ ਸੈਂਟੋਸ ਕਲੱਬ ਵਿਚ ਹੋਣਹਾਰੀ ਵਿਖਾਈ ਸੀ ਤੇ ਬਾਰਸੀਲੋਨਾ ਕਲੱਬ 'ਚ ਨਾਮਣਾ ਖੱਟਿਆ ਸੀ ਉਵੇਂ ਪੀਐੱਸਜੀ ਕਲੱਬ ਵਿਚ ਵੀ ਸ਼ਾਨਾਮੱਤਾ ਰੋਲ ਅਦਾ ਕੀਤਾ। ਉਸ ਨੇ ਨਾ ਸਿਰਫ਼ ਕਲੱਬ ਨੂੰ ਵਾਰ ਵਾਰ ਟਾਈਟਲ ਜਿਤਵਾਏ, ਸਗੋਂ ਫਰਾਂਸ ਦੇ ਖਿਡਾਰੀਆਂ ਨੂੰ ਖੇਡ ਦੇ ਨਵੇਂ ਗੁਰ ਵੀ ਸਿਖਾਏ। ਇੰਜ ਉਸ ਦੀ ਖੇਡ ਸ਼ੈਲੀ ਨੇ ਫਰਾਂਸ ਦੇ ਫੁੱਟਬਾਲ ਮੰਚ ਨੂੰ ਨਵਾਂ ਰੁਖ ਪਰਦਾਨ ਕੀਤਾ। ਉਸ ਦੀ ਫੁਰਤੀ, ਝਕਾਨੀ ਅਤੇ ਖੇਡ 'ਤੇ ਕੰਟਰੋਲ ਨੇ ਕਲੱਬ ਦੀ ਟੀਮ ਨੂੰ ਬੜੀ ਮਜ਼ਬੂਤ ਟੀਮ ਬਣਾ ਦਿੱਤਾ ਸੀ। 2020 ਵਿਚ ਉਨ੍ਹਾਂ ਦੇ ਕਲੱਬ ਦੀ ਟੀਮ ਵਿਸ਼ਵ ਦੀ ਚੋਟੀ ਦੀ ਟੀਮ ਮੰਨੀ ਗਈ।

ਕਲੱਬਾਂ ਵੱਲੋਂ ਖੇਡਣ ਦੇ ਨਾਲ-ਨਾਲ ਨੇਮਾਰ ਦਾ ਬ੍ਰਾਜ਼ੀਲ ਦੀਆਂ ਕੌਮੀ ਟੀਮਾਂ ਲਈ ਖੇਡਣਾ ਵੀ ਸਲਾਹੁਣਯੋਗ ਹੈ। ਬ੍ਰਾਜ਼ੀਲ ਲਈ ਉਸ ਨੇ ਸ਼ਾਨਦਾਰ ਭੂਮਿਕਾ ਨਿਭਾਈ। ਇਸੇ ਲਈ ਉਸ ਨੂੰ ਬ੍ਰਾਜ਼ੀਲੀਆਂ ਦੀ ਆਨ-ਸ਼ਾਨ ਸਮਝਿਆ ਜਾਂਦਾ ਹੈ। ਉਹ 2011 ਤੋਂ ਹੀ ਬ੍ਰਾਜ਼ੀਲ ਦੀਆਂ ਕੌਮੀ ਟੀਮਾਂ ਵੱਲੋਂ ਅੰਤਰਰਾਸ਼ਟਰੀ ਮੈਚ ਖੇਡਦਾ ਆ ਰਿਹੈ। 2013 ਵਿਚ ਨੇਮਾਰ ਨੇ 10 ਨੰਬਰ ਪੁਸ਼ਾਕ ਨਾਲ ਫਾਰਵਰਡ ਖਿਡਾਰੀ ਬਣ ਕੇ ਬ੍ਰਾਜ਼ੀਲ ਨੂੰ ਕਨਫੈਡਰੇਸ਼ਨ ਕੱਪ ਜਿਤਵਾਇਆ। ਉਸ ਕੱਪ ਦਾ ਉਹ ਬਿਹਤਰੀਨ ਖਿਡਾਰੀ ਮੰਨਿਆ ਗਿਆ। ਫਿਰ ਉਸ ਦੀਆਂ ਨਜ਼ਰਾਂ ਫੀਫਾ ਵਿਸ਼ਵ ਕੱਪ 'ਤੇ ਲੱਗ ਗਈਆਂ।

2014 ਦਾ ਫੀਫਾ ਕੱਪ ਉਸ ਦੇ ਆਪਣੇ ਮੁਲਕ ਬ੍ਰਾਜ਼ੀਲ ਵਿਚ ਹੀ ਹੋ ਰਿਹਾ ਸੀ। ਨੇਮਾਰ ਬ੍ਰਾਜ਼ੀਲ ਦੀ ਟੀਮ ਦੇ ਮੁੱਖ ਖਿਡਾਰੀ ਵਜੋਂ ਮੈਦਾਨ 'ਚ ਨਿੱਤਰਿਆ। ਉਸ ਦੀ ਖੇਡ ਦੇ ਬਲਬੂਤੇ ਬ੍ਰਾਜ਼ੀਲ ਨੇ ਕੱਪ ਦੇ ਕੁਆਟਰ ਫਾਈਨਲ ਲਈ ਕੁਆਲੀਫਾਈ ਕਰਨ ਵਾਲੇ ਗਰੁੱਪ ਮੈਚ ਜਿੱਤ ਲਏ। ਕੋਲੰਬੀਆ ਵਿਰੁੱਧ ਕੁਆਟਰ ਫਾਈਨਲ ਮੈਚ ਦੌਰਾਨ ਉਸ ਦੇ ਗੰਭੀਰ ਸੱਟ ਲੱਗ ਗਈ। ਮੈਚ ਫਿਰ ਵੀ ਬ੍ਰਾਜ਼ੀਲ ਦੀ ਟੀਮ ਨੇ ਜਿੱਤ ਲਿਆ। ਸੈਮੀ ਫਾਈਨਲ ਮੈਚ ਖੇਡਣ ਦੇ ਉਹ ਯੋਗ ਨਹੀਂ ਸੀ ਰਿਹਾ। ਨੇਮਾਰ ਦੀ ਗ਼ੈਰਹਾਜ਼ਰੀ 'ਚ ਜਰਮਨੀ ਵਿਰੁੱਧ ਖੇਡਿਆ ਸੈਮੀ ਫਾਈਨਲ ਮੈਚ ਬ੍ਰਾਜ਼ੀਲ ਦੀ ਟੀਮ ਆਪਣੇ ਹੀ ਦਰਸ਼ਕਾਂ ਸਾਹਵੇਂ 7-1 ਗੋਲਾਂ ਦੇ ਵੱਡੇ ਫਰਕ ਨਾਲ ਹਾਰ ਗਈ।

ਸੱਟਾਂ ਫੇਟਾਂ ਖੇਡਾਂ ਦਾ ਅੰਗ ਮੰਨੀਆਂ ਜਾਂਦੀਆਂ ਹਨ। ਨੇਮਾਰ ਦੇ ਪੇਸ਼ਾਵਰਾਨਾ ਖੇਡ ਸਫ਼ਰ 'ਚ ਸੱਟਾਂ ਫੇਟਾਂ ਨੇ ਕਈ ਵਾਰ ਰੁਕਾਵਟ ਪਾਈ। ਉਹ ਕਈ ਮਹੱਤਵਪੂਰਨ ਮੈਚਾਂ 'ਚ ਭਾਗ ਨਾ ਲੈ ਸਕਿਆ। ਵਧੇਰੇ ਸੱਟਾਂ ਪੈਰਾਂ ਦੀਆਂ ਹੱਡੀਆਂ ਤੇ ਗੋਡਿਆਂ ਦੀਆਂ ਚੱਪਣੀਆਂ 'ਚ ਵੱਜਦੀਆਂ ਰਹੀਆਂ। ਪਰ ਉਹ ਹਰੇਕ ਵਾਰ ਸੱਟਾਂ ਫੇਟਾਂ 'ਚੋਂ ਮੁੜ ਉਭਰਦਾ ਰਿਹਾ। 2022 ਦੇ ਫੀਫਾ ਵਿਸ਼ਵ ਕੱਪ 'ਚ ਉਸ ਨੇ ਫਿਰ ਕਮਾਲ ਦੀ ਖੇਡ ਵਿਖਾਈ ਬੇਸ਼ਕ ਛੇਵੀਂ ਵਾਰ ਕੱਪ ਨਾ ਜਿੱਤਿਆ ਜਾ ਸਕਿਆ। ਨੇਮਾਰ ਨਾ ਸਿਰਫ਼ ਖੇਡ ਮੈਦਾਨ 'ਚ ਬਲਕਿ ਨਿੱਜੀ ਜੀਵਨ 'ਚ ਵੀ ਬੇਹੱਦ ਚਰਚਿਤ ਰਿਹਾ।

ਉਹ ਸਮਾਜਿਕ ਕਾਰਜਾਂ ਵਿਚ ਭਰਵਾਂ ਯੋਗਦਾਨ ਪਾਉਂਦਾ ਆ ਰਿਹੈ। ਉਸ ਦਾ ਸਥਾਪਿਤ ਕੀਤਾ 'ਨੇਮਾਰ ਜੂਨੀਅਰ ਪ੍ਰੋਜੈਕਟ ਇੰਸਟੀਚਿਊਟ' ਹੈ ਜੋ ਬ੍ਰਾਜ਼ੀਲ ਦੇ ਪਛੜੇ ਇਲਾਕਿਆਂ 'ਚ ਬੱਚਿਆਂ ਨੂੰ ਸਿੱਖਿਆ, ਸਿਹਤ ਅਤੇ ਖੇਡ ਸਹੂਲਤਾਂ ਮੁਹੱਈਆ ਕਰਦਾ ਹੈ। ਉਸ ਨੇ ਕੋਵਿਡ-19 ਦੀ ਮਹਾਮਾਰੀ ਦੌਰਾਨ ਆਪਣੀ ਕਾਫੀ ਸਾਰੀ ਜਾਇਦਾਦ ਹਸਪਤਾਲ ਨੂੰ ਦਾਨ ਕੀਤੀ। ਨੇਮਾਰ ਅਜੇ ਵੀ ਸਰਗਰਮ ਖਿਡਾਰੀ ਹੈ ਤੇ ਰੋਨਾਲਡੋ ਨਾਲ ਅਰਬ ਦੇ ਧਨਵਾਨ ਫੁੱਟਬਾਲ ਕਲੱਬ ਵੱਲੋਂ 2023 ਤੋਂ ਖੇਡ ਰਿਹੈ। ਉਸ ਨੂੰ ਬ੍ਰਾਜ਼ੀਲ ਵੱਲੋਂ 2026 ਦਾ ਫੀਫਾ ਵਿਸ਼ਵ ਕੱਪ ਜਿੱਤਣ ਦੀ ਪੂਰੀ ਆਸ ਹੈ। ਉਸ ਦੇ ਖੇਡ ਸਫ਼ਰ ਨੂੰ ਵੇਖਦਿਆਂ ਆਸ ਬੱਝਦੀ ਹੈ ਕਿ ਆਉਂਦੇ ਦਿਨਾਂ 'ਚ ਉਹ ਹੋਰ ਵੀ ਚਮਕੇਗਾ ਤੇ ਕੁਝ ਨਵਾਂ ਕਰ ਵਿਖਾਏਗਾ। ਕੀ ਪਤਾ ਉਸ ਦੀ ਅਗਵਾਈ 'ਚ ਬ੍ਰਾਜ਼ੀਲ ਛੇਵਾਂ ਫੀਫਾ ਕੱਪ ਜਿੱਤ ਜਾਵੇ ਤੇ ਕਈ ਅਵਾਰਡਾਂ ਨਾਲ ਸਨਮਾਨੇ ਨੇਮਾਰ ਨੂੰ ਫੁੱਟਬਾਲ ਦਾ ਸਭ ਤੋਂ ਵੱਡਾ ਅਵਾਰਡ ਬੈਲਨ ਡੀ ਓਰ ਵੀ ਮਿਲ ਜਾਵੇ!

---

# ਨਿੱਕੇ ਪੈਰਾਂ ਨਾਲ ਵੱਡੀਆਂ ਪੈੜਾਂ ਪਾਉਣ ਵਾਲਾ ਨਿੰਦਰ ਘੁਗਿਆਣਵੀ

ਨਿੰਦਰ ਘੁਗਿਆਣਵੀ ਨਿੱਕੇ ਕੱਦ ਦਾ ਕੱਦਾਵਰ ਲੇਖਕ ਹੈ। ਜਿੰਨੇ ਕਿਲੋ ਉਹਦਾ ਆਪਣਾ ਭਾਰ ਹੈ ਓਦੂੰ ਵੱਧ ਭਾਰ ਉਹਦੀਆਂ ਪੁਸਤਕਾਂ ਦਾ ਹੋਵੇਗਾ!

## ਕੇਂਦਰੀ ਯੂਨੀਵਰਸਿਟੀ ਬਠਿੰਡੇ ਦਾ ਬਣਿਆ ਪ੍ਰੋਫ਼ੈਸਰ ਆਫ਼ ਪ੍ਰੈਕਟਿਸ

2020 'ਚ ਛਪੀ ਉਹਦੀ 61ਵੀਂ ਕਿਤਾਬ 'ਨਿੱਕੇ ਪੈਰਾਂ ਦੀਆਂ ਪੈੜਾਂ' ਦਾ ਪਹਿਲਾ ਲੇਖ 'ਸਾਹਾਂ 'ਚ ਵਸਦਾ ਪਿੰਡ' ਇੰਜ ਸ਼ੁਰੂ ਹੁੰਦਾ ਹੈ: ਪਿੰਡੋਂ ਪਹਿਲਾ ਕਦਮ ਤੁਰਦਾ, ਪਤਾ ਨਹੀਂ ਸੀ ਹੁੰਦਾ ਕਿੱਧਰ ਜਾਣਾ ਹੈ, ਕਿੱਧਰ ਨਹੀਂ। ਦਿਨ-ਰਾਤ ਤੇ ਪਤੇ ਟਿਕਾਣੇ ਮਿੱਥੇ ਜਾਂ ਜਾਣੇ-ਪਛਾਣੇ ਨਹੀਂ ਸਨ ਹੁੰਦੇ। ਕਈ ਵਾਰੀ ਘੁਸਮੁਸੀ ਆਥਣੇ ਤੇ ਕਈ ਵਾਰੀ ਘੁੱਪ-ਹਨ੍ਹੇਰੇ ਹੋਏ ਤੋਂ, ਕਈ ਵਾਰੀ ਕਈ-ਕਈ ਦਿਨਾਂ ਬਾਅਦ ਪਿੰਡ ਮੁੜਦਾ ਸਾਂ। ਪਤਾ ਨਹੀਂ ਕਿਉਂ, ਪਿੰਡ ਆ ਕੇ ਅਨੋਖੀ ਊਰਜਾ ਨਾਲ ਭਰ ਜਾਂਦਾ ਸਾਂ ਤੇ ਤਾਜ਼ਾ ਦਮ ਹੋ ਕੇ ਫਿਰ ਤੁਰ ਪੈਂਦਾ ਸਾਂ...।

ਮੈਂ ਪਿੰਡ ਹੀ ਜੰਮਿਆ-ਪਲਿਆ। ਸਕੂਲ ਦੀ ਰੇਤ ਉਤੇ ਲਿਟਿਆ। ਖੇਤਾਂ ਦੇ ਪਹਿਆਂ ਉਤੇ ਦੌੜਿਆ। ਪਿਤਾ ਦੀ ਉਂਗਲੀ ਫੜ ਕੇ ਮੇਲੇ ਦੇਖੇ ਤੇ ਗਵੱਈਆਂ ਦੇ ਅਖਾੜੇ ਵੀ। ਬਚਪਨ ਸੁਹਣਾ ਬੀਤਿਆ। ਜੁਆਨ ਹੋਇਆ। ਪਿੰਡ ਦੇ ਸਾਹਾਂ 'ਚ ਸਾਹ ਲਿਆ। ਉਸ ਨੂੰ ਆਪਣੀ ਰਤਾ ਕੁ ਮਸ਼ਹੂਰੀ ਹੋਣ ਨਾਲ ਛੱਡ ਕੇ ਕਿਸੇ ਵੱਡੇ ਸ਼ਹਿਰ ਤੁਰ ਜਾਣਾ, ਮੇਰੇ ਵਰਗੇ ਜਜ਼ਬਾਤੀ ਬੰਦੇ ਲਈ ਸਹਿਜ ਨਹੀਂ ਸੀ। ਦੂਜੀ ਵੱਡੀ ਗੱਲ ਕਿ ਜਿਸ ਪਿੰਡ ਦਾ ਨਾਂ, ਮੈਂ ਆਪਣੇ ਨਾਂ ਨਾਲ ਜੋੜ ਕੇ ਆਪਣੀ ਪਹਿਚਾਣ ਬਣਾਈ ਹੋਵੇ ਉਹਨੂੰ 'ਬਾਏ ਬਾਏ' ਕਹਿਣਾ ਸੌਖਾ ਨਹੀਂ। ਖ਼ੈਰ! ਮੈਂ ਪਿੰਡੋਂ ਹੀ ਪਹਿਲੀ ਵਾਰੀ ਲੁਧਿਆਣੇ ਨੂੰ ਤੁਰਿਆ ਸੀ ਪਿਓ ਦੀ ਉਂਗਲ ਫੜ ਕੇ, ਉਸਤਾਦ ਲਾਲ ਚੰਦ ਯਮਲੇ ਜੱਟ ਦਾ ਚੇਲਾ ਬਣਨ ਨੂੰ। ਹੋਵਾਂ ਚਾਹੇ ਲੰਡਨ, ਨਿਊ ਯਾਰਕ ਜਾਂ ਟੋਰਾਂਟੋ, ਸੁਪਨੇ 'ਚ ਪਿੰਡ ਹੀ ਯਾਦ ਆਉਂਦਾ ਹੈ। ਸੱਤ ਸਮੁੰਦਰੋਂ ਪਾਰ ਜਾ ਕੇ ਆਖ਼ਿਰ ਪਿੰਡ ਪਰਤ ਆਉਂਦਾ ਹਾਂ। ਪਿੰਡ ਮੁੜਦਿਆਂ ਅਨੋਖਾ ਸਕੂਨ ਮਿਲਦਾ ਹੈ। ਆਖ਼ਿਰ ਕੀ ਅਜਿਹੀ ਖਿੱਚ ਹੈ ਆਪਣੇ ਸਾਹਾਂ 'ਚ ਵਸੇ ਪਿੰਡ ਅੰਦਰ? ਇਹ ਮਹਿਸੂਸ ਹੀ ਕੀਤੀ ਜਾ ਸਕਦੀ ਹੈ, ਦੱਸੀ-ਪੁੱਛੀ ਨਹੀਂ ਜਾ ਸਕਦੀ...।

ਹੈਰਤ ਹੁੰਦੀ ਹੈ ਉਹਦੀ ਲਿਖਣ ਦੀ ਰਫ਼ਤਾਰ ਵੇਖ ਕੇ! ਉਸ ਨੇ ਸਕੂਲੇ ਪੜ੍ਹਦਿਆਂ ਲਿਖਣਾ ਸ਼ੁਰੂ ਕੀਤਾ ਸੀ ਤੇ ਹੁਣ ਕਿਤਾਬਾਂ ਦਾ ਬੋਹਲ ਲਾਈ ਬੈਠਾ ਹੈ। ਕੁਝ ਸਾਲਾਂ ਤੋਂ ਪੀਪੀਐੱਸ ਤੇ ਪੀਏਐੱਸ ਅਫ਼ਸਰਾਂ ਨੂੰ ਸਭਿਆਚਾਰਕ ਭਾਸ਼ਨ ਦੇ ਰਿਹੈ। ਆਈਏਐੱਸ ਤੇ ਆਈਪੀਐੱਸ ਅਫਸਰਾਂ ਨਾਲ ਹਾਸਾ ਮਖੌਲ ਕਰ ਰਿਹੈ। ਨਕਲਾਂ ਲਾਹੁਣ 'ਚ ਸਾਨੂੰ ਚਾਚਿਆਂ-ਤਾਇਆਂ ਨੂੰ ਵੀ ਨਹੀਂ ਬਖ਼ਸ਼ਦਾ। ਬਥੇਰਾ ਸਮਝਾਈਦਾ ਪਰ ਕਿੱਥੇ?

ਨੌਂ ਜਮਾਤਾਂ ਪੜ੍ਹੇ ਨਿੰਦਰ ਦੀਆਂ ਕਿਤਾਬਾਂ ਕਾਲਜਾਂ 'ਚ ਪੜ੍ਹਾਈਆਂ ਜਾ ਰਹੀਆਂ ਤੇ ਉਨ੍ਹਾਂ 'ਤੇ ਯੂਨੀਵਰਸਿਟੀਆਂ 'ਚ ਐੱਮ ਫ਼ਿੱਲਾਂ ਤੇ ਪੀਐੱਚ ਡੀਆਂ ਹੋ ਰਹੀਆਂ। ਆਏ ਸਾਲ ਉਹ ਇਕ-ਦੋ ਨਹੀਂ, ਚਾਰ-ਪੰਜ ਪੁਸਤਕਾਂ ਪ੍ਰਕਾਸ਼ਿਤ ਕਰਵਾਉਂਦਾ ਆ ਰਿਹੈ। ਜੀਵਨੀਆਂ, ਸਵੈ-ਜੀਵਨੀਆਂ, ਸਫ਼ਰਨਾਮੇ, ਰੇਡੀਓਨਾਮੇ, ਟੀਵੀਨਾਮੇ, ਰੇਖਾ ਚਿੱਤਰ, ਸ਼ਬਦ ਚਿੱਤਰ, ਲਲਿਤ ਨਿਬੰਧ, ਯਾਦਾਂ, ਇੰਟਰਵਿਊਆਂ, ਡਾਇਰੀਆਂ, ਅਖ਼ਬਾਰਾਂ ਰਸਾਲਿਆਂ ਦੇ ਸਥਾਈ ਕਾਲਮ, ਫੁਟਕਲ ਰਚਨਾਵਾਂ ਤੇ ਚਲੰਤ ਖ਼ਬਰਾਂ। ਉਹ ਤੂਫ਼ਾਨ ਮੇਲ ਲੇਖਕ ਨਹੀਂ ਤਾਂ ਹੋਰ ਕੀ ਐ? ਉਹਨੇ ਯੂਨੀਵਰਸਿਟੀਆਂ ਤੇ ਨਾਮੀ ਅਦਾਰਿਆਂ ਲਈ ਅਨੇਕਾਂ ਪੁਸਤਕਾਂ ਦਾ ਸੰਪਾਦਨ ਕੀਤਾ ਹੈ। ਉਹਦੀਆਂ ਕਈ ਕਿਤਾਬਾਂ ਦੇ ਅਨੁਵਾਦ ਹੋਏ, ਫਿਲਮਾਂ ਬਣੀਆਂ ਤੇ ਮਾਣ-ਸਨਮਾਨ ਮਿਲੇ। ਉਹਦੀ ਵਾਰਤਕ ਵਗਦੀ 'ਵਾ ਵਰਗੀ ਹੈ ਜੋ ਕਦੇ-ਕਦੇ ਵਾਵਰੋਲੇ ਵੀ ਬਣ ਜਾਂਦੀ ਹੈ। ਪਾਠਕਾਂ ਨੂੰ ਉਹ ਆਪਣੇ ਵੇਗ ਨਾਲ ਹੀ ਖਿੱਚੀ ਤੁਰੀ ਜਾਂਦੀ ਹੈ। ਜਿਹੜਾ ਇਕ ਵਾਰ ਉਹਦੀ ਗ੍ਰਿਫ਼ਤ 'ਚ ਆਇਆ ਮੁੜ ਕੇ ਨਹੀਂ ਨਿਕਲ ਸਕਿਆ। ਸੱਤਰ ਕੁ ਪੁਸਤਕਾਂ ਤਾਂ ਉਸ ਨੇ ਰਚ ਹੀ ਲਈਆਂ ਨੇ, ਲੱਗਦੈ ਸੈਂਕੜਾ ਮਾਰਨ ਦਾ ਰਿਕਾਰਡ ਵੀ ਛੇਤੀ ਤੋੜੇਗਾ। ਚੌਕੇ ਛਿੱਕੇ ਜੁ ਲਾਈ ਜਾਂਦਾ ਹੋਇਆ! ਉਹ ਸਾਥੋਂ ਪਿੱਛੋਂ ਤੁਰ ਕੇ ਅੱਗੇ ਨਿਕਲ ਗਿਆ। ਪ੍ਰੋਫ਼ੈਸਰ ਆਫ਼ ਪ੍ਰੈਕਟਿਸ ਬਣ ਹੀ ਗਿਐ ਜਿਸ ਦੀਆਂ ਹਾਰਦਿਕ ਮੁਬਾਰਕਾਂ! ਪ੍ਰੈਕਟਿਸ ਨਾਲ ਜਿਵੇਂ ਯੂਨੀਵਰਸਿਟੀ ਦਾ ਪ੍ਰੋਫ਼ੈਸਰ ਬਣਿਆ, ਜਿਵੇਂ ਖਿਡਾਰੀ ਚੈਂਪੀਅਨ ਬਣਦੇ ਹਨ ਉਵੇਂ ਉਹ ਕਿਸੇ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਵੀ ਬਣ ਸਕਦੈ। ਸਾਡੀਆਂ ਵਡੇਰਿਆਂ ਦੀਆਂ ਸ਼ੁਭ ਇਛਾਵਾਂ ਉਹਦੇ ਨਾਲ ਹਨ।

*-ਪ੍ਰਿੰ. ਸਰਵਣ ਸਿੰਘ*

# ਬਿਜਲਈ ਸੰਚਾਰ ਮਾਧਿਅਮ ਦੇ ਬਿਖੜੇ ਪੈਂਡੇ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਪੰਜਾਬ ਵਿਚ ਡੱਬਵਾਲੀ ਨੇੜਲੇ ਪਿੰਡ ਗਿੱਦੜਖੇੜਾ ਤੋਂ ਸਤੰਬਰ ਮਹੀਨੇ ਦੇ ਅੰਤਲੇ ਦਿਨ ਦੀ ਇੱਕ ਖਬਰ ਅਤਿਅੰਤ ਚਿੰਤਾਜਨਕ ਹੈ। ਹਰਪਾਲ ਵੱਲੋਂ ਕੀਤੀ ਜਾ ਰਹੀ ਮੋਬਾਈਲ ਦੀ ਅਨ੍ਹੇਵਾਹ ਵਰਤੋਂ ਨੇ ਮਾਪਿਆਂ ਨੂੰ ਏਨਾ ਪ੍ਰੇਸ਼ਾਨ ਕੀਤਾ ਕਿ ਉਨ੍ਹਾਂ ਨੇ ਉਸ ਤੋਂ ਮੋਬਾਈਲ ਖੋਹ ਲਿਆ। ਬਦਲੇ ਵਿਚ ਹਰਪਾਲ ਨੇ ਮਾਤਾ ਮਲਕੀਤ ਕੌਰ ਤੇ ਪਿਤਾ ਜਸਵੰਤ ਸਿੰਘ ਨੂੰ ਨੀਂਦ ਦੀਆਂ ਗੋਲੀਆਂ ਨਾਲ ਬੇਸੁੱਧ ਕਰ ਕੇ ਸਬਲ ਨਾਲ ਦੋਨਾਂ ਦੀ ਹੱਤਿਆ ਕਰ ਕੇ ਉਨ੍ਹਾਂ ਦੀਆਂ ਦੇਹਾਂ ਨੂੰ ਅੱਗ ਲਾ ਦਿੱਤੀ। ਦੇਖਣ ਸੁਣਨ ਵਾਲਿਆਂ ਨੂੰ ਕਿਹਾ ਕਿ ਉਨ੍ਹਾਂ ਨੇ ਆਤਮ ਹੱਤਿਆ ਕੀਤੀ ਹੈ। ਸੱਚਾਈ ਸਾਹਮਣੇ ਆਈ ਤਾਂ ਪੁਲੀਸ ਨੇ ਪੁੱਤਰ ਨੂੰ ਗ੍ਰਿਫਤਾਰ ਕਰ ਲਿਆ ਤਾਂ ਭਾਈਚਾਰੇ ਵਿਚ ਸੋਗ ਦੀ ਲਹਿਰ ਫੈਲ ਗਈ।

ਇੰਟਰਨੈੱਟ, ਗੂਗਲ ਤੇ ਮੋਬਾਈਲ ਆਦਿ ਬਿਜਲਈ ਵਿਧੀਆਂ ਪੂਰੇ ਸੰਸਾਰ ਵਿਚ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਇਨ੍ਹਾਂ ਦੇ ਫਾਇਦਿਆਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਦੁਰਵਰਤੋਂ ਦੇ ਕਾਰੇ ਤੇ ਕਰਤੂਤਾਂ ਵੀ ਦਿਨ ਪਰ ਦਿਨ ਸਾਹਮਣੇ ਆ ਰਹੇ ਹਨ। ਖਾਸ ਕਰਕੇ ਅੱਲ੍ਹੜ ਤੇ ਨਾਦਾਨ ਬੱਚਿਆਂ ਦੀ ਪਹੁੰਚ ਵਿਚ ਆਉਣ ਸਦਕਾ। ਹੁਣ ਤਾਂ ਆਨਲਾਈਨ ਖੇਡਾਂ ਤੇ ਵਰਤ ਵਰਤਾਰੇ ਨੇ ਰਾਜਨੀਤਕ ਤੇ ਸਮਾਜਕ ਨੇਤਾਵਾਂ ਦਾ ਧਿਆਨ ਵੀ ਖਿੱਚ ਲਿਆ ਹੈ। ਸੈਲਫੀ ਲੈਂਦਿਆਂ ਦੇਹਾਂਤ ਹੋਣ ਦੀਆਂ ਖ਼ਬਰਾਂ ਤਾਂ ਆਮ ਹੀ ਹਨ। ਮਾਪਿਆਂ ਦੀ ਹੱਤਿਆ ਨਵੀਂ ਗੱਲ ਹੈ। ਮਾਪਿਆਂ ਦੇ ਇਕ ਵੱਡੇ ਹਿੱਸੇ ਦਾ ਮੰਨਣਾ ਹੈ ਕਿ ਬੱਚਿਆਂ ਨੂੰ ਆਪਣੇ ਕੰਪਿਊਟਰ ਅਤੇ ਮੋਬਾਈਲ ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਅਸਲ ਜੀਵਨ ਦੇ ਅਨੁਭਵ ਪ੍ਰਾਪਤ ਕਰਨੇ ਚਾਹੀਦੇ ਹਨ। ਆਨਲਾਈਨ ਅਣਜਾਣ ਲੋਕਾਂ ਨਾਲ ਜੁੜਨ ਦੀ ਬਜਾਏ ਬੱਚਿਆਂ ਨੂੰ ਆਲੇ-ਦੁਆਲੇ ਦੇ ਇਲਾਕੇ, ਬਸਤੀ ਜਾਂ ਪਿੰਡ ਦੇ ਅਸਲੀ ਲੋਕਾਂ ਨੂੰ ਮਿਲਣਾ ਸਮਾਜਿਕ ਅਤੇ ਭਾਸ਼ਾਈ ਵਿਕਾਸ ਵਿਚ ਮਦਦਗਾਰ ਹੋਵੇਗਾ।

ਤਾਮਿਲਨਾਡੂ ਵਿਚ ਲਗਭਗ 20 ਫ਼ੀਸਦੀ ਵਿਦਿਆਰਥੀ ਆਨਲਾਈਨ ਗੇਮਾਂ ਦੇ ਆਦੀ ਹਨ। ਉੱਥੇ ਕਰਵਾਏ ਗਏ ਇੱਕ ਅਧਿਐਨ ਵਿਚ ਸਕੂਲ ਅਤੇ ਉੱਚ ਸਿੱਖਿਆ ਦੇ ਵਿਦਿਆਰਥੀ ਸ਼ਾਮਲ ਸਨ। ਜੈਪੁਰ, ਰਾਜਸਥਾਨ ਦੇ ਇੱਕ ਮਨੋਵਿਗਿਆਨਕ ਹਸਪਤਾਲ ਨੇ ਇੰਟਰਨੈੱਟ ਦੀ ਲਤ ਕਾਰਨ ਬੱਚਿਆਂ ਵਿਚ ਵਿਹਾਰਕ ਤਬਦੀਲੀਆਂ ਬਾਰੇ ਖੋਜ ਕੀਤੀ ਹੈ ਅਤੇ ਦਿੱਲੀ, ਉੱਤਰ ਪ੍ਰਦੇਸ਼ ਸਮੇਤ ਹੋਰ ਰਾਜਾਂ ਵਿਚ ਮਾਪਿਆਂ, ਅਧਿਆਪਕਾਂ ਅਤੇ ਮਨੋਵਿਗਿਆਨੀਆਂ ਨੇ ਅਨੁਭਵ ਕੀਤਾ ਹੈ ਕਿ ਬੱਚਿਆਂ ਵੱਲੋਂ ਲੰਮੇ ਸਮੇਂ ਤੱਕ ਕੰਪਿਊਟਰ-ਇੰਟਰਨੈੱਟ ਦੀ ਵਰਤੋਂ ਕਰਨ ਅਤੇ ਲੰਬੇ ਸਮੇਂ ਤੱਕ ਆਨਲਾਈਨ ਗੇਮਾਂ ਖੇਡਣ ਕਾਰਨ ਮਨੋਵਿਗਿਆਨਕ ਅਤੇ ਸਰੀਰਕ ਚੁਣੌਤੀਆਂ ਪੈਦਾ ਹੋ ਰਹੀਆਂ ਹਨ। ਦਿੱਲੀ ਅਤੇ ਗੁਆਂਢੀ ਰਾਜਾਂ ਦੇ ਹਸਪਤਾਲਾਂ ਵਿਚ ਦਿਮਾਗੀ ਅਤੇ ਸਿਰ ਦਰਦ ਦੀਆਂ ਸਮੱਸਿਆਵਾਂ ਤੋਂ ਪੀੜਤ ਬੱਚਿਆਂ ਦੀ ਗਿਣਤੀ ਵਧ ਰਹੀ ਹੈ। ਬੱਚਿਆਂ ਦੀ ਨਜ਼ਰ ਕਮਜ਼ੋਰ ਹੋ ਰਹੀ ਹੈ ਅਤੇ ਕਮਰ ਦਰਦ ਵਧ ਰਹੀ ਹੈ। ਜੇਕਰ ਬਾਰਾਂ ਤੋਂ ਅਠਾਰਾਂ ਸਾਲ ਦੇ ਬੱਚਿਆਂ ਵਿਚ 'ਸਕ੍ਰੀਨ ਟਾਈਮ' ਜ਼ਿਆਦਾ ਹੋਣ ਕਾਰਨ ਬੇਚੈਨੀ, ਇਕੱਲਾਪਣ ਤੇ ਗੁੱਸਾ, ਇਨਸੋਮਨੀਆਂ ਅਤੇ ਪੜ੍ਹਾਈ 'ਚ ਰੁਚੀ ਦੀ ਕਮੀ ਵਰਗੇ ਲੱਛਣ ਦਿਖਾਈ ਦਿੰਦੇ ਹਨ ਤਾਂ ਇਹ ਚਿੰਤਾ ਦੀ ਗੱਲ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਜੇਕਰ ਕੋਈ ਬੱਚਾ ਇੱਕ ਘੰਟੇ ਤੱਕ ਫ਼ੋਨ ਦੀ ਵਰਤੋਂ ਕਰਦਾ ਹੈ, ਤਾਂ ਉਸਦੀ ਨੀਂਦ ਸੋਲਾਂ ਮਿੰਟਾਂ ਤੱਕ ਘਟ ਜਾਂਦੀ ਹੈ। ਜਦੋਂ ਨੀਂਦ ਪੂਰੀ ਨਹੀਂ ਹੁੰਦੀ ਹੈ, ਤਾਂ ਇਕਾਗਰਤਾ ਅਤੇ ਵਿਵਹਾਰ ਦੀ ਕਮੀ ਹੋਵੇਗੀ ਅਤੇ ਭਾਸ਼ਾ ਹਮਲਾਵਰ ਹੋ ਸਕਦੀ ਹੈ। ਭਾਸ਼ਾ ਦਾ ਹਾਵੀ ਹੋਣਾ ਤਾਂ ਇਕ ਪਾਸੇ ਰਿਹਾ। ਬਾਹੂ-ਬਲ ਦੀ ਵਰਤੋਂ ਵੀ ਵਧ ਰਹੀ ਹੈ। ਮਾਪਿਆਂ ਦੀ ਹੱਤਿਆ ਇਸੇ ਦਾ ਨਤੀਜਾ ਹੈ।

ਮਾਪੇ ਸਮਝ ਨਹੀਂ ਪਾ ਰਹੇ ਕਿ ਬੱਚਿਆਂ ਨੂੰ ਸਰੀਰਕ ਸਿਹਤ ਲਈ ਖੇਡ ਦੇ ਮੈਦਾਨ ਵਿਚ ਕਿਵੇਂ ਭੇਜਣਾ ਹੈ। ਟੈਕਨਾਲੋਜੀ ਸਾਡੀ ਜ਼ਿੰਦਗੀ ਨੂੰ ਕੁਝ ਸੋਖ ਦੇ ਰਹੀ ਹੈ, ਪਰ



ਵਧਦੀਆਂ ਸਮੱਸਿਆਵਾਂ ਹੁਣ ਘਰਾਂ ਦੇ ਅੰਦਰ ਦਿਖਾਈ ਦੇਣ ਲੱਗ ਪਈਆਂ ਹਨ। ਅੱਜ ਦੇ ਬੱਚਿਆਂ ਦਾ ਬਾਹਰੀ ਸੰਸਾਰ ਮੁੱਖ ਤੌਰ 'ਤੇ ਸੋਸ਼ਲ ਮੀਡੀਆ ਦੁਆਲੇ ਹੀ ਸੀਮਤ ਹੁੰਦਾ ਜਾ ਰਿਹਾ ਹੈ। ਉਹ ਇੰਸਟਾਗ੍ਰਾਮ ਅਤੇ ਫੇਸਬੁੱਕ ਦੇ 'ਲਾਈਕ' ਕਾਰਨ ਖ਼ੁਸ਼ ਹੋ ਜਾਂਦੇ ਹਨ। ਤੇ ਇਹ ਦੱਸਣਾ ਚਾਹੁੰਦੇ ਹਨ ਕਿ ਉਨ੍ਹਾਂ ਦੀ ਜ਼ਿੰਦਗੀ ਸ਼ਾਨਦਾਰ ਹੈ ਅਤੇ ਉਹ ਕਿਸੇ ਦੀ ਪਰਵਾਹ ਨਹੀਂ ਕਰਦੇ। ਬੱਚਿਆਂ ਵਿਚ ਹਰ ਕਿਸੇ ਤੋਂ ਕੁਝ ਵੀ ਮੰਗਣ ਦਾ ਰੁਝਾਨ ਵਧਦਾ ਜਾ ਰਿਹਾ ਹੈ, ਭਾਵੇਂ ਉਸ ਚੀਜ਼ ਦੀ ਅਸਲ ਲੋੜ ਹੋਵੇ ਜਾਂ ਨਾ ਹੋਵੇ। ਕੁਝ ਵੀ ਮੰਗਣ ਵਿਚ ਇਕੱਲੇ ਬੱਚਿਆਂ ਦਾ ਕਸੂਰ ਨਹੀਂ ਹੈ। ਬੱਚਿਆਂ ਲਈ ਸਮਾਨ ਬਣਾਉਣ ਵਾਲੀਆਂ ਕੰਪਨੀਆਂ ਹੁਣ ਬੱਚਿਆਂ ਨੂੰ ਆਪਣੇ 'ਕਰਮਚਾਰੀ ਬ੍ਰਾਂਡ ਅੰਬੈਸਡਰ' ਵਜੋਂ ਵੇਖਦੀਆਂ ਹਨ ਅਤੇ ਉਨ੍ਹਾਂ ਰਾਹੀਂ ਸੋਸ਼ਲ ਮੀਡੀਆ 'ਤੇ 'ਮਾਰਕੀਟਿੰਗ' ਕਰਦੀਆਂ ਹਨ। ਮਨੋਵਿਗਿਆਨੀਆਂ ਦੀ ਮਦਦ ਨਾਲ ਬੱਚਿਆਂ ਲਈ ਅਜਿਹੀ 'ਮਾਰਕੀਟਿੰਗ' ਰਣਨੀਤੀ ਬਣਾਈ ਜਾ ਰਹੀ ਹੈ ਜਿਸਨੂੰ ਅਜੋਕੇ ਬੱਚੇ ਮਾਪਿਆਂ ਦੀ ਜਾਣਕਾਰੀ ਤੋਂ ਬਿਨਾਂ ਹੀ ਗ੍ਰਹਿਣ ਕਰ ਲੈਂਦੇ ਹਨ। ਬੱਚਾ ਕਿਸੇ ਦੇ ਘਰ ਜਨਮ ਲੈਂਦਾ ਹੈ ਪਰ ਮੀਡੀਆਂ, ਐਪ, ਤੇ ਖਿਡੌਣਾ ਕੰਪਨੀਆਂ ਉਸਨੂੰ ਨਿਸ਼ਾਨਾ ਬਣਾਉਣ ਦੀਆਂ ਵਿਧੀਆਂ ਲਭ ਲੈਂਦੀਆਂ ਹਨ। ਬੱਚਾ ਬਜ਼ਾਰੀ ਸਮਾਜ ਲਈ ਵਧੀਆ ਖਪਤਕਾਰ ਹੋ ਨਿਬੜਦਾ ਹੈ। ਕੰਪਨੀਆਂ ਦੇ ਮਾਲਕ ਜਾਣਦੇ ਹਨ ਕਿ ਏਥੇ ਉਹੀਓ ਚੀਜ਼ ਵਿਕਣੀ ਹੈ ਜੋ ਬੱਚੇ ਮੰਗਦੇ ਹਨ। ਇਹ ਕੋਈ ਜ਼ਰੂਰੀ ਨਹੀਂ ਕਿ ਉਹ ਵਸਤ ਬੱਚਿਆਂ ਦੇ ਕੰਮ ਆਉਂਦੀ ਹੈ ਜਾਂ ਨਹੀਂ। ਇਹ ਮਸਲਾ ਏਨਾ ਹੀ ਨਹੀਂ। ਇਕਾਗਰਤਾ ਦਾ ਭੰਗ ਹੋਣਾ ਕਲਾਸ ਰੂਮ ਵਿਚ ਵੀ ਵਿਘਨ ਪਾਉਂਦਾ ਹੈ। ਇਹੀ ਕਾਰਨ ਹੈ ਕਿ ਯੂਨੈਸਕੋ ਨੇ ਦੁਨੀਆਂ ਭਰ ਦੇ ਸਕੂਲਾਂ ਵਿਚ ਸਮਾਰਟ ਫੋਨਾਂ ਦੀ ਵਰਤੋਂ ਉੱਤੇ ਪਾਬੰਦੀ ਲਾਉਣ ਦੀ ਅਪੀਲ ਕੀਤੀ ਹੈ ਪਰ ਇਸ ਉੱਤੇ ਵੀ ਇੱਕ ਚੁਥਾਈ ਦੇਸਾਂ ਵਿਚ ਕੋਈ ਅਸਰ ਨਹੀਂ ਹੋਇਆ।

2017-18 ਵਿਚ ਬ੍ਰਾਜ਼ੀਲ ਦੀ ਇੱਕ ਸੰਸਥਾ ਦੇ ਅਧਿਐਨ ਅਨੁਸਾਰ ਤਿੰਨ ਘੰਟੇ ਤੋਂ ਵਧ ਫ਼ੋਨ ਦੀ ਲਗਾਤਾਰ ਵਰਤੋਂ ਬੱਚਿਆਂ ਲਈ ਅਤਿਅੰਤ ਮਾੜੀ ਹੈ। 14 ਤੋਂ 18 ਸਾਲ ਦੀ ਉਮਰ ਦੇ 2628 ਵਿਦਿਆਰਥੀਆਂ ਉੱਤੇ ਕੀਤੇ ਗਏ ਇਸ ਅਧਿਐਨ ਨੇ ਦੱਸਿਆ ਹੈ ਕਿ 39 ਪ੍ਰਤੀਸ਼ਤ ਲੜਕੇ ਤੇ 55 ਪ੍ਰਤੀਸ਼ਤ ਲੜਕੀਆਂ 'ਬੋਰੈਸਿਸ ਸਪਾਈਨ ਪੇਨ' (ਟੀ. ਐਸ. ਪੀ.) ਤੋਂ ਪੀੜਤ ਸਨ। ਉਨ੍ਹਾਂ ਦੀ ਗਰਦਨ ਤੋਂ ਲੈ ਕੇ ਪਿੱਠ ਦੇ ਹੇਠਲੇ ਹਿੱਸੇ ਤਕ ਦਰਦ ਰਹਿੰਦਾ ਸੀ। ਇਨ੍ਹਾਂ ਪੀੜਾਂ ਦਾ ਹੱਲ ਵੀ ਸੌਖਾ ਨਹੀਂ। ਵੱਡੀ ਗੱਲ ਇਹ ਕਿ ਮਾਪਿਆਂ ਕੋਲ ਬੱਚਿਆਂ ਲਈ ਸਮਾਂ ਹੀ ਨਹੀਂ। ਉਹ ਆਪਣੀ ਭੂਮਿਕਾ ਨਹੀਂ ਨਿਭਾ ਰਹੇ। ਇਸ ਰੁਝੇਵਿਆਂ ਭਰੀ ਜ਼ਿੰਦਗੀ ਵਿਚ ਮਾਪੇ ਆਪਣੇ ਬੱਚਿਆਂ ਨੂੰ ਸਵੇਰ-ਸ਼ਾਮ ਵੀ ਨਹੀਂ ਮਿਲ ਪਾਉਂਦੇ। ਆਖ਼ਰਕਾਰ, ਮਾਪਿਆਂ ਦੀ ਬਜਾਏ, ਬੱਚੇ ਟੀਵੀ ਅਤੇ ਕੰਪਿਊਟਰ ਤੋਂ ਨੈਤਿਕਤਾ ਸਿੱਖ ਰਹੇ ਹਨ, ਮਾਪਿਆਂ ਕੋਲ ਇਹ ਜਾਣਨ ਅਤੇ ਸੁਣਨ ਦਾ ਸਮਾਂ ਨਹੀਂ ਹੈ ਕਿ ਬੱਚੇ ਇੰਟਰਨੈਟ ਰਾਹੀਂ ਕਿਸ ਦੇ ਸੰਪਰਕ ਵਿਚ ਹਨ, ਉਹ ਕੀ ਦੇਖ ਰਹੇ ਹਨ ਅਤੇ ਕੀ ਕਰ ਰਹੇ ਹਨ। ਟੈਕਨੋਲੋਜੀਕਲ ਤਰੱਕੀ ਦੁਆਰਾ ਸੰਚਾਲਿਤ ਬਾਜ਼ਾਰ ਸਾਨੂੰ ਕਿੱਥੇ ਲੈ ਜਾ ਰਿਹਾ ਹੈ? ਆਸਟ੍ਰੇਲੀਆ ਦੇਸ਼ ਵਿਚ 2011 ਦੇ ਇਕ ਸਰਵੇਖਣ ਅਨੁਸਾਰ ਬਾਲਗਾਂ ਨੇ 'ਈ ਸੁਰਖਿਆ' ਬਾਰੇ ਆਪਣੇ ਅਨੁਭਵ ਸਾਂਝੇ ਕੀਤੇ, ਜਿਸ ਵਿਚ ਅਣਚਾਹੀ ਸਮੱਗਰੀ ਭੇਜਣ ਤੋਂ ਲੈ ਕੇ ਬਿਨਾਂ ਇਜਾਜ਼ਤ ਉਨ੍ਹਾਂ ਦੇ ਖਾਤਿਆਂ ਤੱਕ ਪਹੁੰਚ ਕਰਨ ਦੀਆਂ ਚਿੰਤਾਵਾਂ ਸਾਹਮਣੇ ਆਈਆਂ। ਇਸੇ ਕਾਰਨ ਆਸਟ੍ਰੇਲੀਆ ਵਿਚ ਬੱਚਿਆਂ ਵੱਲੋਂ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਦਾ ਮੁੱਦਾ ਉਠਿਆ ਹੈ। ਇਸ ਤੋਂ ਪਹਿਲਾਂ ਯੂਰਪੀਅਨ ਯੂਨੀਅਨ ਨੇ ਵੀ ਅਜਿਹੀ ਕੋਸ਼ਿਸ਼ ਕੀਤੀ ਸੀ ਕਿ ਬੱਚੇ ਇੱਕ ਖਾਸ ਉਮਰ ਤੋਂ ਪਹਿਲਾਂ ਸੋਸ਼ਲ ਮੀਡੀਆ ਦੀ ਵਰਤੋਂ ਨਾ ਕਰਨ ਪਰ ਬੱਚਿਆਂ ਦੇ ਆਨਲਾਈਨ ਅਧਿਕਾਰਾਂ ਦੀ ਵਕਾਲਤ ਕਰਨ ਵਾਲੀਆਂ ਸੰਸਥਾਵਾਂ ਦੀ ਵਕਾਲਤ ਕਰਨ ਵਾਲੀਆਂ ਸੰਸਥਾਵਾਂ ਦੀ ਆਲੋਚਨਾ ਕਾਰਨ ਯੂਰਪੀਅਨ ਯੂਨੀਅਨ ਨੇ ਸੋਸ਼ਲ ਮੀਡੀਆ ਦੀ ਵਰਤੋਂ ਲਈ ਅਜਿਹੀ ਕੋਈ ਵਿਵਸਥਾ ਲਾਗੂ ਨਹੀਂ ਕੀਤੀ।

ਕੁੱਝ ਵੀ ਹੋਵੇ ਅੱਜ ਦੇ ਦਿਨ ਮਾਪਿਆਂ ਅਤੇ ਅਧਿਆਪਕਾਂ ਤੋਂ ਬਿਨਾ ਹੋਰ ਕੋਈ ਇਸ ਰੁਝਾਨ ਨੂੰ ਨੱਥ ਪਾਉਣ ਦੇ ਕਾਬਲ ਨਹੀਂ। ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਸਾਂਭਣੀ ਪੈਣੀ ਹੈ। ਜੇ ਘਰ-ਘਰ ਇਹ ਨੌਬਤ ਆ ਗਈ ਜਿਸਦਾ ਜ਼ਿਕਰ ਲੇਖ ਦੇ ਆਰੰਭ ਵਿਚ ਕੀਤਾ ਗਿਆ ਹੈ ਤਾਂ ਪਾਣੀ ਸਿਰ ਉੱਤੋਂ ਲੰਘ ਚੁੱਕਾ ਹੋਵੇਗਾ। ਸਰਕਾਰਾਂ ਨੂੰ ਵੀ ਘਰ ਤੋਂ ਬਾਹਰ ਵਾਲੀਆਂ ਖੇਡਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਰੋਜ਼ਗਾਰ ਦੇ ਵਸੀਲੇ ਵਧਾਉਣ ਸਮੇਤ। ਤੁਰੰਤ!

### ਕੁੱਲੂ ਦੀ ਮਸਜਿਦ ਤੋਂ ਨਿਆਂ ਪ੍ਰਣਾਲੀ

ਕੁੱਲੂ ਦੇ ਅਖਾੜਾ ਬਜ਼ਾਰ ਵਾਲੀ ਇਮਾਰਤ ਨੂੰ ਪੁਰਾਤਨ ਤੇ ਸਹੀ ਗਰਦਾਨੇ ਜਾਣ ਨੇ ਉਥੋਂ ਦੀ ਸੱਜੇ ਪੱਖੀ ਹਿੰਦੂ ਵਸੋਂ ਵਲੋਂ ਇਸਨੂੰ ਬੇਨਿਯਮੀ ਦੱਸੇ ਜਾਣ ਵਾਲੇ ਬੋਲਾਂ ਉੱਤੇ ਮਿੱਟੀ ਪਾ ਦਿੱਤੀ ਹੈ। ਕੁੱਲੂ ਦੇ ਐਸ.ਡੀ.ਐਮ ਵਿਕਾਸ ਸ਼ੁਕਲਾ ਨੇ ਇਹ ਫੈਸਲਾ ਪੰਜਾਬ ਵਕਫ ਬੋਰਡ ਦੀ ਨੀਤੀ ਨੂੰ ਆਧਾਰ ਬਣਾ ਕੇ ਦਿੱਤਾ ਹੈ ਜਿਸਨੂੰ ਵੰਗਾਰਨਾ ਸੰਭਵ ਨਹੀਂ। ਮਸਜਿਦ ਵਾਲਿਆਂ ਨੇ ਮਾਮੂਲੀ ਜਿਹੀ ਅਦਲਾ-ਬਦਲੀ ਜ਼ਰੂਰ ਕੀਤੀ ਹੈ ਜਿਸ ਬਾਰੇ ਟਾਊਨ ਐਂਡ ਕੰਟਰੀ ਪਲਾਨਿੰਗ ਵਿਭਾਗ ਸ਼ਿਮਲਾ, ਲੋੜੀਂਦੀ ਕਾਰਵਾਈ ਕਰ ਰਿਹਾ ਹੈ। ਏਨੀ ਗੱਲ ਨੂੰ ਲੈ ਕੇ ਪੁਰਾਤਨ ਜਾਮਾ ਮਸਜਿਦ ਨੂੰ ਗੈਰ-ਕਾਨੂੰਨੀ ਕਹਿਣਾ ਉੱਕਾ ਹੀ ਗਲਤ ਸੀ। ਇਹ ਮਸਜਿਦ ਦੇਸ਼ਵੰਡ ਤੋਂ ਪਹਿਲਾਂ ਦੀ ਹੈ ਤੇ ਵਕਫ ਬੋਰਡ ਇਸ ਉੱਤੇ 1970 ਵਿਚ ਵੀ ਸਹੀ ਪਾ ਚੁੱਕਿਆ ਹੈ।

ਸਰਕਾਰਾਂ ਤਾਂ ਸਮੇਂ ਨਾਲ ਬਦਲਦੀਆਂ ਰਹਿੰਦੀਆਂ ਹਨ ਪਰ ਧਰਮ ਅਸਥਾਨਾਂ ਦੀ ਟੇਕ ਲੈ ਕੇ ਆਮ ਜਨਤਾ ਨੂੰ ਭੜਕਾਉਣਾ ਅਤਿਅੰਤ ਮਾੜਾ ਹੈ। ਜੇ ਮੁਸਲਿਮ ਵਸੋਂ ਮਾਇਆ ਦੀ ਘਾਟ ਕਾਰਨ ਇਸਨੂੰ 2003 ਤੋਂ ਹਾਲੀ ਤੱਕ ਆਪਣੇ ਪੈਰਾਂ ਉੱਤੇ ਨਹੀਂ ਖੜ੍ਹਾ ਕਰ ਪਾਏ ਤਾਂ ਇਸਨੂੰ ਬੇਨਿਯਮੀ ਕਹਿਣਾ ਹੋਰ ਵੀ ਮਾੜੀ ਗੱਲ ਹੈ। ਸ਼ਿਮਲਾ ਤੋਂ ਆਉਣ ਵਾਲੇ ਸੰਦੇਸ਼ ਦੀ ਉਡੀਕ ਕਰਨੀ ਬਣਦੀ ਹੈ!

### ਮਾਰਕਸੀ ਸੋਚ ਦਾ ਭਵਿਖ

ਸਾਥੀ ਸੀਤਾਰਾਮ ਯੇਚੂਰੀ ਦੇ ਤੁਰ ਜਾਣ ਨੇ ਖੱਬੀ ਸੋਚ ਵਾਲਿਆਂ ਨੂੰ ਮਾਰਕਸੀ ਪਹੁੰਚ ਦੇ ਭਵਿਖ ਬਾਰੇ ਸੋਚਣ ਲਾ ਦਿੱਤਾ ਹੈ। ਪ੍ਰਮੁੱਖ ਲੋੜ ਏਸ ਗੱਲ ਦੀ ਹੈ ਕਿ ਸੱਜੀ ਧਾਰਨਾ ਵਾਲਿਆਂ ਨੂੰ ਸਬਕ ਸਿਖਾਇਆ ਜਾਵੇ। ਸੀਨੀਅਰ ਨੇਤਾ ਪ੍ਰਕਾਸ਼ ਕਾਰਤ 203 ਨੂੰ ਚਾਹੀਦਾ ਹੈ ਕਿ ਸਾਂਝੀ ਸੋਚ ਵਾਲਿਆਂ ਨਾਲ ਤਾਲ ਮੇਲ ਕਰ ਕੇ ਅਜਿਹਾ ਪਲੇਟਫਾਰਮ ਸਿਰਜੇ ਜਿਸ ਨਾਲ ਗਲਤ ਧਾਰਨਾ ਵਾਲੇ ਖੁੱਡੇ ਲੱਗ ਸਕਣ। ਚੰਗੇ ਤੇ ਉਚੇਰੇ ਲਕਸ਼ ਲਈ ਆਪਸੀ ਮੱਤਭੇਦ ਕੁਰਬਾਨ ਕਰਨਾ ਵੀ ਮਾੜਾ ਨਹੀਂ ਹੁੰਦਾ। ਹੋ ਸਕਦਾ ਹੈ ਜਾਂ ਨਹੀਂ, ਸਮੇਂ ਨੇ ਦੱਸਣਾ ਹੈ!

### ਅੰਤਿਕਾ

ਹਰਦਮ ਮਾਨ॥
ਸਜ਼ਾ ਪੂਰੀ ਜਦੋਂ ਹੋਏਗੀ ਅਣਕੀਤੇ ਗੁਨਾਹਾਂ ਦੀ
ਉਦੋਂ ਰਹਿਣੀ ਨਹੀਂ ਪਹਿਚਾਣ ਆਪਣੇ ਘਰ ਦੇ ਰਾਹਾਂ ਦੀ
ਕਿਨਾਰੇ 'ਤੇ ਉਡੀਕਣ ਵਾਲਿਆਂ ਦੀ ਭੀੜ ਆ ਲੱਗੀ
ਬੜੀ ਮੱਧਮ ਜਿਹੀ ਅਵਾਜ਼ ਸੁਣਦੀ ਹੈ ਮਲਾਹਾਂ ਦੀ
ਅਜੇ ਤਾਂ ਬਹੁਤ ਕੁਝ ਰਹਿੰਦਾ ਹੈ ਤੈਅ ਕਰਨਾ ਜ਼ਮੀਨ ਉੱਤੇ
ਕਰਾਂਗੇ ਫੇਰ ਕੋਈ ਗੱਲ ਦਿਸਦੇ ਤੋਂ ਅਗਾਹਾਂ ਦੀ
ਅਸਾਡੇ ਰਸਤਿਆਂ 'ਚੋਂ ਖੁਦ ਪਹਾੜਾਂ ਨੇ ਪਰੇ ਹੋਣਾ
ਜਦੋਂ ਵੀ ਜੁੜ ਗਈ ਸ਼ਕਤੀ ਇਨ੍ਹਾਂ ਬੇਜੋੜ ਬਾਹਾਂ ਦੀ
—'ਸਿਰਜਣਾ' 214 ਵਿਚੋਂ

# ਬੇ-ਆਬ ਹੋ ਰਿਹਾ ਪੰਜਾਬ

'ਪਵਣੁ ਗੁਰੂ ਪਾਣੀ ਪਿਤਾ' ਕਥਨ ਦੇ ਕਰਤਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਨੀ ਇਹ ਧਰਤ ਆਦਿ ਕਾਲ ਵਿਚ ਸਪਤ ਸਿੰਧੂ ਅਤੇ ਪੰਚ-ਨਦ ਆਦਿ ਨਾਵਾਂ ਨਾਲ ਜਾਣੀ ਜਾਂਦੀ ਰਹੀ ਹੈ। ਸਪਤ ਸਿੰਧੂ ਭਾਵ ਜਿਥੇ 'ਸੱਤ ਦਰਿਆਵਾਂ ਦਾ ਦੇਸ਼' ਹੈ ਉਥੇ ਹੀ ਪੰਚ-ਨਦ ਦਾ ਮਤਲਬ 'ਪੰਜ ਨਦੀਆਂ ਦਾ ਸਥਾਨ' ਹੈ। ਪੰਜਾਬ ਦੀ ਇਹ ਜਰਖੇਜ਼ ਧਰਤ ਭਾਰਤ ਦੀ ਆਜ਼ਾਦੀ (1947 ਈ.) ਤੋਂ ਬਾਅਦ ਕੇਵਲ ਢਾਈ ਦਰਿਆਵਾਂ ਵਿਚ ਸਿਮਟ ਕੇ ਰਹਿ ਗਈ ਹੈ। ਭਾਰਤ ਦੇ ਕੁੱਲ ਖੇਤਰਫਲ (3287263 ਵਰਗ ਕਿਲੋਮੀਟਰ) ਵਿਚੋਂ ਪੰਜਾਬ (50362 ਵਰਗ ਕਿਲੋਮੀਟਰ) ਕੁੱਲ 1.53 ਫੀਸਦੀ ਹੀ ਹੈ ਅਤੇ ਇਹ ਖੇਤਰ ਵਜੋਂ ਭਾਰਤ ਦਾ ਵੀਹਵੇਂ ਨੰਬਰ ਦਾ ਰਾਜ ਹੈ। ਇਸ ਦੀ ਆਬਾਦੀ ਭਾਰਤ ਦੀ ਕੁੱਲ ਜਨਸੰਖਿਆ ਦਾ2.5 ਫੀਸਦੀ ਹੈ। ਇਲਾਕੇ ਵਜੋਂ ਇੰਨਾ ਛੋਟਾ ਹੋਣ ਦੇ



**ਡਾ. ਵਿਸ਼ਾਲ ਕੁਮਾਰ**
**ਫੋਨ: +91-97805-38664**

ਬਾਵਜੂਦ ਇਸ ਨੂੰ ਭਾਰਤ ਦਾ ਅੰਨ-ਭੰਡਾਰ ਵੀ ਕਿਹਾ ਜਾਂਦਾ ਹੈ। ਇਸ ਅੰਨ ਨੂੰ ਉਗਾਉਣ ਦਾ ਜ਼ਿੰਮਾ ਇਥੋਂ ਦੇ ਮਿਹਨਤਕਸ਼ ਕਿਸਾਨਾਂ ਸਿਰ ਹੈ। ਪੰਜਾਬ ਭਾਰਤ ਦੇਸ਼ ਦੇ ਕੁੱਲ ਅੰਨ ਦਾ 36% ਚੌਲ ਤੇ 180 ਲੱਖ ਟਨ(60%) ਤੱਕ ਕਣਕ ਪੈਦਾ ਕਰ ਕੇ ਦੇਸ਼ ਦੇ ਬਾਕੀ ਸੂਬਿਆਂ ਨਾਲੋਂ ਮਹੋਰੀ ਭੂਮਿਕਾ ਵਿਚ ਹੈ ਪਰ ਇਸਨੂੰ ਉਗਾਉਣ ਲਈ ਕਿਸਾਨਾਂ ਦੁਆਰਾ ਵਰਤਿਆ ਜਾ ਰਿਹਾ ਪਾਣੀ ਪੰਜਾਬ ਦਾ ਮੁੱਢਲਾ ਕੁਦਰਤੀ ਸਰੋਤ ਹੈ।

ਆਦਿ ਕਾਲ ਵਿਚ ਜਦੋਂ ਮਨੁੱਖ ਨੇ ਸੱਭਿਅਤਾ ਨੂੰ ਅਪਣਾਉਂਦਿਆਂ ਸਮੂਹਿਕ ਰੂਪ ਵਿਚ ਰਹਿਣਾ ਸ਼ੁਰੂ ਕੀਤਾ ਤਾਂ ਅੰਨ ਉਗਾਉਣ ਲਈ ਉਸਦੀ ਮੁੱਢਲੀ ਟੇਕ ਦਰਿਆ ਦਾ ਪਾਣੀ ਸੀ। ਪੂਰਵ ਸੁਤੰਤਰਤਾ ਕਾਲ ਵਿਚ ਦਰਿਆਵਾਂ ਤੋਂ ਕੱਢੀਆਂ ਨਹਿਰਾਂ ਰਾਹੀਂ ਸਿੰਚਾਈ ਕੀਤੀ ਜਾਣ ਲੱਗੀ ਜੋ ਕਿ ਅੱਜ ਤੱਕ ਕਾਇਮ ਹੈ। ਆਧੁਨਿਕਤਾ ਦੇ ਇਸ ਦੌਰ ਵਿਚ ਤਕਨਾਲੋਜੀ ਦੇ ਵਿਕਾਸ ਨਾਲ ਇਨ੍ਹਾਂ ਦਾ ਸਥਾਨ ਟਿਊਬਵੈੱਲ ਨੇ ਲੈ ਲਿਆ। ਅੱਜ ਇਥੋਂ ਦੇ 14 ਲੱਖ ਤੋਂ ਵੀ ਵੱਧ ਟਿਊਬਵੈਲ (ਜੋ ਕਿ 1980 ਦੇ ਦਹਾਕੇ ਵਿਚ 2 ਲੱਖ ਹੀ ਸਨ) ਧਰਤੀ ਹੇਠਲੇ ਪਾਣੀ ਨੂੰ ਵਰਤਣ ਲਈ ਲੱਗੇ ਹਨ। ਮਾਹਿਰਾਂ ਦੀ ਰਿਪੋਰਟ ਮੁਤਾਬਿਕ ਇਸ ਕਾਰਨ ਪੰਜਾਬ ਵਿਚ ਪਾਣੀ ਦਾ ਪੱਧਰ ਪ੍ਰਤੀ ਸਾਲ ਦੋ ਫੁੱਟ ਦੀ ਦਰ ਨਾਲ ਹੇਠਾਂ ਜਾ ਰਿਹਾ ਹੈ। ਗਲੋਬਲੀਕਰਨ ਦੇ ਇਸ ਯੁੱਗ ਵਿਚ ਭਿੰਨ-ਭਿੰਨ ਕਾਰਨਾਂ ਨਾਲ ਪੈਦਾ ਹੋ ਰਹੀ ਸਮੁੱਚੇ ਬ੍ਰਹਿਮੰਡ ਦੀ ਤਪਸ਼ ਨਾਲ ਦਰਿਆਈ ਪਾਣੀ ਦਾ ਪੱਧਰ ਵੀ ਦਿਨੋਂ-ਦਿਨ ਡਿੱਗ ਰਿਹਾ ਹੈ ਪੰਜਾਬ ਦੇ ਦਰਿਆ ਆਪਣੇ ਸ਼ਾਬਦਿਕ ਅਰਥਾਂ ਅਤੇ ਪੁਰਾਣੇ ਸਰੂਪ ਤੋਂ ਖੁੰਝ ਰਹੇ ਹਨ। ਪੰਜਾਬ ਦੇ ਕਿਸਾਨਾਂ ਦੁਆਰਾ ਉਗਾਏ ਜਾਣ ਵਾਲੇ ਇਕ ਕਿਲੋ ਚੌਲ ਇਸ ਕੁਦਰਤੀ ਨਿਆਮਤ ਦੇ 4 ਹਜ਼ਾਰ ਲੀਟਰ ਹਿੱਸੇ ਦੀ ਖਪਤ ਕਰਦੇ ਹਨ।

ਮੰਡੀਕਰਨ ਦੇ ਇਸ ਦੌਰ ਵਿਚ ਭਾਵੇਂ ਕਿਸਾਨ ਨੂੰ ਉਸ ਦੀ ਫ਼ਸਲ ਦੀ ਕੀਮਤ ਉਸਦੀ ਮਿਹਨਤ ਅਤੇ ਸੋਮਿਆਂ ਦੀ ਵਰਤੋਂ ਦੇ ਹਿਸਾਬ ਨਾਲ ਨਹੀਂ ਮਿਲਦੀ ਪਰ ਫਿਰ ਵੀ ਉਹ ਕਣਕ-ਝੋਨੇ ਦੇ ਫਸਲੀ ਚੱਕਰ ਵਿਚ ਪੈ ਕੇ ਆਪਣਾ ਸਮਾਂ ਅਤੇ ਕੁਦਰਤੀ ਸੋਮੇ ਪਾਣੀ ਦੀ ਦੁਰਵਰਤੋਂ ਕਰ ਰਿਹਾ ਹੈ। ਪੰਜਾਬ ਵਿਚ ਪਾਣੀ ਦਾ ਪੱਧਰ ਡਿੱਗਣ ਦਾ ਇਕੱਲਾ ਕਾਰਨ ਇੱਥੋਂ ਦਾ ਕਿਸਾਨ ਹੀ ਨਹੀਂ ਬਲਕਿ ਅਜੋਕੀ ਰਾਜਨੀਤੀ ਵੀ ਹੈ। ਵੋਟਾਂ ਦੀ ਰਾਜਨੀਤੀ ਵਿਚ ਲੋਕਾਂ ਨੂੰ ਭਰਮਾਉਣ ਲਈ ਦਿੱਤੀ ਜਾ ਰਹੀ ਮੁਫ਼ਤ ਬਿਜਲੀ ਦੀ ਸਹੂਲਤ ਦੀ (ਦੁਰ) ਵਰਤੋਂ ਕਿਸਾਨ ਆਪਣੀ ਫਸਲ ਨੂੰ ਲੋੜ ਅਨੁਸਾਰ ਪਾਣੀ ਦੇਣ ਦੀ ਬਜਾਏ ਆਪਣੀ ਜ਼ਮੀਨ ਵਿਚ ਪਾਣੀ ਦੇ ਦਰਿਆ ਵਹਾਉਣ ਲਈ ਕਰਦਾ ਹੈ। ਬਿਨਾਂ ਕਿਸੇ ਆਰਥਿਕ ਕੀਮਤ ਤੋਂ ਮਿਲੀ ਇਹ ਬਿਜਲੀ ਦੀ ਪੂਰੀ ਤਰ੍ਹਾਂ ਦੁਰਵਰਤੋਂ ਕਰਦਿਆਂ ਕਿਸਾਨ ਬਿਲ ਦੇ ਖੌਫ਼ ਤੋਂ ਮੁਕਤ ਹੋ ਕੇ ਮੋਟਰ ਨੂੰ ਉਦੋਂ ਤੱਕ ਚਲਾਉਂਦਾ ਹੈ ਜਦੋਂ ਤੱਕ ਉਸ ਦੀਆਂ ਪੈਲ਼ੀਆਂ ਵਿਚ ਹੜ੍ਹ ਵਾਲੀ ਸਥਿਤੀ ਨਹੀਂ ਬਣ ਜਾਂਦੀ।

ਪਾਣੀ ਦਾ ਪੱਧਰ ਡਿੱਗਣ ਦਾ ਇੱਕ ਵੱਡਾ ਕਾਰਨ ਪੰਜਾਬ ਦੇ ਲੋਕਾਂ ਦਾ ਅਖੌਤੀ-ਉੱਚ ਜੀਵਨ-ਪੱਧਰ ਵੀ ਹੈ। ਪੰਜਾਬ ਦੇ ਵਿਅਕਤੀ ਦੀ ਔਸਤ ਸਾਲਾਨਾ ਆਮਦਨ ਭਾਰਤ ਦੇ ਇੱਕ ਵਿਅਕਤੀ ਦੀ ਔਸਤ ਸਾਲਾਨਾ ਆਮਦਨ ਨਾਲੋਂ ਕਿਤੇ ਵੱਧ ਹੈ ਜਿਸ ਕਾਰਨ ਉਹ ਘਰ ਵਿਚ ਵੀ ਬਿਜਲੀ/ਪਾਣੀ ਦੀ ਦੁਰਵਰਤੋਂ ਤੋਂ ਬਾਜ਼ ਨਹੀਂ ਆਉਂਦਾ। ਉਹ ਸੋਚਦਾ ਹੈ ਕਿ ਜੇਕਰ ਉਹ ਬਿੱਲ ਦੇਣ ਦੀ ਸਮਰੱਥਾ ਰੱਖਦਾ ਹੈ ਤਾਂ ਪਾਣੀ ਦੀ ਦੁਰਵਰਤੋਂ ਕਰਨਾ ਉਸ ਦਾ ਹੱਕ ਹੈ। ਆਧੁਨਿਕੀਕਰਨ ਦੀ ਦੌੜ ਵਿਚ ਵੱਖ-ਵੱਖ ਪਿੰਡਾਂ/ਕਸਬਿਆਂ/ਸ਼ਹਿਰਾਂ ਵਿਚ ਵੱਸਦੀ ਲੋਕਾਈ ਦੀ ਬਦਲ ਰਹੀ ਜੀਵਨ-ਜਾਚ ਰਹਿਣ-ਸਹਿਣ ਦੇ ਨਵੀਨ ਢੰਗ ਸਰਕਾਰ ਵੱਲੋਂ ਬਣਾਈਆਂ ਜਾ ਰਹੀਆਂ ਸੜਕਾਂ ਦੇ ਜਾਲ ਆਦਿ ਵੀ ਵਰਤਮਾਨ ਸਮੇਂ ਵਿਚ ਧਰਤ ਹੇਠਲੇ ਪਾਣੀ ਦੇ ਪੱਧਰ ਨੂੰ ਸੁੱਟਣ ਵਿਚ ਅਹਿਮ ਰੋਲ ਨਿਭਾਅ ਰਹੇ ਹਨ। ਮੁਨਾਫ਼ਾਖ਼ੋਰੀ ਅਤੇ ਨਿੱਜੀਕਰਨ ਦੀ ਭਾਵਨਾ ਅਧੀਨ ਵਿਚਰਦਿਆਂ ਵਰਤਮਾਨਕ ਪੰਜਾਬੀ ਮਨੁੱਖ ਸਮੇਂ ਦੀ ਘਾਟ ਕਾਰਨ ਸਮਾਜਿਕ ਅਤੇ ਸਮੂਹਿਕ ਲਾਭ ਦੀ ਭਾਵਨਾ ਤੋਂ ਭੱਜਦਾ ਹੋਇਆ ਆਪਣੇ ਨਿੱਜੀ ਮੁਫਾਦਾਂ ਨੂੰ ਪਹਿਲ ਦਿੰਦਾ ਹੈ। ਉਸ ਦੁਆਰਾ ਬਣਾਈਆਂ ਜਾ ਰਹੀਆਂ ਵੱਡੀਆਂ-ਵੱਡੀਆਂ ਬਿਲਡਿੰਗਾਂ, ਮਾਲ ਅਤੇ ਮਲਟੀ ਸਪੈਸ਼ਲਿਟੀ ਸ਼ੋਅ-ਰੂਮ ਵੀ ਇਸ ਧਰਤ ਨੂੰ ਬੰਜਰ ਕਰਨ ਵਿਚ ਅਹਿਮ ਰੋਲ ਅਦਾ ਕਰ ਰਹੇ ਹਨ।

ਬੇ-ਆਬ ਹੋ ਰਹੇ ਇਸ ਪੰਜਾਬ ਨੂੰ ਬਚਾਉਣ ਲਈ ਸਰਕਾਰਾਂ ਨੂੰ ਕੁਝ ਸਖ਼ਤ ਨਿਯਮ ਬਣਾਉਣ ਅਤੇ ਉਨ੍ਹਾਂ ਦੀ ਸਖ਼ਤੀ ਨਾਲ ਪਾਲਣਾ ਕਰਾਉਣ ਦੀ ਲੋੜ ਹੈ। ਅਰਥ-ਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ ਅਨੁਸਾਰ, 'ਪੰਜਾਬ ਦੇ ਵਿਚ ਜਿੱਥੇ ਟਿਊਬਵੈੱਲਾਂ ਦੇ ਨਾਲ ਪਾਣੀ ਕੱਢ ਕੇ ਝੋਨਾ ਲਾਇਆ ਜਾ ਰਿਹਾ ਹੈ, ਉਹਨਾਂ ਥਾਵਾਂ 'ਤੇ ਝੋਨੇ ਦੀ ਖੇਤੀ ਬੰਦ ਕਰ ਦੇਣੀ ਚਾਹੀਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਨੂੰ ਕਿਸੇ ਹੋਰ ਖੇਤੀ ਲਈ ਪ੍ਰਰਿਤ ਕਰਕੇ ਐਮ.ਐੱਸ.ਪੀ. ਦੇਵੇ ਤਾਂ ਜੋ ਇਸ ਨਾਲ ਪੰਜਾਬ ਦੇ ਪਾਣੀ ਨੂੰ ਬਚਾਇਆ ਜਾ ਸਕੇ।' ਕਿਸਾਨਾਂ ਨੂੰ ਫ਼ਸਲੀ ਚੱਕਰ ਬਦਲਣ ਲਈ ਉਤਸ਼ਾਹਿਤ ਕੀਤਾ ਜਾਵੇ ਅਤੇ ਇਸ ਲਈ ਪ੍ਰਭਾਵੀ ਨੀਤੀਆਂ ਬਣਾਈਆਂ ਜਾਣ, ਜਿਨ੍ਹਾਂ ਨੂੰ ਵਿਧੀਵਤ ਤਰੀਕੇ ਨਾਲ ਲਾਗੂ ਕਰਾਇਆ ਜਾਵੇ। ਪਾਣੀ ਰੀਚਾਰਜ ਕਰਨ ਦੇ ਵੱਡੇ-ਵੱਡੇ ਪ੍ਰਾਜੈਕਟ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਢੁਕਵੀਆਂ ਥਾਵਾਂ 'ਤੇ ਲਾਏ ਜਾਣ। ਆਮ-ਜਨ ਨੂੰ ਪ੍ਰਭਾਵਿਤ ਕਰਨ ਵਾਲੇ ਸੰਚਾਰ ਦੇ ਭਿੰਨ-ਭਿੰਨ ਸਾਧਨਾਂ ਦੀ ਵਰਤੋਂ ਕਰਦਿਆਂ ਲੋਕਾਂ ਨੂੰ ਪਾਣੀ ਬਚਾਉਣ ਦੇ ਪ੍ਰਭਾਵਸ਼ਾਲੀ ਤਰੀਕਿਆਂ ਤੋਂ ਜਾਣੂ ਕਰਾਇਆ ਜਾਵੇ। ਯੂਨੀਵਰਸਿਟੀਆਂ ਵਿਚ ਘੱਟ ਪਾਣੀ ਵਰਤਣ ਅਤੇ ਇਸ ਦੀ ਦੁਰਵਰਤੋਂ ਨੂੰ ਰੋਕਣ ਲਈ ਕੀਤੀਆਂ ਜਾ ਰਹੀਆਂ ਖੋਜਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਅਤੇ ਪੂਰਬਲੀਆਂ ਖੋਜਾਂ ਨੂੰ ਪ੍ਰਭਾਵੀ ਤਰੀਕੇ ਨਾਲ ਲਾਗੂ ਕਰਾਇਆ ਜਾਵੇ। ਸ਼ਹਿਰਾਂ ਵਿਚ ਪਾਣੀ ਦੀ ਦੁਰਵਰਤੋਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਏ ਜਾਣ ਤਾਂ ਜੋ ਕੋਈ ਵੀ ਪਾਣੀ ਦੀ ਦੁਰਵਰਤੋਂ ਕਰਦਿਆਂ ਪਾਈਪ ਨਾਲ ਕਾਰ ਧੋਣ ਜਾਂ ਗਲੀਆਂ ਵਿਚ ਪਾਣੀ ਰੋੜ੍ਹਨ ਦੀ ਹਿੰਮਤ ਨਾ ਕਰੇ। ਜੇਕਰ ਅਸੀਂ ਆਪਣਾ ਅੱਜ ਸੰਭਾਲਣ ਦੇ ਯੋਗ ਹੋ ਜਾਵਾਂਗੇ ਤਾਂ ਸਾਡਾ ਆਉਣ ਵਾਲਾ ਕੱਲ੍ਹ ਵੀ ਪਾਣੀ ਰਹਿਤ ਹੋਣ ਤੋਂ ਬਚ ਜਾਵੇਗਾ।

# ਏ.ਆਈ ਦੇ ਯੁਗ 'ਚ ਜਿਉਣ ਦੀ ਕਲਾ

ਹਰ ਯੁਗ ਦੀਆਂ ਕੁਝ ਖਾਸ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜਿਨ੍ਹਾਂ ਦੇ ਪ੍ਰਭਾਵ ਸਰਵ-ਵਿਆਪੀ ਹੁੰਦੇ ਹਨ। ਇੱਕ ਸਫਲ ਅਤੇ ਪ੍ਰਸੰਨ-ਚਿੱਤ ਜੀਵਨ ਜਿਉਣ ਲਈ ਸਾਨੂੰ ਆਪਣੇ-ਆਪ ਨੂੰ ਇਨ੍ਹਾਂ ਪ੍ਰਭਾਵਾਂ ਅਨੁਸਾਰ ਬਦਲਦੇ ਰਹਿਣਾ ਪੈਂਦਾ ਹੈ। ਇਸ ਲਈ ਸਾਨੂੰ ਇਨ੍ਹਾਂ ਵਿਸ਼ੇਸ਼ਤਾਵਾਂ ਅਤੇ ਇਨ੍ਹਾਂ ਦੇ ਪ੍ਰਭਾਵਾਂ ਦਾ ਸਹੀ ਗਿਆਨ ਹਾਸਿਲ ਕਰਨਾ ਅਤੇ ਨਾਲ਼ ਹੀ ਇਨ੍ਹਾਂ ਅਨੁਸਾਰ ਬਦਲਦੇ ਰਹਿਣ ਦੀ ਸਿਆਣਪ ਅਤੇ ਕਲਾ ਸਿੱਖਣੀ ਜ਼ਰੂਰੀ ਹੈ। ਪਹਿਲਾ ਗਿਆਨ 'ਸਮੂਹਕ' ਹੈ ਅਤੇ ਇਹ ਬਾਹਰੋਂ ਮਿਲਦਾ ਹੈ ਅਤੇ ਇਸ ਨੂੰ ਹਾਸਲ ਕਰਨ ਲਈ ਮੁੱਖ ਤੌਰ 'ਤੇ ਬਾਹਰਲੇ ਸਾਧਨਾਂ ਅਤੇ ਹੋਰਾਂ ਇਨਸਾਨਾਂ 'ਤੇ ਨਿਰਭਰ ਹੋਣਾ ਪੈਂਦਾ ਹੈ। ਦੂਜੀ ਗੱਲ ਸਿਆਣਪ ਇੱਕ ਕਲਾ ਹੈ ਜੋ ਵਿਅਕਤੀਗਤ ਹੁਨਰ ਹੈ ਅਤੇ ਇਸ ਨੂੰ ਨਿਜੀ ਅਭਿਆਸ ਰਾਹੀਂ ਸਿੱਖਣਾ ਪੈਂਦਾ ਹੈ। ਇਹ ਮੁੱਖ ਤੌਰ 'ਤੇ ਅੰਦਰੂਨੀ ਵਿਸ਼ਾ ਹੈ ਪਰ ਇਸ ਨੂੰ

**ਇੰਜ. ਈਸ਼ਰ ਸਿੰਘ**
**ਫੋਨ: 647-640-2014**

ਗ੍ਰਹਿਣ ਕਰਨ ਲਈ ਵੀ ਬਾਹਰੀ ਅਗਵਾਈ ਅਤੇ ਮਦਦ ਦੀ ਲੋੜ ਪੈਂਦੀ ਹੈ। ਕੋਈ ਵੀ ਇਨਸਾਨ ਬੁੱਧੀ ਅਤੇ ਸਾਧਨਾਂ ਪੱਖੋਂ ਇੰਨਾ ਸਮਰੱਥ ਨਹੀਂ ਹੋ ਸਕਦਾ ਕਿ ਓਹ ਇਨ੍ਹਾਂ ਦੋਹਾਂ ਨੂੰ ਸਿਰ-ਖੁਦ ਆਪ ਸਮਝ ਸਕੇ, ਇਸ ਲਈ ਉਸ ਨੂੰ 'ਸਮੂਹਕ' ਬੁੱਧੀ ਅਤੇ 'ਸਮੂਹਕ' ਸਾਧਨਾਂ 'ਤੇ ਨਿਰਭਰ ਹੋਣਾ ਪੈਂਦਾ ਹੈ। ਖੁਸ਼ਕਿਸਮਤੀ ਨਾਲ਼ ਅੱਜ ਦੇ ਯੁਗ 'ਚ ਇਹ ਦੋਨੋਂ ਭਰਪੂਰ ਮਾਤਰਾ 'ਚ ਹਾਸਿਲ ਹਨ, ਜੋ ਇਸ ਯੁਗ ਦੀ ਇੱਕ ਹੋਰ ਵਿਸ਼ੇਸ਼ਤਾ ਹੈ। ਪਰ ਇਸ ਭਰਮਾਰ 'ਚੋਂ ਸਹੀ ਨੂੰ ਫੜਨਾ ਅਤੇ ਗਲਤ ਨੂੰ ਛੱਡਣਾ ਸਿਆਣਪ ਹੈ ਤੇ ਕਲਾ ਦਾ ਹਿੱਸਾ ਹੈ।

ਪਹਿਲਾਂ ਆਪਣੇ ਯੁਗ ਦੀ ਮੁੱਖ ਵਿਸ਼ੇਸ਼ਤਾ, ਤਕਨੌਲੋਜੀ ਅਤੇ ਇਸ ਦੀ ਉਪ-ਬ੍ਰਾਂਚ ਏ. ਆਈ (ਆਰਟੀਫੀਸ਼ੀਅਲ ਇੰਟੈਲੀਜੈਂਸ/ਬਣਾਉਟੀ ਬੁੱਧੀ) 'ਤੇ ਵਿਚਾਰ ਕਰਦੇ ਹਾਂ ਕਿਉਂਕਿ ਅੱਜ-ਕੱਲ੍ਹ ਇਨ੍ਹਾਂ ਦੀ ਹੀ ਚੜ੍ਹਤ ਹੈ। ਇਹ ਵਿਸ਼ਾ ਸੰਸਾਰ ਦੇ ਮੁੱਖ ਚਰਚਿਤ ਵਿਸ਼ਿਆਂ 'ਚੋਂ ਇੱਕ ਹੈ, ਹਾਲਾਂਕਿ ਇਹ ਕੰਪਿਊਟਰ ਸਾਇੰਸ ਦੀ ਸਿਰਫ ਇੱਕ ਉਪ-ਬ੍ਰਾਂਚ ਹੈ ਜੋ ਅੱਗੇ ਸਾਇੰਸ ਅਤੇ ਤਕਨੌਲੋਜੀ ਦੀ ਇੱਕ ਬ੍ਰਾਂਚ ਹੈ। ਹਾਲਾਤ ਇਸ ਤਰ੍ਹਾਂ ਦੇ ਬਣ ਗਏ ਹਨ ਕਿ ਇੱਕ ਉਪ-ਬ੍ਰਾਂਚ ਹੋਣ ਦੇ ਬਾਵਜੂਦ ਅੱਜ ਇਹ ਕੰਪਿਊਟਰ ਸਾਇੰਸ ਦਾ ਮੋਹਰੀ ਅੰਗ ਬਣ ਗਈ ਹੈ ਅਤੇ ਕੰਪਿਊਟਰ ਸਾਇੰਸ ਸਾਡੀ ਤਕਨੌਲੋਜੀ ਦੀ ਮੋਹਰੀ ਬਣ ਗਈ ਹੈ। ਤਕਨੌਲੋਜੀ ਅੱਗੇ ਸਾਡੇ ਜੀਵਨ ਦੇ ਸਾਰੇ ਖੇਤਰਾਂ, ਭਾਵ ਰਾਜਨੀਤਕ ਅਤੇ ਪ੍ਰਬੰਧਕੀ ਸਿਸਟਮ, ਆਰਥਿਕ, ਸਮਾਜਿਕ, ਧਾਰਮਿਕ ਮਸਲਿਆਂ ਅਤੇ ਕੋਮਲ ਕਲਾਵਾਂ 'ਤੇ ਕਾਬਜ਼ ਭਾਰੂ-ਪ੍ਰਭਾਵੀ ਹੋ ਗਈ ਹੈ। ਇੱਥੋਂ ਤੱਕ ਕਿ ਸਾਡੇ ਵਿਅਕਤੀਗਤ ਅਤੇ ਪਰਿਵਾਰਕ ਜੀਵਨਾਂ 'ਚ ਵੀ ਇਸ ਦਾ ਪ੍ਰਭਾਵ ਬਹੁਤ ਵਧ ਰਿਹਾ ਹੈ। ਇਸ ਦੇ ਚੰਗੇ ਪ੍ਰਭਾਵਾਂ ਨੂੰ ਕਬੂਲਣ ਅਤੇ ਮੰਦਿਆਂ ਤੋਂ ਬਚਣ ਦੀ ਸਿਆਣਪ ਗ੍ਰਹਿਣ ਕਰਨੀ ਅਤੇ ਕਲਾ ਸਿੱਖਣ ਦੀ ਲੋੜ ਹੀ ਇਸ ਲੇਖ ਦਾ ਉਦੇਸ਼ ਹੈ।

ਸਰਲ ਸ਼ਬਦਾਂ 'ਚ ਏ.ਆਈ. ਦਾ ਮੁੱਖ ਕੰਮ ਇਸ ਤਰ੍ਹਾਂ ਦੀਆਂ ਮਸ਼ੀਨਾਂ ਬਣਾਉਣਾ ਹੈ ਜਿਹੜੀਆਂ ਇਨਸਾਨਾਂ ਵਰਗੀ ਬੁੱਧੀ ਰੱਖਦੀਆਂ ਹੋਣ। ਉਨ੍ਹਾਂ ਵਾਂਗੂੰ ਸੋਚਣ, ਸਮਝਣ, ਪ੍ਰਤੀਕਿਰਿਆ ਕਰਨ ਅਤੇ ਕੰਮ ਕਰਨ ਦੇ ਸਮਰੱਥ ਹੋਣ। ਬਿਜਲੀ ਦੀ ਤਰ੍ਹਾਂ ਇਹ ਵੀ ਇੱਕ 'ਆਲ ਪਰਪਜ' ਤਕਨੌਲੋਜੀ ਹੈ, ਸੰਸਾਰ ਦੇ ਹਰ ਖੇਤਰ 'ਚ ਇਸ ਦੀ ਲੋੜ ਹੈ ਅਤੇ ਬਿਜਲੀ ਵਾਂਗੂੰ ਹੀ ਇਹ ਮਨੁੱਖੀ ਜੀਵਨ 'ਚ ਕ੍ਰਾਂਤੀਕਾਰੀ ਬਦਲਾਓ ਲਿਆਉਣ ਦੀ ਸਮਰੱਥ ਹੈ। ਇਹ ਬਦਲਾਓ ਸਾਰਥਿਕ ਹੈ ਜਾਂ ਨਕਾਰਾਤਮਕ ਇਹ ਇਸ ਦੇ ਹੱਥ 'ਚ ਨਹੀਂ ਅਤੇ ਨਾ ਹੀ ਇਸ (ਏ.ਆਈ) ਦੇ ਬੇ-ਕਾਬੂ ਹੋਣ ਦੇ ਖ਼ਦਸ਼ੇ ਨਿਰਮੂਲ ਹਨ। ਹੋਰ ਮਾਰੂ ਹਥਿਆਰਾਂ ਵਾਂਗੂੰ ਇਸ ਦਾ, ਸਮਾਜ-ਵਿਰੋਧੀ ਅਨਸਰਾਂ ਦੇ ਹੱਥੇ ਚੜ੍ਹਨ ਦਾ ਇੱਕ ਹੋਰ ਵੱਡਾ ਡਰ ਹੈ। ਇਨ੍ਹਾਂ ਸਭ ਤੋਂ ਬਚਾਓ ਮਨੁੱਖੀ ਸਿਆਣਪ 'ਤੇ ਨਿਰਭਰ ਕਰਦਾ ਹੈ, ਜਿਸ ਦਾ ਹਰ ਯੁਗ 'ਚ ਅਭਾਵ ਰਿਹਾ ਹੈ।



ਤਕਨੌਲੋਜੀ ਦੇ ਹਾਮੀ ਇਹ ਦਾਅਵੇ ਕਰਦੇ ਹਨ ਕਿ ਇਹ ਅਤੇ ਮੁੱਖ ਤੌਰ 'ਤੇ ਏ.ਆਈ ਸਾਡੀਆਂ ਮੁੱਖ ਸਮੱਸਿਆਵਾਂ ਦਾ ਸਮਾਧਾਨ ਕਰ ਸਕਦੀ ਹੈ। ਪਰ ਸੰਸਾਰ ਦਾ ਇਤਿਹਾਸ ਅਤੇ ਇਸ ਦੇ ਅਜੋਕੇ ਹਾਲਾਤ ਇਸ ਵਿਚਾਰਧਾਰਾ ਨੂੰ ਨਕਾਰਦੇ ਹਨ। ਹੁਣ ਤੱਕ ਇਕੱਤਰ ਕੀਤੀਆਂ ਸਾਡੀਆਂ ਸਭ ਤਕਨੌਲੋਜੀਆਂ ਅਤੇ ਸ਼ਕਤੀਆਂ ਦੇ ਬਾਵਜੂਦ ਸਾਨੂੰ ਮਨੁੱਖੀ ਹੋਂਦ ਨੂੰ ਬਚਾਉਣ ਦੀ ਚਿੰਤਾ ਲੱਗੀ ਹੋਈ ਹੈ। ਇਸ ਕਰਕੇ ਅੱਜ ਤਕਨੌਲੋਜੀ ਅਤੇ ਖਾਸ ਕਰਕੇ ਇਸ ਦੀ ਨਵੀਂ ਬ੍ਰਾਂਚ ਏ.ਆਈ, ਯੂ.ਐਨ.ਓ. ਸਣੇ ਸਾਰੇ ਦੇਸ਼ਾਂ ਲਈ ਸਿਰ-ਦਰਦੀ ਬਣ ਗਈ ਹੈ। ਹਾਲਾਂਕਿ ਇਹ ਸਾਡੀ ਬਹੁ-ਪੱਖੀ ਤਰੱਕੀ ਅਤੇ ਅਥਾਹ ਖੁਸ਼ਹਾਲੀ ਦਾ ਵੱਡਾ ਅਧਾਰ ਰਹੀ ਹੈ ਅਤੇ ਅੱਜ ਵੀ ਇਸ ਨੂੰ ਲਗਾਤਾਰ ਕਾਇਮ ਰੱਖ ਰਹੀ ਹੈ। ਇਹ ਸਿਰ-ਦਰਦੀ ਇਸ ਕਰਕੇ ਨਹੀਂ ਬਣੀ ਕਿ ਇਸ ਦਾ ਕੋਈ ਲਾਭ ਨਹੀਂ ਰਿਹਾ। ਬਲਕਿ ਇਸ ਕਰਕੇ ਬਣੀ ਹੈ ਕਿ ਹੁਣ ਇਹ ਸੰਸਾਰ ਦੇ ਸ਼ਾਤਿਰ ਧੜਿਆਂ ਵਲੋਂ ਬਾਕੀ ਇਨਸਾਨਾਂ ਦੇ ਸਰੀਰਾਂ ਅਤੇ ਮਨਾਂ 'ਤੇ ਕਬਜ਼ਾ ਕਰਨ ਦਾ ਮਾਧਿਅਮ ਬਣ ਚੁੱਕੀ ਹੈ। ਅੱਜ ਸੰਸਾਰ ਦੇ ਦਸ ਸਭ ਤੋਂ ਵੱਧ ਅਮੀਰ ਖਰਬ-ਪਤੀਆਂ 'ਚੋਂ ਸੱਤ ਤਕਨੌਲੋਜੀ ਨਾਲ਼ ਜੁੜੇ ਹੋਏ ਹਨ ਅਤੇ ਅਮਰੀਕਾ ਦੀ ਰਾਜਧਾਨੀ 'ਚ ਇਨ੍ਹਾਂ ਦੀ ਲੌਬੀ ਦੂਜੇ ਨੰਬਰ ਦੀ ਸਭ ਤੋਂ ਤਾਕਤਵਰ ਲੌਬੀ ਹੈ।

ਇਸ ਦਾ ਅਰਥ ਇਹ ਨਹੀਂ ਕਿ ਇਹ ਕਿਸੇ ਹੋਰ ਖੇਤਰ ਨਾਲ਼ੋਂ ਵੱਧ ਉਪਜ ਕਰ ਰਹੀ ਹੈ ਜਾਂ ਇਸ ਵਲੋਂ ਬਣਾਈਆਂ ਵਸਤਾਂ ਹੋਰਾਂ ਦੀਆਂ ਵਸਤੂਆਂ ਤੋਂ ਵੱਧ ਲਾਭਦਾਇਕ ਹਨ। ਇਸ ਦੇ ਉਲਟ ਇਹ ਆਪਣੇ ਲਾਭ-ਹਿਤ, ਬੇ-ਲੋੜੀਆਂ ਅਤੇ 'ਲਗਜ਼ਰੀ' ਵਸਤੂਆਂ ਨਾਲ਼ ਮਾਰਕੀਟਾਂ ਨੂੰ ਭਰ ਰਹੀ ਹੈ, ਕਿਉਂਕਿ ਇਨ੍ਹਾਂ ਨੂੰ ਬਣਾਉਣ ਅਤੇ ਜ਼ਰੂਰਤ ਵਾਲ਼ੀਆਂ ਵਸਤੂਆਂ ਬਣਾਉਣ 'ਚ ਲਾਗਤ ਦਾ ਬਹੁਤਾ ਫਰਕ ਨਹੀਂ ਹੁੰਦਾ। ਨਾ ਹੀ ਇਸ ਦੇ ਇਜ਼ਾਰੇਦਾਰਾਂ ਨੂੰ ਕੋਈ ਵਸਤੂ ਬਣਾਉਣ ਲਈ ਕਿਸੇ ਤੋਂ ਇਜਾਜ਼ਤ ਲੈਣ ਦੀ ਲੋੜ ਹੈ। ਕਿੰਨੀ ਅਜੀਬ ਗੱਲ ਹੈ ਕਿ ਆਪਣੇ ਭਾਰਤ ਦੇਸ਼ 'ਚ ਭਾਵੇਂ ਅਜੇ ਨਹੀਂ, ਪਰ ਵਿਕਸਿਤ ਦੇਸ਼ਾਂ 'ਚ ਸਰਕਾਰ ਕਿਸਾਨਾਂ ਨੂੰ ਦਸਦੀ ਹੈ ਕਿ ਓਹ ਆਪਣੇ ਖੇਤਾਂ 'ਚ ਕੀ ਬੀਜਣ। ਜੇ ਓਹ ਸਰਕਾਰੀ ਹੁਕਮ ਨਾ ਮੰਨਣ ਤਾਂ ਸਰਕਾਰ ਉਨ੍ਹਾਂ ਦੀ ਫਸਲ ਦੀ ਖਰੀਦ ਨਹੀਂ ਕਰਦੀ। ਇਸ ਲਈ ਕਿਸਾਨਾਂ ਨੂੰ ਹਰ ਸਾਲ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਦਲਵੀਂਆਂ ਫਸਲਾਂ ਬੀਜਣੀਆਂ ਪੈਂਦੀਆਂ ਹਨ। ਪਰ ਤਕਨੌਲੋਜੀ ਖਾਸ ਕਰ ਕੇ ਏ.ਆਈ ਦੇ ਇਜ਼ਾਰੇਦਾਰ, ਟੌਅਰ ਨਾਲ਼ ਐਲਾਨ ਕਰ ਦਿੰਦੇ ਹਨ ਕਿ ਆਉਣ ਵਾਲ਼ੀ ਫਲਾਣੀ ਤਰੀਕ ਨੂੰ ਅਸੀਂ ਇਹ ਨਵੀਂ ਕਾਢ ਮਾਰਕੀਟ 'ਚ ਲਿਆ ਰਹੇ ਹਾਂ। ਉਲਟਾ ਸਰਕਾਰਾਂ ਨੂੰ ਭੱਜ-ਨੱਠ ਲੱਗ ਜਾਂਦੀ ਹੈ ਕਿ ਅਸੀਂ ਕੀ ਕਰੀਏ?

ਇਹ ਸਚਾਈ ਯੂ.ਐਨ.ਓ. ਦੇ ਮਾਣ-ਯੋਗ ਸਕੱਤਰ ਜਨਰਲ ਐਂਟੋਨੀਓ ਗੁਟੇਰੇਜ਼ ਦੇ ਇਸ ਤਾਜ਼ਾ ਬਿਆਨ (19 ਸਤੰਬਰ, 2024 ਦੇ) ਤੋਂ ਪ੍ਰਤੱਖ ਹੈ, ਕਿ:

"ਇਹ ਗੱਲ ਪਹਿਲਾਂ ਹੀ ਸਪਸ਼ਟ ਹੋ ਚੁੱਕੀ ਹੈ ਕਿ ਏ.ਆਈ ਨਾਲ਼ ਮਨੁੱਖੀ ਅਧਿਕਾਰਾਂ ਸਣੇ ਹੋਰ ਖੇਤਰਾਂ ਲਈ, ਕਈ ਪਰਕਾਰ ਦੇ ਫ਼ੌਰੀ ਅਤੇ ਦੂਰ-ਰਸ ਬੁਰੇ ਅਸਰ ਜੁੜੇ ਹੋਏ ਹਨ। ਇਸ ਸਬੰਧ 'ਚ ਗੰਭੀਰ ਚਿੰਤਾਵਾਂ ਇਹ ਹਨ ਕਿ ਇਸ ਦੀ ਸ਼ਕਤੀ ਸਿਮਟ ਕੇ ਕੁਛ ਦੇਸ਼ਾਂ ਅਤੇ ਕੰਪਨੀਆਂ ਦੇ ਹੱਥਾਂ 'ਚ ਇਕੱਠੀ ਹੋ ਗਈ ਹੈ।"

ਏ.ਆਈ ਨਾਲ਼ ਜੁੜੇ ਖ਼ਤਰਿਆਂ ਬਾਰੇ ਇਹ ਉਨ੍ਹਾਂ ਦਾ ਕੋਈ ਪਹਿਲਾ ਬਿਆਨ ਨਹੀਂ। ਕਈ ਵਾਰ ਪਹਿਲਾਂ ਵੀ ਓਹ ਇਸ ਤੋਂ ਵੀ ਸਖ਼ਤ ਬਿਆਨ ਦੇ-ਦੇ ਕੇ ਸੰਸਾਰ ਨੂੰ ਇਸ ਵਿਸ਼ੇ 'ਤੇ ਖ਼ਬਰਦਾਰ ਕਰਦੇ ਰਹੇ ਹਨ। ਕਈ ਵਾਰ ਤਾਂ ਉਨ੍ਹਾਂ ਦੇ ਬਿਆਨਾਂ ਤੋਂ ਇਸ ਤਰ੍ਹਾਂ ਲਗਦਾ ਹੈ ਕਿ ਓਹ ਬਹੁਤ ਹੀ ਮਜਬੂਰ ਅਤੇ ਦੁਖੀ ਹੋ ਕੇ ਬੋਲ ਰਹੇ ਹਨ। ਆਪਾਂ ਜਾਣਦੇ ਹਾਂ ਕਿ ਸਮੁੱਚੇ ਸੰਸਾਰ ਦੀਆਂ ਹੋਰ ਅਨੇਕਾਂ ਸਮੱਸਿਆਵਾਂ, ਉਨ੍ਹਾਂ ਦੀਆਂ ਚਿੰਤਾਵਾਂ ਅਤੇ ਦਰਦਾਂ ਦਾ ਕਾਰਨ ਬਣੀਆਂ ਹੋਈਆਂ ਹਨ। ਜਿਵੇਂ ਕਿ: ਚੱਲ ਰਹੇ ਯੁੱਧ, ਵਾਤਾਵਰਨ ਪਰਿਵਰਤਨ, ਮਾਰੂ ਹਥਿਆਰਾਂ ਦੀ ਦੌੜ, ਸ਼ਰਣਾਰਥੀਆਂ ਦੇ ਦੁੱਖ, ਅੱਤ-ਵਾਦ, ਨਾ-ਬਰਾਬਰੀ, ਭੁੱਖਮਰੀਆਂ ਅਤੇ ਕੁਦਰਤੀ ਆਫਤਾਂ ਆਦਿ। ਏ.ਆਈ ਬਾਰੇ ਉਨ੍ਹਾਂ ਦੀ ਦਰਦਮਈ ਬਿਆਨ-ਬਾਜ਼ੀ ਇਹ ਸਾਬਿਤ ਕਰਦੀ ਹੈ ਕਿ ਇਹ ਸਮੱਸਿਆ ਵੀ ਹੋਰ ਵੱਡੀਆਂ ਸਮੱਸਿਆਵਾਂ ਜਿੰਨੀ ਹੀ ਗੰਭੀਰ ਬਣ ਚੁੱਕੀ ਹੈ। ਹੋਰ ਸਮੱਸਿਆਵਾਂ ਦਹਾਕਿਆਂ ਤੋਂ ਚਲੀਆਂ ਆ ਰਹੀਆਂ ਹਨ ਜਦ ਕਿ ਏ.ਆਈ ਦੀ ਸਮੱਸਿਆ ਨਵੀਂ ਅਤੇ ਬਹੁਤ ਤੇਜ਼ੀ ਨਾਲ ਉੱਭਰ ਰਹੀ ਹੈ।

ਸਕੱਤਰ ਜਨਰਲ ਸਾਹਿਬ ਦੇ ਉਪਰੋਕਤ ਬਿਆਨ ਦਾ ਕਾਰਨ ਡੇਢ ਕੁ ਸਾਲ ਪਹਿਲਾਂ (ਮਾਰਚ, 2023) ਨਿਕਲ਼ੀ ਏ.ਆਈ ਦੀ ਇੱਕ ਉੱਪ-ਕਾਢ (ਚੈਟ-ਜੀਪੀਟੀ) ਹੈ, ਜਿਸ ਨੇ ਸੰਸਾਰ 'ਚ ਤਰਥੱਲੀ ਮਚਾ ਦਿੱਤੀ ਸੀ ਅਤੇ ਇਸ ਦੇ ਹਾਮੀਆਂ ਨੂੰ ਵੀ ਚਿੰਤਾ 'ਚ ਪਾ ਦਿੱਤਾ ਸੀ। ਇਲੌਨ ਮਸੂਕ ਸਣੇ ਸੰਸਾਰ ਭਰ ਦੇ ਵੀਹ ਹਜ਼ਾਰ ਤੋਂ ਵੱਧ ਮਾਹਿਰਾਂ, ਸਾਇੰਸਦਾਨਾਂ ਅਤੇ ਫ਼ਿਲਾਸਫ਼ਰਾਂ ਨੇ ਇੱਕ ਖੁੱਲ੍ਹਾ ਪੱਤਰ ਲਿਖ ਕੇ ਇਸ ਤਰ੍ਹਾਂ ਦੀਆਂ ਕਾਢਾਂ ਤੇ ਕੁਛ ਸਮੇਂ ਲਈ ਰੋਕ ਲਾਉਣ ਦੀ ਅਪੀਲ ਕੀਤੀ ਸੀ। ਉਨ੍ਹਾਂ ਨੇ ਇਸ ਤਰ੍ਹਾਂ ਦੀਆਂ ਕਾਢਾਂ ਨੂੰ ਕਾਬੂ ਤੋਂ ਬਾਹਰ ਹੋ ਰਹੀ ਤਕਨੌਲੋਜੀ ਦਾ ਪ੍ਰਤੀਕ ਗਰਦਾਨਿਆ ਸੀ। ਯੂ.ਐਨ.ਓ. ਸਣੇ ਸੰਸਾਰ ਦੇ ਸਾਰੇ ਦੇਸ਼ਾਂ ਨੇ ਇਸ ਦੇ ਸੰਭਾਵੀ ਖ਼ਤਰਿਆਂ ਬਾਰੇ ਫ਼ੌਰੀ ਤੌਰ 'ਤੇ ਗੰਭੀਰਤਾ ਨਾਲ਼ ਵਿਚਾਰ-ਵਟਾਂਦਰੇ ਕੀਤੇ ਸਨ ਅਤੇ ਸਕੱਤਰ ਜਨਰਲ ਸਾਹਿਬ ਨੇ ਇੱਕ ਉੱਚ-ਪਧਰੀ ਕਮੇਟੀ ਦਾ ਗਠਨ ਕੀਤਾ ਸੀ, ਜਿਸ ਦੀ ਰਿਪੋਰਟ ਹੁਣੇ ਹੀ (19 ਸਤੰਬਰ, 2024 ਨੂੰ) ਆਈ ਹੈ। ਇਸ ਦਾ ਸਿਰਲੇਖ "ਮਨੁੱਖਤਾ ਦੀ ਭਲਾਈ ਲਈ ਏ.ਆਈ 'ਤੇ ਨਿਯੰਤਰਣ-ਪ੍ਰਬੰਧ" ("ਗਵਰਨਿੰਗ ਏ.ਆਈ ਫਾਰ ਹਿਉਮੈਨਿਟੀ") ਹੈ ਇਸ ਦਾ ਉਦੇਸ਼ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਏ. ਆਈ ਦਾ ਵਿਕਾਸ ਅਤੇ ਇਸ ਦੀ ਵਰਤੋਂ ਇਸ ਢੰਗ ਨਾ਼ਲ ਕੀਤੀ ਜਾ ਸਕੇ ਕਿ ਇਸ ਦਾ ਲਾਭ ਸਾਰੀ ਮਨੁੱਖਤਾ ਨੂੰ ਹੋਵੇ ਅਤੇ ਇਸ ਨੂੰ ਪ੍ਰਭਾਵਕਾਰੀ ਅਤੇ ਕੌਮਾਂਤਰੀ ਪੱਧਰ 'ਤੇ ਸਰਬ-ਸੰਮਤੀ ਨਾ਼ਲ ਨਿਯੰਤਰਣ ਕੀਤਾ ਜਾ ਸਕੇ।

ਇਸ ਰਿਪੋਰਟ ਦਾ ਮੁੱਖ ਥੀਮ ਵੀ ਉਪਰੋਕਤ ਵਿਚਾਰਧਾਰਾ ਨਾ਼ਲ ਮੇਲ ਖਾਂਦਾ ਹੈ, ਕਿ:

"ਭਾਵੇਂ ਅਸੀਂ ਭਵਿੱਖ 'ਚ ਏ.ਆਈ ਅਤੇ ਇਸ ਦੀ ਭੂਮਿਕਾ ਪ੍ਰਤੀ ਆਸਵੰਦ ਹਾਂ ਪਰ ਇਹ ਆਸ ਇਸ ਦੇ ਖ਼ਤਰਿਆਂ, ਮੌਜੂਦਾ ਢਾਂਚਿਆਂ ਦੀਆਂ ਕਮੀਆਂ ਅਤੇ ਸਾਡੀਆਂ ਪ੍ਰਾਥਮਿਕਤਾਵਾਂ ਉੱਪਰ ਨਿਰਭਰ ਕਰਦੀ ਹੈ। ਅਸੀਂ ਭਵਿੱਖ 'ਚ ਇਸ ਦੀ ਅਹਿਮ ਭੂਮਿਕਾ ਤੋਂ ਮੁਨਕਰ ਨਹੀਂ ਪਰ ਸਾਡਾ ਉਦੇਸ਼ ਇਹ ਹੈ ਕਿ ਇਸ ਦੇ ਲਾਭ ਸਮੁੱਚੀ ਮਨੁੱਖਤਾ ਨੂੰ ਪਹੁੰਚਣ ਅਤੇ ਅੱਜ ਦੇ ਲਾਭਾਂ ਦਾ ਆਉਣ ਵਾ਼ਲੀਆਂ ਪੀੜ੍ਹੀਆਂ 'ਤੇ ਕੋਈ ਮਾੜਾ ਅਸਰ ਨਾ ਪਵੇ, ਜਿਵੇਂ ਕਿ ਬਦ-ਕਿਸਮਤੀ ਨਾ਼ਲ ਵਾਤਾਵਰਨ-ਪਰਿਵਰਤਨ ਨਾ਼ਲ ਪੈਣ ਦਾ ਖ਼ਦਸ਼ਾ ਹੈ"।

ਪਰ ਇਸ ਦੇ ਹਮਾਇਤੀ ਇਸ ਨੂੰ ਹੋਰ ਸਭ ਖੇਤਰਾਂ ਦੀ ਤਰੱਕੀ ਦਾ ਮੁੱਖ ਜ਼ਰੀਆ ਮੰਨਦੇ ਹਨ ਅਤੇ ਮੁੱਖ ਸਮੱਸਿਆਵਾਂ ਦੇ ਹੱਲ ਕਰਨ ਦਾ ਮਾਧਿਅਮ ਦੱਸਦੇ ਹਨ। ਜਿਵੇਂ ਕਿ: ਵਿਦਿਅਕ ਖੇਤਰ, ਖੇਤੀ-ਬਾੜੀ, ਸਿਹਤ ਸੇਵਾਵਾਂ, ਆਰਥਿਕ, ਵਾਤਾਵਰਨ ਪਰਿਵਰਤਨ, ਆਵਾਜਾਈ, ਸਾਇੰਸੀ ਖੋਜਾਂ, ਆਰਥਿਕ, ਜਨਰਲ ਸਰਵਸਿਜ਼ ਅਤੇ ਸੁਰੱਖਿਆ ਆਦਿ ਸਭ ਦਾ। ਇੱਥੋਂ ਤੱਕ ਦਾਅਵਾ ਕਰਦੇ ਹਨ ਕਿ ਇਹ ਸੰਸਾਰ ਦੀ ਲੱਗ-ਭੱਗ ਹਰ ਸਮੱਸਿਆ ਦਾ ਹੱਲ ਕਰ ਸਕੇਗੀ। ਏ.ਆਈ ਪ੍ਰਤੀ ਯਥਾਰਥੀ ਪਹੁੰਚ ਅਪਣਾਉਣ ਵਾਲ਼ਿਆਂ ਨੂੰ, ਗੈਰ-ਵਿਗਿਆਨਕ, 'ਡੂਮ ਸ਼ੇਅਰਜ਼' ਅਤੇ ਨਿਰਾਸ਼ਾ-ਵਾਦੀ ਹੋਣ ਦਾ ਫ਼ਤਵਾ ਦਿੰਦੇ ਹਨ। ਇਹ ਦਲੀਲਾਂ ਵੀ ਦਿੰਦੇ ਹਨ ਕਿ ਇਸ ਤਰ੍ਹਾਂ ਦੀ ਆਲੋਚਨਾ ਅਤੇ ਵਿਰੋਧਤਾ ਆਮ ਗੱਲ ਹੈ ਕਿਉਂਕਿ ਹਰ ਨਵੀਂ ਤਕਨੌਲੋਜੀ ਦੀ ਵਿਰੋਧਤਾ ਹੁੰਦੀ ਆਈ ਹੈ। ਇਹ ਦਲੀਲ ਦੇਣ ਵੇ਼ਲੇ ਓਹ ਇਹ ਗੱਲ ਲਕੋ ਕੇ ਰਖਦੇ ਹਨ ਕਿ ਹਰ ਸਮੇਂ ਦੀ ਤਕਨੌਲੋਜੀ ਦਾ ਬੇ-ਥਾਹ ਨਾਜਾਇਜ਼ ਲਾਭ ਇਜ਼ਾਰੇਦਾਰਾਂ ਨੂੰ ਹੀ ਹੋਇਆ ਹੈ, ਅਤੇ ਜਨ-ਸਧਾਰਨ ਤੱਕ ਇਸ ਦਾ ਲਾਭ ਉਸ ਵਕਤ ਹੀ ਪਹੁੰਚਿਆ ਹੈ ਜਦ ਇਸ ਦੀ ਵਿਰੋਧਤਾ ਅਤੇ ਭਰਪੂਰ ਆਲੋਚਨਾ ਹੋਈ।

ਸੰਸਾਰ ਦੀ ਚੋਟੀ ਦੀ ਯੂਨੀਵਰਸਿਟੀ 'ਐੱਮ.ਆਈ.ਟੀ' ਦੇ ਦੋ ਪ੍ਰੋਫੈਸਰਾਂ ਵਲੋਂ 'ਪਾਵਰ ਐਂਡ ਪ੍ਰੋਗਰੈਸ' (2023) ਨਾਉਂ ਦੀ ਪ੍ਰਸਿੱਧ ਕਿਤਾਬ ਲਿਖੀ ਗਈ ਹੈ। ਇਸ ਦਾ ਥੀਮ 'ਤਕਨੌਲੋਜੀ ਅਤੇ ਖੁਸ਼ਹਾਲੀ ਲਈ ਸਾਡਾ ਇੱਕ ਹਜ਼ਾਰ ਸਾਲ ਦਾ ਸੰਘਰਸ਼' ਹੈ। ਉਨ੍ਹਾਂ ਨੇ ਤੱਤ ਕੱਢਿਆ ਹੈ ਕਿ ਸਾਇੰਸ ਅਤੇ ਤਕਨੌਲੋਜੀ ਦੀ ਹਰ ਮੁੱਖ ਕਾਢ ਨੇ ਸਮਾਜ 'ਚ ਨਾ-ਬਰਾਬਰੀ ਨੂੰ ਵਧਾਇਆ ਹੈ...। ਇਨ੍ਹਾਂ ਦੇ ਲਾਭਾਂ ਦੀ ਜਨ-ਸਧਾਰਨ ਤੱਕ ਰਸਾਈ ਇਨ੍ਹਾਂ ਦੇ ਕਾਢੂਆਂ ਅਤੇ ਖੋਜੀਆਂ ਦੀ ਬਜਾਇ ਸਮਾਜ-ਸੁਧਾਰਕਾਂ, ਫਿਲਾਸਫਰਾਂ, ਲੇਖਕਾਂ ਅਤੇ ਸੁਹਿਰਦ ਰਾਜਨੀਤੀਵਾਨਾਂ ਨੇ ਕਰਵਾਈ ਹੈ। ਅਤੇ ਜਾਂ ਕਾਮਿਆਂ ਦੀਆਂ ਯੂਨੀਅਨਾਂ ਨੇ ਖੁਦ ਸੰਘਰਸ਼ ਕਰ ਕੇ ਪ੍ਰਾਪਤ ਕੀਤੀ ਹੈ, ਜਿਨ੍ਹਾਂ ਨੂੰ ਅੱਜ ਲੱਗ-ਭੱਗ ਖਤਮ ਹੀ ਕਰ ਦਿੱਤਾ ਗਿਆ ਹੈ।

ਅੱਜ ਦੀ ਤ੍ਰਾਸਦੀ ਵੀ ਇਹ ਹੈ ਕਿ ਇਸ ਖੇਤਰ 'ਤੇ ਕਾਬਜ਼ ਇਜ਼ਾਰੇਦਾਰਾਂ ਨੇ ਸਾਨੂੰ ਭੁਲੇਖਿਆਂ 'ਚ ਪਾ ਰੱਖਿਆ ਹੈ ਜਿਨ੍ਹਾਂ ਓਹਲੇ ਓਹ ਬੇ-ਲੋੜੀਆਂ ਅਤੇ ਮਨੁੱਖੀ ਕਦਰਾਂ-ਕੀਮਤਾਂ ਤੋਂ ਸੱਖਣੀਆਂ ਕਾਢਾਂ ਤਾਂ ਕਢਦੇ ਹੀ ਹਨ ਅਤੇ ਨਾ਼ਲ ਧਰਤੀ ਦੇ ਵਡਮੁੱਲੇ ਕੁਦਰਤੀ ਸਾਧਨਾਂ ਨੂੰ ਵੀ ਬਰਬਾਦ ਕਰ ਰਹੇ ਹਨ। ਕਿਤਾਬ 'ਚ ਇਨ੍ਹਾਂ ਦੀ ਤੁਲਨਾ ਉਦਯੋਗਿਕ ਕ੍ਰਾਂਤੀ ਦੇ ਵੇ਼ਲਿਆਂ ਦੇ 'ਰੌਬਰ-ਬੈਰਨਜ' ਕੀਤੀ ਗਈ ਹੈ। ਨਾ-ਬਰਾਬਰੀ ਅਤੇ ਸਮਾਜਿਕ ਬੇ-ਚੈਨੀ ਵਧਾਉਣ ਦੇ ਨਾ਼ਲ-ਨਾ਼ਲ ਇਸ ਨੇ ਹੋਰ ਹਰ ਖੇਤਰ ਦੀਆਂ ਖੋਜਾਂ ਅਤੇ ਕਾਢਾਂ 'ਚ ਖੜੋਤ ਪੈਦਾ ਕਰ ਦਿੱਤੀ ਹੈ ਅਤੇ ਮਨੁੱਖ ਨੂੰ ਅਸਲੀਅਤ ਤੋਂ ਬਹੁਤ ਦੂਰ ਕਰ ਦਿੱਤਾ ਹੈ।

ਅੱਜ ਤਕਨੌਲੋਜੀਆਂ ਦਾ ਹਾਲ ਵੀ ਧਰਮਾਂ ਵਰਗਾ ਹੋ ਗਿਆ ਹੈ ਅਤੇ ਇਨ੍ਹਾਂ ਦੋਹਾਂ ਨੂੰ ਲੋਟੂ ਟੋਲਿਆਂ ਨੇ ਅਪਹਰਣ ਕਰ ਲਿਆ ਹੈ। ਕੋਈ ਵੀ ਸਿਆਣਾ ਬੰਦਾ ਨਾ ਧਰਮ ਦੀ ਨਿਖੇਧੀ ਕਰਦਾ ਹੈ ਅਤੇ ਨਾ ਹੀ ਸਾਇੰਸ ਅਤੇ ਤਕਨੌਲੋਜੀ ਦੀ। ਉਹ ਨਿਖੇਧੀ ਕਰਦਾ ਹੈ ਇਨ੍ਹਾਂ 'ਤੇ ਕਾਬਜ਼ ਹੋਏ ਅਖੌਤੀ ਧਾਰਮਿਕ ਆਗੂਆਂ ਦੀ ਅਤੇ ਇਜ਼ਾਰੇਦਾਰਾਂ ਦੀ। ਜਦ ਕੋਈ ਉਨ੍ਹਾਂ ਦੀ ਵਿਰੋਧਤਾ ਹੁੰਦੀ ਹੈ ਤਾਂ ਅਖੌਤੀ ਧਾਰਮਿਕ ਆਗੂ ਉਸ ਨੂੰ ਧਰਮ ਜਾਂ ਕਿਸੇ ਸਤਿਕਾਰਤ ਮਹਾਂਪੁਰਖ ਦਾ ਵਿਰੋਧ ਗਰਦਾਨ ਦਿੰਦੇ ਹਨ ਅਤੇ ਸੱਚ ਬੋਲਣ ਵਾ਼ਲੇ ਦਾ ਜਿਉਣਾ ਔਖਾ ਕਰ ਦਿੰਦੇ ਹਨ। ਇਸ ਤਰ੍ਹਾਂ ਦਾ ਹੀ ਵਰਤਾਰਾ ਅੱਜ ਸਾਇੰਸ ਅਤੇ ਤਕਨੌਲੋਜੀ ਦੇ ਖੇਤਰ 'ਚ ਵਰਤ ਰਿਹਾ ਹੈ। ਸਾਡੇ ਲਈ ਜ਼ਰੂਰੀ ਹੈ ਕਿ ਜਿਵੇਂ ਸਾਨੂੰ ਕਿਸੇ ਧਰਮ 'ਤੇ ਅੰਧ-ਵਿਸ਼ਵਾਸ ਨਹੀਂ ਕਰਨਾ ਚਾਹੀਦਾ ਓਸੇ ਤਰ੍ਹਾਂ ਅੱਜ ਦੀ ਤਕਨੌਲੋਜੀ 'ਤੇ ਵੀ ਨਹੀਂ ਕਰਨਾ ਚਾਹੀਦਾ।

ਇਸ ਸਮੱਸਿਆ ਬਾਰੇ ਸੰਖੇਪ ਵਿਚਾਰ ਕਰ ਕੇ ਅਸੀਂ ਆਪਣੇ ਯੁਗ ਦੀ ਮੁੱਖ ਵਿਸ਼ੇਸ਼ਤਾ ਦੇ ਸਾਡੇ 'ਤੇ ਪੈ ਰਹੇ ਪ੍ਰਭਾਵਾਂ ਬਾਰੇ ਜਾਣ ਸਕਦੇ ਹਾਂ, ਭਾਵੇਂ ਇਸ ਨਾ਼ਲ ਅਸੀਂ ਇਸ ਦਾ ਹੱਲ ਨਹੀਂ ਲੱਭ ਸਕਦੇ ਪਰ ਇਸ ਬਾਰੇ ਜਾਗਰੂਕ ਹੋ ਕੇ ਅਸੀਂ ਉਨ੍ਹਾਂ ਸੁਹਿਰਦ ਸੁਧਾਰਕਾਂ, ਵਿਸਲ-ਬਲੋਅਰਾਂ ਅਤੇ ਰਾਜਨੀਤੀਵਾਨਾਂ ਦੇ ਹੱਥ ਮਜ਼ਬੂਤ ਕਰ ਸਕਦੇ ਹਾਂ ਜੋ ਇਨ੍ਹਾਂ ਇਜ਼ਾਰੇਦਾਰਾਂ ਨਾ਼ਲ ਆਢਾ ਲਾ ਰਹੇ ਹਨ। ਦੂਸਰਾ ਵਿਹਾਰਕ ਲਾਭ ਇਹ ਹੈ ਕਿ ਅਸੀਂ ਵਿਅਕਤੀਗਤ ਅਤੇ ਪਰਵਾਰਿਕ ਤੌਰ 'ਤੇ ਸੁਚੇਤ ਹੋ ਜਾਂਦੇ ਹਾਂ ਕਿ ਅਸੀਂ ਇਸ ਦੇ ਮੰਦੇ ਪ੍ਰਭਾਵਾਂ ਤੋਂ ਬਚਣ ਲਈ ਉਪਰਾਲੇ ਕਰਦੇ ਹਾਂ। ਪਰ ਜਿਵੇਂ ਪਹਿਲਾਂ ਵਿਚਾਰਿਆ ਹੈ, ਇਸ ਦੇ ਚੰਗੇ ਪ੍ਰਭਾਵਾਂ ਨੂੰ ਕਬੂਲਣਾ ਅਤੇ ਮੰਦਿਆਂ ਤੋਂ ਬਚਣਾ ਸਿਆਣਪ ਹੈ, ਕਲਾ ਹੈ/ਹੁਨਰ ਹੈ ਅਤੇ ਵਿਅਕਤੀਗਤ ਫਰਜ਼ ਹੈ।

ਸਿਆਣਪ ਅਤੇ ਕਲਾ ਹਰ ਇੱਕ ਨੂੰ ਆਪਣੇ ਨਿਜੀ ਅਭਿਆਸ ਰਾਹੀਂ ਸਿੱਖਣੀਆਂ ਪੈਂਦੀਆਂ ਹਨ, ਨਿਜੀ ਤੌਰ 'ਤੇ ਗ੍ਰਹਿਣ ਕਰਨੀਆਂ ਪੈਂਦੀਆਂ ਹਨ। ਇਹ ਨਾ ਕਿਸੇ ਹੋਰ ਤੋਂ ਲਈਆਂ ਜਾਂ ਖਰੀਦੀਆਂ ਜਾ ਸਕਦੀਆਂ ਅਤੇ ਨਾ ਹੀ ਇਨ੍ਹਾਂ ਦੀ ਆਊਟ-ਸੋਰਸਿੰਗ ਹੋ ਸਕਦੀ ਹੈ। ਇਸੇ ਤਰ੍ਹਾਂ ਕੋਈ ਬਾਹਰਲੀ ਤਕਨੌਲੋਜੀ ਵੀ ਸਾਡੀ ਮਦਦਗਾਰ ਨਹੀਂ ਹੋ ਸਕਦੀ। ਸਾਈਕਲ ਚਲਾਉਣਾ, ਤਰਨਾ, ਸਰੀਰਕ ਕਸਰਤ ਅਤੇ ਦੁਨਿਆਵੀ ਵਿੱਦਿਆ ਇਸ ਦੀਆਂ ਸਰਲ ਉਦਾਹਰਣਾਂ ਹਨ ਅਤੇ ਆਪਾ-ਸੁਧਾਰ, ਆਤਮ-ਵਿਕਾਸ, ਆਪਾ-ਪਛਾਣ ਅਤੇ ਸਹੀ ਪਰਮਾਰਥ ਦੀ ਕਮਾਈ ਵੱਡੀਆਂ ਹਨ। ਇਹ ਵਿਅਕਤੀਗਤ ਜਾਂ ਖ਼ੁਦੀ ਦਾ ਖੇਤਰ ਹੈ ਅਤੇ ਬਹੁਤ ਵਿਸ਼ਾਲ ਹੈ। ਪੜ੍ਹਨਾ, ਸੁਣਨਾ ਆਦਿ ਇਸ ਤਰ੍ਹਾਂ ਦੀ ਸਿਆਣਪ ਗ੍ਰਹਿਣ ਕਰਨ ਜਾਂ ਕਲਾ 'ਚ ਨਿਪੁੰਨ ਹੋਣ ਲਈ ਮਦਦ-ਗਾਰ ਅਤੇ ਜ਼ਰੂਰੀ ਤਾਂ ਹਨ ਪਰ ਇਨ੍ਹਾਂ ਨਾ਼ਲ ਸਰਦਾ ਨਹੀਂ। ਇਸ ਲਈ ਮਿਹਨਤ ਕਰ ਕੇ ਇਹ ਕਰਨਾ ਜ਼ਰੂਰੀ ਹੈ ਤਾਂ ਕਿ ਅਸੀਂ ਅੱਜ ਦੀ ਬੇ-ਲਗਾਮ ਤਕਨੌਲੋਜੀ ਦੇ ਭਰਮਾਊ, ਉਕਸਾਊ, ਭੜਕਾਊ ਅਤੇ ਭਟਕਾਊ ਮਕੜ-ਜਾ਼ਲਾਂ ਤੋਂ ਬਚ ਸਕੀਏ।

---

# ਮਰਨਾ ਔਖਾ ਜਾਂ ਜੀਣਾ?



ਹਰਚਰਨ ਸਿੰਘ ਪਰਹਾਰ
ਫੋਨ: 403-681-8689
ਈਮੇਲ: hp8689@gmail.com

ਸਾਡੇ ਲੀਡਰਾਂ, ਵਿਦਵਾਨਾਂ, ਪ੍ਰਚਾਰਕਾਂ ਵੱਲੋਂ ਸਦੀਆਂ ਤੋਂ ਪ੍ਰਚਾਰ ਹੋ ਰਿਹਾ ਕਿ ਮਰਨਾ ਬਹੁਤ ਮਹਾਨ ਕੰਮ ਹੈ। ਇਸੇ ਕਰਕੇ ਸਾਡੇ ਕੋਲ਼ ਸ਼ਹੀਦਾਂ ਦੀ ਤਾਂ ਲੰਬੀ ਕਤਾਰ ਹੈ। ਪਰ ਕੋਈ ਉੱਚ ਪੱਧਰ ਦਾ ਲੀਡਰ, ਵਿਦਵਾਨ, ਸਾਹਿਤਕਾਰ, ਵਿਗਿਆਨੀ ਆਦਿ ਲੱਭਣਾ ਹੋਵੇ ਤਾਂ ਮਿਲਣਾ ਮੁਸ਼ਕਿਲ ਹੈ। ਜੇ ਕਿਸੇ ਨੂੰ ਦੁਨੀਆਂ ਮੰਨਦੀ ਵੀ ਹੈ ਤਾਂ ਪੰਥ ਵੱਲੋਂ ਉਸਨੂੰ ਕਦੇ ਮਾਨਤਾ ਨਹੀਂ ਮਿਲ਼ੀ। ਇਸੇ ਕਰਕੇ ਦੇਸ਼-ਵਿਦੇਸ਼ ਦੇ ਬਹੁ-ਗਿਣਤੀ ਸਿੱਖ ਲੀਡਰ, ਵਿਦਵਾਨ, ਪ੍ਰਚਾਰਕ ਆਦਿ ਸਵਾਰਥੀ, ਮੌਕਾਪ੍ਰਸਤ, ਦੋਗਲੇ, ਕਮੀਨੇ, ਬੇਈਮਾਨ, ਹਿੰਸਕ, ਕ੍ਰਿਮੀਨਲ ਮਾਈਂਡ ਹਨ। ਜੋ ਆਮ ਸਿੱਖਾਂ ਲਈ ਕੁਝ ਚੰਗਾ ਕਰਨ ਦੀ ਥਾਂ ਆਪਣੇ ਸਵਾਰਥਾਂ ਲਈ ਨਿੱਤ ਨਵੇਂ ਦਿਨ ਸਮੱਸਿਆਵਾਂ ਖੜੀਆਂ ਕਰਦੇ ਰਹਿੰਦੇ ਹਨ।

ਆਮ ਸਿੱਖ ਪੜ੍ਹ-ਲਿਖ ਕੇ ਆਪਣੀ ਮਿਹਨਤ ਨਾਲ਼ ਦੁਨੀਆਂ ਭਰ ਵਿਚ ਤਰੱਕੀਆਂ ਕਰਦੇ ਹਨ, ਸਿੱਖਾਂ ਦਾ ਨਾਮ ਰੌਸ਼ਨ ਕਰਦੇ ਹਨ। ਪਰ ਸਾਡੇ ਇਹ ਮੁੱਠੀ ਭਰ ਮਹਾਨ ਪੰਥਕ ਰਹਿਬਰ ਅਤੇ ਇਨ੍ਹਾਂ ਦੀ ਸਿੱਖਿਆ ਲੈ ਕੇ ਅੱਗੇ ਰਹੀ ਨਵੀਂ ਮੰਡੀਰ ਦੇਸ਼-ਵਿਦੇਸ਼ ਵਿਚ ਸਿੱਖਾਂ ਦਾ ਨਾਮ ਬਦਨਾਮ ਕਰਨ ਵਿਚ ਕੋਈ ਕਸਰ ਨਹੀਂ ਛੱਡ ਰਹੀ।

ਇਨ੍ਹਾਂ ਦੀ ਸਿੱਖਿਆ ਅਨੁਸਾਰ ਜੇ ਮਰਨਾ ਮਹਾਨ ਹੈ ਤਾਂ 'ਵਰਲਡ ਹੈਲਥ ਆਰਗੇਨਾਈਜੇਸ਼ਨ' (WHO) ਦੀ ਰਿਪੋਰਟ ਅਨੁਸਾਰ ਹਰ ਸਾਲ ਦੁਨੀਆਂ ਵਿਚ 8 ਲੱਖ ਲੋਕ ਆਤਮ ਹੱਤਿਆ ਕਰਦੇ ਹਨ ਭਾਵ ਹਰ ਘੰਟੇ ਵਿਚ 90 ਬੰਦੇ ਆਪਣੀ ਮਰਜ਼ੀ ਨਾਲ ਮੌਤ ਨੂੰ ਗਲ਼ੇ ਲਗਾ ਲੈਂਦੇ ਹਨ। ਜੇ ਮਰਨਾ ਇਤਨਾ ਔਖਾ ਹੁੰਦਾ ਤਾਂ ਇਤਨੀ ਵੱਡੀ ਗਿਣਤੀ ਵਿਚ ਰੋਜ਼ਾਨਾ ਲੋਕ ਨਾ ਮਰਦੇ। ਅਸਲ ਵਿਚ ਸਾਨੂੰ ਗਲਤ ਸਿੱਖਿਆ ਦਿੱਤੀ ਜਾ ਰਹੀ ਹੈ, ਮਰਨਾ ਔਖਾ ਨਹੀਂ, ਪਲ-ਪਲ ਜੀਣਾ ਔਖਾ ਹੈ। ਪਰ ਸਾਨੂੰ ਜੀਣ ਦੀ ਥਾਂ ਮਰਨਾ ਸਿਖਾਇਆ ਜਾਂਦਾ ਰਿਹਾ ਹੈ, ਇਸੇ ਕਰਕੇ ਅਸੀਂ ਛੋਟੀ-ਛੋਟੀ ਗੱਲ ਤੇ ਮਰਨ-ਮਾਰਨ ਲਈ ਤਿਆਰ ਹੋ ਜਾਂਦੇ ਹਾਂ। ਜੀਣ ਲਈ ਸੰਘਰਸ਼ ਕਰਨ ਨੂੰ ਘੱਟ ਤਰਜੀਹ ਦਿੰਦੇ ਹਾਂ। ਇਸੇ ਕਰਕੇ ਸਾਡੇ ਜੀਵਨ ਵਿਚੋਂ ਆਨੰਦ, ਸੰਜਮ, ਧੀਰਜ, ਸਹਿਜ ਗੁਆਚਦਾ ਜਾ ਰਿਹਾ ਹੈ। ਕੌਮੀ ਤੌਰ ਤੇ ਰਲ਼ ਅੱਗੇ ਵਧਣ ਦੀ ਥਾਂ ਹਮੇਸ਼ਾਂ ਦੂਜਿਆਂ ਨੂੰ ਦੋਸ਼ ਦੇ ਕੇ ਪੱਲਾ ਝਾੜ ਲੈਂਦੇ ਹਾਂ। ਆਓ! ਜੀਣਾ ਸਿੱਖੀਏ ਨਾ ਕਿ ਮਰਨਾ ਤਾਂ ਹੀ ਇਹ ਜੀਵਨ ਤੇ ਸੰਸਾਰ ਖ਼ੂਬਸੂਰਤ ਹੋ ਸਕਦਾ।

# ਸਰੀਰਕ ਬਿਮਾਰੀਆਂ ਦੇ ਕਾਰਨ ਤੇ ਇਲਾਜ -1

**ਸਿਹਤ ਵਿਗਿਆਨ**

***ਆਪਣੇ ਪੰਜਾਹ ਸਾਲਾਂ ਦੇ ਮੈਡੀਕਲ ਖੇਤਰ ਅਤੇ ਮੈਡੀਕਲ ਕਾਲਜਾਂ ਵਿਚ ਪੜ੍ਹਾਉਣ ਦੇ ਤਜਰਬੇ ਦੇ ਆਧਾਰ 'ਤੇ ਮੈਡੀਕਲ ਨਾਲ ਸਬੰਧਤ ਜਾਣਕੀ ਪਾਠਕਾਂ ਦੀ ਨਜ਼ਰ ਕਰ ਰਿਹਾ ਹਾਂ, ਜੋ ਮੇਰੇ ਲਈ ਖੁਸ਼ੀ ਵਾਲੀ ਗੱਲ ਹੈ। ਆਪਣੀ ਜ਼ਿੰਦਗੀ ਦੇ ਪਝੱਤਰ ਵਿਚੋਂ ਪੰਜਾਹ ਸਾਲ ਮੈਡੀਕਲ ਪੇਸ਼ੇ ਨਾਲ ਸੰਬੰਧਿਤ ਰਹਿੰਦਿਆਂ ਤੇ ਹੋਮਿਓਪੈਥਿਕ ਮੈਡੀਕਲ ਕਾਲਜਾਂ ਤੇ ਹਸਪਤਾਲਾਂ ਵਿਚ ਪ੍ਰੋਫੈਸਰ, ਚੀਫ ਮੈਡੀਕਲ ਅਫਸਰ ਤੇ ਪ੍ਰਿੰਸੀਪਲ ਵਰਗੇ ਅਹੁਦਿਆਂ 'ਤੇ ਕੰਮ ਕਰਦਿਆਂ ਸਿਹਤ ਸੰਬੰਧੀ ਜੋ ਜਾਣਕਾਰੀ ਮੈਂ ਹੁਣ ਤੱਕ ਇਕੱਤਰ ਕੀਤੀ ਹੈ ਤੇ ਮੈਡੀਕਲ ਸਾਇੰਸ ਆਪਣੇ ਸ਼ੁਰੂਆਤ ਤੋਂ ਵਰਤਮਾਨ ਤੱਕ ਜਿਨ੍ਹਾਂ ਪੜਾਵਾਂ ਵਿਚੋਂ ਲੰਘੀ ਹੈ, ਉਨ੍ਹਾਂ ਦਾ ਵੇਰਵਾ ਤੁਹਾਡੇ ਨਾਲ ਲੜੀਵਾਰ ਸਾਂਝਾ ਕਰਾਂਗਾ। ਇਸ ਸਿਲਸਿਲੇਵਾਰ ਜਾਣਕਾਰੀ ਦੇ ਨਾਲ-ਨਾਲ ਸਮੇਂ ਸਮੇਂ 'ਤੇ ਸਿਹਤ ਸੰਬੰਧੀ ਸਵਾਲਾਂ ਦੇ ਜਵਾਬ ਵੀ ਤੁਹਾਨੂੰ ਇਸ ਕਾਲਮ ਰਾਹੀਂ ਮਿਲ ਜਾਣਗੇ।***

ਜੀਵਨ ਜਦੋਂ ਤੋਂ ਹੋਂਦ ਵਿਚ ਆਇਆ ਹੈ ਤਦੋਂ ਤੋਂ ਹੀ ਆਪਣੀ ਹੋਂਦ ਬਰਕਰਾਰ ਰੱਖਣ ਲਈ ਉਪਰਾਲੇ ਕਰਦਾ ਆ ਰਿਹਾ ਹੈ। ਸਿਹਤ ਵਿਗਿਆਨ ਜਾਂ ਮੈਡੀਕਲ ਸਾਇੰਸ ਦਾ ਇਤਿਹਾਸ ਬੇਸ਼ਕ ਅਸੀਂ ਉਦੋਂ ਤੋਂ ਮੰਨਦੇ ਹਾਂ ਜਦੋਂ ਤੋਂ ਇਹਦਾ ਲਿਖਤ ਇਤਿਹਾਸ ਸਾਨੂੰ ਉਪਲੱਬਧ ਹੈ ਪਰ ਸਿਹਤ ਵਿਗਿਆਨ ਦੇ ਉਪਰਾਲੇ ਉਦੋਂ ਤੋਂ ਹੀ ਸ਼ੁਰੂ ਸਨ ਜਦੋਂ ਤੋਂ ਜੀਵਨ ਦੀ ਸ਼ੁਰੂਆਤ ਹੋਈ। ਬੇਸ਼ਕ ਸਾਡੇ ਕੋਲ ਉਨ੍ਹਾਂ ਦੇ ਲਿਖਤ ਸਬੂਤ ਨਾ ਵੀ ਹੋਣ ਪਰ ਜੰਮਦਾ ਬੱਚਾ ਕਿਵੇਂ ਆਪ ਮੁਹਾਰੇ ਜੀਵਨ ਵਿਚ ਵਿਚਰਦਾ ਹੈ, ਉਸਨੂੰ ਗਹੁ ਨਾਲ ਵੇਖਣ 'ਤੇ ਅਸੀਂ ਸੁ਼ਰੂਆਤੀ ਮਨੁੱਖੀ ਜੀਵਨ ਦੀ ਕਾਰਕਰਦਗੀ ਜਾਣ ਸਕਦੇ ਹਾਂ ਕਿਉਂਕਿ ਇਹ ਉਵੇਂ ਹੀ ਹੈ ਜਿਵੇਂ ਪਹਿਲਾਂ ਸੀ ਸ਼ੁਰੂਆਤ ਵਿਚ ਸੀ ਤੇ ਕੁਦਰਤੀ ਸੀ।



ਜੀਵਨ ਦੀ ਸ਼ੁਰੂਆਤ ਕਿਵੇਂ

**ਗੁਰਦੀਪ ਸਿੰਘ ਸੰਧੂ**
**ਫੋਨ: 408-687-1899**

ਹੋਈ ਆਓ ਜਾਣਦੇ ਹਾਂ। ਮੈਂ ਇੱਥੇ ਡਾਰਵਿਨ ਦੇ ਸਿਧਾਂਤ ਦੀ ਵਿਆਖਿਆ ਨਹੀਂ ਕਰਨੀ। ਅੱਜ ਦੀ ਇਕੀਵੀਂ ਸਦੀ ਦੇ ਲੋਕ ਉਸ ਬਾਰੇ ਬਹੁਤ ਕੁਝ ਪੜ੍ਹ ਚੁੱਕੇ ਹਨ। ਮੈਂ ਜੀਵਨ ਦੀ ਸ਼ੁਰੂਆਤ ਦਾ ਫਿਲੌਸਿਫੀਕਲ ਐਕਸਪਲਾਨੇਸ਼ਨ ਯਾਨੀ ਤਰਜਮਾ ਕਰ ਕੇ ਤੁਹਾਨੂੰ ਦੱਸਣਾ ਹੈ।

ਜੀਵਨ ਚੱਲਣ ਦਾ ਨਾਂ ਹੈ ਤੇ ਸਥਿਰਤਾ 'ਚੋਂ ਚੱਲਣਾ ਸ਼ੁਰੂ ਕਰਨਾ ਇਕ ਮੁਸ਼ਕਲ ਕੰਮ ਹੁੰਦਾ ਹੈ। ਹਰ ਮੁਸ਼ਕਲ ਕੰਮ ਦੀ ਸ਼ੁਰੂਆਤ ਨੂੰ ਦੱਸਣ ਦਾ ਮਨੁੱਖ ਕੋਲ ਕੇਵਲ ਇੱਕੋ ਇਕ ਅਸਾਨ ਲਫ਼ਜ਼ ਹੈ "ਪੀੜ" ਸੋ ਜੀਵਨ ਪੀੜ ਦੀ ਪੈਦਾਇਸ਼ ਹੈ। ਮਨੁੱਖ ਦੀ ਮਾਨਸਿਕਤਾ ਹੈ ਆਰਾਮ ਪਸੰਦੀ ਦੀ ਪਰ ਜਦ ਆਰਾਮ ਕਰਦਿਆਂ ਉੱਠਣਾ ਤੇ ਫਿਰ ਤੁਰਨਾ ਪੈ ਜਾਵੇ ਤਾਂ ਇਹ ਕੰਮ ਔਖਿਆਈ ਵਾਲਾ ਲਗਦਾ ਹੈ। ਆਰਾਮ ਨਾਲੋਂ ਹਰ ਕਰਮ ਔਖਾ ਹੀ ਹੈ ਮਨੁੱਖ ਲਈ। ਤੇ ਇਸ ਔਖਿਆਈ ਨੂੰ ਜੇ ਮੈਡੀਕਲ ਟਰਮ ਵਿਚ ਦੱਸਣਾ ਹੋਵੇ ਤਾਂ ਲਫ਼ਜ਼ ਪੀੜ ਯਾਨੀ ਅੰਗਰੇਜ਼ੀ ਵਿਚ ਪੇਨ (PAIN) ਹੈ।

ਬੱਸ ਜੀਵਨ ਸ਼ੁਰੂ ਹੋਣ ਤੋਂ ਅੰਤ ਤੱਕ ਇਸ ਦਰਦ ਦੇ ਵਾਧੇ ਘਾਟੇ ਦੁਆਲੇ ਹੀ ਘੁੰਮਦਾ ਹੈ। ਪੀੜ ਦੇ ਵੱਖ-ਵੱਖ ਪੜਾਅ ਹਨ ਤੇ ਇਕ ਹੱਦ ਤੋਂ ਬਾਅਦ ਇਹਦਾ ਨਾਂ ਅਸੀਂ ਬਿਮਾਰੀ ਰੱਖ ਦਿੰਦੇ ਹਾਂ ਭਾਵ ਨਾ ਬਰਦਾਸ਼ਤ ਹੋਣ ਯੋਗ ਪੇਨ ਜਾਂ ਦਰਦ ਤੇ ਲਗਾਤਾਰ ਲੰਬੇ ਸਮੇਂ ਤੱਕ ਰਹਿਣ ਵਾਲੀ ਪੀੜ ਸਾਡੇ ਲਈ ਬਿਮਾਰੀ ਹੋ ਜਾਂਦੀ ਹੈ।

ਇਸ ਨੂੰ ਹੋਰ ਆਸਾਨ ਕਰਦਿਆਂ ਦੂਸਰੇ ਲਫਜ਼ਾਂ ਵਿਚ ਕਹਿ ਸਕਦੇ ਹਾਂ ਕਿ ਇਹ ਬ੍ਰਹਿਮੰਡ ਜੋ ਤੁਸੀਂ ਦੇਖਦੇ ਹੋ ਇਸ ਵਿਚ ਜੋ ਚਲੰਤ ਜੀਵਨ ਤੁਸੀਂ ਵੇਖਦੇ ਹੋ, ਉਹ ਸੁੰਨਤਾਂ ਵਿਚੋਂ ਹੀ ਪੈਦਾ ਹੋਇਆ ਹੈ। ਜੀਵਨ ਚਾਹੇ ਗੁਰਬਾਣੀ ਅਨੁਸਾਰ ਅੰਡਜ ਯਾਨੀ ਆਂਡੇ ਰਾਹੀਂ ਪੈਦਾ ਹੋਣ ਵਾਲੀ ਜੀਵਨ ਦੀ ਜੂਨ ਵਿਚ ਹੈ ਜਾਂ ਜੇਰਜ ਯਾਨੀ ਜ਼ੇਰ ਮਿੱਝ ਵੀਰਜ ਦੀ ਉਤਪਤੀ ਵਿਚੋਂ ਪੈਦਾ ਹੋਣ ਵਾਲਾ ਜੀਵਨ ਹੈ ਜਾਂ ਸੇਤਿਜ ਯਾਨੀ ਬਨਸਪਤੀ ਰੂਪੀ ਧਰਤੀ ਵਿਚੋਂ ਆਪ ਮੁਹਾਰੇ ਉਗ ਆਉਣ ਵਾਲਾ ਜੀਵਨ ਹੈ ਜਾਂ ਉਤਭੁਜ ਯਾਨੀ ਪੱਥਰਾਂ ਪਹਾੜਾਂ ਯਾਨੀ ਮਿਨਰਲ ਪਦਾਰਥ ਦੀ ਜੂਨ ਵਿਚ ਵਿਚਰ ਰਿਹਾ ਹੈ ਇਨ੍ਹਾਂ ਸਭ ਦੀ ਸ਼ੁਰੂਆਤ ਸੁੰਨਤਾਂ ਵਿਚੋਂ ਹੋਈ ਹੈ ਯਾਨੀ ਜੀਵਨ ਸਥਿਰਤਾ ਵਿਚੋਂ ਹੀ ਪੈਦਾ ਹੋਇਆ ਹੈ।

ਮਿਸਾਲ ਵਜੋਂ ਬਰਫ ਸੁੰਨਤਾਂ ਦੀ ਪ੍ਰਤੀਕ ਹੈ ਜਿਵੇਂ ਹੀ ਗਰਮ ਹੋਈ ਪੰਘਰਨ ਲੱਗੀ। ਬਰਫ ਸੁੰਨ ਸੀ, ਸ਼ਾਂਤ ਸੀ ਪਿਘਲਨ ਲੱਗੀ, ਪਾਣੀ ਬਣ ਵਹਿਣ ਲੱਗੀ ਤਾਂ ਬਰਫ ਤੋਂ ਪਾਣੀ ਦਾ ਬਣਨਾ ਬਰਫ ਦੀ ਹਾਲਤ ਵਿਚੋਂ ਨਿਕਲ ਕੇ ਤਰਲ ਰੂਪ ਵਿਚ ਚੱਲਣਾ, ਵਹਿਣਾ ਜੀਵਨ ਦੀ ਸ਼ੁਰੂਆਤ ਹੈ। ਇਹਦੀ ਸ਼ੁਰੂਆਤ ਬਰਫ ਦੀ ਪ੍ਰਤੀਕ ਹੈ ਇਸਦਾ ਪੰਘਰ ਕੇ ਪਾਣੀ ਬਣਨਾ ਦਰਦ ਦਾ ਪ੍ਰਤੀਕ ਹੈ। ਠੀਕ ਉਵੇਂ ਹੀ ਜਿਵੇਂ ਤੁਸੀਂ ਸ਼ਾਂਤ ਚਿੱਤ ਮੰਜੇ 'ਤੇ ਲੇਟੇ ਜਾਂ ਬੈਠੇ ਹੋਵੋ ਤੇ ਕੋਈ ਤੁਹਾਨੂੰ ਕਹੇ ਕਿ ਉਠੋ ਜਾਂ ਉਠੋ ਤੇ ਚਲੋ। ਇਹ ਆਰਾਮ ਨਾਲ ਸਥਿਰ ਬੈਠੇ ਰਹਿਣ ਨਾਲੋਂ ਤਾਂ ਤਕਲੀਫਦੇਹ ਹੀ ਹੈ ਨਾ। ਠੀਕ ਇਸੇ ਤਰ੍ਹਾਂ ਜੀਵਨ ਦੀ ਪਹਿਲੀ ਚਾਲ ਹੀ ਪੀੜਾ ਹੈ।

ਬੇਸ਼ਕ ਬਹੁਤੀਆਂ ਤਕਲੀਫ਼ਾਂ ਜੋ ਜੀਵਨ ਦੇ ਨਾਲ-ਨਾਲ ਚੱਲਦੀਆਂ ਹਨ ਜੀਵਨ ਉਨ੍ਹਾਂ ਦਾ ਆਦੀ ਹੋ ਜਾਂਦਾ ਹੈ ਤੇ ਉਨ੍ਹਾਂ ਦੀ ਗਿਣਤੀ ਤਕਲੀਫ ਜਾਂ ਦਰਦ ਵਿਚ ਨਹੀਂ ਕਰਦਾ। ਮਿਸਾਲ ਵਜੋਂ ਬੁਰਕੀ ਦਾ ਨਿਗਲਣਾਂ ਜਾਂ ਮੱਲ ਜਾਂ ਪੇਸ਼ਾਬ ਦਾ ਤਿਆਗ ਕਰਨਾ ਆਮ ਹਾਲਾਤ ਵਿਚ ਅਸੀਂ ਇਸ ਨੂੰ ਦਰਦ ਦੀ ਕੈਟੇਗਰੀ ਵਿਚ ਨਹੀਂ ਰੱਖਦੇ ਪਰ ਹੈ ਤਾਂ ਦਰਦ ਹੀ, ਹੈ ਤਾਂ ਆਰਾਮ ਤੋਂ ਨਿਕਲੀ, ਚੱਲਣ ਵਾਲੀ ਪਹਿਲੀ ਹਾਲਾਤ ਹੀ ਨਾ। ਮਤਲਬ ਚੱਲਣਾ ਹੀ ਜ਼ਿੰਦਗੀ ਹੈ ਤੇ ਜ਼ਿੰਦਗੀ ਪੀੜ ਦੀ ਪ੍ਰਤੀਕ ਹੈ ਜਾਂ ਕਹੋ ਪੀੜ ਵਿਚੋਂ ਇਸ ਦਾ ਜਨਮ ਹੋਇਆ ਹੈ।

ਸੋ ਬਹੁਤੀਆਂ ਪੀੜਾਂ ਜੀਵਨ ਦਾ ਰੁਟੀਨ ਹੋ ਜਾਂਦੀਆਂ ਹਨ ਜਿਨ੍ਹਾਂ ਨੂੰ ਅਸੀਂ ਦਰਦ ਪੀੜ ਬਿਮਾਰੀ ਨਹੀਂ ਕਹਿੰਦੇ ਬਲਕਿ ਇਸ ਦੇ ਉਲਟ ਅਗਰ ਇਹ ਸੁ਼ਰੂਆਤੀ ਪੀੜਾਂ ਜਦ ਜੀਵਨ ਹੋ ਜਾਂਦੀਆਂ ਹਨ ਭਾਵ ਜੀਵਨ ਦੀਆਂ ਲਿਖਾਇਕ ਹੁੰਦੀਆਂ ਹਨ, ਰੁਟੀਨ ਬਣ ਜਾਂਦੀਆਂ ਹਨ।

ਪਰ ਹੁਣ ਸਾਧਾਰਨ ਜਾਂ ਕਹੋ ਸਾਡੇ ਜੀਵਨ ਦਾ ਲੋੜੀਂਦਾ ਰੁਟੀਨ ਬਣ ਗਈਆਂ ਪੀੜਾਂ ਜਾਂ ਕਾਰਵਾਈਆਂ ਨਾ ਹੋਣ ਤਾਂ ਅਸੀਂ ਇਸ ਨੂੰ ਬਿਮਾਰੀ ਕਹਿਣ ਲੱਗ ਪੈਂਦੇ ਹਾਂ। ਸ਼ੁਰੂਆਤ ਵਿਚ ਮਲ ਤਿਆਗ, ਪੇਸ਼ਾਬ ਦੀ ਹਾਜਤ ਸਭ ਪਹਿਲੀ ਵਾਰੀ ਪੀੜ ਹੀ ਸਨ ਕਿਉਂਕਿ ਹਰ ਹਰਕਤ ਹਰ ਚਾਲ ਹੈ ਤਾਂ ਤਕਲੀਫਦੇਹ ਹੀ, ਹੈ ਤਾਂ ਦਰਦ ਦੀ ਹੀ ਲਖਾਇਕ? ਬੇਸ਼ਕ ਬਾਅਦ ਵਿਚ ਆਮ ਜ਼ਿੰਦਗੀ ਦੀ ਲੋੜ ਬਣ ਜਾਂਦੀਆਂ ਹਨ ਇਹ ਪੀੜਾਂ ਤੇ ਇਨ੍ਹਾਂ ਦਾ ਨਾ ਹੋਣਾ ਸਗੋਂ ਬਿਮਾਰੀ ਗਿਣਿਆ ਜਾਂਦਾ ਹੈ।

ਸੋ ਜੀਵਨ ਇਸੇ ਤਰ੍ਹਾਂ ਬਰਫ ਦੀ ਗਰਮੀ ਨਾਲ ਪਿਘਲ ਕੇ ਪਾਣੀ ਬਣਨ ਵਾਂਗ ਕਾਇਨਾਤ ਦੀ ਸਥਿਰਤਾ ਵਿਚੋਂ ਪੈਦਾ ਹੋਇਆ ਹੈ, ਤੇ ਜੋ ਜੋ ਵੀ ਬ੍ਰਹਿਮੰਡ ਵਿਚ ਤੁਸੀਂ ਦੇਖਦੇ ਹੋ ਜਿਸਦੀ ਵੀ ਹੋਂਦ ਹੈ, ਉਹ ਦਰਦ ਦਾ ਹੀ ਨਤੀਜਾ ਹੈ। ਦਰਦ ਦੀ ਹੀ ਪੈਦਾਇਸ਼ ਹੈ, ਦਰਦ ਵਿਚੋਂ ਹੀ ਉੱਭਰ ਕੇ ਹੋਂਦ ਵਿਚ ਆਇਆ ਹੈ। ਸ਼ਾਂਤ ਕਾਇਨਾਤ ਬਰਫ ਦੀ ਨਿਆਂਈ ਸੀ। ਸੋ ਸਾਡੀ ਉਪਰਲੀ ਵਾਰਤਾ ਦਾ ਨਤੀਜਾ ਇਹ ਹੋਇਆ ਕਿ ਬ੍ਰਹਿਮੰਡ ਦੀ ਉਤਪਤੀ ਕਾਇਨਾਤ ਦੀ ਸਥਿਰਤਾ ਵਿਚੋਂ ਪੀੜ ਰਾਹੀਂ ਰੂਪਮਾਨ ਹੋਈ ਹੈ। ਦਰਖਤ, ਪਰਬਤ, ਪਹਾੜ ਸਭ ਦਰਦ ਵਿਚੋਂ ਉਤਪੰਨ ਹੋਏ ਹਨ।

ਜਿਵੇਂ ਇਕ ਬੀਜ ਧਰਤੀ ਦੇ ਗਰਭ ਵਿਚੋਂ ਜਦ ਪੁੰਗਰ ਕੇ ਬਾਹਰ ਆਉਂਦਾ ਹੈ ਤਾਂ ਇਹ ਆਸਾਨ ਨਹੀਂ ਹੁੰਦਾ। ਧਰਤੀ ਇਹ ਦਰਦ ਸਹਿ ਕੇ ਬੀਜ ਨੂੰ ਬਾਹਰ ਪੁੰਗਰਨ ਦੇਂਦੀ ਹੈ ਤੇ ਬੀਜ ਦਰਦ ਸਹਿ ਕੇ ਹੀ ਬਾਹਰ ਆਉਂਦਾ ਹੈ। ਠੀਕ ਇਵੇਂ ਹੀ ਹੈ ਸਾਡਾ ਜੀਵਨ, ਦਰਦ ਵਿਚੋਂ ਪੈਦਾ ਹੋਇਆ ਤੇ ਦਰਦ ਹੀ ਇਸ ਜੀਵਨ ਦੇ ਹਰ ਕਰਮ ਨਾਲ ਸੰਬੰਧਿਤ ਹੈ। ਉਨ੍ਹਾਂ ਦਰਦਾਂ ਦੀ ਕਹਾਣੀ ਹੀ ਹੈ ਮੈਡੀਕਲ ਸਾਇੰਸ ਤੇ ਉਨ੍ਹਾਂ ਦਾ ਸਹਿ ਜਾਣਾ ਜਾਂ ਉਨ੍ਹਾਂ ਨੂੰ ਸਹਿਣ ਯੋਗ ਬਣਾਉਣ ਦੀ ਜੋ ਜਾਣਕਾਰੀ ਹੈ, ਉਹ ਹੈ ਸਾਡਾ ਸਿਹਤ ਵਿਗਿਆਨ।

ਆਓ! ਇਕ ਵੇਰ ਫਿਰ ਪਿੱਛੇ ਲੈ ਚੱਲਦਾ ਹਾਂ ਬਰਫ ਸਥਿਰ ਸੀ, ਸੁੰਨ ਸੀ, ਤਕਲੀਫ ਰਹਿਤ ਸੀ। ਬਰਫ ਗਰਮੀ ਦੇ ਸੇਕ ਦੇ ਦਰਦ ਵਿਚੋਂ ਲੰਘੀ ਤੇ ਪਿਘਲੀ ਪਾਣੀ ਬਣੀ ਵਹਿ ਤੁਰੀ, ਬਲਕਿ ਵਹਿਣਾ ਉਹਦੀ ਮਜਬੂਰੀ ਬਣ ਗਈ। ਕਿਉਂਕਿ ਹਰ ਕੋਈ ਆਰਾਮ ਵਿਚ ਟਿਕਿਆ ਰਹਿਣਾ ਚਹੁੰਦਾ ਹੈ। ਹਰ ਕੋਈ ਹਰ ਉਪਰਾਲਾ ਸਥਿਰਤਾ ਯਾਨੀ ਆਰਾਮ ਹਾਸਲ ਕਰਨ ਲਈ ਕਰਦਾ ਹੈ। ਪਰ ਅਫ਼ਸੋਸ ਹਰ ਉਪਰਾਲਾ ਵੀ ਪੀੜ ਨੂੰ ਹੀ ਜਨਮ ਦਿੰਦਾ ਹੈ। ਜਿਵੇਂ ਹੀ ਬਰਫ ਪਾਣੀ ਬਣ ਵਹਿ ਤੁਰੀ, ਉਸ ਵਿਚ ਆਬੋ ਹਵਾ ਯਾਨੀ ਐਨਵਾਇਰਨਮੈਂਟ ਦੇ ਪ੍ਰਦੂਸ਼ਨ ਨੇ ਉਸ ਵਿਚ ਸ਼ਮੂਲੀਅਤ ਕੀਤੀ ਭਾਵ ਵਿਕਾਰ ਸ਼ੁਰੂ ਹੋਏ। ਬਰਫ ਵਿਚੋਂ ਬਣੇ ਪਾਣੀ ਦੀ ਪਵਿੱਤਰਤਾ ਭੰਗ ਹੋ ਗਈ, ਦਰਦ ਵਿਚ ਹੋਰ ਨਵੀਂ ਦਰਦ ਸ਼ਾਮਲ ਹੋ ਗਈ, ਅਸਹਿ ਦਰਦ ਦੀ ਤਰਜ਼ਮਾਨੀ ਅਸੀਂ ਬਿਮਾਰੀ ਦੇ ਤੌਰ 'ਤੇ ਕਰਦੇ ਹਾਂ।

ਠੀਕ ਇਸੇ ਤਰ੍ਹਾਂ ਜੀਵਨ ਦਰਦ 'ਚੋਂ ਨਿਕਲ ਕੇ ਰਵਾਂ ਹੋਇਆ ਤਾਂ ਇਹਦੇ ਵਿਚ ਆਬੋ ਹਵਾ ਰਹਿਣ-ਸਹਿਣ, ਖਾਣ-ਪਾਣ ਨਾਲ ਵਿਕਾਰ ਸ਼ਾਮਲ ਹੋ ਗਏ ਹਨ। ਬੇਸ਼ਕ ਜੀਵਨ ਨੂੰ ਚੱਲਦਾ ਰੱਖਣ ਲਈ ਆਬੋ ਹਵਾ, ਖਾਣ-ਪਾਣ, ਰਹਿਣ-ਸਹਿਣ ਜ਼ਰੂਰੀ ਹੋ ਗਿਆ ਸੀ, ਜੀਵਨ ਨੂੰ ਚੱਲਦਾ ਰੱਖਣ ਲਈ ਪਰ ਜ਼ਰੂਰੀ ਹੁੰਦਿਆਂ ਵੀ ਪੀੜ ਤਾਂ ਪੀੜ ਹੀ ਰਹਿੰਦੀ ਹੈ ਚੁਭਣ ਤਾਂ ਚੁਭਣ ਹੀ ਹੁੰਦੀ ਹੈ ਤੇ ਦਰਦ ਦੀ ਲਿਖਾਇਕ ਹੀ ਰਹਿੰਦੀ ਹੈ। ਜੀਵਨ ਦੇ ਪੈਦਾ ਹੋਣ ਸਮੇਂ ਸ਼ੁਰੂ ਹੋਈ ਪੀੜ ਸਮੇਂ ਨਾਲ ਘੱਟ ਨਹੀਂ ਹੋਈ ਜੰਮਣ ਪੀੜ ਤਾਂ ਪੀੜ ਹੀ ਰਹੀ ਬਲਕਿ ਸਮੇਂ-ਸਮੇਂ ਹੋਰ ਹੋਰ ਪੀੜਾਂ ਇਸ ਵਿਚ ਸ਼ਾਮਲ ਹੁੰਦੀਆਂ ਗਈਆਂ ਹਨ।

ਬੇਸ਼ਕ ਜੰਮਣ ਸਮੇਂ ਸ਼ੁਰੂ ਹੋਈਆਂ ਪੀੜਾਂ ਦਾ ਜੀਵਨ ਸਹਿੰਦੜ ਹੋ, ਬੇਸ਼ਕ ਰੋਜ਼ਮਰ੍ਹਾ ਦੇ ਜੀਵਨ ਦੇ ਲੋੜੀਂਦੇ ਵਰਤਾਰਿਆਂ ਦਾ ਸਾਡਾ ਜੀਵਨ ਸਮੇਂ ਨਾਲ ਸਹਿੰਦੜ ਹੋ ਗਿਆ ਜਿਵੇਂ ਅਤੇ ਇਨ੍ਹਾਂ ਨੂੰ ਪੀੜ ਦਾ ਦਰਜਾ ਦੇਣਾ ਜੀਵਨ ਭੁੱਲ ਹੀ ਗਿਆ ਹੈ। ਬਲਕਿ ਸਮੇਂ ਸਮੇਂ ਹੋਰ ਵੀ ਆਉਂਦੀਆਂ ਰੋਜ਼ਮਰ੍ਹਾ ਦੀਆਂ ਪੀੜਾਂ ਨੂੰ ਸਹਿਣ ਦਾ ਆਦੀ ਹੁੰਦਾ ਜਾਂਦਾ ਹੈ ਤੇ ਉਨ੍ਹਾਂ ਪੀੜਾਂ ਨੂੰ ਪੀੜਾਂ ਨਾ ਸਮਝ ਕੇ ਨਾਰਮਲ ਜੀਵਨ ਦਾ ਚੱਲਣ ਸਮਝ ਕੇ ਸਹਿਣ ਦਾ ਆਦੀ ਹੁੰਦਾ ਜਾਂਦਾ ਹੈ। ਪਰ ਪੀੜ ਤਾਂ ਪੀੜ ਹੀ ਰਹਿੰਦੀ ਹੈ ਨਾ। ਸੋ ਜਦੋਂ ਕਿਸੇ ਵੀ ਕਰਮ ਦੀ ਕਿਸੇ ਵੀ ਪੀੜ ਦੀ ਤੀਬਰਤਾ ਮਨੁੱਖੀ ਜੀਵਨ ਦੀ ਸਹਿਣ ਸ਼ਕਤੀ ਤੋਂ ਬਾਹਰੀ ਹੁੰਦੀ ਜਾਂਦੀ ਹੈ ਤਦੋਂ ਤਦੋਂ ਉਹ ਇਹਨੂੰ ਪੀੜ ਸਮਝ ਕੇ ਬਿਆਨ ਕਰਦਾ ਹੈ ਤੇ ਉਸੇ ਨੂੰ ਅਸੀਂ ਬਿਮਾਰੀ ਕਹਿੰਦੇ ਹਾਂ। ਜਿਸ ਤਰ੍ਹਾਂ ਦਾ ਰੂਪ ਇਹ ਪੀੜਾ ਜੀਵਨ ਨੂੰ ਦਿੰਦੀ ਹੈ ਉਨ੍ਹਾਂ ਸਭ ਨਿਸ਼ਾਨੀਆਂ ਦੇ ਸਮੂਹ ਨੂੰ ਅਸੀਂ ਬਿਮਾਰੀ ਕਹਿੰਦੇ ਹਾਂ। ਤੇ ਇਸ ਬਿਮਾਰੀ ਦਾ ਥੋੜ੍ਹੇ ਤੋਂ ਥੋੜ੍ਹੇ ਲਫਜ਼ਾਂ ਵਿਚ ਬਿਆਨ ਕਰਨ ਲਈ ਜਾਂ ਬਿਮਾਰੀ ਨੂੰ ਇਕ ਲਫਜ਼ ਵਿਚ ਬਿਆਨ ਕਰਨ ਲਈ ਛੋਟੇ ਤੋਂ ਛੋਟਾ ਇਕ ਲਫ਼ਜ਼ ਹੈ ਦਰਦ। ਯਾਨੀ ਪੀੜ ਤੇ ਅੱਗੇ ਵਧਦੀ ਇਸ ਪੀੜ ਦੀ ਹਾਲਤ ਨੂੰ ਅਸੀਂ ਬਿਮਾਰੀ ਕਹਿੰਦੇ ਹਾਂ।

ਮਿਸਾਲ ਵਜੋਂ ਮਾਂ ਦੇ ਪੇਟ ਵਿਚ ਬੱਚੇ ਦਾ ਮੂੰਹ ਬੰਦ ਹੁੰਦਾ ਹੈ ਤੇ ਧੁੰਨੀ ਰਾਹੀਂ ਹੀ ਉਹਨੂੰ ਖ਼ੁਰਾਕ ਜਾਂਦੀ ਹੈ। ਜਦ ਮਾਂ ਦੇ ਗਰਭ ਵਿਚੋਂ ਬਾਹਰ ਆਉਂਦਾ ਹੈ, ਪੈਦਾ ਹੁੰਦਾ ਹੈ ਤਾਂ ਸਾਡੇ ਬਾਹਰੀ ਵਾਤਾਵਰਨ ਦਾ 480 ਮਿਲੀਮੀਟਰ ਮਰਕਰੀ ਦਾ ਲਗਾਤਾਰ ਬਣਿਆ ਹੋਇਆ ਪਰੈਸ਼ਰ ਉਹਦੇ ਲਈ ਇਕਦਮ ਬਰਦਾਸ਼ਤ ਕਰਨਾ ਮੁਸ਼ਕਲ ਹੁੰਦਾ ਹੈ। ਕਿਉਂਕਿ ਮਾਂ ਦੇ ਪੇਟ ਵਿਚ ਇਹ ਪਰੈਸ਼ਰ ਮਾਂ ਦੇ ਪੇਟ ਦੀਆਂ ਮਾਸਪੇਸ਼ੀਆਂ ਤੇ ਬੱਚੇਦਾਨੀ ਦੀਆਂ ਮਾਸਪੇਸ਼ੀਆਂ ਆਪ ਸਹਿ ਲੈਂਦੀਆਂ ਹਨ ਤੇ ਬੱਚੇ ਤੱਕ ਉਹਦਾ ਅਸਰ ਨਹੀਂ ਹੁੰਦਾ ਪਰ ਬਾਹਰ ਨਿਕਲਦਿਆਂ ਹੀ ਇਹ ਪਰੈਸ਼ਰ ਖ਼ੁਦ ਬੱਚੇ ਨੂੰ ਸਹਿਣਾ ਪੈਂਦਾ ਹੈ ਤੇ ਉਹ ਚੀਕਦਾ ਹੈ। ਬੇਸ਼ਕ ਉਹਦਾ ਚੀਕਣਾ ਬਹੁਤ ਸਾਰੀਆਂ ਕਿਰਿਆਵਾਂ ਸਰੀਰ ਵਿਚ ਚਾਲੂ ਕਰਦਾ ਹੈ ਜੋ ਜੀਵਨ ਨੂੰ ਅੱਗੇ ਚੱਲਦਾ ਰੱਖਣ ਲਈ ਬਹੁਤ ਜ਼ਰੂਰੀ ਹੁੰਦੀਆਂ ਹਨ (ਜਿਨ੍ਹਾਂ ਕਿਰਿਆਵਾਂ ਦਾ ਵੇਰਵਾ ਤੁਸੀਂ ਇਸ ਲੇਖ ਲੜੀ ਵਿਚ ਅੱਗੇ ਪੜ੍ਹੋਗੇ ਕਿ ਬੱਚੇ ਦੇ ਚੀਕਣ ਨਾਲ ਕਿਹੜੀਆਂ ਕਿਹੜੀਆਂ ਕਿਰਿਆਵਾਂ ਨਵ ਜੰਮੇ ਬੱਚੇ ਵਿਚ ਪੈਦਾ ਹੋ ਜਾਂਦੀਆਂ ਹਨ ਜੋ ਜੀਵਨ ਲਈ ਜ਼ਰੂਰੀ ਹੁੰਦੀਆਂ ਹਨ। ਪਰ ਇਹ ਪੈਦਾ ਹੋਣ ਸਮੇਂ ਵਾਲੀਆਂ ਕਿਰਿਆਵਾਂ ਵੀ ਦਰਦ ਦੀ ਪੈਦਾਇਸ਼ ਹੀ ਹਨ ਤਕਲੀਫ ਹੀ ਹਨ।

ਜਿਵੇਂ ਜਿਵੇਂ ਨਵੀਂਆਂ ਨਵੀਂਆਂ ਪੀੜਾਂ ਨਾਲ ਜੀਵਨ ਦਾ ਵਾਹ ਪੈਂਦਾ ਹੈ ਉਹ ਹੌਲੀ-ਹੌਲੀ ਪਹਿਲੀਆਂ ਪੀੜਾਂ ਨੂੰ ਸਹਿਣ ਯੋਗ ਹੁੰਦਾ ਜਾਂਦਾ ਹੈ। ਪਰ ਪੀੜ ਤਾਂ ਪੀੜ ਹੀ ਹੈ। ਸਾਹ ਲੈਣਾ, ਖਾਣਾ ਜਿਵੇਂ ਆਮ ਮਨੁੱਖ ਦੀ ਸਮਝ ਵਿਚ ਇਕ ਸਾਧਾਰਨ ਕਿਰਿਆ ਹੈ ਪਰ ਹੈ ਤਾਂ ਦਰਦ ਦੀ ਪੈਦਾਇਸ਼ ਹੀ, ਪਰ ਜੀਵਨ ਦੀ ਇਨ੍ਹਾਂ ਨੂੰ ਸਹਿਣ ਦੀ ਸਮਰੱਥਾ ਅਨੁਸਾਰ ਉਹ ਇਨ੍ਹਾਂ ਪੀੜਾਂ ਨੂੰ ਬਿਮਾਰੀ ਕਰਕੇ ਬਿਆਨ ਨਹੀਂ ਕਰਦਾ। ਚੱਲਦੇ ਜੀਵਨ ਵਿਚ ਜਦੋਂ ਜਦੋਂ ਇਹ ਪੀੜਾਂ ਸਹਿਣ ਦੀ ਸਮਰੱਥਾ ਤੋਂ ਬਾਹਰ ਹੋ ਜਾਂਦੀਆਂ ਹਨ ਤਾਂ ਫਿਰ ਜੀਵਨ ਇਨ੍ਹਾਂ ਨੂੰ ਬਿਮਾਰੀਆਂ ਦੀ ਕੈਟੇਗਰੀ ਵਿਚ ਰੱਖਦਾ ਹੈ। ਉਸੇ ਦਾ ਬਿਆਨ ਹੀ ਸਿਹਤ ਵਿਗਿਆਨ ਦੀ ਜਾਣਕਾਰੀ ਹੈ। ਮੈਂ ਇਨ੍ਹਾਂ ਕਾਲਮਾਂ ਵਿਚ ਸਿਲਸਿਲੇਵਾਰ ਇਹ ਸਭ ਜਾਣਕਾਰੀ ਮਨੁੱਖੀ ਜੀਵਨ ਦੀ ਉਤਪਤੀ ਤੋਂ ਸ਼ੁਰੂ ਕਰ ਕੇ ਚੱਲਦੇ ਜੀਵਨ ਦੇ ਵਿਕਾਰਾਂ ਯਾਨੀ ਸਮੇਂ ਸਮੇਂ ਆਉਂਦੀਆਂ ਦਰਦਾਂ ਭਾਵ ਬਿਮਾਰੀਆਂ ਦਾ ਵੇਰਵਾ ਜੀਵਨ ਦੀ ਵਧਦੀ ਉਮਰ ਦੇ ਨਾਲ ਨਾਲ ਤੁਹਾਡੇ ਤੱਕ ਪਹੁੰਚਾਉਣ ਦੇ ਵਾਅਦੇ ਨਾਲ ਇਹ ਕਾਲਮ ਲਿਖਣਾ ਸ਼ੁਰੂ ਕਰ ਰਿਹਾ ਹਾਂ। ***-ਚੱਲਦਾ***

## ਪਰਦੇਸੀਆਂ ਦਾ ਹੇਰਵਾ

ਮੈਨੂੰ ਮੇਰੇ ਪਿੰਡ ਦੀਆਂ ਰਾਹਵਾਂ ਯਾਦ ਆਉਂਦੀਆਂ
ਪੁੱਤਾਂ ਨੂੰ ਉਡੀਕਦੀਆਂ ਮਾਵਾਂ ਯਾਦ ਆਉਂਦੀਆਂ।

ਉੱਠ ਕੇ ਸਵੇਰੇ ਸਾਰੇ, ਚੁੱਲ੍ਹੇ ਮੂਹਰੇ ਬਹਿੰਦੇ ਸੀ
ਪੀਪੇ ਦੀਆਂ ਕੁੱਕੀਆਂ ਤੇ, ਚਾਹਾਂ ਯਾਦ ਆਉਂਦੀਆਂ।

ਕੁੱਟਿਆ ਸੀ ਬੜਾ ਮੈਨੂੰ, ਜਦੋਂ ਫੇਲ੍ਹ ਹੋਇਆ ਸੀ
ਬਾਪੂ ਦੀਆਂ ਦਿੱਤੀਆਂ, ਸਜ਼ਾਵਾਂ ਯਾਦ ਆਉਂਦੀਆਂ।

ਡਾਲਰ ਕਮਾ ਕੇ ਛੇਤੀਂ, ਮੁੜ ਆਣਾ ਪਿੰਡ ਨੂੰ
ਪੂਰੀਆਂ ਨਾ ਹੋਈਆਂ ਜੋ, ਇੱਛਾਵਾਂ ਯਾਦ ਆਉਂਦੀਆਂ।

ਟੈਚੀਆਂ ਨੂੰ ਹੱਥ ਪਾਇਆ, ਜਦੋਂ ਆਉਣ ਲੱਗਿਆਂ
ਯਾਰਾਂ ਦੇ ਕਲਾਵੇ ਅਤੇ ਬਾਹਾਂ ਯਾਦ ਆਉਂਦੀਆਂ।

ਭੁੱਲੇ ਨਹੀਓਂ ਕੇਸ ਕਾਲੇ, ਗੋਰੇ ਰੰਗ ਵਾਲੀ ਦੇ
ਸਾਹਾਂ ਵਿਚ ਘੁਲੀਆਂ ਉਹ ਸਾਹਵਾਂ ਯਾਦ ਆਉਂਦੀਆਂ।

ਭੁੱਲਦੀ ਨੀ ਉਸਦੀ, ਬੁਲਾਈ ਫਤਹਿ ਆਖਰੀ
ਹੰਝੂਆਂ ਨ ਭਿੱਜੀਆਂ, ਨਿਗਾਹਾਂ ਯਾਦ ਆਉਂਦੀਆਂ।
ਛੇਤੀਂ ਮੁੜ ਆਵੀਂ ਪੁੱਤਾ, ਚਿੱਤ ਨਹੀਓਂ ਲੱਗਣਾ
ਦਾਦੇ ਦੀਆਂ ਸਿਸਕੀਆਂ, ਆਹਾਂ ਯਾਦ ਆਉਂਦੀਆਂ।

ਛਾਤੀ ਨਾਲ ਚਿੰਬੜੀ ਸੀ, ਬੇਬੇ ਆਉਣ ਲੱਗਿਆਂ
ਸਾਹੋਤੇਆ ਉਹ ਬੇਬੇ ਦੀਆਂ, ਧਾਹਾਂ ਯਾਦ ਆਉਂਦੀਆਂ
- ਕੁਲਵੀਰ ਸਿੰਘ ਡਾਨਸੀਵਾਲ
ਫੋਨ: 778 863 2472

---

## ਗ਼ਜ਼ਲ

ਪੀਣੇ ਪੈਂਦੇ ਹੰਝੂ ਖਾਰੇ ਮੰਨਿਆ ਵੀ ਕਰ।
ਬੰਦਾ ਕਿਸਮਤ ਤੋਂ ਜਦ ਹਾਰੇ ਮੰਨਿਆ ਵੀ ਕਰ।

ਜਿੰਨਾ ਮਰਜ਼ੀ ਧਨ ਕਮਾ ਲਓ ਨਾਲ ਨਾ ਜਾਣਾ
ਖਾਲੀ ਹੱਥ ਹੀ ਜਾਂਦੇ ਸਾਰੇ ਮੰਨਿਆ ਵੀ ਕਰ।

ਮਿਹਨਤ ਕਰਿਆਂ ਤੈਨੂੰ ਜਦ ਹੈ ਸਭ ਕੁਝ ਮਿਲਦਾ
ਕਾਹਤੋਂ ਕਰਨੇ ਪੁੱਠੇ ਕਾਰੇ ਮੰਨਿਆ ਵੀ ਕਰ।

ਕੁਦਰਤ ਦੇ ਜੋ ਸਿਰਜੇ ਹੋਏ ਸੱਜਣਾਂ ਵਧੀਆ
ਆਪਣੀ ਥਾਂ 'ਤੇ ਮੌਸਮ ਚਾਰੇ ਮੰਨਿਆ ਵੀ ਕਰ।
ਪਰਦੇਸਾਂ ਤੋਂ ਵਾਪਿਸ ਆ ਕੇ ਸੀਨੇ ਲੱਗ ਕੇ
ਪੁੱਤ ਕਲੇਜਾ ਮਾਂ ਦਾ ਠਾਰੇ ਮੰਨਿਆ ਵੀ ਕਰ।

ਨੇਤਾਵਾਂ ਨੇ ਪੱਲੇ ਕੁਝ ਨਹੀਂ ਪਾਉਣਾ ਹੁੰਦਾ
ਇਨ੍ਹਾਂ ਪੱਲੇ ਕੇਵਲ ਲਾਰੇ ਮੰਨਿਆ ਵੀ ਕਰ।

ਗੱਲੀਂ ਬਾਤੀਂ ਆਸ਼ਕ ਤਾਰੇ ਤੋੜ ਲਿਆਉਂਦੇ
ਕਿਹੜਾ ਤੋੜਨ ਜਾਂਦਾ ਤਾਰੇ ਮੰਨਿਆ ਵੀ ਕਰ।

ਇਹ ਜੋ ਲੁੱਟਾਂ ਖੋਹਾਂ ਖੂਨ ਖਰਾਬਾ ਜਗ 'ਤੇ
ਦੌਲਤ ਸ਼ੋਹਰਤ ਦੇ ਸਭ ਕਾਰੇ ਮੰਨਿਆ ਵੀ ਕਰ।

ਰੋਟੀ ਤਾਂ ਮਿਲ ਸਕਦੀ ਸਭਨੂੰ ਥੋੜ੍ਹੇ ਨਾਲ਼ ਹੀ
ਦੌਲਤ ਸ਼ੋਹਰਤ ਪਿੱਛੇ ਸਾਰੇ ਮੰਨਿਆ ਵੀ ਕਰ।
***-ਹਰਦੀਪ ਬਿਰਦੀ***
***ਫੋਨ: 90416-00900***

---

## ਰੰਗ-ਬਰੰਗ

ਜੱਗ ਮਾਲਕ ਦਾ ਵੱਸਦਾ ਹੈ,
ਕੋਈ ਰੋਂਦਾ ਕੋਈ ਹੱਸਦਾ ਹੈ।

## ਕਾਵਿ-ਕਿਆਰੀ


ਖਵਰੇ ਕਿੱਧਰ ਤੁਰ ਜਾਂਦੇ ਨੇ,
ਭੇਦ ਨਹੀਂ ਕੋਈ ਦੱਸਦਾ ਹੈ।

ਇਹ ਧਰਤ ਕਰਮਭੂਮੀ ਹੈ,
ਲੇਖੀਂ ਸੰਘਰਸ਼ ਲਿਖਾਏ ਨੇ।
ਦੋ ਹੱਥ ਕਰੇ ਜੀਣ ਨੂੰ ਜਦੋਂ,
ਆਢੇ ਖ਼ੁਦਾ ਸੰਗ ਲਾਏ ਨੇ।

ਜਿਉਣਾ ਨਹੀਂ ਜੇ ਆਇਆ,
ਹਵਾ ਰੁਖ਼ ਹੈ ਬਦਲ ਦਿੰਦੀ,
ਜ਼ਮੀਰ ਹੋਵੇ ਜਾਗਦੀ ਫਿਰ,
ਰੁਖ਼ ਹਵਾ ਦੇ ਬਦਲ ਦਿੰਦੀ।


ਪੈਂਡੇ ਹੋਰ ਲੰਬੇਰੇ ਦਿਸਦੇ ਨੇ,
ਮੰਜ਼ਲ ਨ ਰਾਹ ਬਦਲ ਦੇਵੇ,
ਲੰਘ ਜਾਈਏ ਉਸ ਪਾਰ ਤਾਂ,
ਦੁਨੀਆਂ ਦੇ ਮੁੱਖ ਬਦਲ ਦੇਵੇ।
***-ਸੇਵਾ ਸਿੰਘ 'ਨੂਰਪੁਰੀ'***

# ਡੇਜ਼ੀ ਸ਼ਾਹ ਦਾ ਠਾਠ



ਹਿੰਦੀ ਅਤੇ ਕੰਨੜ ਫਿਲਮਾਂ ਦੀ ਸਟਾਰ ਅਦਾਕਾਰਾ ਡੇਜ਼ੀ ਸ਼ਾਹ ਦਾ ਕਰੀਅਰ 2011 ਵਿਚ ਆਰੰਭ ਹੋਇਆ ਸੀ। 25 ਅਗਸਤ 1984 ਨੂੰ ਜਨਮੀ ਡੇਜ਼ੀ ਸ਼ਾਹ ਦੀ ਪਹਿਲੀ ਫਿਲਮ 'ਭੱਦਰ' ਸੀ ਜੋ ਕੰਨੜ ਵਿਚ ਬਣੀ ਸੀ। ਫਿਰ 2014 ਵਿਚ ਉਹ ਸਲਮਾਨ ਖਾਨ ਨਾਲ ਫਿਲਮ 'ਜੈ ਹੋ' ਵਿਚ ਨਜ਼ਰ ਆਈ। ਇਸ ਨਾਲ ਉਹ ਸਭ ਦੀਆਂ ਨਜ਼ਰਾਂ ਵਿਚ ਆ ਗਈ। ਪਿਛਲੇ ਸਾਲ ਉਹਨੇ 'ਫੀਅਰ ਫੈਕਟਰ: ਖਤਰੋਂ ਕੇ ਖਿਲਾੜੀ-13' ਵਿਚ ਹਿੱਸਾ ਲਿਆ ਅਤੇ ਆਪਣੀ ਹੋਂਦ ਜਤਲਾਈ।

# 'ਗਾਂਧੀ ਟਾਕਸ' ਰਾਹੀਂ ਕੰਮ ਦੀਆਂ ਗੱਲਾਂ






*ਫਿਲਮ 'ਗਾਂਧੀ ਟਾਕਸ' ਦਾ ਪੋਸਟਰ ਅਤੇ ਸੱਜੇ ਫਿਲਮ ਦਾ ਨਿਰਦੇਸ਼ਕ ਕਿਸ਼ੋਰ ਪਾਂਡੂਰੰਗ ਬੇਲੇਕਰ।*

**ਆਮਨਾ ਕੌਰ**

'ਗਾਂਧੀ ਟਾਕਸ' ਖਾਮੋਸ਼ ਫਿਲਮ ਹੈ ਜੋ ਕਿਸ਼ੋਰ ਪਾਂਡੂਰੰਗ ਬੇਲੇਕਰ ਦੇ ਨਿਰਦੇਸ਼ਨ ਹੇਠ ਬਣੀ ਹੈ। ਇਹ ਫਿਲਮ ਜ਼ੀ ਸਟੂਡੀਓਜ਼ ਨੇ ਬਣਾਈ ਹੈ। ਇਸ ਫਿਲਮ ਦੇ ਸਿਤਾਰਿਆਂ ਵਿਚ ਵਿਜੈ ਸਤਪਤੀ, ਅਰਵਿੰਦ ਸਵਾਮੀ, ਅਦਿਤੀ ਰਾਓ ਹੈਦਰੀ ਅਤੇ ਸਿਧਾਰਥ ਜਾਦਵ ਨੇ ਅਹਿਮ ਕਿਰਦਾਰ ਨਿਭਾਏ ਹਨ। ਪਿਛਲੇ ਸਾਲ ਇਹ 'ਫਿਲਮ ਇੰਟਰਨੈਸ਼ਨਲ ਫਿਲਮ ਫੈਸਟੀਵਲ ਆਫ ਇੰਡੀਆ' ਵਿਚ ਦਿਖਾਈ ਗਈ ਸੀ ਅਤੇ ਸਭ ਨੇ ਇਸ ਫਿਲਮ ਦੀ ਰੱਜ ਕੇ ਤਾਰੀਫ ਕੀਤੀ ਸੀ। ਇਹ ਫਿਲਮ ਰਿਲੀਜ਼ ਕਰਨ ਦੀ ਤਾਰੀਖ ਅਜੇ ਤੈਅ ਨਹੀਂ ਕੀਤੀ ਗਈ ਹੈ ਪਰ ਕਿਸ਼ੋਰ ਪਾਂਡੂਰੰਗ ਬੇਲੇਕਰ ਦਾ ਕਹਿਣਾ ਹੈ ਕਿ ਇਹ ਫਿਲਮ ਬਹੁਤ ਜਲਦੀ ਦਰਸ਼ਕਾਂ ਦੇ ਸਾਹਮਣੇ ਹੋਵੇਗੀ। ਇਹ ਫਿਲਮ ਹਿੰਦੀ ਤੋਂ ਇਲਾਵਾ ਤਮਿਲ, ਤੇਲਗੂ, ਮਲਿਆਲਮ, ਕੰਨੜ, ਮਰਾਠਾ ਆਦਿ ਭਾਸ਼ਾਵਾਂ ਵਿਚ ਇਕੱਠਿਆਂ ਹੀ ਰਿਲੀਜ਼ ਕੀਤੀ ਜਾਵੇਗੀ।

ਕਿਸ਼ੋਰ ਪਾਂਡੂਰੰਗ ਬੇਲੇਕਰ ਅਨੁਸਾਰ, ਇਸ ਫਿਲਮ ਵਿਚ ਬਹੁਤ ਅਹਿਮ ਮਸਲੇ ਵਿਚਾਰੇ ਗਏ ਹਨ ਜੋ ਅੱਜ ਦੀ ਸਿਆਸਤ ਦੀ ਗੱਲ ਵੀ ਕਰਦੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਦਰਸ਼ਕਾਂ ਨੂੰ ਇਹ ਫਿਲਮ ਪਸੰਦ ਆਵੇਗੀ। ਉਨ੍ਹਾਂ ਕਿਹਾ ਕਿ ਫਿਲਮ ਦੀ ਪਟਕਥਾ ਇਸ ਢੰਗ ਨਾਲ ਉਸਾਰੀ ਗਈ ਹੈ ਤਾਂ ਕਿ ਵੱਖ-ਵੱਖ ਮਸਲਿਆਂ ਨੂੰ ਡੂੰਘਾਈ ਨਾਲ ਦਰਸ਼ਕਾਂ ਦੇ ਸਾਹਮਣੇ ਪੇਸ਼ ਕੀਤਾ ਜਾ ਸਕੇ। ਫਿਲਮ ਮੇਲੇ ਵਿਚ ਇਹ ਫਿਲਮ ਦਿਖਾਉਣ ਤੋਂ ਬਾਅਦ ਉਨ੍ਹਾਂ ਨੂੰ ਕਈ ਫਿਲਮੀ ਸ਼ਖਸੀਅਤਾਂ ਨੇ ਸ਼ਾਬਾਸ਼ ਦਿੱਤੀ, ਇਸੇ ਕਰ ਕੇ ਲੱਗਦਾ ਹੈ ਕਿ ਫਿਲਮ ਬਣਾਉਣ ਵਾਲੀ ਟੀਮ ਦੀ ਮਿਹਨਤ ਰੰਗ ਲਿਆਈ ਹੈ।

# ਹਿੰਦੋਸਤਾਨ ਤੇ ਪਾਕਿਸਤਾਨ ਦੀਆਂ ਮੁਹੱਬਤਾਂ ਦੇ ਰਿਸ਼ਤੇ ਅਤੇ ਨਫਰਤ ਦੀਆਂ ਕੰਧਾਂ...

ਮੋਦੀ ਸਰਕਾਰ ਦੀ ਜ਼ਿਦ ਕਾਰਨ ਲਹਿੰਦੇ ਪੰਜਾਬ ਵਿਚ ਬਣੀ ਪੰਜਾਬੀ ਫਿਲਮ 'ਦਿ ਲੀਜੈਂਡ ਆਫ ਮੌਲਾ ਜੱਟ' ਭਾਰਤ ਵਿਚ ਦਿਖਾਈ ਨਹੀਂ ਜਾ ਸਕੀ। ਪਹਿਲੀਆਂ ਰਿਪੋਰਟਾਂ ਅਨੁਸਾਰ, ਇਹ ਫਿਲਮ ਭਾਰਤ ਵਿਚ 2 ਅਕਤੂਬਰ ਨੂੰ ਰਿਲੀਜ਼ ਹੋਣੀ ਸੀ। ਲੋਕ, ਖਾਸ ਕਰ ਕੇ ਪੰਜਾਬੀ ਇਸ ਫਿਲਮ ਦੀ ਉਡੀਕ ਬਹੁਤ ਬੇਸਬਰੀ ਨਾਲ ਕਰ ਰਹੇ ਸਨ ਪਰ ਐਨ ਮੌਕੇ 'ਤੇ ਆ ਕੇ ਭਾਰਤ ਸਰਕਾਰ ਨੇ ਇਹ ਫਿਲਮ ਭਾਰਤ ਵਿਚ ਦਿਖਾਉਣ ਦੀ ਆਗਿਆ ਨਹੀਂ ਦਿੱਤੀ।

ਇਹ ਫਿਲਮ 2022 ਵਿਚ ਬਣੀ ਸੀ ਅਤੇ ਇਸ ਵਿਚ ਫਵਾਦ ਖਾਨ, ਮਹੀਰਾ ਖਾਨ, ਹਮਜ਼ਾ ਅਲੀ ਅੱਬਾਸ, ਹੁਮੈਮਾ ਖਾਨ, ਗੌਹਰ ਰਸ਼ੀਦ, ਫਾਰਿਸ ਸ਼ਰੀਫ, ਸ਼ਫਕਤ ਚੀਮਾ, ਬਾਬਰ ਅਲੀ ਵਰਗੇ ਅਦਾਕਾਰਾਂ ਨੇ ਆਪੋ-ਆਪਣੀ ਕਲਾ ਦੇ ਜੌਹਰ ਦਿਖਾਏ ਹਨ। 13 ਅਕਤੂਬਰ 2022 ਨੂੰ ਰਿਲੀਜ਼ ਹੋਈ ਇਹ ਫਿਲਮ ਅਸਲ ਵਿਚ 1979 ਵਿਚ ਬਣੀ ਮਸ਼ਹੂਰ ਫਿਲਮ 'ਮੌਲਾ ਜੱਟ' ਦਾ ਰੀਮੇਕ ਹੈ। ਉਸ ਫਿਲਮ ਵਿਚ ਸੁਲਤਾਨ ਰਾਹੀ, ਮੁਸਤਫਾ ਕੁਰੈਸ਼ੀ, ਆਸੀਆ, ਕੈਫੀ, ਅਦੀਬ ਆਦਿ ਕਾਲਾਰਾਂ ਨੇ ਯਾਦਗਾਰੀ ਭੂਮਿਕਾਵਾਂ ਨਿਭਾਈਆਂ ਸਨ। ਉਦੋਂ ਉਹ ਫਿਲਮ ਯੂਨਿਸ ਮਲਿਕ ਨੇ ਨਿਰਦੇਸ਼ਤ ਕੀਤੀ ਸੀ। ਹੁਣਵਾਲੀ ਫਿਲਮ ਬਿਲਾਲ ਲਾਸ਼ਰੀ ਨੇ ਨਿਰਦੇਸ਼ਤ ਕੀਤੀ ਹੈ।

ਯਾਦ ਰਹੇ ਕਿ ਇਸ ਫਿਲਮ ਦੀ ਅੰਤਾਂ ਦੀ ਚਰਚਾ ਹੋਈ ਅਤੇ ਇਸ ਨੇ ਕਮਾਈ ਵੀ ਅੰਤਾਂ ਦੀ ਕੀਤੀ। ਇਕ ਰਿਪੋਰਟ ਅਨੁਸਾਰ, ਇਸ ਪਾਕਿਸਤਾਨੀ ਫਿਲਮ ਨੇ 400 ਕਰੋੜ ਰੁਪਏ ਤੋਂ ਉਪਰ ਕਮਾਈ ਕੀਤੀ। ਜਿਉਂ ਹੀ ਇਹ ਫਿਲਮ ਰਿਲੀਜ਼ ਹੋਈ, ਇਸ ਨੂੰ ਭਾਰਤ ਵਿਚ ਦਿਖਾਉਣ ਦੀ ਮੰਗ ਵੀ ਹੋਣ ਲੱਗ ਪਈ। ਅਸਲ ਵਿਚ, ਇਸ ਫਿਲਮ ਵਿਚ ਮੁੱਖ ਕਿਰਦਾਰ ਨਿਭਾਉਣ ਵਾਲੇ ਫਵਾਦ ਖਾਨ ਅਤੇ ਮਹੀਰਾ ਖਾਨ ਨੂੰ ਭਾਰਤੀ ਦਰਸ਼ਕ ਬਹੁਤ ਪਸੰਦ ਕਰਦੇ ਹਨ। ਉਂਝ ਵੀ 'ਮੌਲਾ ਜੱਟ' ਇਕ ਵਾਰ ਫਿਰ ਪੰਜਾਬ ਦੇ ਦਰਵਾਜ਼ੇ 'ਤੇ ਦਸਤਕ ਦੇ ਰਿਹਾ ਸੀ ਤਾਂ ਪੰਜਾਬੀ ਦਰਸ਼ਕ ਇਹ ਫਿਲਮ ਦੇਖਣ ਲਈ ਕਾਹਲੇ ਪੈ ਗਏ ਪਰ ਮੋਦੀ ਸਰਕਾਰ ਦੀਆਂ ਨਫਰਤ ਨਾਲ ਭਰੀਆਂ ਨੀਤੀਆਂ ਕਾਰਨ ਪੰਜਾਬ ਦੇ ਦਰਸ਼ਕ ਇਕ ਵਾਰ ਫਿਰ ਇਹ ਫਿਲਮ ਦੇਖਣ ਤੋਂ ਰਹਿ ਗਏ ਹਨ। ਫਿਲਮ ਦੇ ਨਿਰਮਾਤਾਵਾਂ ਦਾ ਕਹਿਣਾ ਹੈ ਕਿ ਉਹ ਇਹ ਫਿਲਮ ਭਾਰਤ ਵਿਚ ਰਿਲੀਜ਼ ਕਰਵਾਉਣ ਲਈ ਲਗਾਤਾਰ ਯਤਨ ਕਰ ਰਹੇ ਹਨ। ਫਿਲਹਾਲ ਭਾਰਤੀ ਦਰਸ਼ਕਾਂ ਨੂੰ ਇਸ ਫਿਲਮ ਦੀ ਉਡੀਕ ਹੀ ਕਰਨੀ ਪਵੇਗੀ।


**-ਕੁਦਰਤ ਕੌਰ**









*ਲਹਿੰਦੇ ਪੰਜਾਬ ਦੀ ਫਿਲਮ 'ਦਿ ਲੀਜੈਂਡ ਆਫ ਮੌਲਾ ਜੱਟ' ਦਾ ਪੋਸਟਰ, ਫਿਲਮ ਦਾ ਨਿਰਦੇਸ਼ਕ ਬਿਲਾਲ ਲਾਸ਼ਰੀ ਅਤੇ ਫਿਲਮ ਵਿਚ ਅਹਿਮ ਕਿਰਦਾਰ ਨਿਭਾਉਣ ਵਾਲੇ ਅਦਾਕਾਰ ਫਵਾਦ ਖਾਨ, ਮਹੀਰਾ ਖਾਨ ਅਤੇ ਹਮਜ਼ਾ ਅਲੀ ਅੱਬਾਸੀ।*

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 37 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2024*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 247 Dixon rd Milpitas ca 95035
2. 6388 Broadway Ave Newark CA 94560
3. 475 Hermosa St Lathrop Ca 95330
4. 4415 Margery Dr. Fremont CA 94538
5. 985 Silver Birch Ln Hayward CA 94544
6. 1672 Northgate Manteca CA 95336
7. 819 Saint Rufina Lane Unit 19 Morgan Hill CA 95037
8. 26676 Campeche St Hayward CA 94545
9. 1777 Osage Ave Hayward CA 94545
10. 2249 moody ave Hayward ca 94545
11. 9714 Fall Valley Way Sacramento CA 95829
12. 259 N Capitol Ave UNIT 156 San Jose, CA, 95127
13. 3551 Santiago Ave Merced, CA, 95348
14. 15740 Via Castana Morgan Hill CA 95037
15. 3104 Salisbury court CA 94555
16. 1783 Egret ct Hayward CA 94545

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20